27-MAY-PAGE-1.qxd 5/26/2024 10:23 PM Page 1

ਸੋਮਵਾਰ, 27 ਮਈ, 2024
14 ਜੇਠ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 72
ਅੰਕ/NO. : 357

# ਨਵਾਂ ਜ਼ਮਾਨਾ

DAILY NAWAN ZAMANA • MONDAY, 27 MAY, 2024

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਮੋਦੀ ਵੱਲੋਂ ਹਿਮਾਚਲ ਸਰਕਾਰ ਉਲਟਾਉਣ ਦੀ ਧਮਕੀ : ਰਾਹੁਲ



**ਸ਼ਿਮਲਾ** : ਕਾਂਗਰਸ ਆਗੂ ਰਾਹੁਲ ਗਾਂਧੀ ਨੇ ਐਤਵਾਰ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੀਆਂ ਚੋਣ ਰੈਲੀਆਂ ਦੌਰਾਨ ਭ੍ਰਿਸ਼ਟਾਚਾਰ ਤੇ ਪੈਸੇ ਦੀ ਮਦਦ ਨਾਲ ਹਿਮਾਚਲ ਪ੍ਰਦੇਸ਼ ਦੀ ਸਰਕਾਰ ਡੇਗਣ ਦਾ ਸ਼ਰ੍ਹੇਆਮ ਐਲਾਨ ਕਰ ਰਹੇ ਹਨ। ਰਾਹੁਲ ਨੇ ਪ੍ਰਧਾਨ ਮੰਤਰੀ ਵੱਲੋਂ ਮੰਡੀ ਵਿਚ ਸ਼ੁੱਕਰਵਾਰ ਦਿੱਤੇ ਭਾਸ਼ਣ ਦਾ ਜ਼ਿਕਰ ਕੀਤਾ, ਜਿਸ ਵਿਚ ਮੋਦੀ ਨੇ ਦਾਅਵਾ ਕੀਤਾ ਸੀ ਕਿ ਕਾਂਗਰਸ ਦੀ ਸਰਕਾਰ ਬਹੁਤਾ ਚਿਰ ਨਹੀਂ ਚੱਲੇਗੀ।

ਹਮੀਰਪੁਰ ਤੋਂ ਲੋਕ ਸਭਾ ਉਮੀਦਵਾਰ ਸਤਪਾਲ ਰਾਏਜ਼ਾਦਾ ਲਈ ਊਨਾ ਵਿਚ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਰਾਹੁਲ ਨੇ ਕਿਹਾ ਕਿ ਦੇਸ਼ ਨੂੰ ਦੋ ਤਰ੍ਹਾਂ ਦੇ ਫੌਜੀ ਨਹੀਂ ਚਾਹੀਦੇ। ਉਨ੍ਹਾ ਕਿਹਾ ਕਿ ਸੱਤਾ ਵਿਚ ਆਉਣ 'ਤੇ ਕਾਂਗਰਸ ਦੀ ਪਹਿਲੀ ਤਰਜੀਹ ਅਗਨੀਪਥ ਸਕੀਮ ਰੱਦ ਕਰਨ ਦੀ ਹੋਵੇਗੀ।

ਰਾਹੁਲ ਨੇ ਸਿਰਮੌਰ ਜ਼ਿਲ੍ਹੇ ਦੇ ਨਾਹਨ 'ਚ ਚੋਣ ਰੈਲੀ 'ਚ ਕਿਹਾ ਕਿ ਹਿਮਾਚਲ ਦੇ ਸੇਬ ਉਤਪਾਦਕਾਂ ਨੂੰ ਸਹੀ ਮੁੱਲ ਇਸ ਕਰਕੇ ਨਹੀਂ ਮਿਲਦਾ ਕਿਉਂਕਿ ਮੋਦੀ ਤੇ ਅਡਾਨੀ ਦੀ ਭਾਈਵਾਲੀ ਹੈ। ਸਾਰੀਆਂ ਸਟੋਰੇਜ ਸਹੂਲਤਾਂ ਅਡਾਨੀ ਨੂੰ ਦੇ ਦਿੱਤੀਆਂ ਗਈਆਂ ਹਨ ਤੇ ਉਹ ਹੀ ਸੇਬ ਦੇ ਭਾਅ ਤੈਅ ਕਰਦਾ ਹੈ। ਉਨ੍ਹਾ ਕਿਹਾ ਕਿ ਮੋਦੀ ਨੇ ਪਿਛਲੇ 10 ਸਾਲਾਂ ਵਿਚ 22 ਅਮੀਰਾਂ ਦੇ 16 ਲੱਖ ਕਰੋੜ ਰੁਪਏ ਦੇ ਕਰਜ਼ੇ ਮੁਆਫ ਕੀਤੇ ਤੇ ਮੀਡੀਆ ਵੀ ਮੋਦੀ ਦਾ ਗੁਣਗਾਣ ਕਰ ਰਿਹਾ ਹੈ। ਉਨ੍ਹਾ ਕਿਹਾ—ਮੇਰੀ ਭੈਣ ਸ਼ਿਮਲਾ ਵਿਚ ਰਹਿੰਦੀ ਹੈ ਤੇ ਅਸੀਂ ਦਿੱਲੀ 'ਚ ਤੁਹਾਡੇ ਸਿਪਾਹੀ ਹਾਂ।

## ਜਨਰਲ ਪਾਂਡੇ ਦੇ ਸੇਵਾਕਾਲ 'ਚ ਇਕ ਮਹੀਨੇ ਦਾ ਵਾਧਾ



**ਨਵੀਂ ਦਿੱਲੀ** : ਕੇਂਦਰੀ ਕੈਬਨਿਟ ਦੀ ਨਿਯੁਕਤੀਆਂ ਬਾਰੇ ਕਮੇਟੀ ਨੇ ਥਲ ਸੈਨਾ ਮੁਖੀ ਜਨਰਲ ਮਨੋਜ ਪਾਂਡੇ ਦੇ ਕਾਰਜਕਾਲ ਵਿਚ ਇਕ ਮਹੀਨੇ ਦੇ ਵਾਧੇ ਨੂੰ ਰਸਮੀ ਮਨਜ਼ੂਰੀ ਦੇ ਦਿੱਤੀ ਹੈ। ਜਨਰਲ ਪਾਂਡੇ ਨੇ 31 ਮਈ ਨੂੰ ਸੇਵਾਮੁਕਤ ਹੋਣਾ ਸੀ।

## ਜਹਾਜ਼ ਅੱਧਵਾਟਿਓਂ ਵਾਪਸ

**ਨਵੀਂ ਦਿੱਲੀ** : ਸਪਾਈਸਜੈੱਟ ਦੀ ਲੇਹ ਜਾ ਰਹੀ ਉਡਾਣ ਨੂੰ ਐਤਵਾਰ ਸਵੇਰੇ ਪੰਛੀ ਟਕਰਾਉਣ ਕਰਕੇ ਮੁੜਨਾ ਪਿਆ। ਜਹਾਜ਼ ਵਿਚ ਕਰੀਬ 135 ਵਿਅਕਤੀ ਸਵਾਰ ਸਨ ਤੇ ਉਡਾਣ ਸੁਰੱਖਿਅਤ ਦਿੱਲੀ ਹਵਾਈ ਅੱਡੇ 'ਤੇ ਉਤਰ ਗਈ। ਜਹਾਜ਼ ਨੇ ਸਵੇਰੇ ਸਾਢੇ ਦਸ ਵਜੇ ਉਡਾਣ ਭਰੀ ਸੀ ਤੇ 11 ਵਜੇ ਦੇ ਕਰੀਬ ਵਾਪਸ ਮੁੜ ਆਇਆ।

## ਸਮੁੰਦਰੀ ਤੂਫਾਨ ਤੋਂ ਪਹਿਲਾਂ ਕੋਲਕਾਤਾ ਹਵਾਈ ਅੱਡਾ ਬੰਦ

**ਕੋਲਕਾਤਾ** : ਬੰਗਾਲ ਦੀ ਖਾੜੀ 'ਚ ਪੈਦਾ ਹੋਇਆ ਚੱਕਰਵਾਤ 'ਰੇਮਲ' ਨੇ ਐਤਵਾਰ ਅੱਧੀ ਰਾਤ ਨੂੰ ਲੈਂਡਫਾਲ ਕਰਨਾ ਸੀ। ਹਾਈ ਅਲਰਟ ਵਜੋਂ ਕੋਲਕਾਤਾ ਹਵਾਈ ਅੱਡਾ ਬੰਦ ਕਰ ਦਿੱਤਾ ਗਿਆ। ਨੇਵੀ ਅਤੇ ਭਾਰਤੀ ਤੱਟ ਰੱਖਿਅਕ ਵੀ ਚੌਕਸ ਕਰ ਦਿੱਤੇ ਗਏ ਸਨ। ਰੇਮਲ ਦੇ ਅੱਧੀ ਰਾਤ ਨੂੰ ਬੰਗਾਲ ਦੇ ਦੱਖਣੀ 24 ਪਰਗਨਾ ਜ਼ਿਲ੍ਹੇ ਦੇ ਸਾਗਰ ਟਾਪੂ ਅਤੇ ਬੰਗਲਾਦੇਸ਼ ਦੇ ਖੇਪੜਾ ਦੇ ਵਿਚਕਾਰ ਤੱਟਵਰਤੀ ਖੇਤਰਾਂ ਵਿੱਚੋਂ ਲੰਘਣ ਦੀ ਭਵਿੱਖਬਾਣੀ ਕੀਤੀ ਗਈ ਸੀ। ਇਸ ਦੇ ਪ੍ਰਭਾਵ ਕਾਰਨ ਬੰਗਾਲ ਦੇ ਕਈ ਜ਼ਿਲ੍ਹਿਆਂ 'ਚ ਭਾਰੀ ਬਾਰਿਸ਼ ਹੋਣ ਦੀ ਸੰਭਾਵਨਾ ਹੈ। 110 ਤੋਂ 120 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਹਵਾਵਾਂ ਚੱਲ ਸਕਦੀਆਂ ਸਨ।

## 7 ਬੱਚੇ ਦੁਨੀਆ 'ਚ ਆਉਂਦੇ ਹੀ ਰੁਖਸਤ !



**ਨਵੀਂ ਦਿੱਲੀ** : ਪੂਰਬੀ ਦਿੱਲੀ ਦੇ ਵਿਵੇਕ ਵਿਹਾਰ 'ਚ ਸ਼ਨਿੱਚਰਵਾਰ ਰਾਤ ਬੱਚਿਆਂ ਦੇ ਹਸਪਤਾਲ 'ਚ ਅੱਗ ਲੱਗਣ ਕਰਕੇ 7 ਨਵਜੰਮਿਆਂ ਦੀ ਮੌਤ ਹੋ ਗਈ, ਜਦੋਂਕਿ ਪੰਜ ਬੱਚੇ ਦੂਜੇ ਹਸਪਤਾਲ 'ਚ ਜ਼ੇਰੇ ਇਲਾਜ ਹਨ। ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਦੋਸ਼ੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਦਿੱਲੀ ਦੇ ਸਿਹਤ ਮੰਤਰੀ ਸੌਰਭ ਭਾਰਦਵਾਜ ਨੇ ਹਾਦਸੇ ਦੀ ਜਾਂਚ ਦੇ ਹੁਕਮ ਦਿੱਤੇ ਹਨ। ਦਿੱਲੀ ਫਾਇਰ ਸਰਵਿਸਿਜ਼ ਦੇ ਮੁਖੀ ਅਤੁਲ ਗਰਗ ਨੇ ਕਿਹਾ ਕਿ ਮੈਡੀਕਲ ਸਟਾਫ ਤੇ ਲੋਕਾਂ ਦੀ ਮਦਦ ਨਾਲ 12 ਨਵਜੰਮਿਆਂ ਨੂੰ ਬਾਹਰ ਕੱਢਿਆ ਗਿਆ, ਪਰ ਇਨ੍ਹਾਂ ਵਿੱਚੋਂ 7 ਦੀ ਮੌਤ ਹੋ ਗਈ। ਸੀਨੀਅਰ ਪੁਲਸ ਅਧਿਕਾਰੀ ਨੇ ਕਿਹਾ ਕਿ ਬੇਬੀ ਕੇਅਰ ਨਿਊ ਬੌਰਨ ਹਸਪਤਾਲ ਤੇ ਇਸ ਦੇ ਨਾਲ ਲੱਗਦੀ ਇਮਾਰਤ ਵਿਚ ਰਾਤ 11:30 ਵਜੇ ਦੇ ਕਰੀਬ ਅੱਗ ਲੱਗੀ। ਪੁਲਸ ਨੇ ਹਸਪਤਾਲ ਦੇ ਮਾਲਕ ਨਵੀਨ ਕਿਚੀ ਨੂੰ ਪੁੱਛਗਿੱਛ ਲਈ ਹਿਰਾਸਤ ਵਿੱਚ ਲੈ ਲਿਆ ਹੈ।

## ਬੀਬੀਆਂ ਆਪਣੀ ਤਾਕਤ ਪਛਾਣਨ : ਪ੍ਰਿਅੰਕਾ



**ਸਨੌਰ** : ਪਟਿਆਲਾ ਤੋਂ ਕਾਂਗਰਸੀ ਉਮੀਦਵਾਰ ਡਾ. ਧਰਮਵੀਰ ਗਾਂਧੀ ਦੇ ਹੱਕ 'ਚ ਐਤਵਾਰ ਵਿਧਾਨ ਸਭਾ ਹਲਕਾ ਸਨੌਰ ਅਧੀਨ ਪੈਂਦੇ ਕਸਬਾ ਬਹਾਦਰਗੜ੍ਹ 'ਚ ਮਹਿਲਾ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਾਂਗਰਸ ਦੀ ਕੌਮੀ ਆਗੂ ਪ੍ਰਿਅੰਕਾ ਗਾਂਧੀ ਵਾਡਰਾ ਨੇ ਮਹਿਲਾ ਸ਼ਕਤੀ ਨੂੰ ਭਾਜਪਾ ਖਿਲਾਫ ਇਕਜੁੱਟ ਹੋਣ ਦਾ ਸੱਦਾ ਦਿੱਤਾ। ਉਨ੍ਹਾ ਕਿਹਾ ਕਿ ਮਹਿਲਾਵਾਂ ਦੀ ਦੇਸ਼ ਅੰਦਰ ਤਕਰੀਬਨ ਅੱਧੀ ਆਬਾਦੀ ਹੈ, ਜੇਕਰ ਉਹ ਇਕਜੁੱਟ ਹੋ ਜਾਣ ਤਾਂ ਉਹ ਦੇਸ਼ ਦਾ ਭਵਿੱਖ ਬਦਲ ਸਕਦੀਆਂ ਹਨ। ਭਾਜਪਾ ਨੂੰ ਲੰਮੇ ਹੱਥੀਂ ਲੈਂਦਿਆਂ ਉਨ੍ਹਾ ਕਿਹਾ ਕਿ ਇਹ ਧਰਮਾਂ 'ਚ ਵੰਡੀਆਂ ਪਾ ਰਹੀ ਹੈ। ਪੰਜਾਬ, ਪੰਜਾਬੀਅਤ ਤੇ ਕਿਸਾਨਾਂ ਦੀ ਗੱਲ ਕਰਦਿਆਂ ਪ੍ਰਿਅੰਕਾ ਗਾਂਧੀ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਅਤੇ ਦੇਸ਼ ਦੇ ਵਿਕਾਸ ਤੇ ਖੁਸ਼ਹਾਲੀ 'ਚ ਸਭ ਤੋਂ ਵੱਧ ਯੋਗਦਾਨ ਪਾਉਣ ਵਾਲੇ ਪੰਜਾਬ ਨੂੰ ਕੇਂਦਰ ਸਰਕਾਰ ਬੁਰੀ ਤਰ੍ਹਾਂ ਨਜ਼ਰਅੰਦਾਜ਼ ਕਰ ਰਹੀ ਹੈ। ਇਸ ਮੌਕੇ ਧਰਮਵੀਰ ਗਾਂਧੀ ਤੇ ਗੁਰਸ਼ਰਨ ਕੌਰ ਰੰਧਾਵਾ ਸਮੇਤ ਕਈ ਹੋਰਨਾਂ ਨੇ ਵੀ ਸੰਬੋਧਨ ਕੀਤਾ।

ਪ੍ਰਿਅੰਕਾ ਗਾਂਧੀ ਨੇ ਫਤਿਹਗੜ੍ਹ ਸਾਹਿਬ ਤੋਂ ਪਾਰਟੀ ਉਮੀਦਵਾਰ ਅਮਰ ਸਿੰਘ ਦੇ ਹੱਕ ਵਿਚ ਚੋਣ ਪ੍ਰਚਾਰ ਕਰਦਿਆਂ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਜੇਕਰ ਦੇਸ਼ ਦਾ ਅਰਥਚਾਰਾ ਇੰਨੀ ਤੇਜ਼ ਰਫਤਾਰ ਨਾਲ ਤਰੱਕੀ ਕਰ ਰਿਹਾ ਹੈ ਤਾਂ ਫਿਰ ਦੇਸ਼ ਦੇ ਲੋਕਾਂ ਦਾ ਜੀਵਨ ਖੁਸ਼ਹਾਲ ਕਿਉਂ ਨਹੀਂ ਹੈ। ਉਨ੍ਹਾ ਮੋਦੀ 'ਤੇ ਦੋਸ਼ ਲਾਇਆ ਕਿ ਉਹ ਸਿਰਫ ਸੱਤਾ ਹਥਿਆਉਣ ਲਈ ਝੂਠ ਬੋਲ ਰਹੇ ਹਨ ਤੇ ਲੋਕਾਂ ਨਾਲ ਖੋਖਲੇ ਵਾਅਦੇ ਕਰ ਰਹੇ ਹਨ। ਪ੍ਰਿਅੰਕਾ ਨੇ ਕਿਹਾ ਕਿ ਦੇਸ਼ ਦਾ 70 ਕਰੋੜ ਨੌਜਵਾਨ ਬੇਰੁਜ਼ਗਾਰ ਹੈ ਤੇ ਪਿਛਲੇ 45 ਸਾਲਾਂ ਵਿਚ ਬੇਰੁਜ਼ਗਾਰੀ ਆਪਣੇ ਸਿਖਰਲੇ ਪੱਧਰ 'ਤੇ ਹੈ। ਮੋਦੀ ਦੀ ਹਕੂਮਤ ਵਿਚ ਸਰਕਾਰੀ ਖੇਤਰ ਵਿਚ 30 ਲੱਖ ਤੋਂ ਵੱਧ ਪੋਸਟਾਂ ਖਾਲੀ ਪਈਆਂ ਹਨ। ਉਨ੍ਹਾ ਕਿਹਾ-ਤਰੱਕੀ ਸਿਰਫ ਟੀ ਵੀ 'ਤੇ ਹੀ ਨਜ਼ਰ ਆਉਂਦੀ ਹੈ ਤੇ ਤੁਹਾਡੀਆਂ ਜ਼ਿੰਦਗੀਆਂ ਵਿਚ ਕੋਈ ਵਿਕਾਸ ਨਹੀਂ ਹੋਇਆ।

## ਰੈਸਤਰਾਂ 'ਚ ਖਾਣਾ ਖਾਣ ਤੋਂ ਬਾਅਦ 70 ਬਿਮਾਰ

**ਤ੍ਰਿਸੂਰ** : ਕੇਰਲਾ ਦੇ ਤ੍ਰਿਸੂਰ ਜ਼ਿਲ੍ਹੇ 'ਚ ਇਕ ਰੈਸਤਰਾਂ 'ਚ ਖਾਣਾ ਖਾਣ ਤੋਂ ਬਾਅਦ ਤਕਰੀਬਨ 70 ਵਿਅਕਤੀਆਂ ਨੂੰ ਜ਼ਹਿਰਬਾਦ ਹੋ ਗਿਆ। ਸਿਹਤ ਵਿਭਾਗ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਮੂੰਨੁਪੀਡਿਕਾ ਖੇਤਰ 'ਚ ਸਥਿਤ ਇਕ ਰੈਸਤਰਾਂ 'ਚ ਖਾਣਾ ਖਾਣ ਵਾਲੇ 60 ਤੋਂ 70 ਵਿਅਕਤੀਆਂ ਨੂੰ ਵੱਖ-ਵੱਖ ਹਸਪਤਾਲਾਂ 'ਚ ਦਾਖਲ ਕਰਵਾਉਣਾ ਪਿਆ। ਇਨ੍ਹਾਂ ਵਿੱਚੋਂ ਕਿਸੇ ਦੀ ਹਾਲਤ ਗੰਭੀਰ ਨਹੀਂ ਹੈ। ਸਿਹਤ ਅਧਿਕਾਰੀਆਂ ਨੇ ਸ਼ੱਕ ਜ਼ਾਹਿਰ ਕੀਤਾ ਕਿ ਖਾਣੇ ਨਾਲ ਵਰਤਾਈ ਗਈ ਮਿਓਨੀਜ਼ ਕਾਰਨ ਹੀ ਜ਼ਹਿਰਬਾਦ ਹੋਇਆ ਹੈ। ਕਾਇਪਾਮੰਗਲਮ ਪੁਲਸ ਥਾਣੇ ਦੇ ਇਕ ਅਧਿਕਾਰੀ ਨੇ ਕਿਹਾ ਕਿ ਘਟਨਾ ਮਗਰੋਂ ਅਧਿਕਾਰੀਆਂ ਵੱਲੋਂ ਰੈਸਤਰਾਂ ਨੂੰ ਸੀਲ ਕਰ ਦਿੱਤਾ ਗਿਆ ਹੈ।

## ਢਿੱਗਾਂ ਡਿੱਗਣ ਨਾਲ 670 ਮੌਤਾਂ



**ਮੈਲਬਰਨ** : ਕੌਮਾਂਤਰੀ ਪਰਵਾਸ ਸੰਸਥਾ ਨੇ ਐਤਵਾਰ ਅੰਦਾਜ਼ਾ ਲਗਾਇਆ ਕਿ ਪਾਪੂਆ ਨਿਊ ਗਿਨੀ 'ਚ ਵੱਡੀ ਪੱਧਰ 'ਤੇ ਢਿੱਗਾਂ ਡਿੱਗਣ ਕਾਰਨ 670 ਵਿਅਕਤੀਆਂ ਦੀ ਮੌਤ ਹੋ ਗਈ ਹੈ। ਇਸ ਤੋਂ ਪਹਿਲਾਂ ਸਥਾਨਕ ਅਧਿਕਾਰੀਆਂ ਨੇ ਸ਼ੁੱਕਰਵਾਰ ਦੱਸਿਆ ਸੀ ਕਿ 100 ਵਿਅਕਤੀਆਂ ਦੀ ਮੌਤ ਹੋਣ ਦਾ ਅਨੁਮਾਨ ਹੈ।

ਦੱਖਣੀ ਪ੍ਰਸ਼ਾਂਤ ਦੀਪ ਰਾਸ਼ਟਰ 'ਚ ਸੰਯੁਕਤ ਰਾਸ਼ਟਰ ਪਰਵਾਸ ਏਜੰਸੀ ਦੇ ਮਿਸ਼ਨ ਮੁਖੀ ਸੇਰਹਾਨ ਐਕਟੋਪ੍ਰਾਕ ਨੇ ਕਿਹਾ ਕਿ ਮੌਤਾਂ ਦਾ ਸੋਧਿਆ ਹੋਇਆ ਅੰਕੜਾ ਯਮਬਲੀ ਪਿੰਡ ਅਤੇ ਐਂਗਾ ਪ੍ਰਾਂਤ ਦੇ ਅਧਿਕਾਰੀਆਂ ਦੀ ਇਸ ਗਿਣਤੀ 'ਤੇ ਆਧਾਰਤ ਹੈ ਕਿ ਸ਼ੁੱਕਰਵਾਰ ਨੂੰ ਢਿੱਗਾਂ ਡਿੱਗਣ ਕਾਰਨ 150 ਤੋਂ ਵੱਧ ਮਕਾਨ ਦੱਬ ਗਏ ਹਨ ਜਦਕਿ ਪਹਿਲਾਂ 60 ਮਕਾਨ ਦੱਬਣ ਦਾ ਅਨੁਮਾਨ ਲਗਾਇਆ ਗਿਆ ਸੀ। ਐਕਟੋਪ੍ਰਾਕ ਨੇ ਕਿਹਾ ਕਿ ਉਹ ਅਨੁਮਾਨ ਲਗਾ ਰਹੇ ਹਨ ਕਿ 670 ਤੋਂ ਵੱਧ ਲੋਕ ਮਿੱਟੀ ਹੇਠ ਦੱਬੇ ਹਨ। ਐਤਵਾਰ ਤੱਕ ਸਿਰਫ ਪੰਜ ਲਾਸ਼ਾਂ ਅਤੇ ਇਕ ਹੋਰ ਵਿਅਕਤੀ ਦਾ ਇਕ ਪੈਰ ਬਰਾਮਦ ਕੀਤਾ ਗਿਆ ਸੀ।

## ਸਿੰਧੂ ਫਾਈਨਲ 'ਚ ਮਾਤ ਖਾ ਗਈ



**ਨਵੀਂ ਦਿੱਲੀ** : ਦੋ ਵਾਰ ਦੀ ਉਲੰਪਿਕ ਤਮਗਾ ਜੇਤੂ ਪੀ ਵੀ ਸਿੰਧੂ ਐਤਵਾਰ ਕੁਆਲਾਲੰਪੁਰ 'ਚ ਮਲੇਸ਼ੀਆ ਮਾਸਟਰਜ਼ ਦੇ ਫਾਈਨਲ 'ਚ ਚੀਨ ਦੀ ਵਾਂਗ ਜ਼ੀ ਯੀ ਹੱਥੋਂ 21-16, 5-21 ਤੇ 16-21 ਨਾਲ ਹਾਰ ਗਈ। ਮੈਚ 79 ਮਿੰਟ ਚੱਲਿਆ। ਵਾਂਗ ਏਸ਼ੀਅਨ ਚੈਂਪੀਅਨ ਹੈ। ਹਾਲਾਂਕਿ ਸਿੰਧੂ ਨੇ ਪਹਿਲੀ ਗੇਮ ਜਿੱਤ ਲਈ ਸੀ ਪਰ ਵਾਂਗ ਨੇ ਜ਼ਬਰਦਸਤ ਵਾਪਸੀ ਕਰਕੇ ਖਿਤਾਬ ਜਿੱਤ ਲਿਆ। ਸਿੰਧੂ ਨੇ ਸ਼ਨੀਵਾਰ ਸੈਮੀਫਾਈਨਲ 'ਚ ਥਾਈਲੈਂਡ ਦੀ ਬੁਸਾਨਨ ਨੂੰ 13-21, 21-16, 21-12 ਨਾਲ ਹਰਾਇਆ ਸੀ।

## 11 ਕਿੱਲੋ ਹੈਰੋਇਨ ਬਰਾਮਦ



**ਕਲਾਨੌਰ/ਗੁਰਦਾਸਪੁਰ (ਮਨਦੀਪ ਕੋਹਲੀ/ਜਨਕ ਮਹਾਜਨ)** : ਬੀ ਐਸ ਐਫ ਅਤੇ ਪੰਜਾਬ ਪੁਲਸ ਨੇ ਹਿੰਦ-ਪਾਕਿ ਸਰਹੱਦ 'ਤੇ ਬੀ ਓ ਪੀ ਚੰਦੂ ਵਡਾਲਾ ਦੇ ਇਲਾਕੇ 'ਚ ਸਾਂਝੀ ਕਾਰਵਾਈ ਕਰਦੇ ਹੋਏ 11 ਕਿੱਲੋ ਦੇ ਕਰੀਬ ਹੈਰੋਇਨ ਬਰਾਮਦ ਕੀਤੀ। ਸ਼ਨੀਵਾਰ ਰਾਤ ਕਰੀਬ ਡੇਢ ਵਜੇ ਬੀ ਐੱਸ ਐੱਫ ਦੇ ਜਵਾਨਾਂ ਨੇ ਪਾਕਿਸਤਾਨ ਵੱਲੋਂ ਦਾਖਲ ਹੋਏ ਡਰੋਨ 'ਤੇ ਫਾਇਰਿੰਗ ਕੀਤੀ। ਸਵੇਰੇ ਪੁਲਸ ਨਾਲ ਮਿਲ ਕੇ ਚਲਾਈ ਤਲਾਸ਼ੀ ਮੁਹਿੰਮ ਦੌਰਾਨ ਹੈਰੋਇਨ ਦੇ ਪੈਕਟ ਬਰਾਮਦ ਕੀਤੇ।

## ਆਪੇ ਸਹੇੜੀ ਆਫਤ 'ਚ 28 ਜਾਨਾਂ ਗਈਆਂ



**ਅਹਿਮਦਾਬਾਦ** : ਗੁਜਰਾਤ ਹਾਈ ਕੋਰਟ ਨੇ ਰਾਜਕੋਟ 'ਚ ਸ਼ਨਿੱਚਰਵਾਰ ਨੂੰ ਵਾਪਰੇ ਗੇਮਿੰਗ ਜ਼ੋਨ ਹਾਦਸੇ 'ਚ 28 ਜਾਨਾਂ ਜਾਣ ਦਾ ਖੁਦ ਨੋਟਿਸ ਲੈਂਦਿਆਂ ਕਿਹਾ ਕਿ ਪਹਿਲੀ ਨਜ਼ਰੇ ਇਹ ਵਿਅਕਤੀ ਵੱਲੋਂ ਸਹੇੜੀ ਆਫਤ ਹੈ। ਜਸਟਿਸ ਬੀਰੇਨ ਵੈਸ਼ਨਵ ਤੇ ਜਸਟਿਸ ਦੇਵਨ ਦੇਸਾਈ ਦੀ ਬੈਂਚ ਨੇ ਕਿਹਾ ਕਿ ਅਜਿਹੇ ਗੇਮਿੰਗ ਜ਼ੋਨ ਕਿਸੇ ਸਮਰੱਥ ਅਥਾਰਿਟੀ ਦੀ ਲੋੜੀਂਦੀ ਪ੍ਰਵਾਨਗੀ ਤੋਂ ਬਗੈਰ ਹੀ ਚਲਾਏ ਜਾ ਰਹੇ ਹਨ। ਬੈਂਚ ਨੇ ਅਹਿਮਦਾਬਾਦ, ਵਡੋਦਰਾ, ਸੂਰਤ ਤੇ ਰਾਜਕੋਟ ਨਗਰ ਨਿਗਮਾਂ ਦੇ ਵਕੀਲਾਂ ਨੂੰ ਨਿਰਦੇਸ਼ ਦਿੱਤੇ ਕਿ ਉਹ ਸੋਮਵਾਰ ਨੂੰ ਉਸ ਅੱਗੇ ਪੇਸ਼ ਹੋ ਕੇ ਦੱਸਣ ਕਿ ਕਾਨੂੰਨ ਦੀਆਂ ਕਿਹੜੀਆਂ ਧਾਰਾਵਾਂ ਤਹਿਤ ਅਧਿਕਾਰੀਆਂ ਨੇ ਇਨ੍ਹਾਂ ਯੂਨਿਟਾਂ ਨੂੰ ਆਪਣੇ ਅਧਿਕਾਰ ਖੇਤਰ 'ਚ ਗੇਮਿੰਗ ਜ਼ੋਨ ਸਥਾਪਤ ਕਰਨ ਜਾਂ ਕੰਮ ਕਰਨ ਦੀ ਇਜਾਜ਼ਤ ਦਿੱਤੀ।

ਗੁਜਰਾਤ ਸਰਕਾਰ ਨੇ ਹਾਦਸੇ ਦੀ ਜਾਂਚ ਲਈ ਪੰਜ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਸਿਟ) ਬਣਾਈ ਹੈ, ਜੋ 72 ਘੰਟਿਆਂ ਵਿਚ ਆਪਣੀ ਰਿਪੋਰਟ ਸਰਕਾਰ ਨੂੰ ਸੌਂਪੇਗੀ। 'ਸਿਟ' ਮੈਂਬਰਾਂ ਨੇ ਸ਼ਨਿੱਚਰਵਾਰ ਦੇਰ ਰਾਤ ਸਥਾਨਕ ਪ੍ਰਸ਼ਾਸਨ ਨਾਲ ਬੈਠਕ ਕੀਤੀ। ਬੈਠਕ ਵਿਚ ਸੂਬੇ ਦੇ ਗ੍ਰਹਿ ਮੰਤਰੀ ਹਰਸ਼ ਸਾਂਘਵੀ ਵੀ ਮੌਜੂਦ ਸਨ। ਅੱਗ ਕਰਕੇ ਲਾਸ਼ਾਂ ਬੁਰੀ ਤਰ੍ਹਾਂ ਝੁਲਸ ਗਈਆਂ, ਜਿਨ੍ਹਾਂ ਦੀ ਪਛਾਣ ਕਰਨੀ ਵੀ ਮੁਸ਼ਕਲ ਸੀ। ਅਧਿਕਾਰੀਆਂ ਨੇ ਕਿਹਾ ਕਿ ਪੀੜਤਾਂ ਦੀ ਪਛਾਣ ਲਈ ਲਾਸ਼ਾਂ ਦੇ ਡੀ ਐੱਨ ਏ ਨਮੂਨੇ ਇਕੱਤਰ ਕੀਤੇ ਗਏ ਹਨ। ਮੁੱਖ ਮੰਤਰੀ ਭੁਪੇਂਦਰ ਪਟੇਲ ਨੇ ਐਤਵਾਰ ਸਵੇਰੇ ਨਾਨਾ-ਮਾਵਾ ਰੋਡ 'ਤੇ ਹਾਦਸੇ ਵਾਲੀ ਥਾਂ ਦਾ ਮੁਆਇਨਾ ਕੀਤਾ। ਮੁੱਖ ਮੰਤਰੀ ਮਗਰੋਂ ਹਸਪਤਾਲ ਵਿਚ ਜ਼ਖਮੀਆਂ ਨੂੰ ਵੀ ਮਿਲੇ।

ਅਧਿਕਾਰੀਆਂ ਨੇ ਕਿਹਾ ਕਿ ਗੇਮਿੰਗ ਜ਼ੋਨ ਦੇ ਮਾਲਕ ਯੁਵਰਾਜ ਸੋਲੰਕੀ, ਪਾਰਟਨਰ ਪ੍ਰਕਾਸ਼ ਜੈਨ, ਰਾਹੁਲ ਰਾਠੌੜ ਤੇ ਮੈਨੇਜਰ ਨਿਤਿਨ ਜੈਨ ਨੂੰ ਗ੍ਰਿਫਤਾਰ ਕਰ ਲਿਆ ਹੈ। ਮਰਨ ਵਾਲਿਆਂ ਵਿਚ 12 ਬੱਚੇ ਵੀ ਸ਼ਾਮਲ ਹਨ। ਦੱਸਿਆ ਜਾਂਦਾ ਹੈ ਕਿ ਗੇਮ ਜ਼ੋਨ ਦੇ ਅੰਦਰ-ਬਾਹਰ ਜਾਣ ਦਾ ਰਾਹ ਇੱਕੋ ਸੀ। ਕਿਰਾਏ ਦੀ ਦੋ ਏਕੜ ਜ਼ਮੀਨ 'ਤੇ ਤਿੰਨ ਮੰਜ਼ਲਾ ਗੇਮ ਜ਼ੋਨ 2020 ਵਿਚ ਬਣਾਇਆ ਗਿਆ ਸੀ। ਢਾਂਚਾ ਲੱਕੜੀ ਦਾ ਸੀ ਤੇ ਟੀਨ ਦੀ ਸ਼ੈੱਡ ਸੀ। ਰਿਪੇਅਰਿੰਗ ਦਾ ਕੰਮ ਚੱਲ ਰਿਹਾ ਸੀ ਤੇ ਇਕ ਤਾਂ ਪੌੜੀਆਂ 'ਚ ਵੈਲਡਿੰਗ ਦੌਰਾਨ ਚੰਗਿਆੜੀ ਨਾਲ ਅੱਗ ਲੱਗ ਗਈ ਤੇ ਤੇਜ਼ੀ ਨਾਲ ਫੈਲ ਗਈ। ਤੀਜੀ ਮੰਜ਼ਲ ਤੱਕ ਇੱਕ ਹੀ ਪੌੜੀ ਸੀ ਤੇ ਲੋਕ ਭੱਜ ਨਹੀਂ ਸਕੇ।

## ਜੰਮੂ-ਕਸ਼ਮੀਰ 'ਚ ਅਸੈਂਬਲੀ ਚੋਣਾਂ ਸਤੰਬਰ 'ਚ : ਸ਼ਾਹ

**ਨਵੀਂ ਦਿੱਲੀ** : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਹੈ ਕਿ ਲੋਕ ਸਭਾ ਚੋਣਾਂ ਦੌਰਾਨ ਜੰਮੂ-ਕਸ਼ਮੀਰ ਵਿਚ ਸਫਲ ਮਤਦਾਨ ਨਾਲ ਮੋਦੀ ਸਰਕਾਰ ਦੀ ਕਸ਼ਮੀਰ ਨੀਤੀ ਬਾਰੇ ਸਾਰੇ ਸ਼ੰਕੇ ਦੂਰ ਹੋ ਗਏ ਹਨ। ਸ਼ਾਹ ਨੇ ਕਿਹਾ ਕਿ ਇਨ੍ਹਾਂ ਚੋਣਾਂ ਵਿਚ ਵੱਖਵਾਦੀ ਵੀ ਪੂਰੇ ਉਤਸ਼ਾਹ ਤੇ ਜ਼ੋਰ-ਸ਼ੋਰ ਨਾਲ ਸ਼ਾਮਲ ਹੋਏ।

ਸ਼ਾਹ ਨੇ ਭਰੋਸਾ ਦਿਵਾਇਆ ਕਿ ਜੰਮੂ-ਕਸ਼ਮੀਰ ਵਿਚ ਅਸੈਂਬਲੀ ਚੋਣਾਂ 30 ਸਤੰਬਰ ਤੋਂ ਪਹਿਲਾਂ ਕਰਵਾਈਆਂ ਜਾਣਗੀਆਂ। ਇਕ ਵਾਰੀ ਲੋਕ ਸਭਾ ਚੋਣਾਂ ਦਾ ਅਮਲ ਨਿੱਬੜ ਜਾਵੇ, ਸਰਕਾਰ ਕੇਂਦਰ ਸ਼ਾਸਤ ਪ੍ਰਦੇਸ਼ ਵਿਚ ਰਾਜ ਦਾ ਦਰਜਾ ਬਹਾਲ ਕਰਨ ਦਾ ਅਮਲ ਸ਼ੁਰੂ ਕਰ ਦੇਵੇਗੀ। ਸ਼ਾਹ ਨੇ ਕਿਹਾ ਕਿ ਮਕਬੂਜ਼ਾ ਕਸ਼ਮੀਰ ਦੇ ਜੰਮੂ ਤੇ ਕਸ਼ਮੀਰ ਨਾਲ ਰਲੇਵੇਂ ਦਾ ਫੈਸਲਾ ਗੰਭੀਰ ਵਿਚਾਰ ਚਰਚਾ ਤੋਂ ਬਾਅਦ ਹੀ ਲਿਆ ਜਾ ਸਕਦਾ ਹੈ।

## ਕੇਜਰੀਵਾਲ ਵੱਲੋਂ ਮੋਦੀ ਦੀ ਤਾਨਾਸ਼ਾਹੀ ਖਤਮ ਕਰਨ ਦਾ ਸੱਦਾ



**ਫਿਰੋਜ਼ਪੁਰ** : ਆਪ ਦੇ ਕਨਵੀਨਰ ਕੇਜਰੀਵਾਲ ਨੇ ਐਤਵਾਰ ਕਿਹਾ ਕਿ ਜੇਕਰ ਮੋਦੀ ਇਸ ਵਾਰ ਚੋਣਾਂ ਜਿੱਤ ਜਾਂਦੇ ਹਨ ਤਾਂ ਉਹ ਦੇਸ਼ ਦਾ ਸੰਵਿਧਾਨ ਬਦਲ ਦੇਣਗੇ। ਉਨ੍ਹਾ ਕਿਹਾ ਕਿ ਆਰ ਐਸ ਐਸ ਅਤੇ ਇਸ ਨਾਲ ਸੰਬੰਧਤ ਜਥੇਬੰਦੀਆਂ ਦਾ ਸ਼ੁਰੂ ਤੋਂ ਹੀ ਇਹੀ ਉਦੇਸ਼ ਰਿਹਾ ਹੈ। ਇਸ ਲਈ ਇਸ ਚੋਣ ਵਿਚ ਅਸੀਂ ਕਿਸੇ ਨਾ ਕਿਸੇ ਤਰ੍ਹਾਂ ਤਾਨਾਸ਼ਾਹੀ ਨੂੰ ਖ਼ਤਮ ਕਰਨਾ ਹੈ। ਸਾਨੂੰ ਇਕ ਟਾਈਮ ਦਾ ਖਾਣਾ ਘੱਟ ਖਾ ਲੈਣਾ ਚਾਹੀਦਾ ਹੈ, ਪਰ ਸਾਨੂੰ ਦੇਸ਼ ਵਿੱਚ ਤਾਨਾਸ਼ਾਹੀ ਲਾਗੂ ਨਹੀਂ ਹੋਣ ਦੇਣੀ ਚਾਹੀਦੀ।ਇਥੇ ਟਾਊਨ ਹਾਲ ਮੀਟਿੰਗ (ਖ਼ਾਸ ਕਰਕੇ ਸਰਹੱਦੀ ਖੇਤਰ ਦੇ ਵਪਾਰੀਆਂ ਨਾਲ) ਵਿੱਚ ਕੇਜਰੀਵਾਲ ਦੇ ਸੰਬੋਧਨ ਤੋਂ ਪਹਿਲਾਂ ਫ਼ਿਰੋਜ਼ਪੁਰ ਦੇ ਵਪਾਰੀਆਂ ਨੇ ਆਪਣੇ ਮੁੱਦੇ ਅਤੇ ਸੁਝਾਅ ਸਾਂਝੇ ਕੀਤੇ। ਕਮਲ ਕਿਸ਼ੋਰ (ਰਾਈਸ ਮਿੱਲ ਇੰਡਸਟਰੀ) ਨੇ ਕਿਹਾ ਕਿ ਕੇਂਦਰ ਸਰਕਾਰ ਨੇ ਮਾਰਕੀਟ ਫ਼ੀਸ ਅਤੇ ਆਰ ਡੀ ਐਫ ਐਕਸਪੋਰਟ ਰਿਫੰਡ ਬੰਦ ਕਰ ਦਿੱਤਾ ਹੈ। ਜਿਸ ਨਾਲ ਮੰਡੀਆਂ, ਮਾਰਕੀਟ ਕਮੇਟੀਆਂ ਅਤੇ ਉਨ੍ਹਾਂ ਦੇ ਵਿਕਾਸ ਪ੍ਰਭਾਵਿਤ ਹੋ ਰਹੇ ਹਨ।ਵਪਾਰੀ ਸ਼ਸ਼ੀ ਸ਼ਰਮਾ ਨੇ ਮਾਨ ਸਰਕਾਰ ਦੀ ਓ.ਟੀ.ਐਸ ਸਕੀਮ ਦੀ ਸ਼ਲਾਘਾ ਕੀਤੀ, ਜਿਸ ਵਿੱਚ ਛੋਟੇ ਵਪਾਰੀਆਂ ਨੂੰ ਉਨ੍ਹਾਂ ਦੇ ਲੰਬੇ ਸਮੇਂ ਤੋਂ ਲਟਕਦੇ ਆ ਰਹੇ ਮਸਲਿਆਂ ਨੂੰ ਇੱਕਮੁਸ਼ਤ ਸਕੀਮ ਅਧੀਨ ਅਸਲ ਰਕਮ ਤੋਂ ਬਹੁਤ ਘੱਟ ਦੇ ਕੇ ਨਿਪਟਾਉਣ ਦਾ ਮੌਕਾ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਓ.ਟੀ.ਐਸ ਸਕੀਮ 30 ਜੂਨ ਨੂੰ ਬੰਦ ਹੋ ਰਹੀ ਹੈ, ਇਸ ਦਾ ਸਮਾਂ ਵਧਾਇਆ ਜਾਵੇ। ਇਸ ਦੇ ਜਵਾਬ ਵਿੱਚ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਓ.ਟੀ.ਐਸ. ਸਕੀਮ ਨਾਲ 1 ਲੱਖ ਰੁਪਏ ਦੇ ਬਕਾਇਆ 100% ਅਤੇ 1 ਲੱਖ ਤੋਂ

● ਬਾਕੀ ਸਫ਼ਾ 2 'ਤੇ

## 12 ਸ਼ਰਧਾਲੂਆਂ ਦੀ ਮੌਤ

**ਸ਼ਾਹਜਹਾਂਪੁਰ (ਯੂਪੀ)** : ਬੱਜਰੀ ਨਾਲ ਲੱਦੇ ਡੰਪਰ ਟਰੱਕ ਦੇ ਸ਼ਨਿੱਚਰਵਾਰ ਰਾਤ ਬੱਸ 'ਤੇ ਪਲਟਣ ਨਾਲ 12 ਸ਼ਰਧਾਲੂਆਂ ਦੀ ਮੌਤ ਹੋ ਗਈ ਤੇ 10 ਗੰਭੀਰ ਜ਼ਖਮੀ ਹੋ ਗਏ। ਹਾਦਸਾ ਖੁਤਾਰ ਥਾਣੇ ਅਧੀਨ ਆਉਂਦੇ ਹਜੀਆਪੁਰ ਪਿੰਡ ਨੇੜੇ ਵਾਪਰਿਆ। ਬੱਸ ਸੜਕ ਕੰਢੇ ਖਾਣ-ਪੀਣ ਵਾਲੀ ਇਕ ਦੁਕਾਨ ਨੇੜੇ ਖੜ੍ਹੀ ਸੀ। ਸ਼ਰਧਾਲੂ ਸੀਤਾਪੁਰ ਜ਼ਿਲ੍ਹੇ ਨਾਲ ਸੰਬੰਧਤ ਸਨ ਤੇ ਉੱਤਰਾਖੰਡ ਦੇ ਟਨਕਪੁਰ ਦੇ ਪੁਰਨਾਗਿਰੀ ਮੰਦਰ ਵਿਚ ਮੱਥਾ ਟੇਕਣ ਜਾ ਰਹੇ ਸਨ। ਕੁਝ ਸ਼ਰਧਾਲੂ ਬੱਸ ਵਿਚ ਹੀ ਬੈਠੇ ਸਨ, ਜਦੋਂਕਿ ਕੁਝ ਹੇਠਾਂ ਉੱਤਰ ਕੇ ਕੁਝ ਖਾ-ਪੀ ਰਹੇ ਸਨ।

## 26 ਕਰੋੜ ਬਰਾਮਦ



**ਨਾਸਿਕ** : ਮਹਾਰਾਸ਼ਟਰ ਦੇ ਨਾਸਿਕ ਸਥਿਤ ਸੁਰਾਨਾ ਜਵੈਲਰਜ਼ ਦੇ ਅਹਾਤੇ 'ਤੇ ਛਾਪੇਮਾਰੀ ਦੌਰਾਨ ਕਰੀਬ 26 ਕਰੋੜ ਰੁਪਏ ਦੀ ਨਕਦੀ ਅਤੇ 90 ਕਰੋੜ ਰੁਪਏ ਦੀ ਬੇਹਿਸਾਬੀ ਜਾਇਦਾਦ ਦੇ ਦਸਤਾਵੇਜ਼ ਜ਼ਬਤ ਕੀਤੇ ਗਏ ਹਨ।

## ਅੱਜ-ਨਾਮਾ

ਚੋਣ-ਪ੍ਰਚਾਰ ਲਈ ਤਿੰਨ ਬੱਸ ਦਿਨ ਬਾਕੀ,
ਸਭਨਾਂ ਧਿਰਾਂ ਦਾ ਲੱਗਾ ਪਿਆ ਜ਼ੋਰ ਬੇਲੀ।
ਰੈਲੀਆਂ-ਜਲਸਿਆਂ ਦੀ ਲੱਗੀ ਲੜੀ ਜਾਵੇ,
ਹਰ ਥਾਂ ਪੈਂਦਾ ਸਿਆਸੀ ਜਿਹਾ ਸ਼ੋਰ ਬੇਲੀ।
ਪੁਤਲੇ ਬਣ ਕੇ ਈਮਾਨ ਦੇ ਆਉਣ ਮੂਹਰੇ,
ਨਸਲ ਡਾਕੂਆਂ ਦੀ ਜਾਂ ਜਿਹੜੇ ਚੋਰ ਬੇਲੀ।
ਸੁਣਨੇ ਪੈਂਦੇ ਈ ਪਹਿਲੇ ਸਭ ਸੁਣੇ ਭਾਸ਼ਣ,
ਸੁਣ-ਸੁਣ ਹੁੰਦੇ ਪਏ ਲੋਕ ਆ ਬੋਰ ਬੇਲੀ।
ਪਹਿਲੀ ਜੂਨ ਲਈ ਕਰਨ ਉਡੀਕ ਵੋਟਰ,
ਘੜੀ ਲੇਖੇ ਦੀ ਜਿਹੜੇ ਦਿਨ ਆਊ ਬੇਲੀ।
ਜਾਊ ਵੋਟਿੰਗ ਮਸ਼ੀਨਾਂ ਤੱਕ ਆਪ ਵੋਟਰ,
ਚੁਣ ਕੇ ਮਰਜ਼ੀ ਦਾ ਬਟਨ ਦਬਾਊ ਬੇਲੀ।

-ਤੀਸ ਮਾਰ ਖਾਂ

## ਗਰਮੀ ਤੋਂ ਬਚਾਅ ਲਈ ਕਿਤੇ ਲਾਲ ਬੱਤੀ ਦਾ ਸਮਾਂ ਘਟਾਇਆ, ਕਿਤੇ ਦਫਾ ਚੁਤਾਲੀ





ਰਾਜਸਥਾਨ ਦੇ ਬੀਕਾਨੇਰ ਵਿਚ ਇਕ ਰੇਲ ਫਾਟਕ 'ਤੇ ਲੋਕਾਂ ਨੂੰ ਧੁੱਪ ਤੋਂ ਬਚਾਉਣ ਲਈ ਕੀਤਾ ਪ੍ਰਬੰਧ। (ਸੱਜੇ) ਗੁਜਰਾਤ ਦੇ ਸੂਰਤ 'ਚ ਇਕ ਚੈਰੀਟੇਬਲ ਟਰੱਸਟ ਦਾ ਪ੍ਰਧਾਨ ਵਜੂ ਭਾਈ ਪਾਰਿਖ ਪੁਲਸ ਵਾਲਿਆਂ 'ਤੇ ਛਿੜਕਾਅ ਕਰਦਾ ਹੋਇਆ।

**ਨਵੀਂ ਦਿੱਲੀ** : ਵਧਦੀ ਗਰਮੀ 'ਚ ਮੁਲਾਜ਼ਮਾਂ ਤੇ ਆਮ ਲੋਕਾਂ ਨੂੰ ਬਚਾਉਣ ਲਈ ਸੂਬਾ ਸਰਕਾਰਾਂ ਤਰ੍ਹਾਂ-ਤਰ੍ਹਾਂ ਦੇ ਐਲਾਨ ਕਰ ਰਹੀਆਂ ਹਨ। ਭੋਪਾਲ ਵਿਚ ਰੈੱਡ ਟਰੈਫਿਕ ਸਿਗਨਲ ਦੀ ਟਾਈਮਿੰਗ 60 ਸਕਿੰਟ ਤੋਂ ਘਟਾ ਕੇ 30 ਸਕਿੰਟ ਕਰ ਦਿੱਤੀ ਗਈ ਹੈ। ਮਹਾਰਾਸ਼ਟਰ ਦੇ ਅਕੋਲਾ ਸ਼ਹਿਰ ਵਿਚ ਦਫਾ 144 ਲਾ ਦਿੱਤੀ ਗਈ ਹੈ ਤਾਂ ਕਿ ਲੋਕ ਥਾਂ-ਥਾਂ ਇਕੱਠੇ ਨਾ ਹੋਣ। ਆਸਾਮ ਦੇ ਡੀ ਜੀ ਪੀ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਪੁਲਸ ਵਾਲਿਆਂ ਨੂੰ ਪਾਣੀ ਪਿਆਉਣ। ਲੋੜ ਪੈਣ 'ਤੇ ਉਨ੍ਹਾਂ ਦੀਆਂ ਬੋਤਲਾਂ ਵੀ ਭਰ ਦੇਣ। ਰਾਜਸਥਾਨ ਵਿਚ ਸਫਾਈ ਕਾਮਿਆਂ ਤੋਂ ਸਵੇਰੇ 5 ਵਜੇ ਤੋਂ 10 ਵਜੇ ਤਕ ਕੰਮ ਲੈਣ ਲਈ ਕਿਹਾ ਗਿਆ ਹੈ। ਪੰਜਾਬ, ਮੱਧ ਪ੍ਰਦੇਸ਼ ਤੇ ਦਿੱਲੀ ਵਿਚ ਡਾਕਟਰਾਂ ਨੇ ਮਰੀਜ਼ਾਂ ਤੇ ਬਜ਼ੁਰਗਾਂ ਨੂੰ ਦਿਨੇ ਯਾਤਰਾ ਨਾ ਕਰਨ ਦੀ ਸਲਾਹ ਦਿੱਤੀ ਹੈ। ਆਗਰਾ, ਭੋਪਾਲ, ਜੋਧਪੁਰ, ਲਖਨਊ ਤੇ ਕਈ ਹੋਰਨਾਂ ਸ਼ਹਿਰਾਂ 'ਚ ਚੁਰਾਹਿਆਂ 'ਤੇ ਟੈਂਟ ਲਾਏ ਗਏ ਹਨ, ਤਾਂਕਿ ਲੋਕਾਂ ਨੂੰ ਸਿਗਨਲ ਦੀ ਉਡੀਕ ਦੌਰਾਨ ਰਾਹਤ ਮਿਲ ਸਕੇ। ਸੈਂਟਰਲ ਵਾਟਰ ਕਮਿਸ਼ਨ ਨੇ ਕਿਹਾ ਹੈ ਕਿ 150 ਵੱਡੇ ਜਲ ਸਰੋਤਾਂ ਵਿਚ ਪਾਣੀ ਪਿਛਲੇ ਹਫਤੇ ਪੰਜ ਸਾਲ ਦੇ ਸਭ ਤੋਂ ਹੇਠਲੇ ਪੱਧਰ 'ਤੇ ਆ ਗਿਆ। ਇਸ ਕਰਕੇ ਕਈ ਰਾਜਾਂ ਵਿਚ ਪਾਣੀ ਦੀ ਕਿੱਲਤ ਹੋ ਰਹੀ ਹੈ ਤੇ ਬਿਜਲੀ ਦੀ ਪੈਦਾਵਾਰ ਘੱਟ ਹੋ ਰਹੀ ਹੈ।

ਇਸੇ ਦੌਰਾਨ ਭਾਰਤੀ ਮੌਸਮ ਵਿਭਾਗ ਨੇ ਪੰਜਾਬ, ਚੰਡੀਗੜ੍ਹ, ਹਰਿਆਣਾ, ਦਿੱਲੀ, ਰਾਜਸਥਾਨ, ਪੱਛਮੀ ਉਤਰ ਪ੍ਰਦੇਸ਼ ਅਤੇ ਗੁਜਰਾਤ ਰਾਜਾਂ ਲਈ ਗਰਮੀ ਹੋਰ ਵਧਣ ਦਾ ਰੈੱਡ ਅਲਰਟ ਜਾਰੀ ਕੀਤਾ ਹੈ। ਮਾਹਰਾਂ ਦੇ ਅਨੁਸਾਰ 29 ਮਈ ਤਕ ਅੱਤ ਦੀ ਗਰਮੀ ਪਏਗੀ।

## ਸਿਵਲ ਹਸਪਤਾਲ ਵਿਖੇ ਔਰਤ ਦੀ ਬੱਚੇਦਾਨੀ 'ਚੋਂ ਦੋ ਕਿੱਲੋ ਦੀ ਰਸੌਲੀ ਕੱਢਣ ਦਾ ਸਫਲ ਅਪ੍ਰੇਸ਼ਨ



**ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ, ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ)**-ਸਥਾਨਕ ਸਿਵਲ ਹਸਪਤਾਲ ਵਿਖੇ ਔਰਤ ਦੀ ਬੱਚੇਦਾਨੀ ਵਿੱਚੋਂ ਦੋ ਕਿੱਲੋ ਦੀ ਰਸੌਲੀ ਕੱਢਣ ਦਾ ਸਫਲ ਅਪ੍ਰੇਸ਼ਨ ਕੀਤਾ ਗਿਆ।ਇਹ ਅਪ੍ਰੇਸ਼ਨ ਡਾ. ਸਿਮਰਦੀਪ ਕੌਰ ਔਰਤ ਰੋਗਾਂ ਦੇ ਮਾਹਰ ਵੱਲੋਂ ਕੀਤਾ ਗਿਆ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਾ. ਰਾਹੁਲ ਜਿੰਦਲ ਸੀਨੀਅਰ ਮੈਡੀਕਲ ਅਫਸਰ ਨੇ ਦੱਸਿਆ ਕਿ ਸਿਵਲ ਹਸਪਤਾਲ ਵਿਚ ਨਾਰਮਲ ਤੇ ਅਪ੍ਰੇਸ਼ਨਾਂ ਵਾਲੇ ਜਣੇਪੇ ਬਿਲਕੁਲ ਮੁਫ਼ਤ ਕੀਤੇ ਜਾਂਦੇ ਹਨ ਅਤੇ ਸਿਵਲ ਹਸਪਤਾਲ ਦੇ ਗਾਇਨੀ ਵਾਰਡ ਵਿੱਚ ਮਾਹਰ ਸਟਾਫ ਤਾਇਨਾਤ ਕੀਤਾ ਗਿਆ ਹੈ, ਜੋ ਕਿ 24 ਘੰਟੇ ਲੋਕਾਂ ਦੀ ਸੇਵਾ ਲਈ ਉਪਲੱਬਧ ਹਨ।ਉਨ੍ਹਾ ਦੱਸਿਆ ਕਿ ਅੱਜ ਸਿਵਲ ਹਸਪਤਾਲ ਦੀ ਟੀਮ, ਜਿਸ ਵਿੱਚ ਡਾ. ਸਿਮਰਦੀਪ ਕੌਰ ਔਰਤ ਰੋਗਾਂ ਦੇ ਮਾਹਰ, ਡਾ. ਹਿਨਾ ਬੇਹੋਸ਼ੀ ਦੀ ਮਾਹਰ, ਰਮਨਦੀਪ ਕੌਰ, ਵਰਿੰਦਰ ਸਿੰਘ ਸ਼ਾਮਲ ਸਨ ਅਤੇ ਉਨ੍ਹਾ ਵੱਲੋਂ ਪਿੰਡ ਸਾਹਿਬ ਚੰਦ ਦੀ ਵਸਨੀਕ 38 ਸਾਲਾ ਔਰਤ ਦੇ ਪੇਟ ਵਿੱਚੋਂ ਦੋ ਕਿੱਲੋ ਦੀ ਰਸੌਲੀ ਕੱਢਣ ਦਾ ਸਫਲ ਅਪ੍ਰੇਸ਼ਨ ਕੀਤਾ ਗਿਆ ਹੈ।ਇਸ ਸਬੰਧੀ ਡਾ. ਸਿਮਰਦੀਪ ਕੌਰ ਨੇ ਦੱਸਿਆ ਕਿ ਸਰਕਾਰੀ ਹਸਪਤਾਲ ਵਿੱਚ ਜਣੇਪੇ ਬਿਲਕੁਲ ਮੁਫਤ ਕੀਤੇ ਜਾਂਦੇ ਹਨ, ਕਿਸੇ ਤੋਂ ਕੋਈ ਵੀ ਫੀਸ ਨਹੀਂ ਲਈ ਜਾਂਦੀ।ਉਨ੍ਹਾ ਦੱਸਿਆ ਕਿ ਗਰਭਵਤੀ ਔਰਤ ਦਾ ਗਰਭਧਾਰਨ ਤੋਂ ਲੈ ਕੇ ਬੱਚਾ ਹੋਣ ਤੱਕ ਸਾਰਾ ਇਲਾਜ ਤੇ ਟੈਸਟ ਬਿਲਕੁਲ ਮੁਫਤ ਕੀਤੇ ਜਾਂਦੇ ਹਨ।

## ਖ਼ੁਸ਼ਦੀਪ ਨੇ ਰਾਸ਼ਟਰੀ ਪੱਧਰ ਦੇ ਸ਼ੈੱਫ ਮੁਕਾਬਲੇ 'ਚ ਜਿੱਤਿਆ ਤਮਗਾ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਦੇ ਸਕੂਲ ਆਫ ਹੋਟਲ ਮੈਨੇਜਮੈਂਟ ਐਂਡ ਟੂਰਿਜ਼ਮ ਦੀ ਵਿਦਿਆਰਥਣ ਖ਼ੁਸ਼ਦੀਪ ਕੌਰ ਨੇ ਆਈ ਐੱਚ ਐੱਮ ਮੁੰਬਈ ਵਿਖੇ ਰਾਸ਼ਟਰੀ ਪੱਧਰ ਦੇ ਸ਼ੈੱਫ ਮੁਕਾਬਲੇ 'ਬੈਟਰ ਕਿਚਨ ਬੇਕਰੀ ਚੈਂਪੀਅਨਸ਼ਿਪ' ਦੇ ਗ੍ਰੈਂਡ ਫਿਨਾਲੇ ਵਿੱਚ ਮੈਡਲ ਜਿੱਤਿਆ।ਫਾਈਨਲਿਸਟਾਂ ਨੂੰ ਸ਼ਾਰਟਲਿਸਟ ਕਰਨ ਲਈ, ਦੇਸ਼ ਦੇ ਵੱਖ-ਵੱਖ ਖੇਤਰਾਂ ਵਿੱਚ ਸ਼ੈੱਫ ਮੁਕਾਬਲੇ ਕਰਵਾਏ ਗਏ। ਪੰਜਾਬ ਖੇਤਰ ਵਿੱਚ ਖੁਸ਼ਦੀਪ ਕੌਰ ਜੇਤੂ ਰਹੀ ਤੇ ਮੁੰਬਈ ਵਿੱਚ ਉਸ ਨੂੰ ਫਾਈਨਲ ਲਈ ਬੁਲਾਇਆ ਗਿਆ।ਉਸ ਨੇ ਪੰਜਾਬੀ ਥੀਮ 'ਤੇ ਅਧਾਰਤ ਵਿਆਹ ਦਾ ਕੇਕ ਤਿਆਰ ਕੀਤਾ।ਜੱਜਾਂ ਨੇ ਉਸ ਵੱਲੋਂ ਤਿਆਰ ਕੀਤੇ ਕੇਕ ਦੀ ਸ਼ਲਾਘਾ ਕੀਤੀ।ਸਮਾਗਮ ਦੀ ਜੱਜਮੈਂਟ ਨਾਮਵਰ ਸ਼ੈੱਫ ਵੱਲੋਂ ਕੀਤੀ ਗਈ ਤੇ ਇਨਾਮਾਂ ਦੀ ਵੰਡ ਮਸ਼ਹੂਰ ਸ਼ੈੱਫ ਹਰਪਾਲ ਸਿੰਘ ਵੱਲੋਂ ਕੀਤੀ ਗਈ।ਜੇਤੂਆਂ ਨੂੰ ਡੀ ਬੀ ਯੂ ਦੇ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਤੇ ਵਾਈਸ ਪ੍ਰੈਜ਼ੀਡੈਂਟ ਡਾ. ਹਰਸ਼ ਸਦਾਵਰਤੀ ਨੇ ਸਨਮਾਨਤ ਕੀਤਾ।ਡਾ: ਜ਼ੋਰਾ ਸਿੰਘ ਨੇ ਵਿਦਿਆਰਥੀਆਂ ਤੇ ਵਿਭਾਗ ਦੇ ਫੈਕਲਟੀ ਮੈਂਬਰਾਂ ਨੂੰ ਇਸ ਪ੍ਰਾਪਤੀ ਉਪਰ ਵਧਾਈ ਦਿੱਤੀ। ਸਕੂਲ ਆਫ ਹੋਟਲ ਮੈਨੇਜਮੈਂਟ ਐਂਡ ਟੂਰਿਜ਼ਮ ਦੇ ਡਾਇਰੈਕਟਰ ਡਾ: ਅਮਨ ਸ਼ਰਮਾ ਨੇ ਵਿਦਿਆਰਥੀਆਂ ਨੂੰ ਮੁਕਾਬਲਿਆਂ ਵਿੱਚ ਭਾਗ ਲੈਣ ਤੇ ਮੁਕਾਬਲੇ ਦੀ ਭਾਵਨਾ ਪੈਦਾ ਕਰਨ ਲਈ ਪ੍ਰੇਰਿਤ ਕੀਤਾ।ਸ਼ੈੱਫ ਰਿੰਕੂ ਸਿੰਘ ਨੇ ਮੁਕਾਬਲੇ ਵਿੱਚ ਯੂਨੀਵਰਸਿਟੀ ਦੀ ਨੁਮਾਇੰਦਗੀ ਕੀਤੀ।

## ਪ੍ਰਧਾਨ ਮੰਤਰੀ ਮੋਦੀ ਨੇ ਪੂਰੀ ਦੁਨੀਆ 'ਚ ਦੇਸ਼ ਦੀ ਧਾਕ ਜਮਾਈ : ਚੱਠਾ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਸਿੰਘ ਭੱਟੀ)**-ਸੰਗਰੂਰ ਤੋਂ ਭਾਜਪਾ ਉਮੀਦਵਾਰ ਅਰਵਿੰਦ ਖੰਨਾ ਦੇ ਹੱਕ 'ਚ ਲਹਿਰਾਗਾਗਾ ਦੇ ਪਿੰਡਾਂ 'ਚ ਪ੍ਰਚਾਰ ਕਰਦਿਆਂ ਸੰਗਰੂਰ ਤੋਂ ਭਾਜਪਾ 2 ਦੇ ਜ਼ਿਲ੍ਹਾ ਪ੍ਰਧਾਨ ਅਮ੍ਰਿਤ ਰਾਜ ਚੱਠਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੂਰੀ ਦੁਨੀਆ 'ਚ ਦੇਸ਼ ਦੀ ਧਾਕ ਜਮਾਈ। ਪੂਰੀਆ ਦੁਨੀਆ 'ਚ ਭਾਰਤ ਨੂੰ ਅੱਜ ਇੱਕ ਸੁਪਰਪਾਵਰ ਵਜੋਂ ਦੇਖਿਆ ਜਾਂਦਾ ਹੈ ਤੇ ਇਸ ਦਾ ਸਾਰਾ ਸਿਹਰਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਨੂੰ ਜਾਂਦਾ ਹੈ। ਉਨ੍ਹਾਂ ਕਿਹਾ ਕਿ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਜਾਣ ਲੱਗਿਆ ਤੇ ਯੂਰਪ, ਅਮਰੀਕਾ ਅਤੇ ਹੋਰ ਵਿਕਸਿਤ ਦੇਸ਼ਾਂ 'ਚ ਭਾਰਤ ਨੂੰ ਇੱਜ਼ਤ ਦੀ ਨਜ਼ਰ ਨਾਲ ਦੇਖਿਆ ਜਾਣ ਲੱਗਿਆ। ਉਨ੍ਹਾਂ ਕਿਹਾ ਕਿ ਪਿਛਲੇ 10 ਸਾਲਾਂ 'ਚ ਦੇਸ਼ 'ਚ ਵਿਕਾਸ ਭਾਰੀ ਵਿਕਾਸ ਹੋਇਆ ਤੇ ਨਾਲ ਦੇਸ਼ਾਂ ਦੀਆਂ ਸਰਹੱਦਾਂ ਵਧੇਰੇ ਸੁਰੱਖਿਅਤ ਹੋਈਆਂ ਤੇ ਸਥਿਰਤਾ ਆਈ। ਜਿਸ ਕਾਰਨ ਭਾਰਤ 'ਚ ਭਾਰੀ ਨਿਵੇਸ਼ ਤੇ ਨੌਕਰੀਆਂ ਦੇ ਮੌਕੇ ਬਣੇ। ਉਨ੍ਹਾਂ ਕਿਹਾ ਕਿ ਭਾਜਪਾ ਦਾ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋਣਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਲੋਕਾਂ ਨੂੰ ਸੰਗਰੂਰ ਤੋਂ ਭਾਜਪਾ ਉਮੀਦਵਾਰ ਅਰਵਿੰਦ ਖੰਨਾ ਨੂੰ ਜਿਤਾਉਣ ਦੀ ਅਪੀਲ ਕੀਤੀ।

## ਠੰਢੇ-ਮਿੱਠੇ ਜਲ ਦੀ ਛਬੀਲ ਲਗਾਈ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਅੱਤ ਦੀ ਪੈ ਰਹੀ ਗਰਮੀ 'ਚ ਲੋਕਾਂ ਨੂੰ ਰਾਹਤ ਦੇਣ ਲਈ ਸਵਰਨਕਾਰ ਭਾਈਚਾਰੇ ਵਲੋਂ ਪਿੰਡ ਸ਼ੇਰੋਂ ਵਿਖੇ ਗੁਰਦੁਆਰੇ ਦੇ ਸਾਹਮਣੇ ਠੰਢੇ-ਮਿੱਠੇ ਜਲ ਦੀ ਛਬੀਲ ਲਗਾਈ ਗਈ। ਡਾ. ਸੁਖਵਿੰਦਰ ਸਿੰਘ ਬਿੰਦਰੀ ਨੇ ਦੱਸਿਆ ਕਿ ਪਿਛਲੇ ਕਈ ਦਿਨਾਂ ਤੋਂ ਗਰਮੀ ਬਹੁਤ ਜ਼ਿਆਦਾ ਵਧ ਗਈ ਹੈ, ਜਿਸ ਨੂੰ ਦੇਖਦਿਆਂ ਸਵਰਨਕਾਰ ਭਾਈਚਾਰੇ ਵੱਲੋਂ ਲੋਕਾਂ ਨੂੰ ਤਪਦੀ ਗਰਮੀ ਤੋਂ ਰਾਹਤ ਦੇਣ ਲਈ ਠੰਢੇ-ਮਿੱਠੇ ਜਲ ਦੀ ਛਬੀਲ ਲਗਾਈ ਗਈ ਹੈ। ਇਸ ਮੌਕੇ ਬਲਵਿੰਦਰ ਸਿੰਘ, ਸੁਖਪਾਲ ਸਿੰਘ, ਭੋਲਾ ਸਿੰਘ, ਮਹਿੰਦਰ ਸਿੰਘ, ਨਛੱਤਰ ਸਿੰਘ, ਕਾਲਾ ਸਿੰਘ, ਸੋਹਨ ਸਿੰਘ, ਅਰਨਦੀਪ ਸਿੰਘ, ਗੁਰਮੇਲ ਸਿੰਘ ਗੇਲਾ, ਜਗਦੀਪ ਸਿੰਘ, ਜਸਪਾਲ ਸਿੰਘ ਜੱਗਾ, ਗੁਰਮੇਲ ਸਿੰਘ ਵੈਦ (ਸਾਰੇ ਦਸੌਂੜ) ਆਦਿ ਨੇ ਛਬੀਲ 'ਚ ਸੇਵਾ ਨਿਭਾਈ।

## ਪੁਲਸ ਦੇ ਸਖ਼ਤ ਪ੍ਰਬੰਧਾਂ ਹੇਠ ਅਰਵਿੰਦ ਖੰਨਾ ਦਾ ਰੋਡ ਸ਼ੋਅ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਲੋਕ ਸਭਾ ਹਲਕਾ ਸੰਗਰੂਰ ਤੋਂ ਭਾਜਪਾ ਉਮੀਦਵਾਰ ਅਰਵਿੰਦ ਖੰਨਾ ਦਾ ਧੂਰੀ ਸ਼ਹਿਰ ਵਿੱਚ ਰੋਡ ਸ਼ੋਅ ਕਰਨ ਵੇਲੇ ਪੁਲਸ ਨੂੰ ਭਾਰੀ ਤੇ ਕਰੜੀ ਮਿਹਨਤ ਕਰਨੀ ਪਈ ਅਤੇ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਹੋਏ ਇਸ ਰੋਡ ਸ਼ੋਅ ਵਿੱਚ ਭਾਜਪਾ ਪੰਜਾਬ ਦੇ ਜਨਰਲ ਸਕੱਤਰ ਪਰਮਿੰਦਰ ਬਰਾੜ ਨੇ ਸ਼ਮੂਲੀਅਤ ਕੀਤੀ।ਦੱਸਣਯੋਗ ਹੈ ਕਿ ਕੇਂਦਰ ਦੇ ਕਿਸਾਨੀ ਕਾਨੂੰਨਾਂ, ਬਾਰਡਰ ਤੇ ਕਿਸਾਨਾਂ ਨੂੰ ਦਿੱਲੀ ਰੋਕਣ, ਕਿਸਾਨ ਸ਼ੁਭਕਰਨ ਸਿੰਘ ਦੀ ਮੌਤ ਸਮੇਤ ਹੋਰ ਮਾਮਲਿਆਂ ਨੂੰ ਲੈ ਕੇ ਪੰਜਾਬ ਦੇ ਕਿਸਾਨਾਂ ਵੱਲੋਂ ਭਾਜਪਾ ਉਮੀਦਵਾਰਾਂ ਦਾ ਵਿਰੋਧ ਕਰਦਿਆਂ ਉਨ੍ਹਾਂ ਦਾ ਪਿੰਡਾਂ ਵਿੱਚ ਦਾਖ਼ਲਾ ਬੰਦ ਕੀਤਾ ਹੋਇਆ ਹੈ ਅਤੇ ਉਨ੍ਹਾਂ ਦਾ ਥਾਂ ਥਾਂ ਵਿਰੋਧ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਕਾਂਗਰਸ ਤੇ 'ਆਪ' ਇਨ੍ਹਾਂ ਦੋਵਾਂ ਪਾਰਟੀਆਂ ਵਿੱਚੋਂ ਕਿਸੇ ਇੱਕ ਨੂੰ ਵੀ ਵੋਟ ਦੇਣਾ ਪੰਜਾਬ ਦੇ ਵਿਰੁੱਧ ਵੋਟ ਦੇਣਾ ਹੈ।ਉਨ੍ਹਾਂ ਲੋਕਾਂ ਨੂੰ ਭਾਜਪਾ ਦੇ ਹੱਕ ਵਿੱਚ ਭੁਗਤਣ ਦੀ ਅਪੀਲ ਕਰਦਿਆਂ ਕਿਹਾ ਕਿ ਭਾਜਪਾ ਹੀ ਪੰਜਾਬ ਦਾ ਵਿਕਾਸ ਕਰਵਾ ਸਕਦੀ ਹੈ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ ਦੁੱਲਟ, ਪਰਦੀਪ ਗਰਗ, ਬਰਜੇਸ਼ਵਰ ਗੋਇਲ, ਵਿੱਕੀ ਪਰੋਚਾ, ਜਗਦੇਵ ਜਿੰਦਲ, ਜਸਵਿੰਦਰ ਸਿੰਘ ਰਿਖੀ, ਜੋਗਿੰਦਰ ਸਿੰਘ ਖ਼ਾਲਸਾ ਆਦਿ ਹਾਜ਼ਰ ਸਨ।

## ਮਾਊਂਟ ਲਰਨਿੰਗ ਜੂਨੀਅਰ ਸਕੂਲ ਦੇ ਬੱਚਿਆਂ ਨੇ ਕੀਤੀ ਪੂਲ ਪਾਰਟੀ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਸਥਾਨਕ ਮਾਊਂਟ ਲਰਨਿੰਗ ਜੂਨੀਅਰ ਸਕੂਲ ਦੇ ਬੱਚਿਆਂ ਨੇ ਪੂਲ ਪਾਰਟੀ ਦਾ ਅਨੰਦ ਮਾਣਿਆ। ਇਸ ਵਿਚ ਪ੍ਰੀ-ਨਰਸਰੀ ਦੇ ਬੱਚੇ ਪੂਲ 'ਚ ਨੱਚੇ ਤੇ ਰੰਗੀਨ ਛਤਰੀਆਂ ਅਤੇ ਕਾਲੇ ਚਸ਼ਮੇ ਨਾਲ ਮਹੌਲ ਨੂੰ ਹੋਰ ਸੋਹਣਾ ਬਣਾਇਆ। ਵਾਟਰ ਪਲੇਅ ਦੀਆਂ ਗਤੀਵਿਧੀਆਂ ਮੋਟਰ ਹੁਨਰਾਂ ਨੂੰ ਮਜ਼ਬੂਤ ਕਰਨ, ਛੋਟੇ ਬੱਚਿਆਂ ਵਿਚਕਾਰ ਸੰਤੁਲਨ ਅਤੇ ਤਾਲਮੇਲ ਬਣਾਉਣ ਦਾ ਇੱਕ ਵਧੀਆ ਤਰੀਕਾ ਹੈ। ਗਰਮੀ ਦੇ ਦਿਨ ਮਾਊਂਟ ਲਰਨਿੰਗ ਜੂਨੀਅਰ ਸਕੂਲ ਨੇ ਪ੍ਰੀ-ਪ੍ਰਾਇਮਰੀ ਵਿਦਿਆਰਥੀਆਂ ਲਈ ਪੂਲ ਪਾਰਟੀ ਦਾ ਆਯੋਜਨ ਕੀਤਾ। ਛੋਟੇ ਬੱਚਿਆਂ ਨੇ ਪੂਲ ਵਿੱਚ ਆਪਣੇ ਹੱਥਾਂ ਅਤੇ ਪੈਰਾਂ ਨੂੰ ਟੈਪ ਕੀਤਾ, ਆਲੇ ਦੁਆਲੇ ਪਾਣੀ ਛਿੜਕਿਆ। ਸਕੂਲ ਪ੍ਰਿੰਸੀਪਲ ਸੀਮਾ ਗੁਲਾਟੀ ਨੇ ਵੀ ਬੱਚਿਆਂ 'ਚ ਖੁਸ਼ੀ ਸਾਂਝੀ ਕੀਤੀ।

## ਜਨਮ ਦਿਨ ਮੌਕੇ ਛਬੀਲ ਲਾਈ



**ਭੀਖੀ (ਧਰਮਵੀਰ ਸ਼ਰਮਾ)**-ਸਮਾਜ ਸੇਵੀ ਨੌਜਵਾਨ ਰਾਜਨ ਬੰਟੀ ਨੇ ਆਪਣੇ ਜਨਮ ਦਿਨ ਮੌਕੇ ਸਥਾਨਕ ਐਚ ਡੀ ਐਫ ਸੀ ਬੈਂਕ ਕੋਲ ਠੰਢੇ ਜਲ ਜ਼ੀਰੇ ਅਤੇ ਮਿੱਠੇ ਜਲ ਦੀ ਛਬੀਲ ਲਗਾਈ।ਇਸ ਮੌਕੇ ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਯਾਦਗਾਰੀ ਦਿਨ ਅਜਿਹੇ ਸਮਾਜ ਸੇਵਾ ਦੇ ਕੰਮ ਕਰਕੇ ਅਤੇ ਪੌਦੇ ਲਗਾ ਕੇ ਮਨਾਉਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਮੌਕੇ ਸਮਾਜ ਸੇਵੀ ਕੰਮਾਂ ਨੂੰ ਪਹਿਲ ਦੇਣਾ ਆਪਣੀ ਜ਼ਿੰਦਗੀ ਦਾ ਇੱਕ ਅੰਗ ਬਣਾਉਣਾ ਚਾਹੀਦਾ ਹੈ।ਇਸ ਮੌਕੇ ਮਨਦੀਪ ਸਿੰਗਲਾ, ਹਰਸ਼ ਸਿੰਗਲਾ, ਗੁਲਸ਼ਨ ਬੱਲੀ, ਬਲਰਾਜ ਬਾਂਸਲ, ਜੱਗਾ ਕੋਟੜਾ, ਨਿਤਿਨ ਕੁਮਾਰ, ਪੁਸ਼ਵਿੰਦਰ ਕੁਮਾਰ, ਅਕਾਸ਼ ਕੁਮਾਰ, ਸੁਰੇਸ਼ ਸ਼ਸ਼ੀ, ਬਿੱਟੂ ਸਿੰਘ, ਮਨਪ੍ਰੀਤ ਢਿੱਲੋਂ, ਪ੍ਰਭਜੋਤ ਸਿੰਘ, ਸੁਖਪ੍ਰੀਤ ਸਿੰਘ, ਵੰਸ਼ ਬਾਂਸਲ, ਭਰਤ ਹਸਨਪੁਰ, ਦਿਪੇਸ਼ ਸਿੰਗਲਾ, ਸ਼ਰਮਾ ਪ੍ਰੈਸ, ਸ਼ੰਟੀ ਰਾਮਪੁਰਾ, ਪ੍ਰਦੀਪ ਪੰਧੇਰ, ਆਸ਼ਿਮ ਗਰਗ, ਹਿਮਾਂਸ਼ੂ, ਦੀਪਾਂਸ਼ੀ ਅਤੇ ਵੰਸ਼ਿਕਾ ਹਾਜ਼ਰ ਸਨ।

## ਸੜਕ ਹਾਦਸੇ 'ਚ ਥਾਰ ਗੱਡੀ ਦੇ ਚਾਲਕ ਵਿਰੁੱਧ ਕੇਸ ਦਰਜ

**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪਿੰਡ ਪੀਰਜੈਨ ਵਿਖੇ ਵਾਪਰੇ ਸੜਕ ਹਾਦਸੇ 'ਚ ਗੰਭੀਰ ਜ਼ਖ਼ਮੀ ਹੋਏ 19 ਸਾਲਾ ਨੌਜਵਾਨ ਦੇ ਮਾਮਲੇ 'ਚ ਬਡਾਲੀ ਆਲਾ ਸਿੰਘ ਪੁਲਿਸ ਵੱਲੋਂ ਥਾਰ ਗੱਡੀ ਦੇ ਚਾਲਕ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤੇ ਜਾਣ ਦੀ ਸੂਚਨਾ ਹੈ।ਤੇਜਿੰਦਰ ਸਿੰਘ ਵਾਸੀ ਪਿੰਡ ਘੁਮੰਡਗੜ੍ਹ ਨੇ ਬਡਾਲੀ ਆਲਾ ਸਿੰਘ ਪੁਲਸ ਨੂੰ ਦੱਸਿਆ ਸੀ ਕਿ ਉਸਦਾ ਲੜਕਾ ਮਨਜੋਤ ਸਿੰਘ(19) ਤੇ ਮਨਜੋਤ ਦਾ ਦੋਸਤ ਪ੍ਰਭਨੂਰ ਸਿੰਘ ਆਪੋ-ਆਪਣੇ ਮੋਟਰਸਾਈਕਲਾਂ 'ਤੇ ਸਵਾਰ ਹੋ ਕੇ 'ਪੰਜਾਬੀ ਰਸੋਈ' ਢਾਬੇ 'ਤੇ ਖਾਣਾ ਖਾਣ ਲਈ ਜਾ ਰਹੇ ਸਨ ਤੇ ਜਦੋਂ ਉਹ ਪਿੰਡ ਪੀਰਜੈਨ ਦੇ ਬੱਸ ਸਟੈਂਡ ਨਜ਼ਦੀਕ ਪਹੁੰਚੇ ਤਾਂ ਮਨਜੋਤ ਸਿੰਘ ਦਾ ਮੋਟਰਸਾਈਕਲ ਹਨੇਰੇ ਵਿੱਚ ਸੜਕ 'ਤੇ ਬਿਨਾਂ ਕਿਸੇ ਇੰਡੀਕੇਟਰ ਤੋਂ ਖੜੀ ਕੀਤੀ ਕਾਲੇ ਰੰਗ ਦੀ ਥਾਰ ਗੱਡੀ ਨੰਬਰ ਪੀ.ਬੀ.10.ਜੀ.ਆਰ-6500 ਪਿੱਛੇ ਜਾ ਟਕਰਾਇਆ, ਜਿਸ ਕਾਰਨ ਮਨਜੋਤ ਸਿੰਘ ਦੇ ਸਰੀਰ 'ਤੇ ਕਾਫੀ ਸੱਟਾਂ ਵੱਜੀਆਂ, ਜੋ ਮੁਹਾਲੀ ਦੇ ਇੱਕ ਨਿੱਜੀ ਹਸਪਤਾਲ 'ਚ ਗੰਭੀਰ ਹਾਲਤ ਵਿੱਚ ਜ਼ੇਰੇ ਇਲਾਜ ਹੈ।ਤੇਜਿੰਦਰ ਸਿੰਘ ਦੇ ਬਿਆਨਾਂ 'ਤੇ ਥਾਣਾ ਬਡਾਲੀ ਆਲਾ ਸਿੰਘ ਵਿਖੇ ਥਾਰ ਗੱਡੀ ਦੇ ਕਥਿਤ ਚਾਲਕ ਮਨਪ੍ਰੀਤ ਸਿੰਘ ਉਰਫ਼ ਮਨੀ ਵਾਸੀ ਸਰਹਿੰਦ ਸ਼ਹਿਰ ਵਿਰੁੱਧ ਅ/ਧ 279, 337, 338, 427 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਕੇ ਸਹਾਇਕ ਥਾਣੇਦਾਰ ਹਰਪਿੰਦਰ ਸਿੰਘ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

## ਪੁਲਸ ਵੱਲੋਂ 25 ਕਿੱਲੋ ਭੁੱਕੀ ਰੱਖਣ ਦੇ ਦੋਸ਼ ਹੇਠ ਗ੍ਰਿਫ਼ਤਾਰ



**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਥਾਣਾ ਬੱਸੀ ਪਠਾਣਾਂ ਦੀ ਪੁਲਸ ਵੱਲੋਂ ਸਵਿਫਟ ਕਾਰ ਸਵਾਰ ਇੱਕ ਵਕੀਲ ਤੇ ਉਸਦੇ ਇੱਕ ਰਿਸ਼ਤੇਦਾਰ ਨੂੰ 25 ਕਿੱਲੋ ਭੁੱਕੀ ਸਮੇਤ ਗ੍ਰਿਫ਼ਤਾਰ ਕੀਤੇ ਜਾਣ ਦਾ ਦਾਅਵਾ ਕੀਤਾ ਗਿਆ ਹੈ।ਐਸ.ਐਚ.ਓ. ਸਬ-ਇੰਸਪੈਕਟਰ ਨਰਪਿੰਦਰ ਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਇੱਕ ਪੁਲਸ ਪਾਰਟੀ ਜਦੋਂ ਪਿੰਡ ਬਹੇੜ ਤੋਂ ਪਿੰਡ ਘੁਮੰਡਗੜ੍ਹ ਵੱਲ ਨੂੰ ਗਸ਼ਤ ਕਰਦੀ ਹੋਈ ਜਾ ਰਹੀ ਸੀ ਤਾਂ ਬਹੇੜ-ਘੁਮੰਡਗੜ੍ਹ ਰੋਡ 'ਤੇ ਪੈਂਦੇ ਚੀਮਿਆਂ ਦੇ ਡੇਰੇ ਦੇ ਅੰਦਰੋਂ ਇੱਕ ਚਿੱਟੇ ਰੰਗ ਦੀ ਸਵਿਫਟ ਕਾਰ ਨੰਬਰ ਪੀ.ਬੀ.65.ਬੀ.ਜੀ-5092 ਨਿਕਲੀ, ਜਿਸ ਵਿੱਚ ਸਵਾਰ ਵਿਅਕਤੀਆਂ ਨੇ ਪੁਲਸ ਪਾਰਟੀ ਨੂੰ ਦੇਖ ਕੇ ਕਾਰ ਨੂੰ ਪਿੱਛੇ ਮੋੜਨ ਦੀ ਕੋਸ਼ਿਸ਼ ਕੀਤੀ, ਜਿਸ ਸਬੰਧੀ ਸ਼ੱਕ ਪੈਣ 'ਤੇ ਪੁਲਸ ਕ੍ਰਮਚਾਰੀਆਂ ਵੱਲੋਂ ਕਾਰ ਸਵਾਰਾਂ ਨੂੰ ਰੋਕ ਕੇ ਉਨ੍ਹਾਂ ਦਾ ਨਾਂਅ ਪਤਾ ਪੁੱਛਿਆ ਗਿਆ, ਜਿਨ੍ਹਾਂ ਨੇ ਆਪਣੀ ਪਛਾਣ ਰਵੀ ਕੁਮਾਰ ਉਰਫ਼ ਰਵੀ ਤੇ ਗੁਰਪ੍ਰੀਤ ਸਿੰਘ ਉਰਫ਼ ਗੋਪੀ ਵਾਸੀਆਨ ਪਿੰਡ ਕੋਟਲਾ ਫਾਜ਼ਲ ਵਜੋਂ ਦੱਸੀ।ਐਸ.ਐਚ.ਓ. ਨਰਪਿੰਦਰ ਪਾਲ ਸਿੰਘ ਨੇ ਦੱਸਿਆ ਕਿ ਉਕਤ ਵਿਅਕਤੀਆਂ ਦੇ ਕਬਜ਼ੇ ਵਾਲੀ ਸਵਿਫਟ ਕਾਰ ਦੀ ਜਦੋਂ ਤਲਾਸ਼ੀ ਕੀਤੀ ਗਈ ਤਾਂ ਕਾਰ 'ਚੋਂ 25 ਕਿੱਲੋ ਭੁੱਕੀ (ਚੂਰਾ ਪੋਸਤ) ਬਰਾਮਦ ਹੋਈ।ਇਸ ਸਬੰਧੀ ਥਾਣਾ ਬਸੀ ਪਠਾਣਾਂ ਵਿਖੇ ਅ/ਧ 15ਬੀ/61/85 ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕੀਤੇ ਗਏ ਮੁਕੱਦਮੇ 'ਚ ਰਵੀ ਕੁਮਾਰ ਉਰਫ਼ ਰਵੀ ਤੇ ਗੁਰਪ੍ਰੀਤ ਸਿੰਘ ਉਰਫ਼ ਗੋਪੀ ਨੂੰ ਗ੍ਰਿਫ਼ਤਾਰ ਕਰਕੇ ਅਦਾਲਤ 'ਚ ਪੇਸ਼ ਕੀਤਾ ਗਿਆ, ਜਿਨ੍ਹਾਂ ਨੂੰ ਅਦਾਲਤ ਨੇ ਦੋ ਦਿਨ 'ਤੇ ਪੁਲਸ ਰਿਮਾਂਡ 'ਤੇ ਭੇਜਣ ਦੇ ਹੁਕਮ ਸੁਣਾਏ ਹਨ।ਐਸ.ਐਚ.ਓ. ਨਰਪਿੰਦਰ ਪਾਲ ਸਿੰਘ ਨੇ ਦੱਸਿਆ ਕਿ ਭੁੱਕੀ ਸਮੇਤ ਕਾਬੂ ਕੀਤਾ ਗਿਆ। ਰਵੀ ਕੁਮਾਰ ਉਰਫ਼ ਰਵੀ ਪੇਸ਼ੇ ਵਜੋਂ ਵਕੀਲ ਹੈ, ਜੋ ਫ਼ਤਹਿਗੜ੍ਹ ਸਾਹਿਬ ਵਿਖੇ ਪ੍ਰੈਕਟਿਸ ਕਰਦਾ ਹੈ, ਜਿਸ ਦੇ ਪਿਤਾ ਵਿਰੁੱਧ ਵੀ ਨਸ਼ਾ ਤਸਕਰੀ ਦੇ ਕਈ ਮੁਕੱਦਮੇ ਦਰਜ ਹਨ।

## ਬਲਕੌਰ ਸਿੱਧੂ ਵੱਲੋਂ ਸੁਖਪਾਲ ਖਹਿਰਾ ਦੇ ਹੱਕ 'ਚ ਚੋਣ ਪ੍ਰਚਾਰ



**ਸੰਗਰੂਰ/ਬਰਨਾਲਾ (ਪ੍ਰਵੀਨ ਸਿੰਘ)**-ਲੋਕ ਸਭਾ ਹਲਕਾ ਸੰਗਰੂਰ ਤੋਂ ਕਾਂਗਰਸ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਦੀ ਚੋਣ ਮੁਹਿੰਮ ਵਿੱਚ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਸਪੱਸ਼ਟ ਕਿਹਾ ਕਿ ਉਨ੍ਹਾਂ ਨੂੰ ਪਾਰਟੀ ਵੱਲੋਂ ਪ੍ਰਚਾਰ ਕਰਨ ਲਈ ਨਹੀਂ ਕਿਹਾ ਗਿਆ ਬਲਕਿ ਉਨ੍ਹਾਂ ਨੇ ਆਪਣੀ ਜ਼ਿੰਮੇਵਾਰੀ 'ਤੇ ਕਾਂਗਰਸ ਦੇ ਹੱਕ ਵਿੱਚ ਪ੍ਰਚਾਰ ਕਰਨ ਦਾ ਫੈਸਲਾ ਲਿਆ ਹੈ। ਸਿੱਧੂ ਨੇ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦੇ ਹਲਕੇ ਬਰਨਾਲਾ ਅਤੇ ਧਨੌਲਾ ਵਿਖੇ ਕਈ ਭਰਵੀਆਂ ਚੋਣ ਰੈਲੀਆਂ ਨੂੰ ਸੰਬੋਧਨ ਕੀਤਾ। ਸਿੱਧੂ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਦੋਂ ਤੋਂ ਮੈਂ ਕਾਂਗਰਸ ਪਾਰਟੀ ਦੇ ਸਮਰਥਨ ਦਾ ਫੈਸਲਾ ਕੀਤਾ ਹੋਇਆ ਹੈ, ਉਸ ਦਿਨ ਤੋਂ ਹੀ ਸੋਸ਼ਲ ਮੀਡੀਆ ਤੇ ਕੁਝ ਲੋਕਾਂ ਵੱਲੋਂ ਉਨ੍ਹਾਂ ਬਾਰੇ ਗਲਤ ਬੋਲਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੈਨੂੰ ਅਜਿਹੀਆਂ ਗੱਲਾਂ ਨਾਲ ਕੋਈ ਫਰਕ ਨਹੀਂ ਪੈਂਦਾ, ਮੈਂ ਆਪਣੀ ਜ਼ਿੰਮੇਵਾਰੀ 'ਤੇ ਕਾਂਗਰਸ ਪਾਰਟੀ ਦਾ ਪ੍ਰਚਾਰ ਕਰਨ ਦਾ ਫੈਸਲਾ ਲਿਆ ਹੈ।ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਨੇ ਸਿੱਧੂ ਮੂਸੇਵਾਲਾ ਦੀ ਮੌਤ ਤੋਂ ਬਾਅਦ ਵੀ ਇਸ ਪਾਸੇ ਕੋਈ ਗੰਭੀਰਤਾ ਨਹੀਂ ਦਿਖਾਈ। ਬਲਕਿ ਜਿਹੜੇ ਬੰਦਿਆਂ ਦੇ ਨਾਂਅ ਮਾਮਲੇ ਨਾਲ ਜੁੜੇ ਹੋਏ ਹਨ, ਉਨ੍ਹਾਂ ਨੂੰ ਚੋਣ ਪ੍ਰਚਾਰ ਵਿੱਚ ਲਿਆਇਆ ਜਾ ਰਿਹਾ ਹੈ, ਉਸ ਵੇਲੇ ਉਨ੍ਹਾਂ ਦਾ ਦਿਲ ਬਹੁਤ ਦੁਖਦਾ ਹੈ। ਉਨ੍ਹਾਂ ਸਮੂਹ ਹਾਜ਼ਰੀਨ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੀ ਵੋਟ ਸੁਖਪਾਲ ਸਿੰਘ ਖਹਿਰਾ ਨੂੰ ਪਾ ਕੇ ਕਾਂਗਰਸ ਪਾਰਟੀ ਨੂੰ ਮਜ਼ਬੂਤ ਬਣਾਓ।ਇਸ ਮੌਕੇ ਸੁਖਪਾਲ ਸਿੰਘ ਖਹਿਰਾ ਨੇ ਵੀ ਆਪਣੇ ਸੰਬੋਧਨ ਵਿੱਚ ਕਿਹਾ ਕਿ ਉਹ ਜਿੱਤਣ ਤੋਂ ਬਾਅਦ ਹਲਕੇ ਦੇ ਮੁੱਖ ਮਸਲੇ ਨੂੰ ਲੋਕ ਸਭਾ ਵਿੱਚ ਚੁੱਕਣਗੇ। ਇਸ ਮੌਕੇ ਉਨ੍ਹਾਂ ਦੇ ਨਾਲ ਹਲਕਾ ਬਰਨਾਲਾ ਦੇ ਹੋਰ ਵੀ ਆਗੂ ਮੌਜੂਦ ਸਨ।

## ਛੋਟੇ ਬੱਚਿਆਂ ਨੇ ਲਾਈ ਮਿੱਠੇ ਜਲ ਦੀ ਛਬੀਲ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਸਿੰਘ ਭੱਟੀ)**-ਅੱਤ ਦੀ ਪੈ ਰਹੀ ਗਰਮੀ ਵਿੱਚ ਨੰਨੇ-ਮੁੰਨੇ ਬੱਚਿਆਂ ਵੱਲੋਂ ਆਪਣੇ ਗੋਲਕਾਂ 'ਚੋਂ ਇਕੱਠੇ ਕੀਤੇ ਹੋਏ ਪੈਸਿਆਂ ਦੇ ਨਾਲ ਰਾਹਗੀਰਾਂ ਦੇ ਲਈ ਠੰਡੇ-ਮਿੱਠੇ ਪਾਣੀ ਦੀ ਛਬੀਲ ਲਾਈ ਗਈ, ਜੋ ਆਪਣੇ ਆਪ ਵਿੱਚ ਇੱਕ ਵੱਡੀ ਗੱਲ ਹੈ।

## ...ਸ.ਫ਼ਾ 1 ਦੇ ਬਾਕੀ

### ਕੇਜਰੀਵਾਲ ਵੱਲੋਂ ਮੋਦੀ...

1 ਕਰੋੜ ਰੁਪਏ ਤੱਕ ਦੇ ਬਕਾਏ 50% ਮੁਆਫ ਕੀਤੇ ਗਏ ਹਨ। ਇਸ ਸਕੀਮ ਰਾਹੀਂ ਹਜ਼ਾਰਾਂ ਕਾਰੋਬਾਰੀਆਂ ਅਤੇ ਵਪਾਰੀਆਂ ਨੇ ਆਪਣੇ ਕੇਸਾਂ ਦਾ ਨਿਪਟਾਰਾ ਕੀਤਾ ਅਤੇ ਬਕਾਇਆ ਰਾਸ਼ੀ ਦਾ ਨਿਪਟਾਰਾ 30 ਜੂਨ ਤੱਕ ਹੋ ਜਾਵੇਗਾ। ਇਸ ਲਈ 30 ਜੂਨ ਤੱਕ ਅਪਲਾਈ ਕਰੋ।ਸ਼ੀਤਲ ਮੁੰਜਾਲ ਨੇ ਦੱਸਿਆ ਕਿ ਉਸ ਦੀ ਅਬੋਹਰ ਵਿੱਚ ਕਾਸਮੈਟਿਕ ਦੀ ਦੁਕਾਨ ਹੈ। ਜਦੋਂ ਤੋਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਹੈ ਵਪਾਰੀ ਵਰਗ ਸੰਤੁਸ਼ਟ ਹੈ।ਜੋਸ਼ੀ ਨੇ ਦੱਸਿਆ ਕਿ ਉਨ੍ਹਾਂ ਦੀ ਅਬੋਹਰ ਵਿੱਚ ਰੈਡੀਮੇਡ ਕੱਪੜਿਆਂ ਦੀ ਦੁਕਾਨ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ 'ਚ ਪੰਜਾਬ ਦਾ ਵਪਾਰੀ ਬਿਨਾਂ ਕਿਸੇ ਡਰ ਤੋਂ ਆਪਣਾ ਕਾਰੋਬਾਰ ਕਰ ਰਿਹਾ ਹੈ। ਪ੍ਰਵੀਨ ਕੁਮਾਰ ਜੱਗਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਵਿੱਚ ਵਪਾਰੀਆਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਪਰ ਜਦੋਂ ਤੋਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਹੈ, ਵਪਾਰੀ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਆਪਣਾ ਕਾਰੋਬਾਰ ਕਰ ਰਹੇ ਹਨ।

## ਚਾਰ ਵਾਰ ਸਾਂਸਦ ਬਣੀ ਪ੍ਰਨੀਤ ਕੌਰ ਤੋਂ ਲੋਕਾਂ ਦਾ ਮੋਹ ਭੰਗ : ਐੱਨ ਕੇ ਸ਼ਰਮਾ

### ਲੋਕਾਂ ਨੂੰ ਦੱਸਣ ਰਾਜਪੁਰਾ ਹਲਕੇ 'ਚ ਕੇਂਦਰ ਤੋਂ ਕਿੰਨੇ ਉਦਯੋਗਿਕ ਪ੍ਰੋਜੈਕਟ ਲਿਆਂਦੇ



**ਰਾਜਪੁਰਾ (ਰਮੇਸ਼ ਕਟਾਰੀਆ)**-ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐੱਨ. ਕੇ. ਸ਼ਰਮਾ ਨੇ ਭਾਜਪਾ ਉਮੀਦਵਾਰ ਬੀਬੀ ਪ੍ਰਨੀਤ ਕੌਰ ਨੂੰ ਉਸ ਬਿਆਨ 'ਤੇ ਘੇਰਿਆ ਹੈ, ਜਿਸ 'ਚ ਉਨ੍ਹਾ ਕਿਹਾ ਸੀ ਕਿ ਰਾਜਪੁਰਾ 'ਚ ਉਦਯੋਗ ਸਥਾਪਤ ਕੀਤੇ ਜਾਣਗੇ।ਐੱਨ. ਕੇ. ਸ਼ਰਮਾ ਨੇ ਇਸ ਬਿਆਨ ਨੂੰ ਹਾਸੋਹੀਣਾ ਕਰਾਰ ਦਿੰਦਿਆਂ ਕਿਹਾ ਕਿ ਰਾਜਪੁਰਾ ਦੇ ਲੋਕ ਜਦੋਂ ਅਕਾਲੀ ਦਲ ਦੇ ਨਾਲ ਚੱਲ ਪਏ ਹਨ ਤਾਂ ਉਨ੍ਹਾਂ ਨੂੰ ਇੱਥੋਂ ਦਾ ਵਿਕਾਸ ਸੁੱਝ ਰਿਹਾ ਹੈ।ਉਹ ਭਵਿੱਖ ਦੀਆਂ ਯੋਜਨਾਵਾਂ ਦੱਸਣ ਦੀ ਬਜਾਏ ਇਹ ਦੱਸਣ ਕਿ ਉਨ੍ਹਾਂ ਵੀਹ ਸਾਲ ਸਾਂਸਦ ਰਹਿਣ ਦੇ ਸਮੇਂ 'ਚ ਰਾਜਪੁਰਾ ਵਿੱਚ ਕਿਹੜੇ-ਕਿਹੜੇ ਉਦਯੋਗ ਸਥਾਪਤ ਕਰਵਾਏ ਹਨ।ਐੱਨ. ਕੇ. ਸ਼ਰਮਾ ਦੇ ਚੋਣ ਪ੍ਰਚਾਰ ਮੁਹਿੰਮ ਦੌਰਾਨ ਰਾਜਪੁਰਾ ਦੇ ਪਿੰਡ ਪਿਲਖਣੀ, ਅਕਬਰਪੁਰ, ਬਖ਼ਸ਼ੀਵਾਲਾ, ਅਲੂਣਾ, ਚੱਕ ਕਲਾਂ, ਸੁਰਲ ਕਲਾਂ, ਨਲਾਸ ਕਲਾਂ, ਕੋਟਲਾ, ਮਿਰਜ਼ਾਪੁਰ, ਖੇੜਾਗੱਜੂ, ਸ਼ਾਮਦੂ, ਮਾਨਕਪੁਰ, ਅਬਰਾਵਾਂ, ਰਾਜਪੁਰਾ ਦੀ ਆਦਰਸ਼ ਕਲੋਨੀ ਤੇ ਹੋਰ ਕਈ ਥਾਵਾਂ 'ਤੇ ਹਲਕਾ ਇੰਚਾਰਜ ਚਰਨਜੀਤ ਸਿੰਘ ਬਰਾੜ ਦੀ ਅਗਵਾਈ ਹੇਠ ਚੋਣ ਜਨ ਸਭਾਵਾਂ ਨੂੰ ਸੰਬੋਧਨ ਕਰ ਰਹੇ ਸਨ।ਉਨ੍ਹਾ ਕਿਹਾ ਕਿ ਪੰਜਾਬ ਦੇ ਲੋਕ ਅਕਾਲੀ ਸਰਕਾਰ ਦੇ ਸਮੇਂ ਦੌਰਾਨ ਹੋਏ ਵਿਕਾਸ ਕਾਰਜਾਂ ਨੂੰ ਦੇਖ ਚੁੱਕੇ ਹਨ।ਇਸ ਤੋਂ ਪਹਿਲਾਂ ਵੀ ਅਕਾਲੀ ਦਲ ਦੀ ਸਰਕਾਰ ਵੇਲੇ ਰਾਜਪੁਰਾ ਦੇ ਇਲਾਕੇ ਵਿੱਚ ਸਨਅਤੀ ਖੇਤਰ ਦੀ ਸਥਾਪਨਾ ਕੀਤੀ ਗਈ ਸੀ।ਇਸ ਚੋਣ ਵਿੱਚ ਵੀ ਜਦੋਂ ਉਨ੍ਹਾਂ ਨੇ ਉਦਯੋਗਿਕ ਵਿਕਾਸ ਲਈ ਆਪਣਾ ਰੋਡ ਮੈਪ ਪੇਸ਼ ਕੀਤਾ ਤਾਂ ਪ੍ਰਨੀਤ ਕੌਰ ਨੇ ਉਸ ਨੂੰ ਨਕਲ ਕਰਨ ਦੀ ਕੋਸ਼ਿਸ਼ ਕੀਤੀ।ਸ਼ਰਮਾ ਨੇ ਕਿਹਾ ਕਿ ਬਿਹਤਰ ਹੋਵੇਗਾ ਪ੍ਰਨੀਤ ਕੌਰ ਇਹ ਦੱਸਣ ਕਿ ਵੀਹ ਸਾਲ ਸੰਸਦ ਮੈਂਬਰ ਰਹਿੰਦਿਆਂ ਰਾਜਪੁਰਾ ਹਲਕੇ ਵਿੱਚ ਕੇਂਦਰ ਦੇ ਮਾਧਿਅਮ ਰਾਹੀਂ ਕਿੰਨੇ ਉਦਯੋਗਿਕ ਪ੍ਰਾਜੈਕਟ ਲਾਗੂ ਕਰਵਾਏ ਹਨ।ਸ਼ਰਮਾ ਨੇ ਕਿਹਾ ਕਿ ਪਟਿਆਲਾ ਵਾਸੀਆਂ ਦੀ ਬਦੌਲਤ ਪ੍ਰਨੀਤ ਕੌਰ ਕੇਂਦਰ ਵਿੱਚ ਵੀ ਮੰਤਰੀ ਰਹਿ ਚੁੱਕੇ ਹਨ।ਵੀਹ ਸਾਲ ਰਾਜ ਕਰਨ ਤੋਂ ਬਾਅਦ ਵੀ ਉਨ੍ਹਾਂ ਨੇ ਹਾਲ ਹੀ ਵਿੱਚ ਇੱਕ ਪ੍ਰੋਗਰਾਮ ਦੌਰਾਨ ਰਾਜਪੁਰਾ ਦੇ ਉਦਯੋਗਿਕ ਤੌਰ 'ਤੇ ਪੱਛੜਿਆ ਕਹਿ ਕੇ ਇੱਥੋਂ ਦੇ ਲੋਕਾਂ ਨੂੰ ਜ਼ਲੀਲ ਕੀਤਾ ਹੈ, ਇਸ ਪੱਛੜੇਪਣ ਲਈ ਉਹ ਖੁਦ ਸਿੱਧੇ ਤੌਰ 'ਤੇ ਗੁਨਾਹਗਾਰ ਹਨ।ਸ਼ਰਮਾ ਨੇ ਜਨ ਸਭਾਵਾਂ ਦੌਰਾਨ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਨੂੰ ਇੱਕ ਮੌਕਾ ਦੇ ਕੇ ਲੋਕ ਸਭਾ ਵਿੱਚ ਭੇਜਣ।ਉਹ ਇੱਥੇ ਉਦਯੋਗਿਕ ਵਿਕਾਸ ਦੀਆਂ ਯੋਜਨਾਵਾਂ ਨੂੰ ਲਾਗੂ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ।

## ਅਮਿਤ ਸ਼ਾਹ ਬਿੱਟੂ ਦੀ ਜ਼ਮਾਨਤ ਬਚਾਉਣ 'ਚ ਮਦਦ ਨਹੀਂ ਕਰ ਸਕਣਗੇ : ਵੜਿੰਗ

**ਲੁਧਿਆਣਾ (ਐਮ ਐਸ ਭਾਟੀਆ, ਰੈਕਟਰ ਕਥੂਰੀਆ, ਪ੍ਰਦੀਪ ਸ਼ਰਮਾ)**-ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਲੁਧਿਆਣਾ ਤੋਂ ਪਾਰਟੀ ਦੇ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਪਣੇ ਸਿਆਸੀ ਵਿਰੋਧੀ ਰਵਨੀਤ ਸਿੰਘ ਬਿੱਟੂ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਸਿਆਸੀ ਸ਼ਰਨ ਮੰਗਣ ਵਾਲਾ ਕਹਿੰਦਿਆਂ ਕਿਹਾ ਹੈ ਕਿ ਇੱਥੋਂ ਤੱਕ ਕਿ ਉਨ੍ਹਾਂ ਦੀ ਹਮਾਇਤ ਵੀ ਭਾਜਪਾ ਉਮੀਦਵਾਰ ਦੀ ਆਪਣੀ 10 ਸਾਲਾਂ ਦੀ ਸੱਤਾ ਵਿਰੋਧੀ ਲਹਿਰ ਅਤੇ ਲੋਕਾਂ ਦੇ ਮੋਹ ਭੰਗ ਨੂੰ ਦੂਰ ਕਰਨ ਵਿਚ ਮਦਦ ਨਹੀਂ ਕਰੇਗੀ, ਕਿਉਂਕਿ 4 ਜੂਨ ਨੂੰ ਉਨ੍ਹਾਂ ਦੀ ਜ਼ਮਾਨਤ ਜ਼ਬਤ ਹੋਣੀ ਤੈਅ ਹੈ।ਗੁਰਦੇਵ ਨਗਰ ਵਿੱਚ ਜਨਤਕ ਮੀਟਿੰਗ ਦੌਰਾਨ ਬੋਲਦਿਆਂ ਵੜਿੰਗ ਨੇ ਸ਼ਾਹ ਵੱਲੋਂ ਬਿੱਟੂ ਦੇ ਚੋਣ ਪ੍ਰਚਾਰ ਲਈ ਸ਼ਹਿਰ ਵਿੱਚ ਕੀਤੇ ਗਏ ਦੌਰੇ ਦਾ ਜ਼ਿਕਰ ਕਰਦਿਆਂ ਟਿੱਪਣੀ ਕੀਤੀ ਕਿ ਲੋਕ ਭਲੀਭਾਂਤ ਜਾਣਦੇ ਹਨ ਕਿ ਬਿੱਟੂ ਨੇ ਇਨ੍ਹਾਂ ਸਾਲਾਂ ਦੌਰਾਨ ਕਾਂਗਰਸ ਦੇ ਨਾਲ ਰਹਿੰਦਿਆਂ ਹੋਇਆਂ ਵੀ ਅਮਿਤ ਸ਼ਾਹ ਤੋਂ ਸਿਆਸੀ ਸ਼ਰਨ ਦੀ ਮੰਗ ਕੀਤੀ ਸੀ, ਪਰ ਇੱਥੇ ਉਨ੍ਹਾਂ ਨੂੰ ਆਉਣ ਵਾਲੀ ਹਾਰ ਤੋਂ ਕੋਈ ਨਹੀਂ ਬਚਾ ਸਕਦਾ, ਜੋ ਸਪੱਸ਼ਟ ਤੌਰ 'ਤੇ ਉਨ੍ਹਾਂ ਦੇ ਸਾਹਮਣੇ ਖੜੀ ਹੈ।ਉਨ੍ਹਾਂ ਸਵਾਲ ਕੀਤਾ ਕਿ ਕੀ ਅਮਿਤ ਸ਼ਾਹ ਸੰਸਦ ਹੋਣ ਦੇ ਬਾਵਜੂਦ ਬਿੱਟੂ ਦੀ ਲੁਧਿਆਣਾ ਤੋਂ ਗ਼ੈਰਹਾਜ਼ਰੀ ਕਾਰਨ ਬਰਬਾਦ ਹੋਏ ਦਸ ਸਾਲਾਂ ਦੀ ਭਰਪਾਈ ਕਰਨਗੇ? ਸ਼ਾਹ ਨੂੰ ਵੀ ਅਹਿਸਾਸ ਹੋਇਆ ਹੋਵੇਗਾ ਕਿ ਉਹ ਇੱਕ ਗ਼ਲਤ ਘੋੜੇ 'ਤੇ ਸੱਟਾ ਲਾ ਰਹੇ ਸਨ, ਜੋ ਉਸ ਦੇ ਰਸਤੇ ਤੋਂ ਬਾਹਰ ਹੋ ਗਿਆ ਸੀ ਤੇ ਇਸ ਵਾਰ ਦੌੜ ਹਾਰਨਾ ਤੈਅ ਸੀ।ਇਸ ਦੌਰਾਨ ਵੜਿੰਗ ਨੇ ਆਪਣੀ ਜਿੱਤ ਬਾਰੇ ਭਰੋਸਾ ਪ੍ਰਗਟਾਉਂਦਿਆਂ ਕਿਹਾ ਕਿ ਲੁਧਿਆਣਾ ਦੇ ਲੋਕ ਦਸ ਸਾਲਾਂ ਬਾਅਦ ਇਹ ਫ਼ਰਕ ਜਾਣ ਸਕਣਗੇ ਕਿ ਹਲਕੇ ਤੇ ਇਸਦੇ ਲੋਕਾਂ ਲਈ ਇੱਕ ਸਰਗਰਮ ਅਤੇ ਦਿਖਣ ਵਾਲੇ ਸੰਸਦ ਮੈਂਬਰ ਦਾ ਕੀ ਅਰਥ ਹੁੰਦਾ ਹੈ।ਉਨ੍ਹਾਂ ਕਿਹਾ ਕਿ ਬਿੱਟੂ ਦੇ ਚੁਣੇ ਜਾਣ ਤੋਂ ਬਾਅਦ ਗ਼ਾਇਬ ਹੋਣ ਕਾਰਨ ਲੁਧਿਆਣਾ ਦੇ ਲੋਕ ਇਹ ਭੁੱਲ ਗਏ ਹਨ ਕਿ ਐਮ.ਪੀ ਨਾਂਅ ਦੀ ਕੋਈ ਚੀਜ਼ ਵੀ ਹੁੰਦੀ ਹੈ।

## ਵਿਸ਼ਵ ਕੱਪ ਤੀਰ ਅੰਦਾਜ਼ੀ ਮੁਕਾਬਲਿਆਂ 'ਚ ਪ੍ਰਨੀਤ ਕੌਰ ਦੀ ਟੀਮ ਮੁੜ ਚੈਂਪੀਅਨ



**ਮਾਨਸਾ (ਗੀਤਵਾਲ)**-ਕੋਰੀਆ ਵਿਖੇ ਵਿਸ਼ਵ ਕੱਪ ਤੀਰ ਅੰਦਾਜ਼ੀ ਮੁਕਾਬਲਿਆਂ 'ਚ ਵੀ ਬੁਢਲਾਡਾ ਹਲਕੇ ਦੇ ਪਿੰਡ ਮੰਢਾਲੀ ਦੀ ਜੰਮਪਲ ਪ੍ਰਨੀਤ ਕੌਰ ਨੇ ਆਪਣੇ ਸਾਥੀ ਟੀਮ ਖਿਡਾਰੀ ਅਦਿਤੀ ਗੋਪੀ ਚੰਦ ਤੇ ਜਯੋਤੀ ਸੁਰੇਖਾ ਵੇਨਮ ਸਮੇਤ ਭਾਰਤ ਵੱਲੋਂ ਖੇਡਦਿਆਂ ਤੁਰਕੀ ਦੀ ਟੀਮ ਨੂੰ 226 ਦੇ ਮੁਕਾਬਲੇ 232 ਅੰਕਾਂ ਨਾਲ ਹਰਾ ਕੇ ਸੋਨ ਤਮਗਾ ਜਿੱਤ ਲਿਆ ਹੈ ਅਤੇ ਇਸ ਤੋਂ ਪਹਿਲਾਂ ਸੈਮੀਫਾਈਨਲ 'ਚ ਅਮਰੀਕਾ ਦੀ ਟੀਮ ਨੂੰ ਹਰਾ ਕੇ ਫਾਈਨਲ 'ਚ ਪੁੱਜੀ ਸੀ।ਹਲਕਾ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੇ ਤੀਰਅੰਦਾਜ਼ ਖਿਡਾਰਣ ਪ੍ਰਨੀਤ ਕੌਰ ਨੂੰ ਮੁੜ ਵਿਸ਼ਵ ਚੈਂਪੀਅਨ ਬਣਨ 'ਤੇ ਵਧਾਈ ਦਿੱਤੀ। ਪਿੰਡ ਦੇ ਸਰਪੰਚ ਦਿਲਬਾਗ ਸਿੰਘ ਨੇ ਵੀ ਖੁਸ਼ੀ ਦਾ ਇਜ਼ਹਾਰ ਕੀਤਾ।ਜ਼ਿਕਰਯੋਗ ਹੈ ਕਿ ਤੀਰ ਅੰਦਾਜ਼ੀ ਖੇਡ 'ਚ ਸਾਲ 2023 ਦੌਰਾਨ ਵੀ ਵਿਸ਼ਵ ਚੈਂਪੀਅਨਸ਼ਿਪ, ਵਿਸ਼ਵ ਕੱਪ ਤੇ ਏਸ਼ੀਅਨ ਗੇਮਜ਼ ਦੀ ਗੋਲਡ ਮੈਡਲਿਸਟ ਰਹੀ ਪ੍ਰਨੀਤ ਕੌਰ ਇਨ੍ਹੀਂ ਦਿਨੀਂ ਖ਼ਾਲਸਾ ਕਾਲਜ ਪਟਿਆਲਾ ਦੀ ਵਿਦਿਆਰਥਣ ਹੈ, ਜੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਕੋਚ ਸੁਰਿੰਦਰ ਸਿੰਘ ਦੀ ਅਗਵਾਈ ਹੇਠ ਭਾਰਤ ਲਈ ਲਗਾਤਾਰ ਅਜਿਹੀਆਂ ਵੱਡੀਆਂ ਪ੍ਰਾਪਤੀਆਂ ਕਰਦੀ ਆ ਰਹੀ ਹੈ।

## ਗੋਲਡੀ ਖੰਗੂੜਾ ਦਾ ਮਹਿਲ ਕਲਾਂ ਪੁੱਜਣ 'ਤੇ ਆਪ ਵਰਕਰਾਂ ਵੱਲੋਂ ਭਰਵਾਂ ਸਵਾਗਤ



**ਮਹਿਲ ਕਲਾਂ (ਬਲਵਿੰਦਰ ਵਜੀਦਕੇ)**-ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਹਲਕਾ ਧੂਰੀ ਤੋਂ ਸਾਬਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਖੰਗੂੜਾ ਦੇ ਪਹਿਲੀ ਵਾਰ ਕਸਬਾ ਮਹਿਲ ਕਲਾਂ ਵਿਖੇ ਪੁੱਜਣ 'ਤੇ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਵੱਲੋਂ ਉਨ੍ਹਾ ਦਾ ਗੁਲਦਸਤੇ ਭੇਟ ਕਰਕੇ ਸਨਮਾਨ ਕੀਤਾ ਗਿਆ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਹਲਕਾ ਧੂਰੀ ਤੋਂ ਸਾਬਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਖੰਗੂੜਾ ਨੇ ਪਾਰਟੀ ਵਰੰਟੀਅਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੋ ਮਾਣ ਸਨਮਾਨ ਮੈਨੂੰ ਦਿੱਤਾ ਜਾ ਰਿਹੈ, ਉਸ ਦਾ ਮੈਂ ਸਦਾ ਲਈ ਰਿਣੀ ਰਹਾਂਗਾ। ਉਨ੍ਹਾ ਕਿਹਾ ਕਿ ਲੋਕ ਸਭਾ ਹਲਕਾ ਸੰਗਰੂਰ ਤੋਂ ਆਮ ਆਦਮੀ ਪਾਰਟੀ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਦੀ ਚੋਣ ਮੁਹਿੰਮ ਨੂੰ ਹਲਕੇ ਦੇ ਲੋਕਾਂ ਵੱਲੋਂ ਪੂਰਾ ਭਰਵਾਂ ਹੁੰਗਾਰਾ ਮਿਲਣ ਕਾਰਨ ਵਿਰੋਧੀ ਪਾਰਟੀਆਂ ਦੇ ਉਮੀਦਵਾਰਾਂ ਦੇ ਮੁਕਾਬਲੇ ਚੋਣ ਪ੍ਰਚਾਰ ਪੱਖੋਂ ਇਕ ਨੰਬਰ 'ਤੇ ਚੱਲ ਰਹੀ ਹੈ।ਉਨ੍ਹਾ ਕਿਹਾ ਕਿ ਪੂਰੇ ਹਲਕੇ ਅੰਦਰ ਸੀਨੀਅਰ ਆਗੂਆਂ ਡਿਊਟੀਆਂ ਲਗਾ ਕੇ ਉਮੀਦ ਹੈਰ ਦੀ ਚੋਣ ਮਹਿਮ ਸਿਖਰਾਂ ਤੇ ਪਹੁੰਚਾਈ ਜਾ ਰਹੀ ਹੈ।ਇਸ ਮੌਕੇ ਸੀਨੀਅਰ ਆਗੂ ਗੋਬਿੰਦ ਸਿੰਘ ਸਿੱਧੂ, ਵਪਾਰ ਮੰਡਲ ਦੇ ਜ਼ਿਲ੍ਹਾ ਸਕੱਤਰ ਗੁਰੀ ਔਲਖ, ਸਤੀਸ਼ ਕੁਮਾਰ ਮਹਿਲ ਕਲਾਂ, ਬਲਾਕ ਪ੍ਰਧਾਨ ਗੁਰਜੀਤ ਸਿੰਘ ਧਾਲੀਵਾਲ, ਮਨਜੀਤ ਸਿੰਘ ਸਹਿਜੜਾ, ਪ੍ਰਗਟ ਸਿੰਘ ਮਹਿਲ ਖੁਰਦ, ਪੀ ਏ ਬਿੰਦਰ ਸਿੰਘ ਖਾਲਸਾ, ਜਗਮੇਲ ਸਿੰਘ ਛੀਨੀਵਾਲ ਕਲਾਂ ਤੇ ਕਨਾਲ ਸ਼ਰਮਾ ਵੀ ਹਾਜ਼ਰ ਸਨ।

## ਲੋਕ ਸੰਗਰਾਮ ਮੋਰਚਾ ਵੱਲੋਂ ਵੋਟ ਬਾਈਕਾਟ ਸੰਬੰਧੀ ਝੰਡਾ ਮਾਰਚ




**ਮੋਗਾ (ਇਕਬਾਲ ਸਿੰਘ ਖਹਿਰਾ)**-ਲੋਕ ਸੰਗਰਾਮ ਮੋਰਚਾ ਪੰਜਾਬ ਦੇ ਆਗੂ ਮਾਸਟਰ ਦਰਸ਼ਨ ਤੂਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੱਤੀ ਕਿ ਅੱਜ ਮੋਗਾ ਇਲਾਕੇ ਦੇ ਪਿੰਡਾਂ ਵਿੱਚ ਲੋਕ ਸੰਗਰਾਮ ਮੋਰਚੇ ਵੱਲੋਂ ਵੋਟਾਂ ਦੇ ਬਾਈਕਾਟ ਸਬੰਧੀ ਝੰਡਾ ਮਾਰਚ ਕੀਤਾ ਗਿਆ। ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਤੇ ਕਰਾਂਤੀਕਾਰੀ ਈ ਰਿਕਸ਼ਾ ਯੂਨੀਅਨ ਨੇ ਡੱਟ ਕੇ ਸਹਿਯੋਗ ਦਿੱਤਾ। ਗੁਰਦੁਆਰਾ ਬਾਬਾ ਭਾਈ ਸੇਵਾਦਾਸ ਵਿਖੇ ਇਕੱਠੇ ਹੋਏ। ਚਾਹ ਪਾਣੀ ਛਕ ਇਥੋਂ ਅਨੇਕਾਂ ਪਿੰਡਾਂ ਵਿੱਚ ਮਾਰਚ ਕੀਤਾ ਗਿਆ। ਲੋਕ ਸੰਗਰਾਮ ਮੋਰਚਾ ਵੱਲੋਂ ਚੋਣ ਧੋਖੇ ਦੇ ਬਾਈਕਾਟ ਸਬੰਧੀ ਹੱਥ ਪਰਚਾ ਵੀ ਵੰਡਿਆ ਗਿਆ। ਇਸ ਝੰਡਾ ਮਾਰਚ ਵਿੱਚ ਲੋਕ ਸੰਗਰਾਮ ਮੋਰਚਾ ਦੇ ਸੂਬਾ ਪ੍ਰਧਾਨ ਤਾਰਾ ਸਿੰਘ ਮੋਗਾ, ਜਨਰਲ ਸਕੱਤਰ ਸੁਖਮੰਦਰ ਸਿੰਘ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਕਮੇਟੀ ਮੈਂਬਰ ਲਖਵੀਰ ਸਿੰਘ ਲੱਖਾ, ਦਰਸ਼ਨ ਘੋਲੀਆ, ਕਾਮਰੇਡ ਸਿੰਦਰ ਸਿੰਘ ਸਾਫੂਵਾਲਾ, ਬੱਗਾ ਸਿੰਘ ਬੀ ਕੇ ਯੂ ਕ੍ਰਾਂਤੀਕਾਰੀ ਦੇ ਜ਼ਿਲ੍ਹਾ ਕੈਸ਼ੀਅਰ ਹਰਬੰਸ ਸਿੰਘ ਨਿਧਾਂਵਾਲਾ, ਕ੍ਰਾਂਤੀਕਾਰੀ ਈ-ਰਿਕਸ਼ਾ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸਰਵਨ ਸਿੰਘ ਬਰਾੜ, ਮੀਤ ਪ੍ਰਧਾਨ ਹਰਿੰਦਰ ਰਾਮਸ਼ਰਨ ਆਦਿ ਸ਼ਾਮਲ ਸਨ। 2 ਗੱਡੀਆਂ ਤੇ 5 ਮੋਟਰਸਾਈਕਲਾਂ 'ਤੇ ਆਗੂ ਤੇ ਵਰਕਰ ਸਵਾਰ ਸਨ। ਸਿੰਘਾਂਵਾਲਾ ਤੋਂ ਨਾਹਲ ਖੋਟੇ ਮੋਠਾਂਵਾਲਾ, ਬੁਕਣਵਾਲਾ ਘੱਲਕਲਾ, ਸਾਫੂਵਾਲਾ ਡਰੋਲੀ, ਗੱਜਣਵਾਲਾ, ਜੈਮਲਵਾਲਾ ਚੰਦ ਨਵੇਂ ਤੇ ਚੰਦ ਪੁਰਾਣਾ ਆਦਿ ਪਿੰਡਾਂ ਵਿੱਚ ਮਾਰਚ ਕੀਤਾ। ਕਈ ਥਾਂਈ ਰੈਲੀਆਂ ਨੂੰ ਆਗੂਆਂ ਨੇ ਸੰਬੋਧਨ ਕੀਤਾ। ਰੈਲੀਆਂ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਸਾਡਾ ਸਮਾਜ ਪੂਰੀ ਤਰ੍ਹਾਂ ਜਮਾਤਾਂ ਵਿੱਚ ਵੰਡਿਆ ਹੋਇਆ ਹੈ। ਇੱਕ ਪਾਸੇ ਮਜ਼ਦੂਰ, ਕਿਸਾਨ, ਮੁਲਾਜ਼ਮ, ਛੋਟੇ ਸਰਮਾਏਦਾਰ, ਵਿਉਪਾਰੀ, ਵਕੀਲ, ਡਾਕਟਰ, ਪ੍ਰੋਫ਼ੈਸਰ ਤੇ ਲਿਖਾਰੀ ਹਨ। ਦੂਸਰੇ ਪਾਸੇ ਸਾਮਰਾਜੀਏ, ਕਾਰਪੋਰੇਟ ਤੇ ਉਨ੍ਹਾਂ ਦੇ ਜੋਟੀਦਾਰ ਜਗੀਰਦਾਰ ਤੇ ਦਲਾਲ ਨੌਕਰਸ਼ਾਹ ਸਰਮਾਏਦਾਰ ਹਨ। ਪਹਿਲੇ ਇਸ ਰਾਜ ਪ੍ਰਬੰਧ ਨੂੰ ਲੁਟੇਰਾ ਤੇ ਲੋਕ ਵਿਰੋਧੀ ਸਮਝਦੇ ਹਨ। ਦੂਸਰੇ ਰਾਜ ਭਾਗ ਨੂੰ ਚਲਾਉਂਦੇ ਹਨ। ਪਹਿਲੇ ਇਨ੍ਹਾਂ ਦੇ ਰਾਜਭਾਗ ਤੋਂ ਸਤਾਏ ਹੋਏ ਹਨ। ਬਾਹਮਣੀ ਹਿੰਦੁਤਵ ਫਾਸ਼ੀਵਾਦੀ ਤਾਕਤਾਂ ਦੇ ਰਾਜ ਵਿੱਚ ਨਿਆਂ ਪਾਲਿਕਾ ਸਮੇਤ ਸਟੇਟ ਮਸ਼ੀਨਰੀ ਦਾ ਭਗਵਾਂਕਰਨ ਹੋ ਗਿਆ ਹੈ। ਫਾਸ਼ੀਵਾਦੀ ਹਕੂਮਤ ਵਿਰੋਧ ਦੀ ਹਰ ਆਵਾਜ਼ ਲਾਠੀ-ਗੋਲੀ ਦੇ ਜ਼ੋਰ ਦਬਾਉਣਾ ਚਾਹੁੰਦੀ ਹੈ। ਦੇਖਣ ਨੂੰ ਭਾਵੇਂ ਲੱਗਦਾ ਹੈ ਕਿ ਲੋਕ ਵੋਟਾਂ ਨਾਲ ਆਪਣੀ ਸਰਕਾਰ ਚੁਣਦੇ ਹਨ, ਪਰ ਅਸਲ ਵਿੱਚ ਮਾਇਆਧਾਰੀ ਹੀ ਗੱਦੀ 'ਤੇ ਟਿਕੇ ਰਹਿੰਦੇ ਹਨ। ਪੀੜਤ ਜਮਾਤਾਂ ਨੂੰ ਇਨ੍ਹਾਂ ਤੋਂ ਭਲੇ ਦੀ ਝਾਕ ਮੁੱਕ ਗਈ। ਇਨਕਲਾਬ ਨੇ ਹੀ ਲੁਟੇਰੀ ਜਮਾਤ ਨੂੰ ਗੱਦੀਓਂ ਭੁੰਝੇ ਸੁੱਟ ਕੇ ਪੀੜਤ ਲੋਕਾਂ ਦੀ ਪੁੱਗਤ ਵਾਲਾ ਜਮਹੂਰੀ ਰਾਜ ਸਿਰਜਿਆ ਜਾਣਾ ਹੈ। ਉਸ ਸਮੇਂ ਅਸਲ ਜਮਹੂਰੀਅਤ ਤੇ ਸਹੀ ਚੋਣਾਂ ਹੋਣਗੀਆਂ।

## ਭਾਜਪਾ ਪੰਜਾਬ ਦੀ ਭਾਈਚਾਰਕ ਸਾਂਝ ਨੂੰ ਤੋੜਨ ਦੀਆਂ ਸਾਜ਼ਿਸ਼ਾਂ ਰਚ ਰਹੀ : ਬੱਗਾ/ਬਰਮਾ



**ਸਮਰਾਲਾ (ਸੁਰਜੀਤ ਸਿੰਘ)**

ਬੀਜੇਪੀ ਸਰਕਾਰ ਵੱਲੋਂ ਕਿਸਾਨਾਂ-ਮਜ਼ਦੂਰਾਂ ਨਾਲ ਕੀਤੇ ਵਾਅਦੇ ਲਾਗੂ ਕਰਨ ਤੇ ਸਵਾਲਾਂ ਦੇ ਜਵਾਬ ਦੇਣ ਦੀ ਬਜਾਏ ਪੰਜਾਬ ਦੀ ਭਾਈਚਾਰਕ ਸਾਂਝ ਵਿੱਚ ਜ਼ਹਿਰ ਘੋਲਣ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ।ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਲੁਧਿਆਣਾ ਵਿਖੇ ਪਹੁੰਚਣ ਤੇ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਕ ਭਾਰਤ ਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਦਿੱਤੇ ਗਏ ਪ੍ਰੋਗਰਾਮ ਅਨੁਸਾਰ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਵੱਲੋਂ ਪੁਰਜ਼ੋਰ ਵਿਰੋਧ ਕੀਤਾ ਗਿਆ।ਸੁਪਿੰਦਰ ਸਿੰਘ ਬੱਗਾ ਜ਼ਿਲ੍ਹਾ ਪ੍ਰਧਾਨ ਤੇ ਗੁਰਦੀਪ ਸਿੰਘ ਬਰਮਾ ਨੇ ਕਿਹਾ ਕਿ ਭਾਰਤ ਸਰਕਾਰ ਵੱਲੋਂ ਕਿਸਾਨਾਂ ਨਾਲ 13 ਮਹੀਨੇ 13 ਦਿਨ ਬਾਰਡਰਾਂ ਤੇ ਉੱਪਰ ਚੱਲੇ ਮੋਰਚੇ ਦੇ ਫ਼ਤਿਹ ਹੋਣ ਸਮੇਂ ਲਿਖਤ ਵਿੱਚ ਮੰਗਾਂ ਨੂੰ ਲਾਗੂ ਕਰਨ ਦਾ ਵਾਅਦਾ ਕੀਤਾ ਗਿਆ ਸੀ, ਪ੍ਰੰਤੂ ਭਾਜਪਾ ਦੀ ਸਰਕਾਰ ਵੱਲੋਂ ਵਾਅਦਾਖਿਲਾਫ਼ੀ ਕਰਦੇ ਹੋਏ ਉਨ੍ਹਾਂ ਮੰਗਾਂ ਨੂੰ ਲਾਗੂ ਨਹੀਂ ਕੀਤਾ ਗਿਆ ਤੇ ਕਿਸਾਨਾਂ ਦੇ ਦਿੱਲੀ ਨੂੰ ਕੂਚ ਸਮੇਂ ਭਾਜਪਾ ਦੀ ਹਰਿਆਣਾ ਸਰਕਾਰ ਵੱਲੋਂ ਕੇਂਦਰ ਦੇ ਇਸ਼ਾਰੇ ਉੱਪਰ ਕਿਸਾਨਾਂ ਅਤੇ ਮਜ਼ਦੂਰਾਂ ਉੱਪਰ ਉਹਨਾਂ ਕੈਮੀਕਲ ਵਾਲੇ ਹਥਿਆਰਾਂ ਦਾ ਇਸਤੇਮਾਲ ਕਰਦੇ ਹੋਏ ਜ਼ੁਲਮ ਕੀਤਾ ਗਿਆ ਹੈ, ਜਿਨ੍ਹਾਂ ਦੀ ਇਜਾਜ਼ਤ ਕੋਈ ਵੀ ਅੰਤਰਰਾਸ਼ਟਰੀ ਕਾਨੂੰਨ ਨਹੀਂ ਦਿੰਦਾ ਅਤੇ ਭਾਜਪਾ ਦੀ ਸਰਕਾਰ ਵੱਲੋਂ ਗੁੰਡਾਗਰਦੀ ਕਰਦੇ ਹੋਏ ਅਨੇਕਾਂ ਹੀ ਕਿਸਾਨਾਂ ਦੇ ਗੰਭੀਰ ਸੱਟਾਂ ਮਾਰੀਆਂ ਗਈਆਂ ਤੇ ਸ਼ੁਭਕਰਨ ਸਿੰਘ ਦੇ ਸਿਰ ਵਿੱਚ ਪੱਕੀ ਗੋਲੀ ਮਾਰ ਕੇ ਉਸਦਾ ਕਤਲ ਕਰ ਦਿੱਤਾ ਗਿਆ ਅਤੇ ਪ੍ਰਿਤਪਾਲ ਸਿੰਘ ਉੱਪਰ ਅਣਮਨੁੱਖੀ ਤਸ਼ੱਦਦ ਕਰਦੇ ਹੋਏ ਉਸ ਦੀ ਇੱਕ ਇੱਕ ਹੱਡੀ ਨੂੰ ਤੋੜ ਦਿੱਤਾ ਗਿਆ ਅਤੇ ਕਈ ਕਿਸਾਨਾਂ ਦੀ ਅੱਖਾਂ ਦੀ ਰੌਸ਼ਨੀ ਚਲੀ ਗਈ।

ਸੁਪਿੰਦਰ ਸਿੰਘ ਬੱਗਾ ਨੇ ਦੱਸਿਆ ਕਿ 13 ਫਰਵਰੀ ਤੋਂ ਖਨੌਰੀ, ਸ਼ੰਭੂ, ਡੱਬਵਾਲੀ ਤੇ ਰਤਨਪੁਰਾ ਦੇ ਬਾਰਡਰਾਂ ਉੱਪਰ ਚੱਲ ਰਹੇ ਅੰਦੋਲਨ ਨੂੰ ਹਰ ਇੱਕ ਵਰਗ ਵੱਲੋਂ ਭਰਪੂਰ ਸਹਿਯੋਗ ਦਿੱਤਾ ਜਾ ਰਿਹਾ ਤੇ ਇਹ ਅੰਦੋਲਨ ਕਾਰਪੋਰੇਟ ਘਰਾਣਿਆਂ ਦੇ ਹੱਥ ਵਿੱਚ ਖੇਤੀ ਨੂੰ ਜਾਣ ਤੋਂ ਬਚਾਉਣ ਅਤੇ ਹਰ ਇੱਕ ਗਰੀਬ ਦੇ ਚੁੱਲ੍ਹੇ ਉੱਪਰ ਰੋਟੀ ਪੱਕਦੀ ਰੱਖਣ ਲਈ ਲਈ ਲੜਿਆ ਜਾ ਰਿਹਾ ਹੈ ਤੇ ਹੁਣ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਕ ਭਾਰਤ ਅਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਦਿੱਤੇ ਗਏ ਪ੍ਰੋਗਰਾਮ ਅਨੁਸਾਰ ਬੀਜੇਪੀ ਦੇ ਉਮੀਦਵਾਰਾਂ ਤੋਂ ਭਾਜਪਾ ਸਰਕਾਰ ਦੁਆਰਾ ਕੀਤੀ ਗਈ ਵਾਅਦਾਖਿਲਾਫ਼ੀ ਦੇ ਸਬੰਧ ਵਿੱਚ ਅਤੇ ਕਿਸਾਨਾਂ ਮਜ਼ਦੂਰਾਂ ਉੱਪਰ ਕੀਤੇ ਗਏ ਜ਼ੁਲਮਾਂ ਦੇ ਸੰਬੰਧ ਵਿੱਚ ਸਵਾਲ ਪੁੱਛੇ ਜਾ ਰਹੇ ਹਨ, ਪ੍ਰੰਤੂ ਭਾਜਪਾ ਦੇ ਆਗੂਆਂ ਕੋਲ ਉਨ੍ਹਾਂ ਸਵਾਲਾਂ ਦੇ ਜਵਾਬ ਨਹੀਂ ਹਨ ਅਤੇ ਉਹ ਸਵਾਲਾਂ ਤੋਂ ਭੱਜਦੇ ਹੋਏ ਸਮਾਜ ਵਿੱਚ ਪਾੜਾ ਪਾਉਣ ਵਾਲੇ ਅਤੇ ਭਾਈਚਾਰਕ ਸਾਂਝ ਨੂੰ ਤੋੜਨ ਵਾਲੀ ਭੜਕਾਊ ਬਿਆਨਬਾਜ਼ੀ ਕਰ ਰਹੇ ਹਨ ਅਤੇ ਬੀਜੇਪੀ ਦੇ ਉਮੀਦਵਾਰ ਹੰਸ ਰਾਜ ਹੰਸ ਅਤੇ ਰਵਨੀਤ ਬਿੱਟੂ ਤੇ ਬੀਜੇਪੀ ਦੇ ਉਮੀਦਵਾਰਾਂ ਦੇ ਧਮਕੀ ਭਰੇ ਬਿਆਨਾਂ ਤੋਂ ਬੀਜੇਪੀ ਦੀ ਉਸ ਮਾਨਸਿਕਤਾ ਦਾ ਪ੍ਰਗਟਾਵਾ ਹੁੰਦਾ ਹੈ ਅਤੇ ਪਤਾ ਲੱਗਦਾ ਹੈ ਕਿ ਬੀਜੇਪੀ ਦੀ ਕਿਸਾਨਾਂ ਮਜ਼ਦੂਰਾਂ ਅਤੇ ਆਮ ਲੋਕਾਂ ਪ੍ਰਤੀ ਕੀ ਸੋਚ ਹੈ।

## ਨੰਗਲ ਕਲਾਂ ਤੋਂ 10 ਟਰਾਲੇ ਕਣਕ ਦੇ ਰਵਾਨਾ



**ਬੁਢਲਾਡਾ (ਅਸ਼ੋਕ ਲਾਕੜਾ)**-ਜ਼ਿਲ੍ਹੇ ਦੇ ਪਿੰਡ ਨੰਗਲ ਕਲਾਂ ਦੀ ਸੰਗਤ ਵੱਲੋਂ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਲਈ ਕਣਕ ਦੇ 10 ਟਰਾਲੇ ਰਵਾਨਾ ਕੀਤੇ ਗਏ।ਜਥੇਦਾਰ ਜਰਨੈਲ ਸਿੰਘ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਹਾੜ੍ਹੀ ਸਾਉਣੀ ਦੀ ਸੇਵਾ ਪਿੰਡ ਨੰਗਲ ਕਲਾਂ ਤੋਂ ਸੰਗਤਾਂ ਦੇ ਸਹਿਯੋਗ ਨਾਲ ਰਵਾਨਾ ਹੁੰਦੀ ਹੈ ਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਂਦੇ ਹਨ।ਉਨ੍ਹਾਂ ਕਿਹਾ ਕਿ ਮਾਨਸਾ, ਬਠਿੰਡਾ, ਬਰਨਾਲਾ, ਸੰਗਰੂਰ, ਜਾਖਲ, ਬੁਢਲਾਡਾ, ਬਰੇਟਾ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਇਹ ਕਣਕ ਇਕੱਠੀ ਕੀਤੀ ਜਾਂਦੀ ਹੈ।ਲੋਹੜੇ ਦੀ ਗ਼ਰਮੀ 'ਚ ਵੀ ਸੰਗਤਾਂ ਵੱਡੀ ਗਿਣਤੀ ਵਿੱਚ ਪਹੁੰਚੀਆਂ।ਇਸ ਮੌਕੇ ਹਲਕਾ ਬਠਿੰਡਾ ਤੋਂ ਲੋਕ ਸਭਾ ਦੇ ਉਮੀਦਵਾਰ ਜੀਤਮਹਿੰਦਰ ਸਿੰਘ ਸਿੱਧੂ ਦੀ ਧਰਮ ਪਤਨੀ ਮੈਡਮ ਨਿਮਰਤ ਕੌਰ ਸਿੱਧੂ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਉਨ੍ਹਾਂ ਨੇ ਸੰਗਤਾਂ ਦਾ ਇਹ ਉਪਰਾਲਾ ਦੇਖ ਕੇ ਸਭਨਾਂ ਦਾ ਧੰਨਵਾਦ ਕੀਤਾ।

## FORMAT C-1
## (FOR CANDIDATE TO PUBLISH IN WEBSITE, NEWSPAPERS, TV)

### DECLARATION ABOUT CRIMINAL CASES

| | | |
|---|---|---|
| 1. | Name of the Candidate | SONU SINGH |
| 2. | Full Postal Address | Village Khothran, PO Khothran Kalan, Tehsil Banga, Distt. Shaheed Bhagat Singh Nagar |
| 3. | Number and name of the Contituency and State | AC 08-Sri Hargobindpur PC 05-Hoshiapur, Punjab |
| 4. | Name of the Political Party Which Set Up the candidate (Otherwise Write "Independent") | INDEPENDENT |
| 5. | Total Number of Pending Criminal Cases | 01 vide FIR No. 0011 dated 05.02.2024, P.S. Sri Hargobindpur, Batala, which is under investigation with the Police |
| | Total Number of Cases in which convicted | NIL |

TABLE

| | | | | |
|---|---|---|---|---|
| (a) | FIR No. with name and address of Police Station | FIR No. 0011 Dated 05.02.2024, P.S. Sri Hargobindpur, Batala | Not Applicable | Not Applicable |
| (b) | Case No. with Name of the Court | Challan not Produced in the Court | Not Applicable | Not Applicable |
| (c) | Section(s) of concerned Acts/ Codes involves (give No. of the Section, e.g. Section....of IPC, etc. | Under Section 420 I.P.C. | Not Applicable | Not Applicable |
| (d) | Brief Description of | As per F.I.R. | Not Applicable | Not Applicable |

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri

ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

## ਸੁਖਬੀਰ ਬਾਦਲ ਨੇ ਡਾ. ਚੀਮਾ ਦੇ ਹੱਕ ’ਚ ਕੀਤਾ ਵੱਖ-ਵੱਖ ਥਾਈਂ ਚੋਣ ਪ੍ਰਚਾਰ



**ਧਾਰੀਵਾਲ (ਗੁਰਦਾਸਪੁਰ), (ਮਨਦੀਪ ਸਿੰਘ ਵਿੱਕੀ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਕਾਲੀ ਦਲ ਸਭ ਨੂੰ ਤਰੱਕੀ ਤੇ ਖੁਸ਼ਹਾਲੀ ਦੇ ਰਾਹ ’ਤੇ ਨਾਲ ਲੈ ਕੇ ਚੱਲਣ ਲਈ ਵਚਨਬੱਧ ਹੈ ਜਦੋਂਕਿ ਉਨ੍ਹਾਂ ਨੇ ਆਮ ਆਦਮੀ ਪਾਰਟੀ, ਕਾਂਗਰਸ ਗਠਜੋੜ ਤੇ ਭਾਜਪਾ ’ਤੇ ਜਾਤੀ ਅਤੇ ਫਿਰਕੂ ਲੀਹਾਂ ’ਤੇ ਲੋਕਾਂ ਦਾ ਧਰੁਵੀਕਰਨ ਕਰਨ ਦੇ ਯਤਨ ਕਰਨ ਦਾ ਦੋਸ਼ ਲਗਾਇਆ। ਅਕਾਲੀ ਦਲ ਦੇ ਪ੍ਰਧਾਨ, ਜਿਨ੍ਹਾਂ ਨੇ ਪਾਰਟੀ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਦੇ ਹੱਕ ਵਿਚ ਦੀਨਾ ਨਗਰ, ਭੋਆ, ਸੁਜਾਨਪੁਰ ਤੇ ਪਠਾਨਕੋਟ ਵਿਚ ਵਿਸ਼ਾਲ ਰੈਲੀਆਂ ਨੂੰ ਸੰਬੋਧਨ ਕੀਤਾ, ਨੇ ਕਿਹਾ ਕਿ ਚੋਣਾਂ ਵਿਚ ਲਾਹਾ ਲੈਣ ਲਈ ਇਕ ਭਾਈਚਾਰੇ ਨੂੰ ਦੂਜੇ ਨਾਲ ਲੜਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਨਿੰਦਣਯੋਗ ਗੱਲ ਹੈ। ਬਾਦਲ ਨੇ ਜ਼ੋਰ ਦੇ ਕੇ ਕਿਹਾ ਕਿ ਸੰਸਦੀ ਚੋਣਾਂ ਵਿਚ ਵੰਡ ਪਾਊ ਰਾਜਨੀਤੀ ਨੂੰ ਵਿਆਪਕ ਤੌਰ ’ਤੇ ਰੱਦ ਕਰ ਦਿੱਤਾ ਜਾਵੇਗਾ। ਲੋਕਾਂ ਨੇ ਅਕਾਲੀ ਦਲ ਦੇ ਹੱਕ ਵਿਚ ਵੋਟਾਂ ਪਾਉਣ ਦਾ ਮਨ ਬਣਾ ਲਿਆ ਹੈ ਕਿਉਂਕਿ ਸਿਰਫ ਇਹੀ ਖੇਤਰੀ ਤਾਕਤ ਹੈ ਜੋ ਪੰਜਾਬ ਨੂੰ ਪਹਿਲਾਂ ਰੱਖਦੀ ਹੈ ਤੇ ਕਦੇ ਵੀ ਦਰਿਆਈ ਪਾਣੀ ਤੇ ਚੰਡੀਗੜ੍ਹ ਸਮੇਤ ਅਹਿਮ ਮੁੱਦਿਆਂ ’ਤੇ ਸਮਝੌਤਾ ਨਹੀਂ ਕਰੇਗਾ। ਉਨ੍ਹਾਂ ਪੰਥ ਦੀਆਂ ਧਾਰਮਿਕ ਸੰਸਥਾਵਾਂ ਨੂੰ ਬਚਾਉਣ ਵਾਸਤੇ ਵੀ ਅਕਾਲੀ ਦਲ ਨੂੰ ਮਜ਼ਬੂਤ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਆਰਐੱਸਐੱਸ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੇ ਸ੍ਰੀ ਪਟਨਾ ਸਾਹਿਬ ਦੇ ਪ੍ਰਬੰਧ ’ਤੇ ਕਬਜ਼ਾ ਕਰ ਲਿਆ ਹੈ। ਹੁਣ ਸ਼੍ਰੋਮਣੀ ਕਮੇਟੀ ਨੂੰ ਤੋੜ ਕੇ ਹਰਿਆਣਾ ਵਿਚ ਵੱਖਰੀ ਕਮੇਟੀ ਬਣਾ ਦਿੱਤੀ ਗਈ। ਉਨ੍ਹਾਂ ਕਿਹਾ ਕਿ ਇਹ ਢੁਕਵਾਂ ਸਮਾਂ ਹੈ ਕਿ ਤੁਸੀਂ ਅਜਿਹੀਆਂ ਪਾਰਟੀਆਂ ਨੂੰ ਰੱਦ ਕਰੋ ਜੋ ਸਾਡੀਆਂ ਧਾਰਮਿਕ ਸੰਸਥਾਵਾਂ ਨੂੰ ਨਿਸ਼ਾਨਾ ਬਣਾ ਕੇ ਕਮਜ਼ੋਰ ਕਰ ਰਹੀਆਂ ਹਨ। ਅਕਾਲੀ ਦਲ ਦੇ ਪ੍ਰਧਾਨ ਨੇ ਪੰਜਾਬੀਆਂ ਨੂੰ ਅਪੀਲ ਕਤੀ ਕਿ ਜਦੋਂ 1 ਜੂਨ ਨੂੰ ਉਹ ਪੋਲਿੰਗ ਬੂਥਾਂ ’ਤੇ ਜਾਣਗੇ ਤਾਂ ਉਹ 1 ਜੂਨ 1984 ਨੂੰ ਜ਼ਰੂਰ ਚੇਤੇ ਰੱਖਣ। ਉਨ੍ਹਾਂ ਕਿਹਾ ਕਿ ਸਿੱਖ ਕੌਮ ਕਦੇ ਵੀ ਕਾਂਗਰਸ ਦੇ ਸਿੱਖਾਂ ਤੇ ਮਨੁੱਖਤਾ ਖਿਲਾਫ ਜ਼ੁਲਮਾਂ ਨੂੰ ਭੁਲਾ ਨਹੀਂ ਸਕਦੀ। ਸਰਦਾਰ ਬਾਦਲ ਨੇ ਇਹ ਵੀ ਦੱਸਿਆ ਕਿ ਕਿਵੇਂ ਸੱਤ ਸਾਲਾਂ ਵਿਚ ਇਸ ਹਲਕੇ ਵਿਚ ਵਿਕਾਸ ਕਾਰਜ ਠੱਪ ਹੋ ਕੇ ਰਹਿ ਗਿਆ ਹੈ। ਕਾਂਗਰਸ ਤੇ ਮੌਜੂਦਾ ਆਪ ਸਰਕਾਰ ਨੇ ਕੱਖ ਵੀ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਇਸ ਹਲਕੇ ਨੂੰ ਸੈਰ ਸਪਾਟਾ ਕੇਂਦਰ ਵਜੋਂ ਵਿਕਸਤ ਕਰਨ ਦੀ ਥੀਨ ਡੈਮ ਯੋਜਨਾ ਬਣਾਈ ਸੀ ਪਰ ਉਸਨੂੰ ਠੰਢੇ ਬਸਤੇ ਵਿਚ ਪਾ ਦਿੱਤਾ ਗਿਆ। ਇਸ ਮੌਕੇ ਵੱਖ-ਵੱਖ ਮੀਟਿੰਗਾਂ ਵਿਚ ਕਮਲਜੀਤ ਚਾਵਲਾ, ਰਵੀ ਮੋਹਨ ਤੇ ਸੁਰਿੰਦਰ ਸਿੰਘ ਮਿੰਟੂ ਵੀ ਹਾਜ਼ਰ ਸਨ।

## ਜਨਰਲ ਆਬਜ਼ਰਵਰ ਦੀ ਨਿਗਰਾਨੀ ਹੇਠ ਮਾਈਕਰੋ ਆਬਜ਼ਰਵਰਾਂ ਨੂੰ ਦਿੱਤੀ ਸਿਖਲਾਈ

**ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)**-ਭਾਰਤੀ ਚੋਣ ਕਮਿਸ਼ਨ ਵੱਲੋਂ ਲੋਕ ਸਭਾ ਚੋਣਾਂ ਲਈ ਲੋਕ ਸਭਾ ਹਲਕਾ ਅੰਮ੍ਰਿਤਸਰ ਵਿਖੇ ਤਾਇਨਾਤ ਜਨਰਲ ਆਬਜ਼ਰਵਰ ਏ ਰਾਧਾ ਬਿਨੋਦ ਸ਼ਰਮਾ ਦੀ ਨਿਗਰਾਨੀ ਹੇਠ ਮਾਈਕਰੋ ਆਬਜ਼ਰਵਰਾਂ ਲਈ ਸਿਖਲਾਈ ਸੈਸ਼ਨ ਦਾ ਆਯੋਜਨ ਕੀਤਾ ਗਿਆ।ਮਾਈਕਰੋ ਆਬਜ਼ਰਵਰਾਂ ਨੂੰ ਸੰਬੋਧਨ ਕਰਦਿਆਂ ਜਨਰਲ ਆਬਜ਼ਰਵਰ ਏ ਰਾਧਾ ਬਿਨੋਦ ਸ਼ਰਮਾ ਕਿਹਾ ਕਿ ਚੋਣਾਂ ਦੇ ਇਸ ਮਹਾਂ ਤਿਓਹਾਰ ਨੂੰ ਸਫ਼ਲਤਾਪੂਰਵਕ ਨੇਪਰੇ ਚੜ੍ਹਾਉਣ ਵਿੱਚ ਮਾਈਕਰੋ ਆਬਜ਼ਰਵਰਾਂ ਦੀ ਅਹਿਮ ਭੂਮਿਕਾ ਹੋਵੇਗੀ। ਇਸ ਲਈ ਆਪਣੀ ਡਿਊਟੀ ਨੂੰ ਪੂਰੀ ਤਨਦੇਹੀ ਤੇ ਸਮਰਪਣ ਭਾਵਨਾ ਨਾਲ ਨਿਭਾਇਆ ਜਾਵੇ।ਉਨ੍ਹਾਂ ਕਿਹਾ ਕਿ ਵੋਟਾਂ ਵਾਲੇ ਦਿਨ 1 ਜੂਨ ਨੂੰ ਵੋਟਾਂ ਪੈਣ ਦੀ ਪ੍ਰਕਿਰਿਆ ਆਰੰਭ ਹੋਣ ਦੇ ਨਿਰਧਾਰਿਤ ਸਮੇਂ ਤੋਂ ਪਹਿਲਾਂ ਮੌਕ ਪੋਲ ਹੋਵੇਗੀ ਅਤੇ ਸਮੂਹ ਮਾਈਕਰੋ ਆਬਜ਼ਰਵਰ ਨਿਰਧਾਰਿਤ ਸਮਾਂ ਸਾਰਣੀ ਅਨੁਸਾਰ ਪੋਲਿੰਗ ਸਟੇਸ਼ਨਾਂ ’ਤੇ ਪਹੁੰਚਣਾ ਯਕੀਨੀ ਬਣਾਉਣਗੇ।ਇਸ ਮੌਕੇ ਸਹਾਇਕ ਰਿਟਰਨਿੰਗ ਅਧਿਕਾਰੀ ਅਰਵਿੰਦਰਪਾਲ ਸਿੰਘ ਨੇ ਕਿਹਾ ਕਿ ਮਾਈਕਰੋ ਆਬਜ਼ਰਵਰ ਪੋਲਿੰਗ ਸਟੇਸ਼ਨ ਦੀ ਸਮੁੱਚੀ ਪ੍ਰਕਿਰਿਆ ’ਤੇ ਨਿਗਰਾਨੀ ਰੱਖਣਗੇ ਅਤੇ ਇਹ ਸੁਨਿਸ਼ਚਿਤ ਕਰਨਗੇ ਕਿ ਚੋਣਾਂ ਦੀ ਸਮੁੱਚੀ ਪ੍ਰਕਿਰਿਆ ਪਾਰਦਰਸ਼ੀ ਤੇ ਨਿਰਪੱਖ ਢੰਗ ਨਾਲ ਨੇਪਰੇ ਚੜ੍ਹਾਈ ਜਾਵੇ।ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਮਾਈਕਰੋ ਆਬਜ਼ਰਵਰ ਨੂੰ ਕਿਸੇ ਪੋਲਿੰਗ ਸਟੇਸ਼ਨ ’ਤੇ ਚੋਣ ਪ੍ਰਕਿਰਿਆ ਦੌਰਾਨ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਉਲੰਘਣਾ ਨਜ਼ਰ ਆਉਂਦੀ ਹੈ ਤਾਂ ਉਹ ਸਿੱਧੇ ਤੌਰ ’ਤੇ ਜਨਰਲ ਆਬਜ਼ਰਵਰ ਨੂੰ ਸੂਚਿਤ ਕਰਨ ਦਾ ਪਾਬੰਦ ਹੋਵੇਗਾ।ਮਾਈਕਰੋ ਆਬਜ਼ਰਵਰਾਂ ਨੂੰ ਸਿਖਲਾਈ ਦਿੰਦਿਆਂ ਐੱਸਡੀਐੱਮ ਲਾਲ ਵਿਸਵਾਸ ਨੇ ਇਸ ਸਬੰਧੀ ਹਰ ਤਰ੍ਹਾਂ ਦੀ ਤਕਨੀਕੀ ਜਾਣਕਾਰੀ ਪ੍ਰਦਾਨ ਕੀਤੀ।ਇਸ ਮੌਕੇ ਸੋਨਮ ਆਈਏਐੱਸ, ਤਹਿਸੀਲਦਾਰ ਚੋਣਾਂ ਇੰਦਰਜੀਤ ਸਿੰਘ ਅਤੇ ਰਜਿੰਦਰ ਸਿੰਘ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।




## ਨੌਜਵਾਨਾਂ ਨੂੰ ਆਤਮ-ਨਿਰਭਰ ਤੇ ਕਿਸਾਨਾਂ ਨੂੰ ਸਮਰੱਥ ਬਣਾਵਾਂਗੇ: ਸੰਧੂ ਸਮੁੰਦਰੀ



**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)**-ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਦੇ ਚੋਣ ਪ੍ਰਚਾਰ ਲਈ ਹਲਕਾ ਅਟਾਰੀ ਵਿਖੇ ਬਾਰਡਰ ਨੇੜੇ ਮੰਡਲ ਪ੍ਰਧਾਨ ਵਿਜੇ ਵਰਮਾ ਦੀ ਅਗਵਾਈ ਹੇਠ ਰੈਲੀ ਕੀਤੀ ਗਈ। ਇਸ ਮੌਕੇ ਹਲਕਾ ਅਟਾਰੀ ਇੰਚਾਰਜ ਬਲਵਿੰਦਰ ਕੌਰ, ਭਾਜਪਾ ਦੇ ਜ਼ਿਲ੍ਹਾ ਦਿਹਾਤੀ ਪ੍ਰਧਾਨ ਡਾ: ਸੁਸ਼ੀਲ ਦੇਵਗਨ, ਮੰਡਲ ਪ੍ਰਧਾਨ ਵਿਜੇ ਵਰਮਾ ਤੇ ਉਨ੍ਹਾਂ ਦੀ ਟੀਮ ਸਮੇਤ ਵੱਡੀ ਗਿਣਤੀ ’ਚ ਲੋਕ ਹਾਜ਼ਰ ਸਨ। ਇਸ ਮੌਕੇ ਹਲਕਾ ਇੰਚਾਰਜ ਬਲਵਿੰਦਰ ਕੌਰ ਅਤੇ ਹੋਰ ਵਰਕਰਾਂ ਨੇ ਸੰਧੂ ਸਮੁੰਦਰੀ ਦਾ ਸ਼ਾਨਦਾਰ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ।ਇਸ ਮੌਕੇ ਹਲਕਾ ਇੰਚਾਰਜ ਬਲਵਿੰਦਰ ਕੌਰ ਨੇ ਸੰਧੂ ਸਮੁੰਦਰੀ ਦੇ ਹੱਕ ਵਿੱਚ ਵੋਟਾਂ ਪਾ ਕੇ ਉਨ੍ਹਾਂ ਨੂੰ ਜੇਤੂ ਬਣਾਉਣ ਦੀ ਅਪੀਲ ਕੀਤੀ।ਉਨ੍ਹਾਂ ਇਹ ਵੀ ਕਿਹਾ ਕਿ ਮੋਦੀ ਸਰਕਾਰ ਨੇ ਪਿਛਲੇ 10 ਸਾਲਾਂ ਦੌਰਾਨ ਕਈ ਤਰ੍ਹਾਂ ਦੀਆਂ ਸਕੀਮਾਂ ਚਲਾਈਆਂ ਹਨ, ਜਿਨ੍ਹਾਂ ਦਾ ਲਾਭ ਦੇਸ਼ ਦੇ ਕਰੋੜਾਂ ਔਰਤਾਂ, ਬਜ਼ੁਰਗਾਂ, ਨੌਜਵਾਨਾਂ ਅਤੇ ਕਿਸਾਨਾਂ ਨੂੰ ਮਿਲ ਰਿਹਾ ਹੈ।ਉਜਵਲਾ ਯੋਜਨਾ ਹੋਵੇ, ਪੱਕੇ ਮਕਾਨ ਬਣਾਉਣ ਦੀ ਯੋਜਨਾ ਹੋਵੇ, ਹਰ ਘਰ ਵਿੱਚ ਪਖਾਨੇ ਬਣਾਉਣ ਦੀ ਯੋਜਨਾ ਹੋਵੇ, ਨੌਜਵਾਨਾਂ ਨੂੰ ਆਤਮ ਨਿਰਭਰ ਬਣਾਉਣ ਲਈ ਮੁਦਰਾ ਲੋਨ ਦੀ ਯੋਜਨਾ ਹੋਵੇ, ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਪੈਸੇ ਭੇਜਣ ਦੀ ਯੋਜਨਾ ਹੋਵੇ, ਆਦਿ।ਦੇਸ਼ ਦੇ ਲੋਕ ਇਸ ਦਾ ਫਾਇਦਾ ਉਠਾ ਰਹੇ ਹਨ।ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਕਦੇ ਵੀ ਕਿਸੇ ਸਰਕਾਰ ਨੇ ਅਜਿਹੀ ਸਕੀਮ ਨਹੀਂ ਚਲਾਈ।ਹੁਣ ਸਾਡੇ ਸਾਰਿਆਂ ਲਈ ਮਿਲ ਕੇ ਅੰਮ੍ਰਿਤਸਰ ਦਾ ਵਿਕਾਸ ਕਰਨ ਦਾ ਮੌਕਾ ਹੈ।ਇਸ ਲਈ ਸਾਨੂੰ ਸਾਰਿਆਂ ਨੂੰ ਰਲ ਕੇ 1 ਜੂਨ ਨੂੰ ਹੋਣ ਵਾਲੀਆਂ ਚੋਣਾਂ ਦੌਰਾਨ ਭਾਜਪਾ ਦੇ ਚੋਣ ਨਿਸ਼ਾਨ ਕਮਲ ਦੇ ਫੁੱਲ ਦਾ ਬਟਨ ਦਬਾ ਕੇ ਸੰਧੂ ਸਮੁੰਦਰੀ ਦੀ ਬਹੁਮਤ ਨਾਲ ਜਿੱਤ ਯਕੀਨੀ ਬਣਾਉਣੀ ਹੋਵੇਗੀ।ਉਨ੍ਹਾਂ ਕਿਹਾ ਕਿ ਸੰਧੂ ਸਮੁੰਦਰੀ ਨਵੀਂ ਸੋਚ ਅਤੇ ਨਵੀਂ ਸੋਚ ਲੈ ਕੇ ਸਾਡੇ ਵਿਚਕਾਰ ਆਏ ਹਨ।ਉਨ੍ਹਾਂ ਦਾ ਸਾਰਾ ਪਰਿਵਾਰ ਅੰਮ੍ਰਿਤਸਰ ਨੂੰ ਸਮਰਪਿਤ ਰਿਹਾ ਹੈ।ਉਨ੍ਹਾਂ ਕਿਹਾ ਕਿ ਹੁਣ ਸਾਡੇ ਸਾਰਿਆਂ ਲਈ ਮਿਲ ਕੇ ਆਪਣਾ ਭਵਿੱਖ ਬਣਾਉਣ ਦਾ ਮੌਕਾ ਹੈ।ਮੌਕੇ ’ਤੇ ਮੌਜੂਦ ਲੋਕਾਂ ਨੇ ਸੰਧੂ ਦੇ ਹੱਕ ’ਚ ਨਾਅਰੇਬਾਜ਼ੀ ਵੀ ਕੀਤੀ ਅਤੇ ਉਨ੍ਹਾਂ ਨੂੰ ਚੋਣਾਂ ’ਚ ਜਿੱਤ ਦਾ ਭਰੋਸਾ ਦਿੱਤਾ।

## ‘ਆਪ’ ਦੀ ਸਰਕਾਰ ਆਉਣ ’ਤੇ ਸ਼ਹਿਰਾਂ ਦੀ ਤਰਜ਼ ’ਤੇ ਹੋਵੇਗਾ ਪਿੰਡਾਂ ਦਾ ਵਿਕਾਸ: ਕਟਾਰੂਚੱਕ



**ਪਠਾਨਕੋਟ (ਦਵਿੰਦਰ ਸਿੰਘ)**-ਵਿਧਾਨ ਸਭਾ ਹਲਕਾ ਭੋਆ ਤੋਂ ਕੈਂਪੇਨ ਇੰਚਾਰਜ ਅਤੇ ਕੈਬਨਿਟ ਮੰਤਰੀ ਲਾਲਚੰਦ ਕਟਾਰੂਚੱਕ ਦੀ ਅਗਵਾਈ ਹੇਠ ਰਮਕਾਲਮਾ, ਫੱਤੋਚੱਕ, ਭਗਵਾਨਪੁਰ, ਕਠਿਆਲਪੁਰ, ਮਾਂਜ, ਖੜਖੜਾ, ਠੁਠੋਵਾਲ, ਅੰਬੀ ਖੜਕੜਾ, ਨੱਕੀ, ਨੜੋਲੀ ਆਦੀ ਦਰਜਨਾਂ ਪਿੰਡਾਂ ਵਿੱਚ ਚੋਣ ਪ੍ਰਚਾਰ ਮੰਤਰੀ ਦੀ ਅਗਵਾਈ ਵਿੱਚ ਕੀਤਾ ਗਿਆ।ਕੈਬਿਨਟ ਮੰਤਰੀ ਨੇ ਪਿੰਡ ਭਗਵਾਨਪੁਰ ਵਿਖੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਦੇ ਐਮਪੀ ਰਹੇ ਸੰਨੀ ਦਿਓਲ ਨੇ ਲੋਕਾਂ ਨਾਲ ਬੇਹੱਦ ਧੱਕਾ ਕੀਤਾ ਸੀ।ਲੋਕ ਸਭਾ ਚੋਣਾਂ ਜਿੱਤਣ ਤੋਂ ਬਾਅਦ ਸੰਨੀ ਦਿਓਲ ਪੂਰੇ ਐਮਪੀ ਸਮੇਂ ਦੌਰਾਨ ਪੰਜਾਬ ਦੇ ਲੋਕਾਂ ਦੀਆਂ ਮੁਸੀਬਤਾਂ ਨੂੰ ਸੁਣਨ ਦੀ ਬਜਾਏ ਫਿਲਮਾਂ ਬਣਾਉਣ ਵਿੱਚ ਮਸਰੂਫ ਰਹੇ।ਉਨ੍ਹਾਂ ਅਕਾਲੀਆਂ ਉਤੇ ਨਿਸ਼ਾਨਾ ਲਾਉਂਦੇ ਕਿਹਾ ਕਿ ਪ੍ਰਦੇਸ਼ ਨੂੰ ਬੇਰੁਜ਼ਗਾਰ, ਨਸ਼ੇੜੀ ਅਤੇ ਭਰਿਸ਼ਟਾਚਾਰ ਦਾ ਅੱਡਾ ਬਣਾਉਣ ਦੀ ਸ਼ਾਇਦ ਜ਼ਿੰਮੇਵਾਰੀ ਲਈ ਹੋਈ ਸੀ। ਉਨ੍ਹਾਂ ਨੇ ਕਿਹਾ ਕਿ ਕਾਂਗਰਸੀਆਂ ਨੇ ਗੈਰ-ਕਾਨੂੰਨੀ ਮਾਈਨਿੰਗ ਕਰਵਾ-ਕਰਵਾ ਕੇ ਧਰਤੀ ਮਾਂ ਦੀ ਸੀਨੇ ਨੂੰ ਛਲਣੀ ਕਰ ਦਿੱਤਾ ਹੈ ਜਿਸ ਦੇ ਸਿੱਟੇ ਵਜੋਂ ਮਾਈਨਿੰਗ ਏਰੀਆ ਦੇ ਨੇੜਲੇ ਪਿੰਡਾਂ ਵਿੱਚ ਪਾਣੀ ਦੀ ਸਮੱਸਿਆ ਪੈਦਾ ਹੋ ਚੁੱਕੀ ਹੈ। ਉਨ੍ਹਾਂ ਨੇ ਕਾਂਗਰਸੀਆਂ ’ਤੇ ਨਿਸ਼ਾਨਾ ਲਾਉਂਦੇ ਹੋਏ ਕਿਹਾ ਕਿ ਕਾਂਗਰਸੀਆਂ ਨੇ ਲੋਕਾਂ ਨੂੰ ਝੂਠੇ ਵਾਅਦੇ ਕਰਕੇ ਬੇਹਦ ਠੱਗਿਆ ਹੈ ਜਿਸਦੇ ਕਰਕੇ ਲੋਕਾਂ ਦਾ ਕਾਂਗਰਸ ਪਾਰਟੀ ਤੋਂ ਯਕੀਨ ਉਠ ਚੁੱਕਿਆ ਹੈ।ਇਸ ਦੌਰਾਨ ਪਿੰਡ ਭਗਵਾਨਪੁਰ ਤੋਂ ਸੈਂਕੜੇ ਪਰਿਵਾਰਾਂ ਨੇ ਸ਼ੈਰੀ ਕਲਸੀ ਦੇ ਸਮਰਥਨ ਵਿੱਚ ਵੋਟਾਂ ਦੇਣ ਦਾ ਵਾਅਦਾ ਕੀਤਾ।ਕੈਬਨਿਟ ਮੰਤਰੀ ਕਟਾਰੂਚੱਕ ਨੇ ਆਖਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਤੇ ਉਹ ਬਿਨਾਂ ਭੇਦਭਾਵ ਪਿੰਡਾਂ ਦਾ ਵਿਕਾਸ ਸ਼ਹਿਰਾਂ ਦੀ ਤਰਜ਼ ’ਤੇ ਕਰਨਗੇ।ਪਿੰਡਾਂ ਦੇ ਕਈ ਗਰੀਬ ਪਰਿਵਾਰ ਮੁਢਲੀਆਂ ਸੁਵਿਧਾਵਾਂ ਤੋਂ ਸੱਖਣੇ ਰਹਿ ਜਾਂਦੇ ਹਨ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ’ਤੇ ਸਭ ਦਾ ਵਿਕਾਸ ਅਤੇ ਸਭ ਸੁਵਿਧਾਵਾਂ ਨੂੰ ਪਿੰਡਾਂ ਤੱਕ ਪਹੁੰਚਾਇਆ ਜਾਏਗਾ।

## ਕਾਮਰੇਡ ਗੁਰਦਿਆਲ ਦੇ ਹੱਕ ’ਚ ਕਸਬਾ ਬੁਤਾਲਾ ਵਿਖੇ ਚੋਣ ਮੀਟਿੰਗ

### ਸਿਆਸੀ ਪਾਰਟੀਆਂ ਨੇ ਹੁਣ ਤਕ ਲੋਕਾਂ ਦਾ ਸੰਵਾਰਿਆ ਕੁਝ ਨਹੀਂ, ਦੋਹੀਂ ਹੱਥੀਂ ਲੁੱਟਿਆ

**ਬਾਬਾ ਬਕਾਲਾ, (ਨਵਾਂ ਜ਼ਮਾਨਾ ਸਰਵਿਸ)**-ਗੁਰਦਿਆਲ ਸਿੰਘ ਖਡੂਰ ਸਾਹਿਬ ਨੇ ਮੁਹਿੰਮ ਨੂੰ ਸਿਖਰ ’ਤੇ ਪਹੁੰਚਾਉਂਦਿਆਂ ਹੋਇਆਂ ਅੱਜ ਬਾਬਾ ਬਕਾਲਾ ਐੱਮਐੱਲਏ ਹਲਕੇ ਦੇ ਕਸਬੇ ਬੁਤਾਲੇ ਵਿਖੇ ਖੁੱਲ੍ਹੀ ਮੀਟਿੰਗ ਕਰਨ ਤੋਂ ਬਾਅਦ ਸੀਪੀਐੱਮ ਦੇ ਸਕੱਤਰੇਤ ਮੈਂਬਰ ਤੇ ਤਹਿਸੀਲ ਬਾਬਾ ਬਕਾਲਾ ਦੇ ਸਕੱਤਰ ਗੁਰਦੀਪ ਸਿੰਘ ਬੁਤਾਲਾ, ਜ਼ਿਲ੍ਹਾ ਕਮੇਟੀ ਮੈਂਬਰ ਗੁਰਨਾਮ ਸਿੰਘ ਤਲਵੰਡੀ ਖੁੰਮਣ, ਖੇਤ ਮਜ਼ਦੂਰ ਆਗੂ ਹੀਰਾ ਸਿੰਘ ਖਡੂਰ ਸਾਹਿਬ, ਜਗੀਰ ਸਿੰਘ ਸਰਜਾ, ਜਥੇਦਾਰ ਕੁਲਦੀਪ ਸਿੰਘ ਜੱਬੋਵਾਲ, ਦਾਰਾ ਸਿੰਘ, ਗੰਗਾਧਰ, ਆਜ਼ਾਦ ਸਿੰਘ ਸਾਬਕਾ ਸਰਪੰਚ ਚੌਕ ਮਹਿਤਾ, ਮੰਗਲ ਸਿੰਘ ਖੁਜਾਲਾ, ਨਿਰਮਲ ਸਿੰਘ ਭੱਟੀਕੇ, ਕਸ਼ਮੀਰ ਸਿੰਘ ਡੇਰੀਵਾਲ, ਬੂਟਾ ਸਿੰਘ, ਕੁਲਦੀਪ ਸਿੰਘ ਮੱਧੇਪੁਰ, ਸਵਰਨ ਕੌਰ, ਕੁਲਵੰਤ ਸਿੰਘ ਪੰਚਾਇਤ ਮੈਂਬਰ ਖਡੂਰ ਸਾਹਿਬ, ਜੱਗਾ ਸਿੰਘ ਖਡੂਰ ਸਾਹਿਬ, ਕਸ਼ਮੀਰ ਕੌਰ ਤੇ ਸਰਬਜੀਤ ਕੌਰ ਦੀ ਅਗਵਾਈ ਹੇਠ ਰੋਡ ਸ਼ੋਅ ਕੀਤਾ।ਰੋਡ ਸ਼ੋਅ ਦੌਰਾਨ ਨਗਰ ਵਾਸੀਆਂ ਤੇ ਦੁਕਾਨਦਾਰਾਂ ਨੇ ਉਨ੍ਹਾਂ ਨੂੰ ਜੀ ਆਇਆਂ ਆਖਿਆ ਤੇ ਯਕੀਨ ਦਿਵਾਇਆ ਕਿ ਅਸੀਂ ਕਾਂਗਰਸ, ਅਕਾਲੀ, ਆਪ ਨੂੰ ਵੇਖ ਚੁੱਕੇ ਹਾਂ। ਉਨ੍ਹਾਂ ਰਾਜਨੀਤਕ ਪਾਰਟੀਆਂ ਦੇ ਆਗੂਆਂ ਨੇ ਜਨਤਾ ਦਾ ਸੰਵਾਰਿਆ ਨਹੀਂ ਸਗੋਂ ਦੋਹੀਂ ਹੱਥੀਂ ਲੁੱਟਿਆ ਹੈ।ਦੇਸ਼ ਦੀ ਆਜ਼ਾਦੀ ਤੋਂ ਬਾਅਦ ਲੰਮਾਂ ਸਮਾਂ ਕਾਂਗਰਸ ਨੇ ਦੇਸ਼ ਦੀ ਜਾਇਦਾਦ ਨੂੰ ਵੇਚ ਵੇਚ ਖਾਧਾ।ਸਭ ਤੋਂ ਪਹਿਲਾਂ ਦੇਸ਼ ਵਿੱਚ



ਕਾਰਪੋਰੇਟ ਘਰਾਣਿਆਂ ਨੂੰ ਵਾੜਨ ਵਾਲਾ ਮਨਮੋਹਨ ਸਿੰਘ ਸੀ ਤੇ ਇਸ ਸਮੇਂ ਵੱਡੇ ਪੱਧਰ ’ਤੇ ਸਰਕਾਰੀ ਅਦਾਰਿਆਂ ਵਿੱਚ ਪ੍ਰਾਈਵੇਟ ਧੀਕੜਾਂ ਨੂੰ ਵਾੜਿਆ ਗਿਆ। ਇਸ ਕਰਕੇ ਹੁਣ ਵੀ ਕਾਂਗਰਸ ਤੇ ਕਿੰਨੀ ਕਿ ਆਸ ਕੀਤੀ ਜਾ ਸਕਦੀ ਹੈ ਭਾਵੇਂ ਕਾਂਗਰਸ ਮੈਨੀਫੈਸਟੋ ਵਿੱਚ ਕੁੱਝ ਗਰੀਬ ਪੱਖੀ ਝਲਕਾਂ ਨਜ਼ਰ ਆਉਂਦੀਆਂ ਹਨ।ਮੌਜੂਦਾ ਬੀਜੇਪੀ ਦੀ ਸਰਕਾਰ ਤਾਂ ਕਿਸਾਨਾਂ ਦੀ ਧਰਤੀ ਮਾਂ ਭਾਵ ਜ਼ਮੀਨ ਹੀ ਕਾਰਪੋਰੇਟ ਘਰਾਣਿਆਂ ਨੂੰ ਦੇਣ ਦੇ ਰਾਹ ਤੁਰ ਪਈ ਸੀ। ਜ਼ਮੀਨ ਹੜੱਪਣ ਲਈ ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਤਿੰਨ ਕਾਲੇ ਕਾਨੂੰਨ ਬਣਾ ਦਿੱਤੇ ਜੋ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਔਰਤਾਂ ਤੇ ਆਵਾਮ ਨੇ ਦਿੱਲੀ ਦੇ ਬਾਰਡਰ ਤੇ ਇੱਕ ਸਾਲ ਤੋਂ ਵਧੇਰੇ ਸਮਾਂ ਲੜ ਕੇ ਵਾਪਸ ਕਰਾਏ।ਇਸ ਲੜਾਈ ਵਿੱਚ 700 ਤੋਂ ਵਧੇਰੇ ਕਿਸਾਨਾਂ ਨੂੰ ਸ਼ਹਾਦਤ ਦਾ ਜਾਮ ਪੀਣਾ ਪਿਆ।ਆਗੂਆਂ ਨੇ ਕਿਹਾ ਕਿ ਗੁਰਦਿਆਲ ਸਿੰਘ ਸੀਪੀਆਈਐਮ ਤੇ ਸੀਪੀਆਈ ਦੇ ਖਡੂਰ ਸਾਹਿਬ ਹਲਕੇ ਤੋਂ ਸਾਂਝਾ ਉਮੀਦਵਾਰ ਹਨ।ਉਹ ਲੋਕਾਂ ਵਿੱਚ ਇੰਨੇ ਹਰਮਨ ਪਿਆਰਾ ਹਨ ਕਿ ਉਹ ਵੋਟਾਂ ਵਿੱਚ ਵੱਡੇ ਫ਼ਰਕ ਨਾਲ ਜਿੱਤਣਗੇ। ਗੁਰਦਿਆਲ ਸਿੰਘ ਖਡੂਰ ਸਾਹਿਬ ਨੇ ਕਿਹਾ ਕਿ ਮੈਂ ਪਾਰਲੀਮੈਂਟ ਵਿੱਚ ਜਾ ਕੇ ਹਰੇਕ ਵਿਅਕਤੀ ਲਈ ਰੁਜ਼ਗਾਰ ਵਾਸਤੇ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਬਣਾਉਣ ਲਈ ਸਰਕਾਰ ਤੇ ਜ਼ੋਰ ਪਾਵਾਂਗਾ ਤਾਂ ਜੋ ਪੰਜਾਬ ਦੀ ਜਵਾਨੀ ਵਿਦੇਸ਼ਾਂ ਵਿੱਚ ਧੱਕੇ ਖਾਣ ਦੀ ਬਜਾਏ ਆਪਣੀ ਧਰਤੀ ’ਤੇ ਕੰਮ ਕਰੇ।ਵਿੱਦਿਆ ਹਰੇਕ ਬੱਚੇ ਲਈ ਮੁਫ਼ਤ ਤੇ ਲਾਜ਼ਮੀ ਬਣਾਉਣ ਤੇ ਜ਼ੋਰ ਦੇਵਾਂਗਾ।ਗਰੀਬਾਂ ਨੂੰ ਮੁਫ਼ਤ ਘਰ ਬਣਾ ਕੇ ਦੇਣ ਲਈ ਆਵਾਜ਼ ਉਠਾਵਾਂਗਾ।ਹਰ ਇਕ ਦੀ ਸਿਹਤ ਸਹੂਲਤ ਮੁਫ਼ਤ ਹੋਵੇਗੀ।ਬੁਢਾਪਾ, ਵਿਧਵਾ, ਅੰਗਹੀਣ ਤੇ ਬੇਸਹਾਰਿਆਂ ਦੀਆਂ ਪੈਨਸ਼ਨਾਂ ਵਿੱਚ ਵਾਧਾ ਤੇ ਲਗਾਤਾਰਤਾ ਕਾਇਮ ਕਰਨ ਨੂੰ ਤਰਜੀਹ ਦੇਣ ਤੇ ਦਬਾਅ ਬਣਾਵਾਂਗਾ।ਕਿਸਾਨਾਂ, ਮਜ਼ਦੂਰਾਂ, ਛੋਟੇ ਦੁਕਾਨਦਾਰਾਂ ਤੇ ਕਾਰਖਾਨੇਦਾਰਾਂ ਦੇ ਕਰਜ਼ੇ ਮੁਆਫ਼ ਕਰਨ ਲਈ ਲੜਾਂਗਾ।ਨਰੇਗਾ ਕਾਨੂੰਨ ਅਧੀਨ ਸਾਲ ਵਿੱਚ 200 ਦਿਨ ਕੰਮ ਤੇ 700 ਰੁਪਏ ਦਿਹਾੜੀ ਹੋਵੇ ਇਸ ਨੂੰ ਹਰ ਹਾਲਤ ਵਿੱਚ ਲਾਗੂ ਕਰਾਵਾਂਗਾ।ਇਸ ਲਈ ਭਰਾਵੋ ਪਹਿਲੀ ਜੂਨ ਵਾਲੇ ਦਿਨ ਦਾਤਰੀ-ਸਿੱਟੇ ਵਾਲਾ ਬਟਨ ਦਬਾ ਕੇ ਮੈਨੂੰ ਕਾਮਯਾਬ ਕਰੋ।

## ਲੋਕ ਦਿੱਲੀ ਦੇ ਇਸ਼ਾਰਿਆਂ ’ਤੇ ਚੱਲਣ ਵਾਲਿਆਂ ਦੇ ਛਲਾਵੇ ’ਚ ਨਹੀਂ ਆਉਣਗੇ : ਮਜੀਠੀਆ



**ਮੱਤੇਵਾਲ (ਦਵਿੰਦਰ ਸਿੰਘ ਤਰਸਿੱਕਾ)**-ਚੋਣ ਪ੍ਰਚਾਰ ਮੁਹਿੰਮ ਦੌਰਾਨ ਵਿਧਾਨ ਸਭਾ ਹਲਕਾ ਮਜੀਠਾ ਦੇ ਪਿੰਡ ਹਰੀਆਂ ਅਤੇ ਲੁੱਧੜ ਵਿਖੇ ਆਯੋਜਿਤ ਲੋਕ ਮਿਲਣੀਆਂ ਦੌਰਾਨ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਅਕਾਲੀ ਉਮੀਦਵਾਰ ਅਨਿਲ ਜੋਸ਼ੀ ਦੇ ਹੱਕ ਵਿੱਚ ਇੱਕ ਜੂਨ ਨੂੰ ਇੱਕ ਨੰਬਰ ਬਟਨ ਦਬਾ ਤਕੜੀ ਦੇ ਨਿਸ਼ਾਨ ਤੇ ਵੋਟ ਪਾ ਕੇ ਕਾਮਯਾਬ ਬਣਾਓ ਤਾਂ ਜੋ ਦਿੱਲੀ ਤੋਂ ਰਿਮੋਟ ਕੰਟਰੋਲ ਨਾਲ ਚੱਲ ਰਹੀਆਂ ਪਾਰਟੀਆਂ ਨੂੰ ਸ਼ੀਸ਼ਾ ਦਿਖਾਇਆ ਜਾ ਸਕੇ । ਉਨ੍ਹਾਂ ਕਿਹਾ ਕਿ ਚੋਣਾਂ ਤੋਂ ਪਿੱਛੋਂ ਇਹ ਸਾਰੇ ਦਿੱਲੀ ਦੀ ਜੀ ਹਜ਼ੂਰੀ ਕਰਦੇ ਰਹਿਣਗੇ ਜਦ ਕਿ ਜੋਸ਼ੀ ਤੁਹਾਡੇ ਲਈ ਸਦਾ ਹੀ ਹਾਜ਼ਰ ਰਹਿਣਗੇ। ਜੋਸ਼ੀ ਵੱਲੋਂ ਕੈਬਨਿਟ ਮੰਤਰੀ ਹੁੰਦਿਆਂ ਜੋ ਅੰਮ੍ਰਿਤਸਰ ਦਾ ਵਿਕਾਸ ਕਰਾਇਆ ਹੈ ਉਹ ਲੋਕਾਂ ਦੇ ਸਾਹਮਣੇ ਹੈ। ਉਨ੍ਹਾਂ ਨੂੰ ਇਸੇ ਕਾਰਨ ਹੀ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਬਹੁਤ ਪਿਆਰ ਮਿਲ ਰਿਹਾ ਹੈ।ਇਸ ਵਾਰ ਲੋਕ ਦਿੱਲੀ ਦੇ ਇਸ਼ਾਰਿਆਂ ਦੇ ਚੱਲਣ ਵਾਲੇਆਂ ਦੇ ਛਲਾਵੇ ਵਿੱਚ ਨਹੀਂ ਆਉਣਗੇ। ਇਸ ਮੌਕੇ ਸੀਨੀਅਰ ਅਕਾਲੀ ਆਗੂ ਹਰਦਿਆਲ ਸਿੰਘ ਲੁੱਧੜ, ਸੁਖਜੀਤ ਸਿੰਘ ਸਾਬਕਾ ਸਰਪੰਚ, ਹਰਮਨ ਸਿੰਘ ਨੰਬਰਦਾਰ, ਦਿਲਬਾਗ ਸਿੰਘ ਸਾਬਕਾ ਮੈਂਬਰ ਪੰਚਾਇਤ, ਜਥੇਦਾਰ ਜਗਬੀਰ ਸਿੰਘ ਭੱਟੀ, ਡਾਕਟਰ ਦੀਦਾਰ ਸਿੰਘ, ਪ੍ਰਧਾਨ ਅਮਰੀਕ ਸਿੰਘ, ਜਥੇਦਾਰ ਤਰਲੋਕ ਸਿੰਘ, ਜਥੇਦਾਰ ਹਰੀ ਸਿੰਘ, ਅਜੀਤ ਸਿੰਘ ਸਾਬਕਾ ਬੀਓ, ਰਾਜਵਿੰਦਰ ਸਿੰਘ ਕੰਗ ਸੋਨੂ ਭਗਤ ਮੈਂਬਰ ਪੰਚਾਇਤ ਆਦਿ ਸੀਨੀਅਰ ਆਗੂ ਵੀ ਹਾਜ਼ਰ ਸਨ।

## ਸ਼ਹਿਰ ’ਚ ਸਫਾਈ ਦੇ ਨਾਕਸ ਪ੍ਰਬੰਧਾਂ ਕਾਰਨ ਲੋਕਾਂ ਦੇ ਨੱਕ ’ਚ ਦਮ





**ਕਲਾਨੌਰ (ਮਨਦੀਪ ਕੋਹਲੀ)**-ਕਲਾਨੌਰ ਇੱਕ ਇਤਿਹਾਸਿਕ ਕਸਬਾ ਹੈ ਜਿਸ ਵਿੱਚ ਪ੍ਰਾਚੀਨ ਸ਼ਿਵ ਮੰਦਿਰ ,ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਇਤਿਹਾਸਿਕ ਗੁਰਦੁਆਰਾ, ਸ਼੍ਰੀ ਬਾਵਾ ਲਾਲ ਦਿਆਲ ਜੀ ਦਾ ਤਪ ਸਥਾਨ ਤੋਂ ਇਲਾਵਾ ਅਕਬਰ ਬਾਦਸ਼ਾਹ ਦੀ ਜਿੱਥੇ ਤਾਜਪੋਸ਼ੀ ਹੋਈ ਸੀ ਉਹ ਵੀ ਸਥਾਨ ਕਲਾਨੌਰ ਵਿੱਚ ਹੀ ਸਥਿਤ ਹੈ ਪਰ ਮਾੜੀ ਕਿਸਮਤ ਕਲਾਨੌਰ ਦੀ ਕਿ ਸਫਾਈ ਪ੍ਰਬੰਧਾਂ ਨੂੰ ਲੈ ਕੇ ਕੋਈ ਵੀ ਪ੍ਰਸ਼ਾਸਨਿਕ ਅਧਿਕਾਰੀ ਇਸ ਵੱਲ ਧਿਆਨ ਨਹੀਂ ਦੇ ਰਿਹਾ। ਪਿਛਲੀਆਂ ਸਰਕਾਰਾਂ ਵੇਲੇ ਜਦੋਂ ਤੋਂ ਪੰਚਾਇਤਾਂ ਨੂੰ ਭੰਗ ਕੀਤਾ ਹੈ ਉਦੋਂ ਤੋਂ ਬਾਅਦ ਹੀ ਇੰਝ ਲੱਗ ਰਿਹਾ ਹੈ ਜਿਵੇਂ ਕਲਾਨੌਰ ਦਾ ਕੋਈ ਵੀ ਵਾਲੀ ਵਾਰਸ ਨਾ ਹੋਵੇ, ਕਲਾਨੌਰ ਵਿੱਚ ਜਿਹੜੇ ਪਾਸਿਓਂ ਮਰਜ਼ੀ ਐਂਟਰੀ ਕਰ ਲਓ ਤੁਹਾਨੂੰ ਕੂੜੇ ਦੇ ਢੇਰ ਨਜ਼ਰ ਆਉਣਗੇ ਅਤੇ ਬਾਜ਼ਾਰਾਂ ਵਿੱਚ ਵੀ ਕੂੜਾ ਲੱਗਾ ਹੁੰਦਾ ਹੈ ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਨਵਪ੍ਰੀਤ ਸਿੰਘ ਪਵਾਰ, ਅਮਨਪ੍ਰੀਤ ਸਿੰਘ, ਪਰਮਪ੍ਰੀਤ ਸਿੰਘ, ਜੋਗਿੰਦਰ ਸਿੰਘ ਫੌਜੀ, ਗੁਰਮੀਤ ਸਿੰਘ, ਪਰਮਜੀਤ ਵੈਦ ਆਦਿ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਕਲਾਨੌਰ ਵਿੱਚ ਸਫਾਈ ਪ੍ਰਬੰਧਾਂ ਦਾ ਬਹੁਤ ਮਾੜਾ ਹਾਲ ਹੈ ਕਲਾਨੌਰ ਵਿੱਚ ਨਾ ਕੋਈ ਸਰਪੰਚ ਹੈ ਤੇ ਨਾ ਕੋਈ ਮੈਂਬਰ ਹੈ। ਇਸ ਲਈ ਇਸ ਦੀ ਤਿੰਨ ਮੈਂਬਰੀ ਕਮੇਟੀ ਬਣਾਈ ਗਈ ਹੈ ਜਿਸ ਵਿੱਚ ਬੀਡੀਪੀਓ ਕਲੰਦਰ ਜ਼ਿਲ੍ਹਾ ਪਰਿਸ਼ਦ ਸੈਕਟਰੀ ਅਤੇ ਏਡੀਸੀ ਮੈਂਬਰ ਹਨ ਪਰ ਸਾਡੇ ਵੱਲੋਂ ਉਹਨਾਂ ਨੂੰ ਵੀ ਕਈ ਵਾਰ ਜਾ ਕੇ ਇਸ ਸਬੰਧੀ ਲਿਖਤੀ ਵੀ ਦੱਸਿਆ ਗਿਆ ਹੈ ਪਰ ਕੋਈ ਵੀ ਇਸ ਵੱਲ ਧਿਆਨ ਦੇ ਕੇ ਰਾਜ਼ੀ ਨਹੀਂ ਹੈ ਸਿਰਫ ਗੋਗਲੂਆਂ ਤੋਂ ਮਿੱਟੀ ਝਾੜਨ ਵਾਲਾ ਕੰਮ ਹੀ ਕਰਦੇ ਹਨ, ਇਸ ਸਬੰਧੀ ਸਫਾਈ ਕਰਨ ਵਾਲੇ ਠੇਕੇਦਾਰ ਸੁਰੇਸ਼ ਕੁਮਾਰ, ਕ੍ਰਿਸ਼ਨਾ, ਰਜਿੰਦਰ, ਬਬਲੂ ਆਦਿ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਲੋਕ ਸਾਰਾ ਕਚਰਾ ਜੀ ਪਲਾਸਟਿਕ ਦੇ ਲਿਫਾਫੇ, ਬੋਤਲਾਂ ਆਦਿ ਨਾਲੀਆਂ ਵਿੱਚ ਸੁੱਟ ਦਿੰਦੇ ਹਨ ਅਤੇ ਵੱਡੇ ਨਾਲਿਆਂ ਵਿੱਚ ਆ ਕੇ ਉਹ ਕਚਰਾ ਜਾਮ ਲਗਾ ਦਿੰਦਾ ਹੈ ਪਰ ਜਦੋਂ ਸਾਡੇ ਬੰਦਿਆਂ ਨੂੰ ਵੱਡੇ ਨਾਲੇ ਵਿੱਚ ਉਤਰਨਾ ਪੈਂਦਾ ਹੈ ਤਾਂ ਬੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਕਈ ਵਾਰ ਗੈਸ ਚੜ੍ਹਦੀ ਹੈ ਉਨ੍ਹਾਂ ਨੇ ਕਿਹਾ ਕਿ ਜੇਕਰ ਸਾਡੇ ਬੰਦਿਆਂ ਨਾਲ ਕੋਈ ਅਣਹੋਣੀ ਹੋ ਗਈ ਤਾਂ ਉਸਦਾ ਪ੍ਰਸ਼ਾਸਨ ਜਿੰਮੇਵਾਰ ਹੋਵੇਗਾ। ਸਫਾਈ ਪ੍ਰਬੰਧਾਂ ਸਬੰਧੀ ਜਦ ਕਲਾਨੌਰ ਦੇ ਬੀਡੀਪੀਓ ਮੈਡਮ ਜਸਬੀਰ ਕੌਰ ਨਾਲ ਗੱਲ ਕੀਤੀ ਤਾਂ ਉਹਨਾਂ ਨੇ ਕਿਹਾ ਕਿ ਪੰਚਾਇਤ ਸਕੱਤਰ ਮੌਕਾ ਵੇਖਣ ਜਾ ਰਿਹਾ ਹੈ।

## ਕਰਨਾਟਕ ਦੇ ਕੈਬਨਿਟ ਮੰਤਰੀ ਜਾਰਜ ਵੱਲੋਂ ਈਸਾਈ ਭਾਈਚਾਰੇ ਨਾਲ ਮੀਟਿੰਗ



**ਅੰਮ੍ਰਿਤਸਰ, (ਜਗਦੀਸ਼ ਕਮਲੇਸ਼)**-ਕਰਨਾਟਕ ਦੇ ਕੈਬਨਿਟ ਮੰਤਰੀ ਸ਼੍ਰੀ ਜਾਰਜ, ਸਾਬਕਾ ਮੰਤਰੀ ਅਤੇ ਸਾਬਕਾ ਸੰਸਦ ਮੈਂਬਰ ਜੇ. ਡੀ. ਸੀਲਮ ਨੇ ਅੰਮ੍ਰਿਤਸਰ ਵਿਖੇ ਈਸਾਈ ਭਾਈਚਾਰੇ ਨਾਲ ਮੀਟਿੰਗ ਕੀਤੀ।ਮੀਟਿੰਗ ਵਿੱਚ ਅੰਮ੍ਰਿਤਸਰ ਤੋਂ ਕਾਂਗਰਸ ਨਾਲ ਸਬੰਧਤ ਅਬਜ਼ਰਵਰ ਡਾ: ਸੁਭਾਸ਼ ਥੋਬਾ ਨੇ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕੀਤੀ।ਉਨ੍ਹਾਂ ਨਾਲ ਬਿਸ਼ਪ ਇਮੈਨੁਅਲ ਰਹਿਮਤ ਮਸੀਹ ਅਤੇ ਈਸਾਈ ਭਾਈਚਾਰੇ ਦੇ ਸੀਨੀਅਰ ਆਗੂ ਵੀ ਮੌਜੂਦ ਸਨ।ਇਸ ਮੌਕੇ ਜੇ. ਡੀ. ਸੀਲਮ ਨੇ ਕਿਹਾ ਕਿ ਇਸ ਵਾਰ ਕੇਂਦਰ ਵਿੱਚ ਕਾਂਗਰਸ ਦੀ ਸਰਕਾਰ ਬਣੇਗੀ।ਪਾਰਟੀ ਵਰਕਰ ਕਾਂਗਰਸ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਦਿਨ ਰਾਤ ਮਿਹਨਤ ਕਰ ਰਹੇ ਹਨ। ਡਾ: ਸੁਭਾਸ਼ ਵੀ ਪਾਰਟੀ ਦੇ ਉਮੀਦਵਾਰਾਂ ਦੇ ਹੱਕ ਵਿਚ ਲਗਾਤਾਰ ਚੋਣ ਪ੍ਰਚਾਰ ਵਿਚ ਲੱਗੇ ਹੋਏ ਹਨ ਅਤੇ ਉਹ ਪੰਜਾਬ ਦੇ ਕਈ ਹਿੱਸਿਆਂ ਵਿਚ ਵੀ ਲਗਾਤਾਰ ਬੈਠੇ ਹੋਏ ਹਨ।ਇਸ ਮੌਕੇ ਡਾ: ਸੁਭਾਸ਼ ਥੋਬਾ ਨੇ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਉਨ੍ਹਾਂ ਨੂੰ ਸੌਂਪੀ ਗਈ ਜ਼ਿੰਮੇਵਾਰੀ ਨੂੰ ਉਹ ਤਨਦੇਹੀ ਨਾਲ ਨਿਭਾ ਰਹੇ ਹਨ।ਕਾਂਗਰਸ ਪਾਰਟੀ ਦੇ ਸਾਰੇ ਉਮੀਦਵਾਰ ਜਿੱਤ ਯਕੀਨੀ ਬਣਾਉਣ ਲਈ ਦਿਨ-ਰਾਤ ਇੱਕ ਕਰ ਰਹੇ ਹਨ।ਘੱਟ ਗਿਣਤੀ ਭਾਈਚਾਰੇ ਨਾਲ ਸਬੰਧਤ ਮੁਸਲਮਾਨਾਂ, ਇਸਾਈਆਂ ਅਤੇ ਗੁਜਰ ਭਰਾਵਾਂ ਵਿੱਚ ਲਗਾਤਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।ਇਸ ਵਾਰ ਕੇਂਦਰ ਵਿੱਚੋਂ ਭਾਜਪਾ ਦਾ ਸਫਾਇਆ ਤੈਅ ਹੈ ਅਤੇ ਪੂਰੇ ਬਹੁਮਤ ਨਾਲ ਕਾਂਗਰਸ ਦੀ ਸਰਕਾਰ ਬਣੇਗੀ।ਡਾ: ਸੁਭਾਸ਼ ਸ਼ੋਭਾ ਨੇ ਪੰਜਾਬ ਘੱਟ ਗਿਣਤੀ ਕਮਿਸ਼ਨ ਵਿੱਚ ਕੰਮ ਕਰਕੇ ਪੰਜਾਬ ਭਰ ਵਿੱਚ ਘੱਟ ਗਿਣਤੀਆਂ ਲਈ ਕੰਮ ਕੀਤਾ ਹੈ।ਜੇ. ਡੀ. ਸੀਲਮ ਨੇ ਕਿਹਾ ਕਿ ਡਾ: ਸੁਭਾਸ਼ ਥੋਬਾ ਪੰਜਾਬ ਦਾ ਵੱਡਾ ਨਾਮ ਹੈ।ਉਨ੍ਹਾਂ ਦੀ ਅਗਵਾਈ ਹੇਠ ਪਾਰਟੀ ਵਰਕਰ ਚੋਣਾਂ ਜਿੱਤਣ ਲਈ ਦਿਨ-ਰਾਤ ਯਤਨਸ਼ੀਲ ਹਨ।ਇਸ ਮੌਕੇ ਦਰਸ਼ਨ ਮਾਹਲ, ਈ ਸਦਾਸ ਟੋਨੀ, ਨਿਆਮਤ ਸੂਫੀ, ਮਾਈਕਲ ਅਤੇ ਈਸਾਈ ਭਾਈਚਾਰੇ ਦੇ ਆਗੂ ਹਾਜ਼ਿਰ ਸਨ।

## ਸੰਤ ਨਿਰੰਕਾਰੀ ਮਿਸ਼ਨ ਵੱਲੋਂ ਲਗਾਏ ਕੈਂਪ ਦੌਰਾਨ 345 ਯੂਨਿਟ ਖ਼ੂਨਦਾਨ



**ਚੋਹਲਾ ਸਾਹਿਬ (ਰਮਨ ਚੱਢਾ)**-ਸੰਤ ਨਿਰੰਕਾਰੀ ਸਤਿਸੰਗ ਭਵਨ ਤਰਨ ਤਾਰਨ ਵਿਖੇ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਖ਼ੂਨਦਾਨ ਕੈਂਪ ਦਾ ਉਦਘਾਟਨ ਰਾਕੇਸ਼ ਸੇਠੀ ਜ਼ੋਨਲ ਇੰਚਾਰਜ ਸੰਤ ਨਿਰੰਕਾਰੀ ਮੰਡਲ, ਜ਼ੋਨ 13 ਏ ਅੰਮ੍ਰਿਤਸਰ ਨੇ ਆਪਣੇ ਕਰ ਕਮਲਾਂ ਨਾਲ ਕੀਤਾ. ਜਿਸ ਵਿੱਚ ਸੰਤ ਨਿਰੰਕਾਰੀ ਮਿਸ਼ਨ ਦੇ ਸ਼ਰਧਾਲੂ ਭਗਤਾਂ, ਸੇਵਾਦਾਰਾਂ ਦੁਆਰਾ ਸਵੈ-ਇੱਛਾ ਅਤੇ ਨਿਰਸਵਾਰਥ ਭਾਵ ਨਾਲ ਖ਼ੂਨਦਾਨ ਕੀਤਾ ਗਿਆ. ਰਾਕੇਸ਼ ਸੇਠੀ ਜੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਖ਼ੂਨਦਾਨ ਕੈਂਪ ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜਦੇ ਆਸ਼ੀਰਵਾਦਾਂ, ਪ੍ਰੇਰਨਾ ਅਤੇ ਸਿੱਖਿਆਵਾਂ ਸਦਕਾ ਲਗਾਇਆ ਜਾ ਰਿਹਾ ਹੇਠ ਅਜਿਹੇ ਖ਼ੂਨਦਾਨ ਕੈਂਪਾਂ ਦਾ ਆਯੋਜਨ ਨਿਰੰਕਾਰੀ ਮਿਸ਼ਨ ਵੱਲੋਂ ਸਾਰਾ ਸਾਲ ਅੰਮ੍ਰਿਤਸਰ ਜ਼ੋਨ ਸਮੇਤ ਦੇਸ਼ ਭਰ ਵਿੱਚ ਕੀਤਾ ਜਾਂਦਾ ਹੈ। ਇਸ ਸਾਲ 24 ਅਪ੍ਰੈਲ ਨੂੰ ਮਾਨਵ ਏਕਤਾ ਦਿਵਸ ’ਤੇ ਇਸ ਮਹਾਂ ਅਭਿਆਨ ਦੀ ਸ਼ੁਰੂਆਤ ਕਰਦਿਆਂ ਸਤਿਗੁਰੂ ਮਾਤਾ ਜੀ ਨੇ ਕਿਹਾ ਕਿ ਖ਼ੂਨਦਾਨ ਇੱਕ ਸਮਾਜਿਕ ਕਾਰਕ ਨਹੀਂ ਬਲਕਿ ਮਨੁੱਖਤਾ ਦਾ ਇੱਕ ਦੈਵੀ ਗੁਣ ਹੈ ਜੋ ਯੋਗਦਾਨ ਦੀ ਭਾਵਨਾ ਨੂੰ ਦਰਸਾਉਂਦਾ ਹੈ। ਖ਼ੂਨਦਾਨ ਨਿਰਸਵਾਰਥ ਸੇਵਾ ਦਾ ਅਜਿਹਾ ਸੁੰਦਰ ਉਪਦੇਸ਼ ਹੈ ਜਿਸ ਵਿੱਚ ਕੇਵਲ ਸਰਬੱਤ ਦੇ ਭਲੇ ਦੀ ਇੱਛਾ ਹੀ ਮਨ ਵਿੱਚ ਹੁੰਦੀ ਹੈ। ਫਿਰ ਦਿਲ ਵਿਚ ਇਹ ਭਾਵਨਾ ਪੈਦਾ ਨਹੀਂ ਹੁੰਦੀ ਕਿ ਸਿਰਫ਼ ਸਾਡੇ ਰਿਸ਼ਤੇਦਾਰ ਜਾਂ ਸਾਡਾ ਪਰਿਵਾਰ ਹੀ ਮਹੱਤਵਪੂਰਨ ਹੈ, ਸਗੋਂ ਸਾਰਾ ਸੰਸਾਰ ਸਾਡਾ ਪਰਿਵਾਰ ਬਣ ਜਾਂਦਾ ਹੈ। ਰਾਜੇਸ਼ ਕੁਮਾਰ ਸੰਯੋਜਕ, ਸੰਤ ਨਿਰੰਕਾਰੀ ਮੰਡਲ, ਭਿੱਖੀਵਿੰਡ ਨੇ ਦੱਸਿਆ ਕਿ ਨਿਰੰਕਾਰੀ ਮਿਸ਼ਨ ਵਿੱਚ ਖ਼ੂਨਦਾਨ ਕੈਂਪਾਂ ਦੀ ਸ਼ੁਰੂਆਤ 1986 ਵਿੱਚ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਨੇ ਆਪ ਖ਼ੂਨਦਾਨ ਕਰਕੇ ਕੀਤੀ ਅਤੇ ਖ਼ੂਨ ਨਾਲੀਆਂ ਵਿੱਚ ਨਹੀਂ ਸਗੋਂ ਨਾੜੀਆਂ ਵਿੱਚ ਵਹਿਣਾ ਚਾਹੀਦਾ ਹੈ ਦਾ ਸੰਦੇਸ਼ ਦਿੱਤਾ. ਨਿਰੰਕਾਰੀ ਮਹਾਤਮਾ ਆਪਣਾ ਖ਼ੂਨਦਾਨ ਕਰਕੇ ਸਮੁੱਚੀ ਮਨੁੱਖਤਾ ਨਾਲ ਆਪਣਾ ਰਿਸ਼ਤਾ ਕਾਇਮ ਕਰ ਰਹੇ ਹਨ। ਸਥਾਨਕ ਮੁਖੀ ਪ੍ਰੇਮ ਨੇ ਦੱਸਿਆ ਕਿ ਮਾਨਵ ਨੂੰ ਮਾਨਵ ਹੋਵੇ ਪਿਆਰਾ, ਇੱਕ ਦੂਜੇ ਦਾ ਬਣੀਏ ਸਹਾਰਾ ਦਾ ਸੰਦੇਸ਼ ਸਾਨੂੰ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਕੋਲੋਂ ਪ੍ਰਾਪਤ ਹੋਇਆ ਹੈ। ਸੰਤ ਨਿਰੰਕਾਰੀ ਮਿਸ਼ਨ ਲਗਾਤਾਰ ਇਹ ਉਪਰਾਲੇ ਕਰਦਾ ਆ ਰਿਹਾ ਹੈ ਅਤੇ ਇਸੇ ਲੜੀ ਵਿੱਚ ਇਸ ਖ਼ੂਨਦਾਨ ਕੈਂਪ ਵਿੱਚ ਸਿਵਲ ਹਸਪਤਾਲ, ਅੰਮ੍ਰਿਤਸਰ, ਬਲੱਡ ਬੈਂਕ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਅਤੇ ਸਿਵਲ ਹਸਪਤਾਲ, ਪੱਟੀ ਦੀ ਬਲੱਡ ਬੈਂਕ ਦੀ ਟੀਮ ਨੇ 345 ਯੂਨਿਟ ਖ਼ੂਨ ਇਕੱਤਰ ਕੀਤਾ. ਸ੍ਰੀ ਲਖਵਿੰਦਰ ਸਿੰਘ ਖੇਤਰੀ ਸੰਚਾਲਕ ਤਰਨਤਾਰਨ ਨੇ ਸੇਵਾਦਲ ਅਤੇ ਸਮੂਹ ਖ਼ੂਨਦਾਨੀਆਂ ਦਾ ਧੰਨਵਾਦ ਕੀਤਾ.

## ਫੱਜੂਪੁਰ ਦੇ ਪੰਚਾਂ ਸਮੇਤ ਕਈ ਪਰਿਵਾਰ ਕਾਂਗਰਸ ਛੱਡ ਕੇ ‘ਆਪ’ ’ਚ ਸ਼ਾਮਲ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਕਾਂਗਰਸ ਪਾਰਟੀ ਦਾ ਗੜ੍ਹ ਮੰਨੇ ਜਾਂਦੇ ਪਿੰਡ ਫੱਜੂਪੁਰ ਵਿੱਚ ਆਮ ਆਦਮੀ ਪਾਰਟੀ ਨੂੰ ਉਸ ਵੇਲੇ ਵੱਡਾ ਬਲ ਮਿਲਿਆ ਜਦੋਂ ਆਮ ਆਦਮੀ ਪਾਰਟੀ ਟਰੇਡ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਗਗਨਦੀਪ ਸਿੰਘ ਲੇਹਲ ਦੀ ਪ੍ਰੇਰਨਾ ਸਦਕਾ ਮੌਜੂਦਾ ਤਿੰਨ ਪੰਚਾਂ ਸਮੇਤ ਕਈ ਆਗੂ ਆਪਣੇ ਸਾਥੀਆਂ ਸਮੇਤ ਕਾਂਗਰਸ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ‘ਆਪ’ ਵਿੱਚ ਸਾਮਲ ਹੋਣ ਵਾਲਿਆਂ ਦਾ ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਪਾਰਟੀ ਵਿੱਚ ਆਉਣ ’ਤੇ ਸਵਾਗਤ ਕਰਦਿਆਂ ਉਨ੍ਹਾਂ ਨੂੰ ਸਿਰੋਪਾਓ ਪਾ ਕੇ ਸਨਮਾਨਿ ਕੀਤਾ। ਇਸ ਮੌਕੇ ਸ਼ੈਰੀ ਕਲਸੀ ਨੇ ਕਿਹਾ ਕਿ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਦਾ ਪਾਰਟੀ ਅੰਦਰ ਪੂਰਾ ਮਾਣ ਸਤਿਕਾਰ ਬਹਾਲ ਰੱਖਿਆ ਜਾਵੇਗਾ। ਇਸ ਮੌਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਪਿੰਡ ਫੱਜੂਪੁਰ ਦੇ ਪੰਚ ਕੁਲਦੀਪ ਜੱਜ, ਪੰਚ ਸਾਂਈ ਦਾਸ, ਪੰਚ ਬਲਜੀਤ ਕੌਰ ਦੇ ਪਤੀ ਦਿਲਬਾਗ ਸਿੰਘ, ਸਾਬਕਾ ਪੰਚ ਕੀਮਤੀ ਲਾਲ, ਭਾਗਵਿੰਦਰ ਉਰਫ ਗੰਜਾ ਪੁੱਤਰ ਸਾਬਕਾ ਸਰਪੰਚ ਦਰਸ਼ਨਾ ਭਗਤ, ਡਾਕਟਰ ਰਾਮ ਭਗਤ ਫਜੂੱਪੁਰ, ਗਾਰੀ ਲੇਹਲ ਅਤੇ ਕਮਲ ਪੁੱਤਰ ਪੰਚ ਚੰਦ ਰਾਣੀ ਆਦਿ ਸ਼ਾਮਲ ਹਨ। ਸ਼ਾਮਲ ਹੋਣ ਵਾਲਿਆਂ ਨੇ ਕਿਹਾ ਕਿ ਉਹ ‘ਆਪ’ ਦੇ ਟਰੇਡ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਗਗਨਦੀਪ ਸਿੰਘ ਲੇਹਲ ਦੀ ਪ੍ਰੇਰਨਾ ਅਤੇ ਆਮ ਆਦਮੀ ਪਾਰਟੀ ਦੀਆਂ ਲੋਕਪੱਖੀ ਨੀਤੀਆਂ, ਆਪ ਦੀ ਸੂਬਾ ਸਰਕਾਰ ਵਲੋਂ ਹਰ ਵਰਗ ਦੇ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਅਤੇ ਵਿਕਾਸ ਕਾਰਜਾਂ ਤੋਂ ਪ੍ਰਭਾਵਤ ਹੋ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਨ। ਉਹ 1 ਜੂਨ ਨੂੰ ਝਾੜੂ ਦਾ ਬਟਨ ਦਬਾ ਕੇ ਆਮ ਆਦਮੀ ਪਾਰਟੀ ਉਮੀਦਵਾਰ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੂੰ ਵੋਟਾਂ ਪਾ ਕੇ ਵੱਡੀ ਜਿਤਾ ਕੇ ਭੇਜਣਗੇ। ਇਸ ਮੌਕੇ ਪ੍ਰਧਾਨ ਗਗਨਦੀਪ ਸਿੰਘ ਲੇਹਲ ਨੇ ਕਿਹਾ ਆਮ ਆਦਮੀ ਪਾਰਟੀ ਦਾ ਕਾਫਲਾ ਦਿਨੋ ਦਿਨ ਵੱਧ ਰਿਹਾ ਹੈ ਅਤੇ ਹਲਕੇ ਦੇ ਲੋਕ ਨੌਜਵਾਨ ਉਮੀਦਵਾਰ ਸ਼ੈਰੀ ਕਲਸੀ ਨੂੰ ਵੜੀ ਡੀਡ ਨਾਲ ਜਿੱਤਾ ਕੇ ਪਾਰਲੀਮੈਂਟ ਭੇਜਣਗੇ।

## ਸੁਭਾਸ਼ ਸ਼ਰਮਾ ਦੇ ਹੱਕ ’ਚ ਕੀਤਾ ਘਰ-ਘਰ ਚੋਣ ਪ੍ਰਚਾਰ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਭਾਜਪਾ ਦੇ ਸ੍ਰੀ ਆਨੰਦਪੁਰ ਸਾਹਿਬ ਤੋਂ ਲੋਕ ਸਭਾ ਉਮੀਦਵਾਰ ਸੁਭਾਸ਼ ਸ਼ਰਮਾ ਦੇ ਹੱਕ ਵਿੱਚ ਘਰ ਘਰ ਜਾ ਕੇ ਭਾਜਪਾ ਦੇ ਕੀਤੇ ਹੋਏ ਕੰਮਾਂ ਬਾਰੇ ਦਸਦੇ ਹੋਏ ਚੋਣ ਪ੍ਰਚਾਰ ਕੀਤਾ ਗਿਆ ਅਤੇ ਸ਼ਹਿਰ ਵਿੱਚ ਘਰ-ਘਰ ਅਤੇ ਬਾਜ਼ਾਰਾਂ ਵਿੱਚ ਦੁਕਾਨਦਾਰਾਂ ਕੋਲ ਜਾ ਕੇ ਵੋਟਾਂ ਮੰਗੀਆਂ ਜਿਸ ਨਾਲ ਨਗਰ ਵਿੱਚ ਲੋੜੀਂਦੇ ਵਿਕਾਸ ਕਾਰਜ ਹੋ ਸਕੇ।ਇਸ ਮੌਕੇ ਅਮਰਜੀਤ ਭਿੰਦਾ ਜ਼ਿਲ੍ਹਾ ਉਪ ਪ੍ਰਧਾਨ, ਗੋਪਾਲ ਕਿਸ਼ਨ ਪਾਠਕ ਮੰਡਲ ਪ੍ਰਧਾਨ, ਬਲਵੀਰ ਸਿੰਘ ਮੰਡੇਰ ਮੰਡਲ ਉਪ ਪ੍ਰਧਾਨ, ਰਜਿੰਦਰ ਕੁਮਾਰ ਨੀਟੂ ਪ੍ਰਧਾਨ ਸ਼ਿਵ ਸੈਨਾ ਬਾਲ ਠਾਕਰੇ ਜੰਡਿਆਲਾ ਗੁਰੂ, ਰੋਹਿਤ ਭਾਰਤਵਾਜ ਜੰਡਿਆਲਾ ਗੁਰੂ ਆਦਿ ਹਾਜ਼ਿਰ ਸਨ।

## ਪੌਦੇ ਲਾਉਣਾ ਤੇ ਇਨ੍ਹਾਂ ਦੀ ਸਾਂਭ-ਸੰਭਾਲ ਸਾਡੀ ਜ਼ਿੰਮੇਵਾਰੀ : ਲਵ ਗੋਇਲ ਲਵਲੀ



**ਸਮਾਣਾ (ਗੁਰਪਿਆਰ ਸਿੰਘ ਬੱਲ)** ਸ਼ਿਵ ਸ਼ੰਕਰ ਯੂਥ ਸੇਵਾ ਦਲ ਰਜਿ: ਵੱਲੋਂ ਸ਼ਹਿਰ ਭਰ ’ਚ ਧਾਰਮਿਕ ਤੇ ਸਾਂਝੀਆਂ ਥਾਂਵਾਂ ’ਤੇ ਦਰੱਖਤ ਲਾਉਣ ਤੇ ਉਨ੍ਹਾਂ ਦੇ ਪਾਲਣ ਪੋਸ਼ਣ ਦੀ ਮੁਹਿਮ ਵਿੱਢੀ ਗਈ ਹੈ।ਇਸ ਲੜੀ ਤਹਿਤ ਸੰਸਥਾ ਵੱਲੋਂ ਦਰਗਾਹ ਲਾਲਾਂ ਵਾਲਾ ਪੀਰ ਤੇ ਗੁੱਗਾ ਮਾੜੀ ਸਰਾਂਪਤੀ ਵਿਖੇ ਵਾਤਾਵਰਣ ਨੂੰ ਹਰਿਆ-ਭਰਿਆ ਬਣਾਉਣ ਲਈ ਸੰਘਣੀ ਛਾਂ ਵਾਲੇ ਰੁੱਖ ਤੇ ਪੌਦੇ ਲਾਏ ਗਏ ਅਤੇ ਇਸ ਸ਼ੁਭ ਕਾਰਜ ਦੀ ਸ਼ੁਰੂਆਤ ਉੱਘੇ ਸਮਾਜ ਸੇਵੀ ਗੋਇਲ ਲਵਲੀ ਪੀ ਐਨ ਬੀ ਬੈਂਕ ਵਾਲਿਆਂ ਵੱਲੋਂ ਕੀਤੀ ਗਈ ਅਤੇ ਉਨ੍ਹਾਂ ਕਿਹਾ ਕਿ ਸੰਸਥਾ ਵੱਲੋਂ ਵਾਤਾਵਰਣ ਦੇ ਹਿੱਤ ਵਿੱਚ ਪੌਦੇ ਲਾਉਣ ਦੀ ਮੁਹਿਮ ਸ਼ਲਾਘਾਯੋਗ ਉਪਰਾਲਾ ਹੈ।ਇਸ ਮੌਕੇ ਰਜਿੰਦਰ ਫਤਿਹਪੁਰ, ਸੋਨੀ ਕਿੰਗ, ਸੁਰਜੀਤ ਸਿੰਘ ਦਈਆ ਤੇ ਗੁਰਚਰਨ ਚੰਨੀ ਵੱਲੋਂ ਸ਼ਿਵ ਸ਼ੰਕਰ ਯੂਥ ਸੇਵਾ ਦਲ ਅਤੇ ਪ੍ਰਧਾਨ ਰਮਨ ਮਹਿੰਦਰਾ ਦਾ ਦਰਗਾਹ ’ਤੇ ਪੌਦੇ ਲਾਉਣ ਲਈ ਧੰਨਵਾਦ ਕੀਤਾ ਗਿਆ।

## ਬਾਬਾ ਫਰੀਦ ਪਬਲਿਕ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਨੂੰ ਕੀਤਾ ਸਨਮਾਨਤ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਬਾਬਾ ਫਰੀਦ ਪਬਲਿਕ ਸਕੂਲ ਦੇ ਵਿਹੜੇ ’ਚ ਦਸਵੀਂ ਤੇ ਬਾਰਵੀਂ ਜਮਾਤ ’ਚੋਂ 90% ਤੇ ਉਸ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੇ ਨਾਲ ਨਾਲ ਉਨ੍ਹਾਂ ਦੇ ਮਾਪਿਆਂ ਨੂੰ ਵੀ ਸਮੁੱਚੀ ਮੈਨੇਜਮੈਂਟ ਕਮੇਟੀ ਪ੍ਰੈਜ਼ੀਡੈਂਟ ਸ੍ਰ. ਸਿਮਰਜੀਤ ਸਿੰਘ ਸੇਖੋਂ, ਸ੍ਰ. ਸੁਰਿੰਦਰ ਸਿੰਘ ਰੋਮਾਣਾ, ਸ੍ਰ. ਦੀਪਇੰਦਰ ਸਿੰਘ, ਸ੍ਰ. ਗੁਰਜਾਪ ਸਿੰਘ ਸੇਖੋਂ, ਸ੍ਰ. ਨਰਿੰਦਰਪਾਲ ਸਿੰਘ, ਡਾ. ਪ੍ਰਭਤੇਸ਼ਵਰ ਸਿੰਘ, ਮਿਸਿਜ਼ ਰਾਜਪਾਲ ਕੌਰ, ਮਿਸਿਜ਼ ਹਰਲੀਨ ਕੌਰ ਬਰਾੜ ਤੇ ਡਾ. ਤੇਜਸਵੀ ਕੌਰ ਦੁਆਰਾ ਲਗਭਗ 100 ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ।ਇਸ ਤੋਂ ਇਲਾਵਾ ਬਾਰਵੀਂ ਜਮਾਤ ਵਿੱਚੋਂ ਹਿਊਮੈਨਟੀਜ਼ ਸਟਰੀਮ ਵਿੱਚੋਂ ਰੂਪਨੀਤ ਕੌਰ, ਕਾਮਰਸ ਸਟਰੀਮ ਵਿੱਚੋਂ ਰਮਨਦੀਪ ਕੌਰ, ਮੈਡੀਕਲ ਸਟਰੀਮ ਵਿੱਚੋਂ ਨਵਦੀਪ ਸੰਧੂ ਤੇ ਨਾਨ-ਮੈਡੀਕਲ ਸਟਰੀਮ ਵਿੱਚੋਂ ਕਰਨ ਕੁਨਾਲ ਨੂੰ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰਨ ਤੇ 31000-31000 ਦੀ ਨਗਦ ਰਾਸ਼ੀ ਨਾਲ ਸਨਮਾਨਤ ਕੀਤਾ ਗਿਆ।ਇਸੇ ਤਰ੍ਹਾਂ ਹਰ ਸਟਰੀਮ ਵਿੱਚੋਂ ਦੂਜਾ ਦਰਜਾ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ 21000-21000 ਦੀ ਨਗਦ ਰਾਸ਼ੀ ਤੇ ਤੀਜਾ ਦਰਜਾ ਹਾਸਲ ਕਰਨ ਵਾਲਿਆਂ ਨੂੰ 11000-11000 ਦੀ ਨਗਦ ਰਾਸ਼ੀ ਨਾਲ ਸਨਮਾਨਤ ਕੀਤਾ ਗਿਆ।ਇਸੇਂ ਤਰ੍ਹਾਂ ਦਸਵੀਂ ਜਮਾਤ ਵਿੱਚੋਂ ਵੀ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀ ਆਸਥਾ ਗੁਪਤਾ 98.2%, ਮਹਿਕਪ੍ਰੀਤ ਕੌਰ 97.8% ਤੇ ਅਰਮਾਨ ਸ਼ਰਮਾ ਨੇ 96.4% ਅੰਕ ਹਾਸਲ ਕਰਕੇ ਕ੍ਰਮਵਾਰ 31000, 21000 ਤੇ 11 ਹਜ਼ਾਰ ਦੀ ਰਾਸ਼ੀ ਨਾਲ ਸਨਮਾਨਤ ਕੀਤਾ ਗਿਆ। ਅਦਾਰੇ ਦੇ ਚੇਅਰਮੈਨ ਸ੍ਰ. ਸਿਮਰਜੀਤ ਸਿੰਘ ਸੇਖੋਂ ਨੇ ਖੁਸ਼ ਹੁੰਦਿਆਂ ਅੱਜ ਦਸਵੀਂ ਜਮਾਤ ਦੀਆਂ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕਰਦੇ ਹੋਏ ਉਨ੍ਹਾਂ ਦੀ ਗਿਆਰਵੀਂ ਤੇ ਬਾਰਵੀਂ ਦੀ ਸੌ ਪ੍ਰਤੀਸ਼ਤ ਫੀਸ ਮਾਫ਼ ਕਰ ਦਿੱਤੀ ਹੈ।ਸਮੂਹ ਮੈਨੇਜਮੈਂਟ ਕਮੇਟੀ ਵੱਲੋਂ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਅਧਿਆਪਕਾਂ ਨੂੰ ਵੀ ਸਰਟੀਫਿਕੇਟ ਤੇ ਨਗਦ ਰਾਸ਼ੀ ਨਾਲ ਸਨਮਾਨਤ ਕੀਤਾ ਗਿਆ। ਦਿਨ ਰਾਤ ਸਖਤ ਮਿਹਨਤ ਕਰਨ ਵਾਲੇ ਕੋਆਰਡੀਨੇਟਰਜ਼, ਵਾਈਸ-ਪ੍ਰਿੰਸੀਪਲ ਤੇ ਪ੍ਰਿੰਸੀਪਲ ਨੂੰ ਵੀ ਮੈਨੇਜਮੈਂਟ ਕਮੇਟੀ ਵੱਲੋਂ ਸਨਮਾਨ ਚਿੰਨ੍ਹ ਦਿੱਤੇ ਗਏ।

## ਸੰਧੂ ਸਮੁੰਦਰੀ ਦੇ ਹੱਕ ’ਚ ਮੀਟਿੰਗ ਦੌਰਾਨ ਪਹੁੰਚੀ ਸਟਾਰ ਪ੍ਰਚਾਰਕ ਪ੍ਰੀਤੀ ਸਪਰੂ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਅਜਨਾਲਾ ਸ਼ਹਿਰ ਦੇ ਡੀਆਰ ਪੈਲੇਸ ਵਿੱਚ ਇੱਕ ਮਹਿਲਾ ਮੋਰਚਾ ਚੋਣ ਮੀਟਿੰਗ ਰੈਲੀ ਦਾ ਧਾਰਨ ਕਰ ਗਈ ਜੋ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਦੇ ਹੱਕ ਵਿੱਚ ਸਟਾਰ ਪ੍ਰਚਾਰਕ ਪ੍ਰੀਤੀ ਸਪਰੂ ਮੁੱਖ ਮਹਿਮਾਨ ਵਜੋਂ ਪੁੱਜੀ। ਉਨ੍ਹਾਂ ਨੇ ਬੋਲਦਿਆਂ ਇਸ ਮੌਕੇ ਕਿਹਾ ਕਿ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਦੇਸ਼ ਬਹੁਤ ਪਾਵਰਫੁੱਲ ਦੇਸ਼ ਬਣਿਆ ਹੈ। ਉਨ੍ਹਾਂ ਕਰਕੇ ਪਾਕਿਸਤਾਨ, ਚੀਨ ਅਤੇ ਹੋਰ ਮੁਲਕ ਹਿੰਦੁਸਤਾਨ ਤੋਂ ਡਰਦੇ ਹਨ। ਉਨ੍ਹਾਂ ਨੇ ਲੋਕਾਂ ਨੂੰ ਤਰਨਜੀਤ ਸਿੰਘ ਸੰਧੂ ਦੇ ਹੱਕ ’ਚ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਕਿਹਾ ਕਿ ਮੇਰਾ 40 ਸਾਲ ਤੋਂ ਪੰਜਾਬ ਨਾਲ ਗੂੜ੍ਹਾ ਰਿਸ਼ਤਾ ਹੈ, ਮੈਂ ਪੰਜਾਬੀ ਫਿਲਮਾਂ ਵਿੱਚ ਜਦੋਂ ਤੋਂ ਆਈ ਹਾਂ ਉਸ ਵਕਤ ਤੋਂ ਹੀ ਮੇਰਾ ਪੰਜਾਬ ਨਾਲ ਬਹੁਤ ਪਿਆਰ ਹੈ। ਮੈਂ ਪੰਜਾਬ ਦੇ ਲੋਕਾਂ ਨੂੰ ਸਪੈਸ਼ਲ ਇਹ ਦੱਸਣ ਆਈ ਹਾ ਕਿ ਆਪਣੀ ਵੋਟ 1 ਜੂਨ ਵਾਲੇ ਦਿਨ ਕਮਲ ਦੇ ਫੁੱਲ ਦੇ ਚੋਣ ਨਿਸ਼ਾਨ ’ਤੇ ਪਾ ਕੇ ਤਰਨਜੀਤ ਸਿੰਘ ਸੰਧੂ ਸਮੁੰਦਰੀ ਨੂੰ ਕਾਮਯਾਬ ਕਰੋ। ਮੈਨੂੰ ਆਸ ਹੈ ਕਿ ਠਾਠਾਂ ਮਾਰਦਾ ਲੋਕਾਂ ਦਾ ਇਕੱਠ ਭਾਜਪਾ ਨੂੰ ਮਜ਼ਬੂਤ ਕਰੇਗਾ। ਇਸ ਮੌਕੇ ਬੋਲਦਿਆਂ ਬੋਨੀ ਅਮਰਪਾਲ ਸਿੰਘ ਅਜਨਾਲਾ ਦੀ ਧਰਮ ਪਤਨੀ ਡਾਕਟਰ ਅਨੁਜੋਤ ਕੌਰ ਨੇ ਕਿਹਾ ਕਿ ਨਰਿੰਦਰ ਬਾਈ ਮੋਦੀ ਨੇ ਕਰਤਾਰਪੁਰ ਸਾਹਿਬ ਦਾ ਲਾਂਘਾ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਨ ਤੇ ਬਾਲ ਦਿਵਸ ਮਨਾਉਣਾ ਇਹ ਵੀ ਇੱਕ ਨਰਿੰਦਰ ਮੋਦੀ ਦੀ ਸੋਚ ਹੈ। ਉਨ੍ਹਾਂ ਦੀ ਇਸ ਸੋਚ ਦੇ ਮੱਦੇਨਜ਼ਰ ਆਪਣੀ ਇੱਕ ਇੱਕ ਕੀਮਤੀ ਵੋਟ ਭਾਰਤੀ ਜਨਤਾ ਪਾਰਟੀ ਨੂੰ ਪਾਇਓ। ਇਸ ਮੌਕੇ ਸੀਨੀਅਰ ਆਗੂ ਡਾਕਟਰ ਅਵਤਾਰ ਕੌਰ ਅਜਨਾਲਾ, ਬੀਬੀ ਜਗਦੀਸ਼ ਕੌਰ, ਬੀਬੀ ਰਣਬੀਰ ਕੌਰ ਰਾਣੋ, ਕੌਂਸਲਰ ਸਿੰਮੀ ਸਰੀਨ, ਕੁਲਬੀਰ ਕੌਰ, ਕੌਂਲਰ ਸੁਨੀਤਾ ਰਾਣੀ, ਰੇਨੂ ਅਰੋੜਾ, ਊਸ਼ਾ ਰਾਣੀ, ਮਹਿਕ ਅਰੋੜਾ, ਪੰਮੀ ਕੌਰ, ਸਾਰਿਕਾ, ਮੁਸਕਾਨ, ਮੰਨਤ, ਪ੍ਰਦੀਪ ਕੁਮਾਰ, ਬੰਟਾ ਬਾਬੂ, ਅਸ਼ੋਕ ਕੁਮਾਰ ਮੰਨਣ, ਐਡਵੋਕੇਟ ਸੰਦੀਪ ਕੌਸ਼ਲ, ਸੌਰਵ ਸਰੀਨ, ਵਿਨੋਦ ਅਰੋੜਾ, ਵਿਪਨ ਖੱਤਰੀ, ਲੱਕੀ ਬੇਦੀ, ਵਿਕਰਮ ਬੇਦੀ, ਦੀਪੂ ਅਰੋੜਾ, ਧਰਮਿੰਦਰ ਸਿੰਘ, ਪ੍ਰਿੰਸ ਬਾਬਾ, ਆਸ਼ੂ ਅਤੇ ਸਤਨਾਮ ਸਿੰਘ ਆਦਿ ਹਾਜ਼ਰ ਸਨ।

27-May-PAGE-4.qxd 5/26/2024 10:46 PM Page 1

ਨਵਾਂ ਜ਼ਮਾਨਾ
ਸੋਮਵਾਰ, 27 ਮਈ 2024

# ਵੋਟਰ ਵਧੇ ਪਰ ਵੋਟਿੰਗ ਘਟੀ

*ਭਾਰਤ 'ਚ 2024 ਦੀਆਂ ਲੋਕ ਸਭਾ ਚੋਣਾਂ ਲਈ ਤਕਰੀਬਨ 96 ਕਰੋੜ 80 ਲੱਖ ਵੋਟਰ ਵੋਟ ਪਾਉਣ ਦੇ ਯੋਗ ਸਨ ਜਦਕਿ 2019 'ਚ ਇਨ੍ਹਾਂ ਦੀ ਗਿਣਤੀ ਤਕਰੀਬਨ 89 ਕਰੋੜ 60 ਲੱਖ ਸੀ। 2019 ਵਿਚ ਪੰਜ ਗੇੜਾਂ 'ਚ 426 ਸੀਟਾਂ ਲਈ ਪੋਲਿੰਗ ਹੋਈ ਸੀ ਜਦਕਿ 2024 'ਚ 428 ਸੀਟਾਂ ਲਈ ਪੋਲਿੰਗ ਹੋਈ। ਚੋਣ ਕਮਿਸ਼ਨ ਵੱਲੋਂ ਪੰਜ ਗੇੜਾਂ ਤੱਕ ਹੋਈ ਪੋਲਿੰਗ ਦੇ ਮੁਹੱਈਆ ਕਰਾਏ ਗਏ ਅੰਕੜਿਆਂ ਤੋਂ ਸਾਹਮਣੇ ਆਇਆ ਹੈ ਕਿ 2024 ਵਿਚ 50.7 ਕਰੋੜ (50,78,97,288) ਵੋਟਾਂ ਪਈਆਂ ਜਦਕਿ 2019 ਵਿਚ 70.1 (70,16,69,757) ਵੋਟਾਂ ਪਈਆਂ ਸਨ। ਪਹਿਲੇ ਗੇੜ ਵਿਚ 102 ਸੀਟਾਂ ਲਈ 11,00,52,103 ਵੋਟਾਂ ਪਈਆਂ। 2019 ਵਿਚ 91 ਸੀਟਾਂ ਲਈ ਹੀ 14,20,54,978 ਵੋਟਾਂ ਪੈ ਗਈਆਂ ਸਨ। ਇਸ ਵਾਰ ਸੀਟਾਂ ਵਧਣ ਦੇ ਬਾਵਜੂਦ 3.2 ਕਰੋੜ (3.20,02,85) ਵੋਟਾਂ ਘੱਟ ਪਈਆਂ। ਦੂਜੇ ਗੇੜ 'ਚ 2019 ਵਿਚ 88 ਸੀਟਾਂ ਲਈ ਤੇ 2024 ਵਿਚ 95 ਸੀਟਾਂ ਲਈ ਵੋਟਾਂ ਪਈਆਂ। ਸੀਟਾਂ ਵਧਣ ਦੇ ਬਾਵਜੂਦ ਤਕਰੀਬਨ 4.9 ਕਰੋੜ (4,94,18,900) ਵੋਟਾਂ ਘੱਟ ਪਈਆਂ, ਜੋ ਕਿ ਹੈਰਾਨ ਕਰਨ ਵਾਲਾ ਅੰਕੜਾ ਹੈ। 2024 ਵਿਚ 10,58,30,572 ਵੋਟਾਂ ਪਈਆਂ ਜਦਕਿ 2019 ਵਿਚ 15,52,49,472 ਵੋਟਾਂ ਪਈਆਂ। ਤੀਜੇ ਗੇੜ ਵਿਚ 2019 ਵਿਚ 117 ਤੇ 2024 ਵਿਚ 93 ਸੀਟਾਂ ਲਈ ਪੋਲਿੰਗ ਹੋਈ ਸੀ। ਇਸ ਵਾਰ 2019 ਦੇ ਮੁਕਾਬਲੇ ਤਕਰੀਬਨ 7.5 ਕਰੋੜ (7,52,74,480) ਘੱਟ ਵੋਟਾਂ ਪਈਆਂ। 2019 ਵਿਚ 18,85,09,156 ਵੋਟਾਂ ਪਈਆਂ ਸਨ ਜਦਕਿ 2024 ਵਿਚ 11,32,34,676 ਵੋਟਾਂ ਪਈਆਂ। ਚੌਥੇ ਗੇੜ ਵਿਚ 96 ਸੀਟਾਂ ਲਈ 12,24,69,319 ਵੋਟਾਂ ਪਈਆਂ ਜਦਕਿ 2019 ਵਿਚ 72 ਸੀਟਾਂ ਲਈ 12,82,67,429 ਵੋਟਾਂ ਪਈਆਂ ਸਨ। ਪੰਜਵੇਂ ਗੇੜ 'ਚ 2024 'ਚ 49 ਸੀਟਾਂ ਲਈ 5,57,10,618 ਵੋਟਾਂ ਪਈਆਂ ਜਦਕਿ 2019 ਵਿਚ 51 ਸੀਟਾਂ ਲਈ 8,75,88,722 ਵੋਟਾਂ ਪਈਆਂ ਸਨ।*

*ਪੰਜ ਗੇੜਾਂ ਦੇ ਲੋਕ ਸਭਾ-ਵਾਰ ਇਹ ਅੰਕੜੇ ਚੋਣ ਕਮਿਸ਼ਨ ਨੇ ਵਿਆਪਕ ਅਲੋਚਨਾ ਤੇ ਮਾਮਲਾ ਸੁਪਰੀਮ ਕੋਰਟ ਤੱਕ ਪੁੱਜ ਜਾਣ ਤੋਂ ਬਾਅਦ ਜਾਰੀ ਕੀਤੇ ਹਨ। ਹਾਲਾਂਕਿ ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਦੀ ਇਹ ਗੱਲ ਮੰਨ ਲਈ ਕਿ ਇਸ ਪੜਾਅ 'ਤੇ ਉਸ ਵੱਲੋਂ ਸਟਾਫ ਦੀ ਕਮੀ ਕਾਰਨ ਅੰਕੜੇ ਆਪਣੀ ਵੈੱਬਸਾਈਟ 'ਤੇ ਅਪਲੋਡ ਕਰਨੇ ਸੰਭਵ ਨਹੀਂ ਹੋਣਗੇ ਪਰ ਜਾਰੀ ਅੰਕੜਿਆਂ ਮੁਤਾਬਕ ਇਹ ਸਾਬਤ ਹੋ ਗਿਆ ਹੈ ਕਿ ਵੋਟਾਂ ਕਾਫੀ ਘੱਟ ਪਈਆਂ ਹਨ।*

*ਵੋਟਰਾਂ ਨੂੰ ਬੂਥਾਂ ਤੱਕ ਲਿਆਉਣ ਲਈ ਚੋਣ ਕਮਿਸ਼ਨ ਕੋਲ ਕਰੋੜਾਂ ਦਾ ਬਜਟ ਹੈ ਪਰ ਫਿਰ ਵੀ ਵੋਟਰ ਬੂਥਾਂ 'ਤੇ ਨਹੀਂ ਆਏ। ਕੀ ਇਸ ਦਾ ਮਤਲਬ ਇਹ ਤਾਂ ਨਹੀਂ ਕਿ ਸੱਤਾ-ਵਿਰੋਧੀ ਲਹਿਰ ਨੂੰ ਦੇਖਦਿਆਂ ਚੋਣਾਂ ਇਸ ਕਰਕੇ ਗਰਮੀਆਂ 'ਚ ਕਰਾਈਆਂ ਗਈਆਂ ਕਿ ਵੋਟਰ ਖੁੱਲ੍ਹ ਕੇ ਵੋਟ ਨਾ ਪਾ ਸਕਣ। ਏਨੇ ਤਪਦੇ ਮੌਸਮ 'ਚ ਪੋਲਿੰਗ ਕਰਾਉਣ ਨਾਲ ਜਮਹੂਰੀਅਤ ਨੂੰ ਕਾਫੀ ਠੇਸ ਪੁੱਜੀ ਹੈ ਕਿਉਂਕਿ ਲੋਕ ਆਪਣੀ ਪਸੰਦ ਦਾ ਪੂਰਾ ਪ੍ਰਗਟਾਵਾ ਨਹੀਂ ਕਰ ਸਕੇ। ਵੋਟਿੰਗ 'ਚ ਭਾਰੀ ਕਮੀ ਨਾਲ ਸੱਤਾਧਾਰੀਆਂ ਨੂੰ ਪ੍ਰਤੱਖ ਲਾਭ ਹੋਇਆ ਹੈ।*

## ਪਾਠਕ-ਸੱਥ

### ਚੰਗੇ ਕਿਰਦਾਰ

ਚੋਣਾਂ ਦਾ ਅਮਲ ਬੜੇ ਜ਼ੋਰ-ਸ਼ੋਰ ਨਾਲ਼ ਚੱਲ ਰਿਹਾ ਹੈ। ਹਰ ਉਮੀਦਵਾਰ ਆਪਣੇ-ਆਪਣੇ ਢੰਗ ਨਾਲ ਚੋਣ ਪ੍ਰਚਾਰ ਵਿੱਚ ਲੱਗਿਆ ਹੋਇਆ ਹੈ। ਲੋਕਾਂ ਨੂੰ ਲੁਭਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵੱਖ ਵੱਖ ਰਾਜਨੀਤਿਕ ਪਾਰਟੀਆਂ ਨਾਲ ਸੰਬੰਧਿਤ ਉਮੀਦਵਾਰ ਆਪਣੇ ਭਾਸ਼ਨਾਂ ਵਿੱਚ ਜਨਤਾ ਨੂੰ ਵੱਧ ਤੋਂ ਵੱਧ ਸਹੂਲਤਾਂ ਦੇਣ ਦੇ ਵਾਅਦੇ ਬੜੇ ਜੋਸ਼ ਨਾਲ ਕਰ ਰਹੇ ਹਨ। ਕੀ ਲੋਕਾਂ ਨੂੰ ਕੁਝ ਸਹੂਲਤਾਂ ਹੀ ਚਾਹੀਦੀਆਂ ਹਨ.?

ਅਸਲ ਅਰਥਾਂ ਵਿੱਚ ਜਿਹੜੇ ਮੁੱਦਿਆਂ ਦੀ ਚਰਚਾ ਹੋਣੀ ਚਾਹੀਦੀ ਹੈ, ਉਹ ਪੂਰੇ ਦੇਸ਼ ਦੇ ਇਸ ਚੋਣ ਦੰਗਲ ਵਿੱਚੋਂ ਗਾਇਬ ਹਨ ਸਾਰੇ ਸੰਜੀਦਾ ਮੁੱਦੇ ਹਨ ਜਿਨ੍ਹਾਂ ਨੂੰ ਹਰੇਕ ਪਾਰਟੀ ਦੇ ਚੋਣ ਮੈਨੀਫੈਸਟੋ ਵਿੱਚ ਹੋਣਾ ਚਾਹੀਦਾ ਹੈ। ਇਨ੍ਹਾਂ ਵਿੱਚੋਂ ਸਿਹਤ ਤੇ ਸਿੱਖਿਆ ਸਭ ਤੋਂ ਅਹਿਮ ਹਨ। ਕਿਤੇ ਵੀ, ਕਿਸੇ ਵੀ ਰਾਜਨੀਤਿਕ ਪਾਰਟੀ ਦੇ ਉਮੀਦਵਾਰ ਦੇ ਮੂੰਹੋਂ ਚੰਗੀਆਂ ਸਿਹਤ ਸਹੂਲਤਾਂ ਤੇ ਮਿਆਰੀ ਸਿੱਖਿਆ ਦੇਣ ਦੀ ਗੱਲ ਨਹੀਂ ਕੀਤੀ ਜਾ ਰਹੀ। ਇੱਕ ਪਾਰਟੀ ਦੇ ਨੇਤਾ ਨੇ ਦੂਜੀ ਪਾਰਟੀ ਦੇ ਨੇਤਾ ਨੂੰ ਕਿਵੇਂ ਨੀਵਾਂ ਦਿਖਾਉਣਾ ਹੈ, ਇਹ ਚਾਲਾਂ ਚੱਲੀਆਂ ਜਾ ਰਹੀਆਂ ਹਨ।ਪਹਿਲਾਂ ਪਹਿਲ ਸਾਨੂੰ ਸਾਡੇ ਨੇਤਾਵਾਂ ਵਿੱਚੋਂ ਇੱਕ ਆਦਰਸ਼ ਨੇਤਾ ਹੋਣ ਦੀ ਝਲਕ ਮਿਲਦੀ ਸੀ ਪਰ ਹੁਣ ਬਹੁਤੇ ਨੇਤਾਵਾਂ ਦਾ ਆਪਣਾ ਕੋਈ ਕਿਰਦਾਰ ਨਹੀਂ ਰਿਹਾ। ਉਹ ਜਨਤਾ ਦੀ ਸੇਵਾ ਕਰਨ ਦਾ ਢੌਂਗ ਕਰਦੇ ਨਜ਼ਰ ਆਉਂਦੇ ਹਨ। ਚੰਗੇ ਕਿਰਦਾਰ ਭਾਲਿਆਂ ਵੀ ਨਹੀਂ ਲੱਭਦੇ। ਇਹ ਸਭ ਤੋਂ ਵੱਡੀ ਤ੍ਰਾਸਦੀ ਹੈ।

*-ਲਾਭ ਸਿੰਘ ਸ਼ੇਰਗਿੱਲ (ਸੰਗਰੂਰ)*

### ਪ੍ਰਵਾਸੀ ਮਜ਼ਦੂਰਾਂ ਦੀ ਚਿੰਤਾ

ਦੇਸ਼ ਵਿੱਚ ਵੋਟਾਂ ਦਾ ਤਿਉਹਾਰ ਚਲ ਰਿਹਾ ਹੈ। ਜਿਥੇ ਨੌਜਵਾਨ ਵੋਟਾਂ ਪਾਉਣ ਲਈ ਉਤਸ਼ਾਹ ਦਿਖਾ ਰਹੇ ਹਨ ਉਥੇ ਕੁਝ ਪ੍ਰਵਾਸੀ ਮਜ਼ਦੂਰਾਂ ਦੀ ਚਿੰਤਾ ਵੀ ਧਿਆਨ ਮੰਗਦੀ ਹੈ। ਬਿਹਾਰ ਰਾਜ ਦੇ ਬਹੁਤੇ ਮਜ਼ਦੂਰ ਕੰਮ ਦੀ ਭਾਲ ਵਿੱਚ ਦੂਜੇ ਰਾਜਾਂ ਵੱਲ ਪ੍ਰਵਾਸ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਵੋਟਾਂ ਤੋਂ ਉਨ੍ਹਾਂ ਨੇ ਕੀ ਲੈਣਾ, ਚੋਣਾਂ ਤਾਂ ਨੇਤਾਵਾਂ ਲਈ ਹਨ। ਉਨ੍ਹਾਂ ਨੇ ਜਿੱਤਣਾ ਹੈ ਅਤੇ ਉਨ੍ਹਾਂ ਨੇ ਹੀ ਸੱਤਾ ਸੰਭਾਲਣੀ ਹੈ।ਇਕ ਵਾਰ ਵੋਟ ਲੈ ਕੇ ਉਹ ਕੁਰਸੀ ਦਾ ਆਨੰਦ ਮਾਨਣਗੇ, ਪ੍ਰੰਤੂ ਸਾਡੀ ਹਾਲਤ ਵਿੱਚ ਕੋਈ ਸੁਧਾਰ ਨਹੀਂ ਆਵੇਗਾ। ਬਿਹਾਰ ਦੇ ਵਾਸੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਲਈ ਬਿਹਾਰ ਵਿੱਚ ਕੰਮ ਖ਼ਾਸ ਕਰਕੇ ਫੈਕਟਰੀਆਂ ਬਹੁਤ ਘੱਟ ਹਨ, ਇਸ ਕਰਕੇ ਉਨ੍ਹਾਂ ਨੂੰ ਰੋਜ਼ੀ ਰੋਟੀ ਲਈ ਦੂਜੇ ਰਾਜਾਂ ਵਿੱਚ ਜਾਣਾ ਪੈਂਦਾ ਹੈ।ਉਹ ਦੂਜੇ ਰਾਜਾਂ ਵਿੱਚ ਜਾ ਕੇ ਖ਼ੇਤਾਂ ਦੇ ਨਾਲ ਨਾਲ ਪਸ਼ੂ ਪਾਲਣ ਅਤੇ ਫੈਕਟਰੀਆਂ ਵਿੱਚ ਕੰਮ ਕਰਦੇ ਹਨ। ਇਨ੍ਹਾਂ ਮਜ਼ਦੂਰਾਂ ਦੀ ਸਮੱਸਿਆ ਜਾਇਜ਼ ਹੈ ਕਿਉਂਕਿ ਵੋਟਾਂ ਤਾਂ ਪੈਂਦੀਆਂ ਹੀ ਰਹਿੰਦੀਆਂ ਹਨ, ਪਰੰਤੂ ਅੱਜ ਵੀ ਭਾਰਤ ਦੇ ਅੱਸੀ ਕਰੋੜ ਲੋਕ ਰੋਜ਼ੀ ਰੋਟੀ ਲਈ ਹਰ ਰੋਜ਼ ਸੰਘਰਸ਼ ਕਰਦੇ ਦਿਖ ਰਹੇ ਹਨ। ਉਨ੍ਹਾਂ ਨੂੰ ਕੰਮ ਦੀ ਭਾਲ ਲਈ ਕਈ ਕਈ ਮੀਲ ਪੈਦਲ ਸਫ਼ਰ ਵੀ ਕਰਨਾ ਪੈਂਦਾ ਹੈ। ਕਰੋਨਾ ਕਾਲ ਇਸ ਦੀ ਉਦਾਹਰਨ ਹੈ ਜਿਸ ਵਿੱਚ ਪ੍ਰਵਾਸੀ ਮਜ਼ਦੂਰ ਤਾਲਾਬੰਦੀ ਦੌਰਾਨ ਵੀ ਕਈ ਮੀਲ ਸਫ਼ਰ ਕਰਦੇ ਰਹੇ।ਆਮਦਨ ਵਿੱਚ ਅਸਮਾਨਤਾ ਦੇਸ਼ ਵਿੱਚ ਕੁਝ ਇਸ ਤਰ੍ਹਾਂ ਹੈ ਕਿ ਚਾਰ ਪ੍ਰਤੀਸ਼ਤ ਲੋਕਾਂ ਕੋਲ ਤਾਂ ਕੁੱਲ ਆਮਦਨ ਦਾ ਸੱਤਰ ਪ੍ਰਤੀਸ਼ਤ ਤੋਂ ਜ਼ਿਆਦਾ ਆਮਦਨ ਹੈ ਜਦਕਿ ਬਾਕੀ ਆਬਾਦੀ ਕੋਲ ਤੀਹ ਪ੍ਰਤੀਸ਼ਤ ਹੀ ਕੁੱਲ ਪੂੰਜੀ ਦਾ ਹਿੱਸਾ ਹੈ।ਇਕ ਪਾਸੇ ਤਾਂ ਭ੍ਰਿਸ਼ਟਾਚਾਰੀਆਂ ਕੋਲ ਕਾਲੇ ਧਨ ਦੇ ਅੰਬਾਰ ਲੱਗੇ ਪਏ ਹਨ ਜਦਕਿ ਦੂਜੇ ਪਾਸੇ ਆਮ ਵਿਅਕਤੀ ਦੋ ਵਕਤ ਦੀ ਰੋਟੀ ਲਈ ਵੀ ਸੰਘਰਸ਼ ਕਰਦਾ ਦੁਨੀਆ ਤੋਂ ਰੁਖ਼ਸਤ ਹੋ ਜਾਂਦਾ ਹੈ। ਉਸ ਲਈ ਸਿੱਖਿਆ ਅਤੇ ਸਿਹਤ ਦੀਆਂ ਗੱਲਾਂ ਬਹੁਤ ਦੂਰ ਹਨ।

ਵੋਟ ਪਾਉਣਾ ਜ਼ਰੂਰੀ ਹੈ ਇਹ ਸਾਡਾ ਹੱਕ ਹੈ। ਦੇਸ਼ ਦੇ ਲੋਕਤੰਤਰ ਨੇ ਸਾਨੂੰ ਇਹ ਅਧਿਕਾਰ ਦਿੱਤਾ ਹੈ ਕਿ ਅਸੀਂ ਆਪਣਾ ਉਮੀਦਵਾਰ ਨਿਧੜਕ ਚੁਣਨ ਸਕੀਏ। ਦੇਸ਼ ਦੇ ਹਾਲਾਤ ਸਾਡੇ ਸਾਹਮਣੇ ਹਨ। ਦੇਸ਼ ਨੂੰ ਰੋਜ਼ਗਾਰ, ਸਿਹਤ, ਸਿੱਖਿਆ, ਪੁਲਾੜ, ਵਿਗਿਆਨ, ਵਾਤਾਵਰਣ ਅਤੇ ਮਹਿੰਗਾਈ ਨੂੰ ਕੰਟਰੋਲ ਕਰਨ ਲਈ ਅਜੇ ਹੋਰ ਮਜ਼ਬੂਤ ਕਦਮ ਪੁੱਟਣ ਦੀ ਜ਼ਰੂਰਤ ਹੈ। ਆਉ ਸਾਰੇ ਰਲ ਮਿਲ ਕੇ ਵੋਟ ਪਾਈਏ ਜ਼ਰੂਰ ਪਰ ਸੋਚ ਸਮਝ ਕੇ ਦੇਸ਼ ਦੇ ਵਿਕਾਸ ਅਤੇ ਹਾਲਾਤ ਨੂੰ ਧਿਆਨ ਵਿੱਚ ਰੱਖਦੇ ਹੋਈਏ ਤਾਂ ਜੋ ਦੇਸ਼ ਦਾ ਹਰ ਇੱਕ ਨਾਗਰਿਕ ਖੁਸ਼ਹਾਲ ਦੀ ਜ਼ਿੰਦਗੀ ਜੀ ਸਕੇ।

**- ਰਜਵਿੰਦਰ ਪਾਲ ਸ਼ਰਮਾ, 70873-67969**

# ਲੋਕ ਰਾਜ ਦੀ ਰਾਖੀ ਲਈ ਮੋਦੀ ਨੂੰ ਹਰਾਉਣਾ ਜ਼ਰੂਰੀ



**ਮੰਗਤ ਰਾਮ ਪਾਸਲਾ**

ਪ੍ਰਧਾਨ ਮੰਤਰੀ ਮੋਦੀ ਜੀ ਨੇ ਲੰਘੀ 23 ਅਤੇ 24 ਮਈ ਨੂੰ ਹਰਿਆਣਾ ਤੇ ਪੰਜਾਬ 'ਚ ਹੋਈਆਂ ਚੋਣ ਰੈਲੀਆਂ 'ਚ ਅਜਿਹੇ ਭਾਸ਼ਣ ਦਿੱਤੇ ਹਨ, ਜਿਹੜੇ ਉਨ੍ਹਾਂ ਵੱਲੋਂ ਪਹਿਲਾਂ ਦਿੱਤੇ ਗਏ ਤੱਥਾਂ ਰਹਿਤ, ਭੜਕਾਊ, ਝੂਠੇ ਤੇ ਧਾਰਮਿਕ ਘੱਟ-ਗਿਣਤੀਆਂ ਵਿਰੁੱਧ ਕੀਤੇ ਜਾ ਰਹੇ ਨਫਰਤੀ ਪ੍ਰਚਾਰ ਨਾਲ ਨੱਕੋ-ਨੱਕ ਭਰੇ ਸਾਰੇ ਭਾਸ਼ਣਾਂ ਦੀਆਂ ਸਾਰੀਆਂ ਨੀਵਾਣਾਂ ਨੂੰ ਪਾਰ ਕਰ ਗਏ ਹਨ। ਆਜ਼ਾਦ ਭਾਰਤ ਦੇ ਲੋਕਾਂ ਨੇ ਵੱਖੋ-ਵੱਖ ਰਾਜਨੀਤਕ ਦਲਾਂ ਨਾਲ ਸੰਬੰਧਤ ਅਨੇਕਾਂ ਪ੍ਰਧਾਨ ਮੰਤਰੀਆਂ ਦੇ ਉਨ੍ਹਾਂ ਭਾਸ਼ਣਾਂ ਨੂੰ ਸੁਣਿਆ ਹੈ, ਜਿਨ੍ਹਾਂ ਦੇ ਸਾਰਤੱਤ ਨਾਲ ਬਹੁਤ ਸਾਰੀਆਂ ਰਾਜਸੀ ਧਿਰਾਂ ਦੇ ਬੇਸ਼ੱਕ ਡੂੰਘੇ ਮੱਤਭੇਦ ਸਨ, ਪ੍ਰੰਤੂ ਫਿਰ ਵੀ ਉਨ੍ਹਾਂ ਭਾਸ਼ਣਾਂ ਵਿਚ ਕੁੱਝ ਨਾ ਕੁੱਝ ਸੁਣਨਯੋਗ ਜ਼ਰੂਰ ਹੁੰਦਾ ਸੀ। ਮੋਦੀ ਸਾਹਿਬ ਨੂੰ ਤਾਂ ਉਨ੍ਹਾਂ ਦੇ 'ਅੰਧ ਭਗਤਾਂ ਦੀਆਂ ਤਾਲੀਆਂ ਤੇ ਜੈਕਾਰਿਆਂ ਨੇ ਏਨਾ ਅਭਿਮਾਨੀ, ਸਵੈ ਕੇਂਦਰਤ ਤੇ ਗੈਰ ਸੰਵੇਦਨਸ਼ੀਲ ਬਣਾ ਦਿੱਤਾ ਹੈ ਕਿ ਉਹ ਨਿੱਤ ਨਵੇਂ ਦਿਨ ਕੁਝ ਐਸਾ ਬੋਲ ਜਾਂਦੇ ਹਨ, ਜੋ ਸਿਰਫ ਸੱਚਾਈ ਤੋਂ ਕੋਹਾਂ ਦੂਰ ਹੀ ਨਹੀਂ ਹੁੰਦਾ, ਬਲਕਿ ਇਨ੍ਹਾਂ ਕੁਬੋਲਾਂ ਰਾਹੀਂ ਚੋਣ ਜ਼ਾਬਤੇ ਦੀਆਂ ਵੀ ਸ਼ਰੇਆਮ ਧੱਜੀਆਂ ਉਡਾਈਆਂ ਗਈਆਂ ਹੁੰਦੀਆਂ ਹਨ।

ਸਿਰੇ ਦੇ ਸੰਵਿਧਾਨ ਵਿਰੋਧੀ, ਅਨੈਤਿਕ ਤੇ ਸਮਾਜ ਅੰਦਰ ਫਿਰਕੂ ਜ਼ਹਿਰ ਘੋਲਣ ਵਾਲੇ ਮੋਦੀ ਦੇ ਇਨ੍ਹਾਂ ਭਾਸ਼ਣਾਂ ਨੂੰ ਭਾਰਤ ਦਾ ਚੋਣ ਕਮਿਸ਼ਨ ਜਿਵੇਂ ਮੂਕ ਦਰਸ਼ਕ ਬਣ ਕੇ ਦੇਖ ਰਿਹਾ ਹੈ, ਉਸ ਬਾਰੇ ਤਾਂ ਉਹ 'ਵਧਾਈ ਦਾ ਪਾਤਰ' ਹੀ ਕਿਹਾ ਜਾ ਸਕਦਾ ਹੈ! ਚੋਣ ਪ੍ਰਚਾਰ ਦੇ ਅੰਤਲੇ ਦੌਰ ਦੇ ਉਪਰੋਕਤ ਭਾਸ਼ਣਾਂ 'ਚ ਪ੍ਰਧਾਨ ਮੰਤਰੀ ਨੂੰ ਆਪਣੇ ਨਾਂਅ 'ਨਰਿੰਦਰ ਮੋਦੀ' ਦਾ ਏਨੀ ਵਾਰ ਦੁਹਰਾਅ ਕਰਨਾ ਪੈ ਰਿਹਾ ਹੈ, ਜਿਸ ਤੋਂ ਉਨ੍ਹਾਂ ਦੇ ਅੱਤ ਦੇ ਹੰਕਾਰੀ ਤੇ ਫਾਸ਼ੀ ਸੁਭਾਅ ਦਾ ਪ੍ਰਮਾਣ ਮਿਲਦਾ ਹੈ। ਕੀ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਆਟਾ-ਦਾਲ ਵਰਗੀਆਂ ਨਿਗੂਣੀਆਂ ਜਿਹੀਆਂ 'ਖੈਰਾਤਾਂ' ਮੋਦੀ ਜੀ ਆਪਣੀ ਨਿੱਜੀ ਕਮਾਈ ਜਾਂ ਪਰਵਾਰ ਦੀ ਜਾਇਦਾਦ ਜਾਂ ਪਾਰਟੀ ਦੇ ਖਜ਼ਾਨੇ 'ਚੋਂ ਦੇ ਰਹੇ ਹਨ? ਵਾਰ-ਵਾਰ ਆਪਣੇ ਨਾਂਅ ਦਾ ਰਟਣ ਮੰਤਰ ਕਰਨਾ ਜਿੱਥੇ ਪ੍ਰਧਾਨ ਮੰਤਰੀ ਮੋਦੀ ਦੇ ਮਨ ਅੰਦਰਲੇ ਲੋਕ ਸਭਾ ਚੋਣਾਂ ਅੰਦਰ ਹਾਰ ਦੇ ਡਰ ਨੂੰ ਸਪੱਸ਼ਟ ਉਜਾਗਰ ਕਰਦਾ ਹੈ, ਉੱਥੇ ਨਾਲ ਹੀ ਉਨ੍ਹਾਂ ਦੀ ਹੰਕਾਰੀ, ਸਵੈ ਪ੍ਰਸੰਸਾ ਵਾਲੀ ਫਾਸ਼ੀ ਰੁਚੀ ਨੂੰ ਵੀ ਦਰਸਾਉਂਦਾ ਹੈ। ਇਤਿਹਾਸ ਗਵਾਹ ਹੈ, ਤਾਨਾਸ਼ਾਹੀ ਮਾਨਸਿਕਤਾ ਵਾਲਾ ਹਰ ਵਿਅਕਤੀ ਸਿਰੇ ਦਾ ਹੰਕਾਰੀ ਹੋਣ ਦੇ ਨਾਲ-ਨਾਲ ਓਨਾ ਹੀ ਡਰਪੋਕ ਵੀ ਹੁੰਦਾ ਹੈ। ਇਹ ਦੋਨੋਂ 'ਗੁਣ' ਇਕ-ਦੂਜੇ ਦੇ ਪੂਰਕ ਹਨ।

ਹਰਿਆਣਾ ਤੇ ਪੰਜਾਬ ਵਿਚਲੇ ਚੋਣ ਜਲਸਿਆਂ ਵਿਚਕਾਰ ਸ਼ਾਇਦ ਇਕ-ਦੋ ਘੰਟੇ ਦਾ ਹੀ ਅੰਤਰ ਰਿਹਾ ਹੋਵੇਗਾ। ਪ੍ਰੰਤੂ ਮੋਦੀ ਜੀ ਅੱਖ ਦੇ ਫੋਰ 'ਚ ਸਥਾਨਕ ਵੋਟਰਾਂ ਵਰਗਾ ਪਹਿਰਾਵਾ ਬਦਲਣ ਦੇ ਬੜੇ ਮਾਹਰ ਹਨ। ਇਸੇ ਲਈ 23 ਮਈ ਨੂੰ ਪਟਿਆਲਾ 'ਚ ਉਹ ਪੱਗੜੀ ਬੰਨ੍ਹ ਕੇ 'ਪ੍ਰਗਟ' ਹੋਏ ਸਨ। 24 ਮਈ ਨੂੰ ਦੀਨਾਨਗਰ ਦੀ ਰੈਲੀ 'ਚ ਬਿਨਾਂ ਪੱਗੜੀ ਤੋਂ ਤੇ ਸਿਰਫ ਅੱਧੇ ਘੰਟੇ ਬਾਅਦ ਜਲੰਧਰ ਰੈਲੀ 'ਚ ਉਨ੍ਹਾਂ ਫਿਰ ਪੱਗੜੀ ਬੰਨ੍ਹ ਕੇ 'ਦਰਸ਼ਨ ਦਿੱਤੇ' ਸਨ। ਕਿਸੇ ਨੂੰ ਉਨ੍ਹਾਂ ਦੇ ਪਹਿਰਾਵੇ 'ਤੇ ਕੋਈ ਉਜ਼ਰ ਨਹੀਂ ਹੋ ਸਕਦਾ, ਪ੍ਰੰਤੂ ਹੀਨਭਾਵਨਾ 'ਚੋਂ ਉਪਜੀ, ਅਦਾਕਾਰਾਂ-ਮਾਡਲਾਂ ਵਾਂਗ ਫੋਟੋ ਸ਼ੂਟ-ਆਊਟ ਕਰਾਉਣ ਦੀ ਉਨ੍ਹਾਂ ਦੀ ਲਾਲਸਾ 'ਤੇ ਹੈਰਾਨੀ ਜ਼ਰੂਰ ਹੁੰਦੀ ਹੈ। ਉਹ ਵਾਰ-ਵਾਰ ਕਾਂਗਰਸੀ ਨੇਤਾ ਰਾਹੁਲ ਗਾਂਧੀ 'ਤੇ ਪਰਵਾਰਵਾਦੀ ਹੋਣ ਦਾ ਦੋਸ਼ ਲਾਉਂਦੇ ਰਹਿੰਦੇ ਹਨ। ਜੇਕਰ ਕੋਈ ਪਰਵਾਰ ਆਪਣੇ ਗੁਣਾਂ ਜਾਂ ਕੰਮ ਦੇ ਆਧਾਰ 'ਤੇ ਪੀੜ੍ਹੀ ਦਰ ਪੀੜ੍ਹੀ ਰਾਜਨੀਤੀ (ਜਾਂ ਹੋਰ ਵੀ ਕਿਸੇ ਕਿੱਤੇ 'ਚ) 'ਚ ਲੋਕਾਂ ਨਾਲ ਜੁੜਿਆ ਹੋਇਆ ਹੋਵੇ, ਤਾਂ ਇਸ 'ਚ ਵੱਡਾ ਗੁਨਾਹ ਵੀ ਕਿਹੜਾ ਹੈ? ਉਂਝ ਮੋਦੀ ਜੀ ਦੀ ਬਗਲ 'ਚ ਇਕ ਪਾਸੇ ਭਾਜਪਾ ਪ੍ਰਧਾਨ ਸੁਨੀਲ ਜਾਖੜ ਬੈਠੇ ਸਨ, ਜਿਨ੍ਹਾ ਦੀ ਤੀਸਰੀ ਪੀੜ੍ਹੀ ਰਾਜਨੀਤਕ ਖੇਤਰ 'ਚ ਸਰਗਰਮ ਹੈ ਤੇ ਦੂਸਰੇ ਪਾਸੇ ਅੰਗਰੇਜ਼ੀ ਰਾਜ ਦੇ ਕੱਟੜ ਸਮਰਥਕ ਸ਼ਾਹੀ ਖ਼ਾਨਦਾਨ ਪਟਿਆਲਾ ਦੀ ਭਾਜਪਾ ਉਮੀਦਵਾਰ ਬੀਬੀ ਪ੍ਰਨੀਤ ਕੌਰ ਬੈਠੀ ਸੀ, ਜਿਸ ਦਾ ਪਰਵਾਰ ਪਤਾ ਨਹੀਂ ਕਿੰਨੀਆਂ ਕੁ ਪੀੜ੍ਹੀਆਂ ਤੋਂ ਲੋਕਾਂ 'ਤੇ ਰਾਜ ਕਰਦਾ ਆ ਰਿਹਾ ਹੈ। ਹੁਣ ਵੀ ਉਹ ਆਪਣੇ ਪਤੀ ਦੇ ਪਦਚਿਨ੍ਹਾਂ 'ਤੇ ਚੱਲਦਿਆਂ ਹੀ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋਈ ਹੈ। ਮੋਦੀ ਦੀ ਪਾਰਟੀ ਪਹਿਲਾਂ ਜਨ ਸੰਘ, ਫਿਰ ਜਨਤਾ ਪਾਰਟੀ ਤੇ ਬਾਅਦ 'ਚ ਭਾਜਪਾ ਦੇ ਰੂਪ 'ਚ ਪਿਛਲੇ 47 ਸਾਲਾਂ ਤੋਂ ਪੰਜਾਬ ਤੇ ਕੇਂਦਰ ਵਿਚ ਜਿਸ ਅਕਾਲੀ ਦਲ ਨਾਲ ਸੱਤਾ 'ਚ ਭਾਗੀਦਾਰੀ ਕਰਦੀ ਰਹੀ ਹੈ, ਉਸ ਦੇ ਪ੍ਰਮੁੱਖ ਨੇਤਾ ਸੁਖਬੀਰ ਸਿੰਘ ਬਾਦਲ ਤੋਂ ਵੱਡਾ ਪਰਵਾਰਵਾਦੀ ਹੋਰ ਕਿਹੜਾ ਹੋ ਛਕਦਾ ਹੈ? ਇਕ ਸਮੇਂ ਬਾਦਲ ਪਰਵਾਰ ਇਕੋ ਵੇਲੇ 5 ਸਰਕਾਰੀ ਅਹੁਦਿਆਂ 'ਤੇ ਬਿਰਾਜਮਾਨ ਹੋ ਕੇ ਸੱਤਾ ਦੀ ਖੂਬ ਮਲਾਈ ਸ਼ਕਦਾ ਰਿਹਾ ਹੈ। ਵੈਸੇ ਸ਼੍ਰੀ ਮੋਦੀ ਇਹ ਤੱਥ ਜਾਣ-ਬੁੱਝ ਕੇ ਲੁਕਾ ਜਾਂਦੇ ਹਨ ਕਿ ਉਨ੍ਹਾਂ ਦੀ ਪਾਰਟੀ ਭਾਜਪਾ ਨੇ ਕਿੰਨੇ ਨੇਤਾਵਾਂ ਦੇ ਪੁੱਤਾਂ-ਧੀਆਂ ਜਾਂ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਟਿਕਟਾਂ ਤੇ ਹੋਰ ਲਾਹੇਵੰਦੇ ਅਹੁਦੇ ਬਖਸ਼ੇ ਹਨ। ਪ੍ਰਧਾਨ ਮੰਤਰੀ ਵੱਲੋਂ ਮੁੱਖ ਵਿਰੋਧੀ ਦਲਾਂ ਦੇ ਨੌਜਵਾਨ ਨੇਤਾਵਾਂ ਨੂੰ ਤਨਜ਼ ਨਾਲ 'ਸ਼ਹਿਜ਼ਾਦੇ' ਦੱਸਣਾ ਕਿਸੇ ਹੋਰ ਦਾ ਨਹੀਂ, ਸਗੋਂ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਨਿਰਾਦਰ ਹੈ। ਨਰਿੰਦਰ ਮੋਦੀ ਜੀ ਚਾਹ ਵੇਚਣ ਤੋਂ ਬਿਨਾਂ ਆਪਣੀ ਕੋਈ ਹੋਰ ਪਹਿਚਾਣ ਹੀ ਨਹੀਂ ਦੱਸ ਸਕਦੇ। ਉਨ੍ਹਾਂ ਤੋਂ ਪੁੱਛਿਆ ਜਾਣਾ ਚਾਹੀਦਾ ਹੈ ਕਿ ਉਨ੍ਹਾਂ ਖੁਦ, ਉਨ੍ਹਾਂ ਦੀ ਪਾਰਟੀ ਅਤੇ ਸੰਘ ਪਰਵਾਰ ਦੇ ਪਿੱਤਰੀ ਸੰਗਠਨ ਆਰ.ਐੱਸ.ਐੱਸ. ਨੇ ਦੇਸ਼ ਦੀ ਆਜ਼ਾਦੀ ਲਈ ਕੀ ਯੋਗਦਾਨ ਪਾਇਆ ਹੈ? ਜਾਂ ਮੋਦੀ ਸਾਹਿਬ ਆਪ ਮਜ਼ਦੂਰਾਂ-ਕਿਸਾਨਾਂ ਦੇ ਸੰਘਰਸ਼ਾਂ ਦੀ ਅਗਵਾਈ ਕਰਦੇ ਹੋਏ ਜਾਂ ਦੇਸ਼ ਦੀ ਸੁਰੱਖਿਆ ਲਈ ਕਿੰਨੀ ਵਾਰੀ ਜੇਲ੍ਹ ਗਏ ਹਨ? ਇਹੀ ਕਾਰਨ ਹੈ ਕਿ ਪਟਿਆਲਾ, ਦੀਨਾਨਗਰ ਤੇ ਜਲੰਧਰ ਫੇਰੀ ਦੌਰਾਨ ਪ੍ਰਧਾਨ ਮੰਤਰੀ ਨੇ ਆਪਣੇ ਨੀਰਸ ਭਾਸ਼ਣ 'ਚ ਇਕ ਵਾਰ ਵੀ ਸਾਮਰਾਜ ਵਿਰੁੱਧ ਲੜੇ ਗਏ ਆਜ਼ਾਦੀ ਸੰਗਰਾਮ ਦੌਰਾਨ ਪੰਜਾਬੀਆਂ ਵੱਲੋਂ ਪਾਏ ਗਏ ਮਾਣਮੱਤੇ ਯੋਗਦਾਨ ਤੇ ਨਿਭਾਏ ਗਏ ਆਗੂ ਰੋਲ ਦਾ ਜ਼ਿਕਰ ਤੱਕ ਨਹੀਂ ਕੀਤਾ। ਪੰਜਾਬ ਦੀ ਧਰਤੀ 'ਤੇ ਸੂਫੀਆਂ, ਸੰਤਾਂ, ਭਗਤੀ ਲਹਿਰ ਦੇ ਮਹਾਂਪੁਰਸ਼ਾਂ, ਕੂਕਿਆਂ, ਗ਼ਦਰੀ ਬਾਬਿਆਂ ਤੇ ਸ਼ਹੀਦ-ਇ-ਆਜ਼ਮ ਭਗਤ ਸਿੰਘ ਵਰਗੇ ਮਹਾਨ ਯੋਧਿਆਂ ਦਾ ਨਾਂਅ ਲੈਣਾ ਵੀ 'ਸੰਘ' ਦੇ ਫਲਸਫ਼ੇ ਅਨੁਸਾਰ ਵਰਜਿਤ ਹੈ, ਕਿਉਂਕਿ ਇਹ ਸਾਰਾ ਕੁੱਝ ਸਨਾਤਨੀ ਵਿਚਾਰਧਾਰਾ ਦੇ ਉਲਟ ਸਾਂਝੀਵਾਲਤਾ, ਬਰਾਬਰੀ ਤੇ ਧਰਮ ਨਿਰਪੱਖਤਾ ਦਾ ਸੁਨੇਹਾ ਦਿੰਦਾ ਹੈ। ਇਸੇ ਲਈ ਹੀ ਪ੍ਰਧਾਨ ਮੰਤਰੀ ਨੇ ਇਨ੍ਹਾਂ ਮਹਾਨ ਵਿਅਕਤੀਆਂ, ਇਨਕਲਾਬੀਆਂ ਤੇ ਯੋਧਿਆਂ ਦਾ ਜ਼ਿਕਰ ਤੱਕ ਕਰਨਾ ਵੀ ਜ਼ਰੂਰੀ ਨਹੀਂ ਸਮਝਿਆ। ਅੰਗਰੇਜ਼ੀ ਰਾਜ ਦੇ 'ਮਿੱਤਰ ਲੋਕ' ਸਾਮਰਾਜ ਵਿਰੋਧੀ ਲੜੇ ਗਏ ਆਜ਼ਾਦੀ ਸੰਗਰਾਮ ਦਾ ਕਿਹੜੇ ਮੂੰਹ ਨਾਲ ਜ਼ਿਕਰ ਕਰਨਗੇ?

ਇਕ ਹੋਰ ਕਮਾਲ ਦਾ ਨੁਕਤਾ ਹੈ, ਜਿਹੜਾ ਪ੍ਰਧਾਨ ਮੰਤਰੀ ਨੇ ਪਟਿਆਲਾ ਰੈਲੀ 'ਚ ਛੋਹਿਆ ਹੈ। ਉਨ੍ਹਾਂ ਨੇ ਕਿਹਾ ਕਿ, "ਜੇਕਰ ਮੈਂ 1971 'ਚ ਭਾਵ ਬੰਗਲਾਦੇਸ਼ ਦੀ ਕਾਇਮੀ ਲਈ ਭਾਰਤ-ਪਾਕਿ ਵਿਚਕਾਰ ਹੋਈ ਜੰਗ ਸਮੇਂ, ਦੇਸ਼ ਦਾ ਪ੍ਰਧਾਨ ਮੰਤਰੀ ਹੁੰਦਾ ਤਾਂ ਮੈਂ 90,000 ਪਾਕਿਸਤਾਨੀ ਫੌਜੀਆਂ ਦੇ ਭਾਰਤੀ ਫੌਜਾਂ ਸਾਹਮਣੇ ਹਥਿਆਰ ਸੁੱਟੇ ਜਾਣ ਮੌਕੇ ਕਰਤਾਰਪੁਰ ਨੂੰ ਭਾਰਤ 'ਚ ਸ਼ਾਮਲ ਕਰਨ ਦੀ ਸੌਦੇਬਾਜ਼ੀ ਕਰਦਾ, ਜੋ ਕਿ ਕਾਂਗਰਸ ਦੀ ਉਦੋਂ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਨਹੀਂ ਕੀਤੀ!" ਇਹ ਸਿਰੇ ਦਾ ਹੋਛਾ 'ਤੇ ਅਤਿ ਨੀਵੇਂ ਦਰਜੇ ਦੀ ਸੋਚ 'ਚੋਂ ਨਿਕਲਿਆ ਈਰਖਾ ਦੀ ਸੜਾਂਦ ਮਾਰਦਾ ਘਟੀਆ ਬਿਆਨ ਹੈ। ਉਂਝ ਮੋਦੀ ਦੀ ਵਿਚਾਰਧਾਰਾ ਦੇ ਮੱਦੇਨਜ਼ਰ ਅਤੇ ਤੱਥਾਂ ਦੇ ਆਧਾਰ 'ਤੇ ਇਹ ਬਿਨਾਂ ਝਿਜਕ ਕਿਹਾ ਜਾ ਸਕਦਾ ਹੈ ਕਿ ਜੇਕਰ ਉਦੋਂ ਭਾਰਤ ਦੀ ਸੱਤਾ ਮੋਦੀ ਵਰਗੇ ਸਾਮਰਾਜ ਦੇ ਜਨਮ ਜਾਤ ਚਾਕਰ ਦੇ ਹੱਥਾਂ 'ਚ ਹੁੰਦੀ ਤਾਂ ਉਹ ਬੰਗਲਾਦੇਸ਼ ਦੀ ਕੌਮੀ ਲੜਾਈ 'ਚ ਸਾਥ ਦੇਣ ਦੀ ਥਾਂ ਅਮਰੀਕਾ ਦਾ ਸਾਥ ਨਿਭਾਉਂਦਾ, ਜੋ ਹਿੰਦ ਮਹਾਂਸਾਗਰ 'ਚ ਆਪਣਾ ਇੱਕੀਵਾਂ ਬਹਿਰੀ ਬੇੜਾ ਲਿਆ ਕੇ ਭਾਰਤੀ ਫੌਜਾਂ ਤੇ ਬੰਗਲਾਦੇਸ਼ ਦੇ ਆਜ਼ਾਦੀ ਪਰਵਾਨਿਆਂ ਨੂੰ ਡਰਾਉਣਾ ਚਾਹੁੰਦਾ ਸੀ, ਤਾਂ ਜੋ ਆਜ਼ਾਦ ਬੰਗਲਾਦੇਸ਼ ਹੋਂਦ 'ਚ ਹੀ ਨਾ ਆ ਸਕੇ।

ਵੈਸੇ, ਪੰਜਾਬੀ ਭਲੀਭਾਂਤ ਸਮਝਦੇ ਹਨ ਕਿ ਮੋਦੀ ਸਾਬ੍ਹ ਨੇ ਕਰਤਾਰਪੁਰ ਸਾਹਿਬ ਦਾ ਜ਼ਿਕਰ ਸਿੱਖ ਭਾਵਨਾਵਾਂ ਨੂੰ ਟੁੰਬ ਕੇ ਵੋਟਾਂ ਹਾਸਲ ਕਰਨ ਦੇ ਮਕਸਦ ਨਾਲ ਕੀਤਾ ਹੈ। ਲੋਕੀਂ ਇਹ ਵੀ ਜਾਣਦੇ ਹਨ ਕਿ ਮੋਦੀ ਸਾਬ੍ਹ ਹਿਮਾਚਲ ਪ੍ਰਦੇਸ਼ ਜਾਂ ਜੰਮੂ 'ਚ ਆਪਣੇ ਭਾਸ਼ਣਾਂ 'ਚ ਪਾਕਿਸਤਾਨ ਵਿਚਲੇ ਕਿਸੇ ਮੰਦਰ ਦਾ ਨਾਂਅ ਲੈ ਕੇ ਉਸ ਨੂੰ ਭਾਰਤ 'ਚ ਸ਼ਾਮਿਲ ਕਰਨ ਦੀ ਸ਼ੇਖੀ ਵੀ ਬਘਾਰ ਸਕਦੇ ਸਨ! ਚੰਮ ਦੀ ਲਚਕਦਾਰ ਜ਼ੁਬਾਨ ਨੂੰ ਥੋੜ੍ਹਾ ਜਿਹਾ ਪਲਟਾਉਣ ਦੀ ਹੀ ਲੋੜ ਹੈ! ਕੁਝ ਕਰਨਾ ਸੰਭਵ ਹੋਵੇ ਜਾਂ ਨਾ, ਇਸ ਗੱਲ ਦੀ ਮੋਦੀ ਜੀ ਤੇ ਉਸ ਦੇ ਕਥਿਤ 'ਮਾਰਗ ਦਰਸ਼ਕਾਂ' ਨੂੰ ਕੋਈ ਚਿੰਤਾ ਨਹੀਂ। ਪ੍ਰਧਾਨ ਮੰਤਰੀ ਸਮੇਤ ਹਰ ਭਾਰਤ ਵਾਸੀ ਭਾਵੇਂ ਉਹ ਕਿਸੇ ਵੀ ਧਰਮ ਜਾਂ ਜਾਤੀ ਦਾ ਹੋਵੇ, ਕਿਸੇ ਵੀ ਹਲਕੇ ਤੋਂ ਕੋਈ ਚੋਣ ਲੜ ਸਕਦਾ ਹੈ। ਪ੍ਰੰਤੂ ਮੋਦੀ ਸਾਹਿਬ ਕਦੀ ਗੰਗਾ ਮਈਆ ਦੇ ਬੁਲਾਵੇ 'ਤੇ, ਕਦੀ ਪੰਜਾਬ ਦੀ ਮਿੱਟੀ ਨਾਲ ਆਪਣਾ ਪੁਰਾਣਾ ਰਿਸ਼ਤਾ ਦੱਸ ਕੇ ਤੇ ਕਈ ਵਾਰ ਹਿਮਾਚਲ ਨੂੰ ਆਪਣੀ ਕਰਮ ਭੂਮੀ ਫਰਮਾ ਕੇ ਆਪਣੇ ਆਪ ਨੂੰ ਸੰਬੰਧਤ ਖਿੱਤੇ ਦੇ ਲੋਕਾਂ ਨਾਲ ਬਾਕੀ ਲੀਡਰਾਂ ਦੇ ਮੁਕਾਬਲੇ ਵਧੇਰੇ ਨੇੜਿਓਂ ਜੁੜਿਆ ਦਿਖਾਉਣ ਦੇ 'ਨਾਟਕੀ' ਯਤਨ ਕਰ ਰਹੇ ਹੁੰਦੇ ਹਨ।

ਪੰਜਾਬ ਫੇਰੀ ਦੌਰਾਨ ਨਾ ਕਿਸਾਨਾਂ ਤੇ ਖੇਤੀ ਨਾਲ ਜੁੜੇ ਬੇਜ਼ਮੀਨੇ ਕਿਰਤੀਆਂ ਦੀਆਂ ਮੁਸ਼ਕਿਲਾਂ ਬਾਰੇ, ਨਾ ਮਜ਼ਦੂਰਾਂ ਦੇ ਸਾਰੇ ਕਿਰਤ ਕਾਨੂੰਨ ਰੱਦ ਕਰਕੇ ਚਾਰ ਘੜੇ ਚਾਰ ਲੇਬਰ ਕੋਡ ਲਾਗੂ ਕਰਨ ਦੇ ਤਬਾਹਕੁੰਨ ਫੈਸਲੇ ਦੇ ਸੰਬੰਧ 'ਚ ਤੇ ਨਾ ਹੀ ਖੇਤੀਬਾੜੀ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਦੀ ਲਾਈ ਜਾ ਰਹੀ ਰੱਟ ਤੇ ਕਿਸਾਨੀ ਜਿਣਸਾਂ ਦੇ ਘੱਟੋ-ਘੱਟ ਭਾਅ ਨੀਅਤ ਕਰਨ ਦੇ ਵਾਅਦੇ ਨੂੰ ਪੂਰਾ ਕੀਤੇ ਜਾਣ ਸਬੰਧੀ ਪ੍ਰਧਾਨ ਮੰਤਰੀ ਨੇ ਚੁੱਪ ਵੱਟੀ ਰੱਖੀ। ਇਹ ਸਾਜ਼ਿਸ਼ੀ ਚੁੱਪ ਦਰਸਾਉਂਦੀ ਹੈ ਕਿ ਉਹ ਆਪਣੇ 10 ਸਾਲਾਂ ਦੇ ਕਾਰਜਕਾਲ ਦੌਰਾਨ ਕਾਰਪੋਰੇਟ ਘਰਾਣਿਆਂ ਦੀ ਕੀਤੀ 'ਸੇਵਾ' ਤੇ ਜਨ ਸਮੂਹਾਂ ਨੂੰ ਬੇਰੁਜ਼ਗਾਰੀ, ਮਹਿੰਗਾਈ, ਗਰੀਬੀ, ਕੁਪੋਸ਼ਣ ਆਦਿ ਵਰਗੇ ਰੋਗਾਂ ਨਾਲ ਗ੍ਰਸਤ ਕਰਨ ਵਾਲੀਆਂ ਨੀਤੀਆਂ ਨੂੰ ਹੀ ਬਾਦਸਤੂਰ ਜਾਰੀ ਰੱਖਣਗੇ ਤੇ ਉਨ੍ਹਾਂ ਦਾ ਆਮ ਲੋਕਾਂ ਦੀਆਂ ਦੁੱਖਾਂ-ਤਕਲੀਫ਼ਾਂ ਦੂਰ ਕਰਨ ਦੇ ਸੁਯੋਗ ਯਤਨਾਂ ਨਾਲ ਨਾ ਪਹਿਲਾਂ ਕੋਈ ਵਾਸਤਾ ਸੀ ਤੇ ਨਾ ਹੀ ਭਵਿੱਖ 'ਚ ਹੋਣਾ ਹੈ। ਛੋਟੇ ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ ਨੂੰ 'ਵੀਰ ਬਾਲ ਦਿਵਸ' ਦਾ ਨਾਂਅ ਦੇ ਕੇ ਆਪਣੇ-ਆਪ ਨੂੰ ਸਿੱਖ ਧਰਮ ਦਾ ਪੱਕੇ ਅਨੁਆਈ ਦਿਖਾਉਣ ਦੀ ਪ੍ਰਧਾਨ ਮੰਤਰੀ ਦੀ ਚਾਲ ਵੀ ਬੇਪਰਦ ਹੋ ਗਈ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਦੋ ਸਾਹਿਬਜ਼ਾਦਿਆਂ ਦੇ ਨੀਹਾਂ 'ਚ ਚਿਣੇ ਜਾਣ ਦੇ ਸ਼ਹੀਦੀ ਦਿਨ ਨੂੰ 'ਵੀਰ ਬਾਲ ਦਿਵਸ' ਦਾ ਨਾਂਅ ਇਸ ਖਿੱਤੇ ਦੇ ਲੋਕਾਂ ਨੂੰ ਕਤਈ ਪ੍ਰਵਾਨ ਨਹੀਂ ਹੋ ਸਕਦਾ, ਕਿਉਂਕਿ ਇਹ ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ ਦਾ ਭਗਵਾਂਕਰਨ ਕਰਨ ਦਾ ਸਾਜ਼ਿਸ਼ੀ ਯਤਨ ਹੈ। ਦੋ ਸਾਹਿਬਜ਼ਾਦਿਆਂ ਦੇ ਨੀਹਾਂ 'ਚ ਚੁਣੇ ਜਾਣ ਦੀ ਲਾਸਾਨੀ ਕੁਰਬਾਨੀ ਇਸ ਖਿੱਤੇ ਦੇ ਬੱਚੇ-ਬੱਚੇ ਦੇ ਦਿਲ 'ਚ ਵਸੀ ਹੋਈ ਹੈ, ਪ੍ਰੰਤੂ ਪ੍ਰਧਾਨ ਮੰਤਰੀ ਦਾ ਇਹ ਹੋਛਾ ਦਾਅਵਾ ਕਿ "ਉਨ੍ਹਾਂ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ 'ਵੀਰ ਬਾਲ ਦਿਵਸ' ਦਾ ਨਾਂਅ ਦੇ ਕੇ ਦੇਸ਼ ਪੱਧਰ 'ਤੇ ਪਹੁੰਚਾਉਣ ਦਾ ਕੰਮ ਕੀਤਾ ਹੈ, ਜਿਹੜਾ ਕਾਂਗਰਸ ਪਾਰਟੀ ਤੋਂ ਨਹੀਂ ਹੋਇਆ" ਏਨਾ ਨੀਵੇਂ ਦਰਜੇ ਦਾ ਵਿਖਿਆਨ ਹੈ, ਜਿਸ ਬਾਰੇ ਕੋਈ ਟਿੱਪਣੀ ਕਰਨਾ ਵੀ ਸਾਡੀ ਨਜ਼ਰੇ ਉਚਿੱਤ ਨਹੀਂ ਹੈ। 'ਇੰਡੀਆ' ਗਠਜੋੜ ਦੀ ਜਿੱਤ ਨਾਲ ਕਾਂਗਰਸ ਵੱਲੋਂ ਮੰਗਲ ਸੂਤਰ, ਮੱਝਾਂ, ਮਕਾਨਾਂ ਆਦਿ ਨੂੰ ਹਿੰਦੂਆਂ ਤੋਂ ਖੋਹ ਕੇ ਮੁਸਲਮਾਨਾਂ ਦੇ ਹਵਾਲੇ ਕਰਨ ਦਾ ਹੋਛਾ ਇਲਜ਼ਾਮ ਹੁਣ ਪਾਣੀ ਦੀਆਂ ਟੂਟੀਆਂ ਲਾਹ ਕੇ ਮੁਸਲਮਾਨਾਂ ਨੂੰ ਦੇਣ ਤੇ ਬਿਜਲੀ ਤੇ ਪਾਣੀ ਦੇ ਕੁਨੈਕਸ਼ਨ ਕੱਟ ਦੇਣ ਦੀ ਘਟੀਆ ਦੂਸ਼ਣਬਾਜ਼ੀ ਤੱਕ ਪੁੱਜ ਗਿਆ ਹੈ। ਕਾਂਗਰਸ ਪਾਰਟੀ, ਜਿਸ ਨੇ ਹੋਰ ਦੇਸ਼ ਭਗਤ ਲੋਕਾਂ ਨਾਲ ਮਿਲ ਕੇ ਦੇਸ਼ ਦੀ ਆਜ਼ਾਦੀ ਦੀ ਜੰਗ ਦੀ ਅਗਵਾਈ ਕੀਤੀ, ਨੂੰ ਭਾਰਤ ਦੀ ਵੰਡ ਲਈ ਦੋਸ਼ੀ ਦੱਸਣ ਵਾਲੇ ਮੋਦੀ ਦਾ ਇਸ ਸੰਬੰਧ 'ਚ ਅੰਗਰੇਜ਼ੀ ਸਾਜ਼ਿਸ਼ਾਂ ਨੂੰ ਦਰ-ਕਿਨਾਰ ਕਰਨਾ ਉਸ ਦੀ ਸਾਮਰਾਜ ਭਗਤੀ ਨੂੰ ਹੀ ਪ੍ਰਗਟ ਕਰਦਾ ਹੈ। ਅਫਸੋਸ ਤਾਂ ਇਹ ਹੈ ਕਿ ਤਿੰਨ-ਤਿੰਨ ਪੀੜ੍ਹੀਆਂ ਤੱਕ ਕਾਂਗਰਸੀ ਪਾਰਟੀ 'ਚ ਰਹਿੰਦਿਆਂ ਸੱਤਾ ਦਾ ਸੁੱਖ ਮਾਨਣ ਤੇ ਅਰਬਾਂਪਤੀ ਬਣਨ ਵਾਲੇ ਨਵੇਂ ਸਜੇ 'ਭਾਜਪਾਈ' ਇਸ ਸਾਰੇ ਬਿਰਤਾਂਤ ਨੂੰ ਖਚਰਾ ਹਾਸਾ ਹੱਸਦਿਆਂ ਨੀਵੀਆਂ ਪਾ ਕੇ ਸੁਣੀ ਜਾ ਰਹੇ ਹਨ। ਉਨ੍ਹਾਂ ਨੂੰ ਬੇਸ਼ਰਮ ਕਿਹਾ ਜਾਂ ਅਕਿਰਤਘਣ ਜਾਂ ਫਿਰ ਦੋਨੋਂ ਹੀ ਇਹ ਨਿਬੇੜਾ ਵੀ ਲੋਕ ਦੇਰ-ਸਵੇਰ ਕਰ ਹੀ ਲੈਣਗੇ। ਭਾਸ਼ਣ ਦੇ ਅੰਤ 'ਚ ਜਿਹੜਾ ਸੁਨੇਹਾ ਮੋਦੀ ਜੀ ਨੇ ਲੋਕਾਂ ਨੂੰ ਦਿੱਤਾ, ਉਹ ਇਹ ਸੀ ਕਿ "ਵੋਟ ਉਸ ਉਮੀਦਵਾਰ ਜਾਂ ਪਾਰਟੀ ਨੂੰ ਪਾਈ ਜਾਵੇ, ਜਿਸ ਦੀ ਸਰਕਾਰ ਬਣਨੀ ਹੋਵੇ।" ਇਸ ਦਾ ਅਰਥ ਹੈ ਕਿ ਸੌ ਪ੍ਰਤੀਸ਼ਤ ਵੋਟਾਂ ਇਕ ਹੀ ਪਾਰਟੀ (ਭਾਜਪਾ) ਦੇ ਪੱਖ 'ਚ ਭੁਗਤਾਈਆਂ ਜਾਣ, ਤਾਂ ਜੋ ਵਿਰੋਧੀ ਧਿਰ ਦਾ ਪੂਰਨ ਰੂਪ 'ਚ ਸਫਾਇਆ ਕਰਕੇ ਫਾਸ਼ੀਵਾਦੀ ਰਾਜ ਸਥਾਪਤ ਕਰਨ ਦਾ ਰਾਹ ਪੱਧਰਾ ਕੀਤਾ ਜਾ ਸਕੇ। ਇਹੋ ਜਿਹੇ ਡਰਾਮੇ ਜਰਮਨੀ ਦਾ ਫਾਸ਼ਿਸਟ ਹਿਟਲਰ ਵੀ ਕਰਿਆ ਕਰਦਾ ਸੀ। ਕੀ ਮੋਦੀ ਸਾਹਿਬ ਦੇਸ਼ ਅੰਦਰ ਉਹੋ ਜਿਹਾ ਹੀ ਗੈਰ ਜਮਹੂਰੀ ਢਾਂਚਾ ਲਾਗੂ ਕਰਨਾ ਚਾਹੁੰਦੇ ਹਨ? ਜਿਨ੍ਹਾਂ ਲੋਕਾਂ ਨੇ ਕਾਂਗਰਸ ਜਾਂ ਹੋਰ ਗੈਰ ਭਾਜਪਾ ਸਰਕਾਰਾਂ ਵੇਲੇ ਭਾਜਪਾ ਨੂੰ ਵੋਟਾਂ ਪਾਈਆਂ ਸਨ, ਕੀ ਉਹ ਸਾਰਾ ਗਲਤ ਤੇ ਅਫਸੋਸਨਾਕ ਸੀ? ਅਸਲ 'ਚ 'ਸੰਘ' ਦੇਸ਼ ਨੂੰ ਇਕ ਐਸੇ ਧਰਮ ਅਧਾਰਤ ਗੈਰ ਲੋਕ ਰਾਜੀ ਢਾਂਚੇ 'ਚ ਤਬਦੀਲ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਿਹਾ ਹੈ, ਜਿੱਥੇ ਡੰਡੇ ਨਾਲ ਲੋਕਾਂ ਨੂੰ ਸਰਕਾਰ ਦਾ ਵਿਰੋਧ ਕਰਨ, ਲਿਖਣ, ਬੋਲਣ ਤੇ ਸੰਘਰਸ਼ ਕਰਨ ਵਰਗੇ ਬੁਨਿਆਦੀ ਅਧਿਕਾਰਾਂ ਤੋਂ ਵੰਚਿਤ ਰੱਖਿਆ ਜਾਵੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਭਾਸ਼ਣਾਂ ਰਾਹੀਂ ਦਰਅਸਲ ਇਹੀ ਤੱਥ ਜੱਗ ਜ਼ਾਹਰ ਕੀਤਾ ਹੈ ਕਿ ਉਹ 'ਸੰਘ' ਦਾ ਮੋਹਰਾ ਹੈ।

ਇਸ ਲਈ ਦੇਸ਼ ਭਗਤਾਂ ਦੇ ਵਾਰਿਸ ਪੰਜਾਬੀਆਂ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਮੋਦੀ ਅਤੇ ਇਸ ਦੇ ਗੁਰੂ ਘੰਟਾਲ ਦੇ ਇਰਾਦਿਆਂ ਨੂੰ ਪਛਾਨਣ ਤੇ ਪਛਾੜਨ।

ਇਸ ਦਿਸ਼ਾ ਵਿਚ ਪਹਿਲਾ ਸਭ ਤੋਂ ਜ਼ਰੂਰੀ ਕਾਰਜ ਇਹ ਹੈ ਕਿ 2024 ਦੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਅਤੇ ਇਸ ਦੇ ਜ਼ਾਹਿਰਾ ਤੇ ਛੁਪੇ ਹੋਏ ਮਿੱਤਰ ਦਲਾਂ ਦੇ ਉਮੀਦਵਾਰਾਂ ਨੂੰ ਲੱਕ ਤੋੜਵੀਂ ਹਾਰ ਦੇ ਕੇ 'ਇੰਡੀਆ' ਗਠਜੋੜ ਦੀ ਪ੍ਰਮੁੱਖ ਭਾਈਵਾਲ ਪਾਰਟੀ ਕਾਂਗਰਸ ਨੂੰ ਜਿਤਾਇਆ ਜਾਵੇ, ਤਾਂ ਜੋ ਦੇਸ਼ ਦੇ ਸੰਵਿਧਾਨ, ਧਰਮ ਨਿਰਪੱਖ ਤੇ ਜਮਹੂਰੀ ਢਾਂਚੇ ਦੀ ਰਾਖੀ ਕੀਤੀ ਜਾ ਸਕੇ।

***# ਸੰਪਰਕ : 98141-82998***

# ਕਿਹੋ ਜਿਹਾ ਹੋਵੇ ਸਾਡਾ ਨੁਮਾਇੰਦਾ ?



**ਜਗਦੇਵ ਸ਼ਰਮਾ**

ਦੇਸ਼ ਵਿੱਚ 18ਵੀਂ ਲੋਕ ਸਭਾ ਲਈ ਚੋਣਾਂ ਦਾ ਮੁੱਦਾ ਚਾਰੇ ਪਾਸੇ ਗਰਮਾਇਆ ਹੋਇਆ ਹੈ। ਤਿੰਨ ਗੇੜ ਦੀਆਂ ਵੋਟਾਂ ਪੈ ਚੁੱਕੀਆਂ ਹਨ। ਪੰਜਾਬ ਵਿੱਚ ਇਹ ਵੋਟਾਂ ਸੱਤਵੇਂ ਯਾਨੀ ਕਿ ਸਭ ਤੋਂ ਅਖੀਰਲੇ ਗੇੜ ਵਿੱਚ ਇੱਕ ਜੂਨ 2024 ਨੂੰ ਪੈਣੀਆਂ ਨਿਸ਼ਚਤ ਹੋਈਆਂ ਹਨ। ਪੰਜਾਬ ਤੋਂ ਮੁੱਖ ਤੌਰ 'ਤੇ ਪੰਜ ਰਾਜਨੀਤਿਕ ਪਾਰਟੀਆਂ ਕਾਂਗਰਸ, ਆਮ ਆਦਮੀ ਪਾਰਟੀ, ਭਾਜਪਾ, ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਇਹ ਚੋਣਾਂ ਲੜ ਰਹੀਆਂ ਹਨ। ਇਸ ਵਾਰ ਅਕਾਲੀ ਦਲ ਅਤੇ ਭਾਜਪਾ ਵੱਖੋ-ਵੱਖਰੇ ਤੌਰ 'ਤੇ ਇਹਨਾਂ ਚੋਣਾਂ 'ਚ ਜ਼ੋਰ ਅਜ਼ਮਾਈ ਕਰ ਰਹੀਆਂ ਹਨ। ਕੌਮੀ ਪੱਧਰ 'ਤੇ ਇੱਕੋ ਗੱਠਜੋੜ ਦਾ ਹਿੱਸਾ ਕਾਂਗਰਸ ਅਤੇ ਆਮ ਆਦਮੀ ਪਾਰਟੀ ਪੰਜਾਬ ਤੋਂ ਵੱਖੋ-ਵੱਖਰੇ ਤੌਰ 'ਤੇ ਲੜ ਰਹੇ ਹਨ।

ਜਿੱਥੇ ਕਿਤੇ ਚਾਰ ਬੰਦੇ ਜੁੜ ਕੇ ਬੈਠਦੇ ਹਨ, ਇਹੀ ਚਰਚਾ ਕਰਦੇ ਦੇਖੇ ਜਾਂਦੇ ਹਨ ਕਿ ਇਸ ਵਾਰ ਵੋਟ ਕਿਸ ਨੂੰ ਪਾਈ ਜਾਵੇ? ਪਹਿਲਾ ਸਵਾਲ ਹੁੰਦਾ ਹੈ ਕਿ ਵੋਟ ਪਾਰਟੀ ਨੂੰ ਪਾਈ ਜਾਵੇ ਜਾਂ ਵਿਅਕਤੀ ਨੂੰ? ਇੱਕ ਜ਼ਮਾਨਾ ਹੁੰਦਾ ਸੀ ਜਦੋਂ ਹਰ ਇੱਕ ਪਾਰਟੀ ਦੀ ਆਪਣੀ ਇੱਕ ਵਿਚਾਰਧਾਰਾ ਹੁੰਦੀ ਸੀ ਅਤੇ ਅੱਗਿਓਂ ਵੋਟਰ ਵੀ ਵਿਚਾਰਧਾਰਾ ਨਾਲ ਜੁੜਿਆ ਹੋਣ ਕਾਰਨ ਆਪਣੀ ਪਸੰਦ ਦੀ ਪਾਰਟੀ ਦੇ ਉਮੀਦਵਾਰ ਦੇ ਹੱਕ ਵਿੱਚ ਭੁਗਤਣਾ ਪਸੰਦ ਕਰਦਾ ਸੀ, ਪ੍ਰੰਤੂ ਜਦੋਂ ਤੋਂ ਸਿਆਸਤ ਇੱਕ ਧੰਦਾ ਬਣ ਗਈ ਹੈ, ਓਦੋਂ ਤੋਂ ਸਿਆਸਤਦਾਨਾਂ ਨੇ ਵਿਚਾਰਧਾਰਾ ਨਾਲੋਂ ਨਾਤਾ ਤੋੜ ਲਿਆ ਹੈ। ਕਿਸੇ ਵੀ ਹੀਲੇ ਕੁਰਸੀ ਮਿਲਣੀ ਚਾਹੀਦੀ ਹੈ, ਢੱਠੇ ਖੂਹ ਵਿੱਚ ਪਵੇ ਨੈਤਿਕਤਾ। ਹੁਣ ਵੋਟਰ ਨੂੰ ਵੀ ਆਪਣੀ ਤਰਜੀਹ ਬਦਲਣੀ ਪਵੇਗੀ। ਉਸ ਨੂੰ ਪਾਰਟੀ ਵਿਚਾਰਧਾਰਾ ਤੋਂ ਹਟ ਕੇ ਸਾਹਮਣੇ ਖੜ੍ਹੇ ਉਮੀਦਵਾਰਾਂ ਵਿੱਚੋਂ ਚੋਣ ਉੱਤੇ ਫੋਕਸ ਕਰਨਾ ਹੋਵੇਗਾ।

ਹੁਣ ਸਵਾਲ ਉੱਠਦਾ ਹੈ ਕਿ ਉਮੀਦਵਾਰ ਕਿਹੋ ਜਿਹਾ ਹੋਵੇ। ਇਸ ਵਾਸਤੇ ਭਾਵੇਂ ਕੋਈ ਲਿਟਮਸ ਟੈਸਟ ਤਾਂ ਨਹੀਂ, ਫਿਰ ਵੀ ਉਮੀਦਵਾਰ ਦੀ ਪੜ੍ਹਾਈ ਦਾ ਪੱਧਰ, ਉਸ ਦਾ ਪਿਛੋਕੜ, ਦੇਸ਼ ਦੇ ਭਖਦੇ ਮੁੱਦਿਆਂ ਜਿਵੇਂ ਕਿ ਕਚੂਮਰ ਕੱਢ ਰਹੀ ਮਹਿੰਗਾਈ, ਬੇਰੁਜ਼ਗਾਰੀ, ਅਸੁਰੱਖਿਆ, ਵਧਦਾ ਪ੍ਰਦੂਸ਼ਣ, ਵਧਦੀ ਆਬਾਦੀ, ਦਿਨੋ-ਦਿਨ ਪੱਛੜ ਰਹੀ ਖੇਤੀ, ਘਾਟੇ ਵਿੱਚ ਚੱਲ ਰਹੇ ਛੋਟੇ ਵਪਾਰ, ਛੋਟੀ ਸਨਅਤ, ਆਮ ਲੋਕਾਂ ਤੋਂ ਦਿਨੋ-ਦਿਨ ਦੂਰ ਹੁੰਦਾ ਨਿਆਂ, ਗੈਂਗਵਾਰ, ਨਸ਼ਾਖੋਰੀ, ਹੱਦਾਂ ਪਾਰ ਕਰ ਚੁੱਕਿਆ ਅਮੀਰ-ਗਰੀਬ ਵਿਚਲਾ ਪਾੜਾ, ਨਿੱਜੀਕਰਨ ਅਤੇ ਉਦਾਰੀਕਰਨ ਬਾਰੇ ਵਿਚਾਰ, ਲੋਕਤੰਤਰ ਤੇ ਸੰਵਿਧਾਨ ਉੱਤੇ ਹੋ ਰਹੇ ਹਮਲਿਆਂ ਬਾਰੇ ਉਸ ਦੇ ਵਿਚਾਰ ਜਾਨਣੇ ਅਤੀ ਜ਼ਰੂਰੀ ਹਨ। ਆਮ ਜਨਤਾ ਨੂੰ ਅੰਤਰਰਾਸ਼ਟਰੀ ਪੱਧਰ ਦੀਆਂ ਸਿਹਤ ਸਹੂਲਤਾਂ, ਬੱਚਿਆਂ ਨੂੰ ਸਸਤੀ ਰੁਜ਼ਗਾਰ ਸੇਧਤ ਸਿੱਖਿਆ, ਦੇਸ ਨੂੰ ਨਿੱਤ ਵਧਦੇ ਕਰਜ਼ੇ 'ਚੋਂ ਬਾਹਰ ਕੱਢਣ ਲਈ ਸਾਡੇ ਉਮੀਦਵਾਰ ਦੀ ਕੀ ਯੋਜਨਾ ਹੈ, ਬਾਰੇ ਖੁਲਾਸਾ ਕਰਨਾ ਹੋਵੇਗਾ।

ਇੱਕ ਤੋਂ ਬਾਅਦ ਦੂਜੀ, ਤੀਜੀ ਵਾਰੀ ਸੱਤਾ ਦਾ ਭਾਗੀ ਬਣਨ ਵਾਲੇ ਉਮੀਦਵਾਰ ਨੂੰ ਪੁੱਛਿਆ ਜਾਵੇ ਕਿ ਤੁਹਾਡੀ ਥਾਂ 'ਤੇ ਕਿਸੇ ਹੋਰ ਨੂੰ ਮੌਕਾ ਕਿਉਂ ਨਾ ਦਿੱਤਾ ਜਾਵੇ? ਪਰਵਾਰਵਾਦ ਨੂੰ ਨਿਰ-ਉਤਸ਼ਾਹਿਤ ਕਰਨ ਬਾਰੇ ਵੀ ਸੋਚਿਆ ਜਾਣਾ ਚਾਹੀਦਾ ਹੈ।

ਪਾਰਟੀਆਂ ਬਦਲ-ਬਦਲ ਕੇ ਇੱਕ ਤੋਂ ਬਾਅਦ ਦੂਜੇ ਦਾ ਪੱਲਾ ਫੜਨ ਵਾਲੇ ਨੂੰ ਬਿਲਕੁਲ ਮੂੰਹ ਨਾ ਲਾਇਆ ਜਾਵੇ, ਸਗੋਂ ਅਜਿਹੇ ਵਿਸ਼ਵਾਸਘਾਤੀ ਨੂੰ ਦੂਰੋਂ ਮੱਥਾ ਟੇਕਿਆ ਜਾਵੇ। ਜੇਕਰ ਉਹ ਆਪਣੀ ਪਾਰਟੀ ਦਾ ਬਣ ਕੇ ਨਹੀਂ ਰਹਿ ਸਕਿਆ ਤਾਂ ਓਹ ਤੁਹਾਡਾ ਕਿਵੇਂ ਬਣੇਗਾ? ਇਹ ਵੀ ਕਿਵੇਂ ਮੰਨ ਲਿਆ ਜਾਵੇ ਕਿ ਜਿਸ ਪਾਰਟੀ ਦੀ ਤਰਫੋਂ ਅੱਜ ਓਹ ਤੁਹਾਡੇ ਸਾਹਮਣੇ ਖੜ੍ਹਾ ਹੈ, ਕੱਲ੍ਹ ਨੂੰ ਓਹ ਉਸ ਪਾਰਟੀ ਦਾ ਵੀ ਵਫਾਦਾਰ ਬਣ ਕੇ ਰਹੇਗਾ। ਸਥਿਰਤਾ ਯਕੀਨੀ ਬਣਾਉਣ ਲਈ ਵਿਕਾਊ, ਚਲਾਊ ਅਤੇ ਹੰਢਾਊ ਵਿੱਚੋਂ ਪਰਖ ਕਰਨੀ ਹੋਵੇਗੀ।

ਧਰਮ, ਜਾਤ ਦੇ ਨਾਂਅ 'ਤੇ ਵਰਗਲਾ ਕੇ ਵੋਟਾਂ ਬਟੋਰਨ ਵਾਲੀਆਂ ਨੂੰ ਵੋਟ ਦੇਣ ਤੋਂ ਗੁਰੇਜ਼ ਕੀਤਾ ਜਾਵੇ, ਕਿਉਂਕਿ ਅਜਿਹੇ ਸਿਆਸਤਦਾਨ ਜਿੱਤ ਜਾਣ ਦੀ ਸੂਰਤ ਵਿੱਚ ਧਾਰਮਿਕ ਦੰਗੇ ਕਰਵਾ ਕੇ ਧਰਮਾਂ ਵਿੱਚ ਪਾੜੇ ਪਾਉਂਦੇ ਹਨ। ਆਪਣੇ ਧਰਮ ਨੂੰ ਖਤਰਾ ਦੱਸ ਕੇ ਆਪ ਉਹਨਾ ਦੇ ਰਖਵਾਲੇ ਬਣਨ ਦਾ ਢੌਂਗ ਰਚਦੇ ਹਨ। ਅਜਿਹਾ ਧਰੁਵੀਕਰਨ ਉਹਨਾ ਦੇ ਹੱਕ ਵਿੱਚ ਅਤੇ ਸਮਾਜਿਕ ਭਾਈਚਾਰੇ ਦੇ ਵਿਰੋਧ ਵਿੱਚ ਭੁਗਤਦਾ ਹੈ। ਸੋ ਅਜਿਹੇ ਉਮੀਦਵਾਰਾਂ ਤੋਂ ਸਾਵਧਾਨ!

ਅੱਜਕੱਲ੍ਹ ਵੋਟਰਾਂ ਨੂੰ ਆਪਣੇ ਹੱਕ ਵਿੱਚ ਭੁਗਤਾਉਣ ਲਈ ਉਮੀਦਵਾਰਾਂ ਵੱਲੋਂ ਅਤੇ ਉਨ੍ਹਾ ਦੀ ਆਕਾ ਪਾਰਟੀ ਵੱਲੋਂ ਭਾਂਤ-ਭਾਂਤ ਦੇ ਸਬਜ਼ਬਾਗ ਦਿਖਾਏ ਜਾਂਦੇ ਹਨ। ਆਪਣੀ ਸਵਾਰਥ ਸਿੱਧੀ ਲਈ ਅਸਮਾਨੋਂ ਤਾਰੇ ਤੋੜ ਕੇ ਲਿਆਉਣ ਤੱਕ ਦੇ ਵਾਅਦੇ ਕੀਤੇ ਜਾਂਦੇ ਹਨ। ਮੁਫਤ ਦੀਆਂ ਰਿਉੜੀਆਂ ਵੰਡਣ ਵਿੱਚ ਇੱਕ-ਦੂਜੇ ਤੋਂ ਵਧ-ਚੜ੍ਹ ਕੇ ਲਾਰੇ ਲਾਏ ਜਾਂਦੇ ਹਨ। ਮੇਰਾ ਸੁਝਾਅ ਹੈ ਕਿ ਹਰ ਜ਼ਿੰਮੇਵਾਰ ਸ਼ਹਿਰੀ ਸਭ ਤੋਂ ਵੱਧ ਮੁਫਤਖੋਰੀ ਦਾ ਲਾਲਚ ਦੇਣ ਵਾਲੇ ਨੂੰ ਮੁੱਢੋਂ-ਸੁੱਢੋਂ ਹੀ ਰੱਦ ਕਰ ਦੇਵੇ। ਹਰ ਪਾਰਟੀ ਦੇ ਪਿਛਲੇ ਮੈਨੀਫੈਸਟੋ ਅਤੇ ਇਸ ਵਾਰ ਦੇ ਮੈਨੀਫੈਸਟੋ ਉੱਪਰ ਝਾਤ ਜ਼ਰੂਰ ਮਾਰੀ ਜਾਵੇ ਤਾਂ ਕਿ ਇਹ ਪਤਾ ਲੱਗ ਸਕੇ ਕਿ ਉਨ੍ਹਾ ਵੱਲੋਂ ਪਿਛਲੀ ਵਾਰੀ ਕੀਤੇ ਵਾਅਦਿਆਂ ਵਿੱਚੋਂ ਕਿੰਨੇ ਵਫਾ ਹੋਏ। ਇਸ ਬਾਰੇ ਉਮੀਦਵਾਰ ਨੂੰ ਸਵਾਲ ਵੀ ਕੀਤੇ ਜਾਣੇ ਚਾਹੀਦੇ ਹਨ।

ਦੂਸਰੀ ਜਾਂ ਇਸ ਤੋਂ ਵੱਧ ਵਾਰੀ ਚੋਣ ਲੜ ਰਹੇ ਉਮੀਦਵਾਰ ਦਾ ਆਰਥਿਕ ਪਿਛੋਕੜ ਜ਼ਰੂਰ ਖੰਗਾਲਿਆ ਜਾਵੇ। ਇਸ ਤੋਂ ਤੁਹਾਨੂੰ ਇਹ ਪਤਾ ਲੱਗੇਗਾ ਕਿ ਸੱਤਾ ਦਾ ਭਾਗੀਦਾਰ ਬਣਨ ਤੋਂ ਪਹਿਲਾਂ ਓਹ ਕੀ ਸੀ ਅਤੇ ਸੱਤਾ ਵਿਚ ਰਹਿ ਕੇ ਉਸ ਨੇ ਕੀ ਕਮਾਇਆ ਜਾਂ ਕੀ ਗੁਆਇਆ। ਇਸ ਤਰ੍ਹਾਂ ਤੁਸੀਂ ਇਮਾਨਦਾਰ ਉਮੀਦਵਾਰ ਚੁਣਨ ਦੇ ਲਾਇਕ ਹੋਵੋਗੇ। ਗਲ-ਗਲ ਤੱਕ ਭ੍ਰਿਸ਼ਟਾਚਾਰ ਵਿੱਚ ਧਸੇ ਸਿਆਸਤਦਾਨਾਂ ਨੂੰ ਦੇਸ਼ ਦੇ ਨਕਸ਼ੇ ਤੋਂ ਲਾਂਭੇ ਕਰਨ ਦਾ ਇਹ ਸੁਨਹਿਰੀ ਮੌਕਾ ਹੈ।

ਸਾਡੇ ਨੁਮਾਇੰਦਿਆਂ ਵਿੱਚੋਂ ਬਹੁਤ ਸਾਰੇ ਮੁਜਰਮਾਨਾ ਬਿਰਤੀ ਦੇ ਲੋਕ ਹਨ। 763 ਸਿਟਿੰਗ ਐੱਮ ਪੀ ਵਿੱਚੋਂ 306 ਯਾਨੀ ਕਿ 40 ਫੀਸਦੀ ਕ੍ਰਿਮੀਨਲ ਕੇਸ ਭੁਗਤ ਰਹੇ ਹਨ। 194 ਯਾਨੀ 25 ਫੀਸਦੀ ਤਾਂ ਕਤਲ, ਰੇਪ, ਅਗਵਾ ਅਤੇ ਔਰਤਾਂ ਪ੍ਰਤੀ ਜੁਰਮ ਦੇ ਕੇਸਾਂ ਅਤੇ ਹੋਰ ਘਿਨਾਉਣੇ ਅਪਰਾਧਾਂ ਵਿੱਚ ਲਿਪਤ ਹੋਣ ਕਾਰਨ ਦਹਾਕਿਆਂ ਤੋਂ ਅਦਾਲਤਾਂ ਦੇ ਚੱਕਰ ਕੱਢ ਰਹੇ ਹਨ। ਅਜਿਹੇ ਬਾਹੂਬਲੀ ਤੁਹਾਡੇ ਕਿਸ ਕੰਮ? ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਹ ਤੁਹਾਨੂੰ ਭਾਂਤ-ਭਾਂਤ ਦੇ ਡਰਾਵੇ ਦੇ ਕੇ ਆਪਣੇ ਹੱਕ ਵਿੱਚ ਵੋਟ ਪਾਉਣ ਲਈ ਕਹਿਣਗੇ। ਯਾਦ ਰੱਖੋ! ਤੁਹਾਡੀ ਵੋਟ ਗੁਪਤ ਹੈ ਅਤੇ ਕਿਸੇ ਵੀ ਤਰੀਕੇ ਕੋਈ ਵੀ ਸ਼ਖਸ ਇਹ ਨਹੀਂ ਜਾਣ ਸਕਦਾ ਕਿ ਤੁਸੀਂ ਕਿਸ ਦੇ ਹੱਕ ਵਿੱਚ ਭੁਗਤੇ ਹੋ। ਸੋ ਵੋਟ ਦੀ ਵਰਤੋਂ ਬਿਨਾਂ ਕਿਸੇ ਡਰ-ਭੈਅ ਦੇ ਆਪਣੀ ਪਸੰਦ ਦੇ ਉਮੀਦਵਾਰ ਨੂੰ ਭੁਗਤਾਓ। ਜਿਨ੍ਹਾਂ ਦਾ ਸਥਾਨ ਸਲਾਖਾਂ ਦੇ ਪਿੱਛੇ ਹੈ, ਉਹਨਾ ਨੂੰ ਕੋਈ ਹੱਕ ਨਹੀਂ ਤੁਹਾਡੀ ਕਿਸਮਤ ਦੇ ਲਖਾਇਕ ਬਣਨ ਦਾ। ਮੌਕਾ ਹੈ ਠੁਕਰਾ ਦਿਓ ਪੈਸੇ ਅਤੇ ਬਾਹੂਬਲ ਦੇ ਜ਼ੋਰ 'ਤੇ ਰਾਜ-ਭਾਗ ਦੇ ਭਾਗੀ ਬਣਨ ਵਾਲਿਆਂ ਨੂੰ। ਅਜਿਹਾ ਕਰਕੇ ਸੰਸਦ ਨੂੰ ਕੁੱਕੜਾਂ ਦਾ ਵਾੜਾ ਬਣਨ ਤੋਂ ਵੀ ਰੋਕਿਆ ਜਾ ਸਕੇਗਾ।

ਵੋਟਾਂ ਦਾ ਚਲਨ ਸ਼ੁਰੂ ਹੁੰਦਿਆਂ ਹੀ ਨਸ਼ੇ ਦੇ ਵਿਉਪਾਰੀ ਫਨ ਚੁੱਕ ਲੈਂਦੇ ਹਨ। ਇੱਕ ਸਰਸਰੀ ਪੜਚੋਲ ਤੋਂ ਸਾਹਮਣੇ ਆਉਂਦਾ ਹੈ ਕਿ ਜ਼ਿਆਦਾਤਰ ਨਸ਼ੇ ਸਿਆਸਤਦਾਨਾਂ ਦੀ ਸਰਪ੍ਰਸਤੀ ਵਿੱਚ ਵਿਕਦੇ ਹਨ। ਸਾਡੀ ਵਰਤਮਾਨ ਪੀੜ੍ਹੀ ਨੂੰ ਸਿਵਿਆਂ ਦੇ ਰਾਹ ਪਾਉਣ ਵਾਲਿਆਂ ਤੋਂ ਸੁਚੇਤ ਹੋਣ ਦੀ ਲੋੜ ਹੈ। ਨਸ਼ੇ ਦੇ ਲਾਲਚ ਵਿੱਚ ਆਪਣੀ ਬੇਸ਼ਕੀਮਤੀ ਵੋਟ ਨੂੰ ਖਰਾਬ ਕਰਨ ਵਾਲਿਆਂ ਨੂੰ ਵੀ ਆਪਣੀ ਸੁੱਤੀ ਪਈ ਜ਼ਮੀਰ ਨੂੰ ਜਗਾਉਣ ਦੀ ਲੋੜ ਹੈ। ਥੋੜ੍ਹ-ਚਿਰੇ ਲਾਲਚ ਨੂੰ ਤਿਆਗ ਕੇ ਮੂਹਰਲੀ ਪੀੜ੍ਹੀ ਦੇ ਭਵਿੱਖ ਪ੍ਰਤੀ ਚਿੰਤਿਤ ਹੋਵੋ, ਨਹੀਂ ਤਾਂ ਤੁਹਾਨੂੰ ਕਿਤੇ ਵੀ ਢੋਈ ਨਹੀਂ ਮਿਲਣ ਵਾਲੀ।

ਜਦੋਂ ਤੋਂ ਕਈ ਸਿਆਸਤਦਾਨਾਂ ਨੇ ਰਾਜਨੀਤੀ ਨੂੰ ਕਿੱਤੇ ਵਜੋਂ ਅਪਣਾ ਲਿਆ ਹੈ, ਉਦੋਂ ਤੋਂ ਇਹ ਲੋਕ ਹਰ ਹਰਬਾ ਵਰਤ ਕੇ ਤੁਹਾਡੀ ਵੋਟ ਲੁੱਟਣਾ ਚਾਹੁੰਦੇ ਹਨ। ਅੱਜ-ਕੱਲ੍ਹ ਉੱਚਕੋਟੀ ਦੇ ਨੇਤਾ ਡੇਰਿਆਂ ਦੇ ਪ੍ਰਮੁੱਖਾਂ ਦੇ ਪੈਰੀਂ ਡਿੱਗਦੇ ਦੇਖੇ ਜਾ ਸਕਦੇ ਹਨ। ਕਮਜ਼ੋਰ ਕੜੀ ਦੀ ਨਬਜ਼ ਪਹਿਚਾਣਦਿਆਂ ਉਹ ਧਾਰਮਿਕ ਸਖਸੀਅਤਾਂ ਨੂੰ ਵੀ ਆਪਣਾ ਉੱਲੂ ਸਿੱਧਾ ਕਰਨ ਲਈ ਵਰਤ ਲੈਂਦੇ ਹਨ ਅਤੇ ਮੱਤਦਾਤਾਵਾਂ ਵਿੱਚੋਂ ਵੀ ਬਹੁਤ ਸਾਰੇ ਪਿਛਲੱਗ ਅਜਿਹੇ ਡੇਰੇਦਾਰਾਂ ਦੇ ਫੁਰਮਾਨ ਨੂੰ ਇਲਾਹੀ ਹੁਕਮ ਮੰਨ ਕੇ, ਜਿੱਥੇ ਉਹ ਕਹਿੰਦੇ ਹਨ ਮੋਹਰ ਲਾ ਆਉਂਦੇ ਹਨ। ਆਓ ਇਸ ਅਦਿੱਖ ਗੁਲਾਮੀ ਨੂੰ ਤਿਲਾਂਜਲੀ ਦੇਈਏ। ਵੋਟ ਦਾ ਅਧਿਕਾਰ ਤੁਹਾਡਾ ਨਿੱਜੀ ਅਧਿਕਾਰ ਹੈ। ਜੇਕਰ ਗੁਲਾਮ ਬਣਨਾ ਹੀ ਹੈ ਤਾਂ ਗੁਲਾਮ ਬਣੋ ਆਪਣੇ ਮਨ ਮਸਤਕ ਦੇ ਅਤੇ ਆਪਣੀ ਆਜ਼ਾਦ ਸੋਚ ਦੇ।

ਕਈ ਵੋਟਰਾਂ ਦਾ ਵਿਚਾਰ ਹੈ ਕਿ ਜੇਕਰ ਕੋਈ ਵੀ ਉਮੀਦਵਾਰ ਤੁਹਾਡੀ ਪਸੰਦ ਦਾ ਨਹੀਂ ਹੈ ਤਾਂ ਨੋਟਾ ਦਾ ਬਟਨ ਦਬਾਉਣਾ ਚਾਹੀਦਾ ਹੈ ਜੋ ਕਿ ਬਣਾਇਆ ਵੀ ਇਸੇ ਮੰਤਵ ਲਈ ਗਿਆ ਹੈ। ਮੈਂ ਨਿੱਜੀ ਤੌਰ 'ਤੇ ਨੋਟਾ ਦਾ ਬਟਨ ਦਬਾਉਣ ਦੇ ਪੱਖ ਵਿੱਚ ਨਹੀਂ ਹਾਂ। ਨੋਟਾ ਦੇ ਬਟਨ ਦਾ ਪ੍ਰਾਵਧਾਨ ਇੱਕ ਛਲਾਵੇ ਤੋਂ ਵਧ ਕੇ ਕੁੱਝ ਨਹੀਂ ਹੈ, ਸਗੋਂ ਨਾਂਹਪੱਖੀ ਅਤੇ ਨਿਰਾਸ਼ਾਵਾਦੀ ਸੋਚ ਦੇ ਪ੍ਰਤੀਕ ਕੁੱਝ ਕੁ ਉਦਾਸੀਨ ਲੋਕਾਂ ਦੀ ਪਸੰਦ ਜ਼ਰੂਰ ਹੈ। ਜੇਕਰ ਨੋਟਾ ਦੇ ਪੱਖ ਵਿੱਚ ਪਈਆਂ ਵੋਟਾਂ ਦੀ ਗਿਣਤੀ ਸਾਰੇ ਉਮੀਦਵਾਰਾਂ ਨਾਲੋਂ ਵਧ ਜਾਂਦੀ ਹੈ ਤਾਂ ਕੀ ਉਸ ਹਲਕੇ ਵਿੱਚ ਦੁਬਾਰਾ ਤੋਂ ਮੱਤਦਾਨ ਨਹੀਂ ਕਰਵਾਇਆ ਜਾਣਾ ਚਾਹੀਦਾ? ਕੀ ਨੋਟਾ ਤੋਂ ਘੱਟ ਵੋਟਾਂ ਪ੍ਰਾਪਤ ਕਰਨ ਵਾਲੇ ਉਮੀਦਵਾਰ ਨੂੰ ਅਗਲੀਆਂ ਚੋਣਾਂ ਲੜਨ ਦੇ ਅਯੋਗ ਨਹੀਂ ਠਹਿਰਾਇਆ ਜਾਣਾ ਚਾਹੀਦਾ? ਜੇਕਰ ਨਹੀਂ ਤਾਂ ਨੋਟਾ ਨੇ ਕਿਸ ਮਕਸਦ ਦੀ ਪੂਰਤੀ ਕੀਤੀ? ਇਸ ਵਾਰੀ ਦੀਆਂ ਚੋਣਾਂ ਵਿੱਚ ਸੂਰਤ ਲੋਕ ਸਭਾ ਹਲਕੇ ਤੋਂ ਇੱਕ ਉਮੀਦਵਾਰ ਬਿਨਾਂ ਮੁਕਾਬਲਾ ਜੇਤੂ ਕਰਾਰ ਦੇ ਦਿੱਤਾ ਗਿਆ ਹੈ। ਕੀ ਉਸ ਉਮੀਦਵਾਰ ਦਾ ਮੁਕਾਬਲਾ ਨੋਟਾ ਨਾਲ ਨਹੀਂ ਕਰਵਾਇਆ ਜਾਣਾ ਚਾਹੀਦਾ ਸੀ? ਇਸ ਲਈ ਵੋਟ ਦੇਣ ਨੂੰ ਆਪਣਾ ਇਖਲਾਕੀ ਫਰਜ਼ ਸਮਝਦੇ ਹੋਏ ਵੋਟ ਦਾ ਇਸਤੇਮਾਲ ਜ਼ਰੂਰ ਕਰੋ ਅਤੇ ਆਪਣੀ ਵੋਟ ਭੁਗਤਾਓ ਮੁਕਾਬਲਤਨ ਵਧੀਆ ਉਮੀਦਵਾਰ ਦੇ ਹੱਕ ਵਿੱਚ।

ਦੇਸ਼ ਦੇ ਵੋਟਰਾਂ ਦੁਆਰਾ ਚੁਣੇ ਹੋਏ ਨੁਮਾਇੰਦਿਆਂ ਨੇ ਵਿਧਾਨਪਾਲਿਕਾ ਅਤੇ ਕਾਰਜਪਾਲਿਕਾ ਦਾ ਹਿੱਸਾ ਬਣ ਕੇ ਸੱਤਾ ਸੰਭਾਲਣੀ ਹੁੰਦੀ ਹੈ। ਵਿਧਾਨਪਾਲਿਕਾ ਨੇ ਭਾਰਤੀਆਂ ਦੀ ਭਲਾਈ ਲਈ ਕਾਨੂੰਨ ਬਣਾਉਣਾ ਅਤੇ ਕਾਰਜਪਾਲਿਕਾ ਨੇ ਇਹਨਾ ਕਾਨੂੰਨਾਂ ਨੂੰ ਲਾਗੂ ਕਰਕੇ ਦੇਸ਼ ਵਾਸੀਆਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਕੇ ਉਹਨਾ ਦੀ ਜ਼ਿੰਦਗੀ ਵਧੀਆ ਬਣਾਉਣ ਦੀ ਜ਼ੁੰਮੇਵਾਰੀ ਲੈਣੀ ਹੁੰਦੀ ਹੈ। ਸੱਤਾ ਦਾ ਸੁੱਖ ਭੋਗਣ ਦੀ ਬਜਾਏ ਕੀ ਸਾਡੇ ਨੁਮਾਇੰਦੇ ਨੇ ਆਪਣੇ ਇਹਨਾਂ ਫਰਜ਼ਾਂ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਈ, ਉਸ ਦੀ ਕਾਰਗੁਜ਼ਾਰੀ ਦਾ ਰਿਜ਼ਲਟ ਕਾਰਡ ਹੋਣਾ ਚਾਹੀਦਾ ਹੈ। ਆਪਣੇ ਬੱਚਿਆਂ ਦੇ ਭਵਿੱਖ ਨੂੰ ਸੁਰੱਖਿਅਤ ਬਣਾਉਣ ਲਈ ਯੋਗ ਉਮੀਦਵਾਰ ਦੀ ਚੋਣ ਅੱਜ ਸਮੇਂ ਦੀ ਲੋੜ ਹੈ। ਇਸ ਲਈ ਆਓ ਇੱਕ ਪੜ੍ਹਿਆ-ਲਿਖਿਆ, ਸੁਹਿਰਦ, ਬੇਦਾਗ, ਨਿੱਜਵਾਦ ਤੋਂ ਉਪਰ ਉੱਠ ਕੇ ਸੋਚਣ ਵਾਲਾ, ਇਮਾਨਦਾਰ, ਸਮਾਜ ਦੀਆਂ ਸਮੱਸਿਆਵਾਂ ਪ੍ਰਤੀ ਜਾਗਰੂਕ, ਤੁਹਾਡੀਆਂ ਆਸਾਂ-ਉਮੰਗਾਂ 'ਤੇ ਖਰਾ ਉੱਤਰਨ ਵਾਲਾ, ਠਰ੍ਹੰਮੇਦਾਰ, ਨਿਰਪੱਖ, ਨਿਰਸਵਾਰਥ ਉਮੀਦਵਾਰ ਚੁਣ ਕੇ ਲੋਕ ਸਭਾ ਵਿੱਚ ਭੇਜੀਏ।

**# ਸੰਪਰਕ : 98727-87243**

27-MAY-PAGE-5.qxd 5/26/2024 10:27 PM Page 1



# ਔਰਤਾਂ ਲਈ ਨੌਕਰੀਆਂ 'ਚ 50% ਹਿੱਸੇਦਾਰੀ ਯਕੀਨੀ ਬਣਾਏਗੀ ਕਾਂਗਰਸ : ਪ੍ਰਿਯੰਕਾ ਗਾਂਧੀ

**ਡਾ. ਗਾਂਧੀ ਦੇ ਹੱਕ 'ਚ ਪ੍ਰਚਾਰ ਲਈ ਪਟਿਆਲਾ ਪੁੱਜੀ ਪ੍ਰਿਯੰਕਾ ਗਾਂਧੀ**




**ਪਟਿਆਲਾ (ਅਵਤਾਰ ਜਟਾਣਾ)**
ਪਟਿਆਲਾ ਹਲਕੇ ਤੋਂ ਕਾਂਗਰਸ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਨ ਲਈ ਸ਼੍ਰੀਮਤੀ ਪ੍ਰਿਯੰਕਾ ਗਾਂਧੀ ਵਿਸ਼ੇਸ਼ ਤੌਰ 'ਤੇ ਇਥੇ ਪੁੱਜੇ।ਉਨ੍ਹਾ ਇੱਥੇ 'ਨਾਰੀ ਨਿਆਂ ਸੰਮੇਲਨ' ਤਹਿਤ ਹਜ਼ਾਰਾਂ ਔਰਤਾਂ ਦੇ ਇਕੱਠ ਨੂੰ ਸੰਬੋਧਨ ਕੀਤਾ।ਪ੍ਰਿਯੰਕਾ ਗਾਂਧੀ ਨੇ ਸਭ ਤੋਂ ਪਹਿਲਾਂ ਪੰਜਾਬ ਨਾਲ਼ ਆਪਣੀ ਸਾਂਝ ਦਾ ਹਵਾਲਾ ਦਿੰਦਿਆਂ ਕਿਹਾ ਕਿ ਮੈਂ ਪੰਜਾਬੀ ਪਰਿਵਾਰ ਦੀ ਨੂੰਹ ਹਾਂ ਤੇ ਪੰਜਾਬੀਅਤ ਦੀ ਸੇਵਾ ਭਾਵਨਾ, ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਦੇ ਵਿਚਾਰ ਨੂੰ ਸਮਝਦੀ ਹਾਂ।ਉਨ੍ਹਾਂ ਔਰਤਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਅਸੀਂ ਇਸ ਦੇਸ਼ ਵਿੱਚ ਅੱਧ ਦੀਆਂ ਮਾਲਕ ਹਾਂ।ਅੱਜ ਦੀ ਔਰਤ ਆਪਣੇ ਪਰਿਵਾਰ ਦੀ ਕਮਾਈ ਵਿੱਚ ਹਿੱਸੇਦਾਰ ਬਣਨਾ ਚਾਹੁੰਦੀ ਹੈ, ਚੰਗਾ ਰੁਜ਼ਗਾਰ ਕਰਨਾ ਤੇ ਅੱਗੇ ਵਧਣਾ ਚਾਹੁੰਦੀ ਹੈ, ਪਰ ਕੇਂਦਰ ਸਰਕਾਰ ਔਰਤਾਂ ਨੂੰ ਸੁਰੱਖਿਅਤ ਤੇ ਰੁਜ਼ਗਾਰ ਦਾ ਮਾਹੌਲ ਦੇਣ ਵਿੱਚ ਅਸਫ਼ਲ ਹੈ।ਔਰਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਖੜ੍ਹੀਆਂ ਹੋ ਜਾਓ ਤੇ ਬਰਾਬਰੀ ਦਾ ਹੱਕ ਲਵੋ।

ਉਨ੍ਹਾ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਦੇ ਬਿਆਨ ਆਪਣੇ ਅਹੁਦੇ ਦੀ ਮਰਿਯਾਦਾ ਨੂੰ ਭੰਗ ਕਰਨ ਵਾਲੇ ਹਨ।ਪ੍ਰਧਾਨ ਮੰਤਰੀ ਵੱਡੇ ਵੱਡੇ ਝੂਠ ਬੋਲਦਿਆਂ ਤੇ ਲੋਕਾਂ ਨੂੰ ਗੁੰਮਰਾਹ ਕਰਦਿਆਂ ਕਦੇ ਕਹਿੰਦੇ ਹਨ ਕਿ ਕਾਂਗਰਸ ਤੁਹਾਡੀ ਮੱਝ ਖੋਲ੍ਹ ਕੇ ਲੈ ਜਾਵੇਗੀ ਤੇ ਕਦੇ ਕਹਿੰਦੇ ਹਨ ਕਿ ਕਾਂਗਰਸ ਔਰਤਾਂ ਦੇ ਮੰਗਲਸੂਤਰ ਖੋਹ ਲਵੇਗੀ, ਜਦਕਿ ਉਨ੍ਹਾਂ ਦੇ ਰਾਜ ਵਿੱਚ ਔਰਤਾਂ 'ਤੇ ਹੋਏ ਜ਼ੁਲਮ, ਸ਼ਹੀਦ ਹੋਏ ਕਿਸਾਨਾਂ ਤੇ ਦੇਸ਼ ਵਿਚਲੀ ਅਥਾਹ ਬੇਰੁਜ਼ਗਾਰੀ ਬਾਰੇ ਉਹ ਕਦੇ ਮੂੰਹ ਨਹੀਂ ਖੋਲ੍ਹਦੇ।ਪਰ ਇਸ ਤੋਂ ਉਲਟ ਕਾਂਗਰਸ ਇਸ ਦੇਸ਼ ਦੀ ਤਰੱਕੀ, ਭਾਈਚਾਰੇ ਤੇ ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਦੀ ਲੜਾਈ ਲੜ ਰਹੀ ਹੈ।

ਕਾਂਗਰਸ ਨੇ ਆਪਣੀਆਂ ਗਰੰਟੀਆਂ ਵਿੱਚ ਵਿਸ਼ੇਸ਼ ਤੌਰ 'ਤੇ ਔਰਤਾਂ ਲਈ ਨਿਆਂ ਦੀ ਗੱਲ ਕੀਤੀ ਹੈ, ਜਿਸ ਵਿੱਚ ਹਰ ਲੋੜਵੰਦ ਪਰਿਵਾਰ ਦੀ ਸਭ ਤੋਂ ਵੱਡੀ ਔਰਤ ਨੂੰ ਸਾਲਾਨਾ ਇੱਕ ਲੱਖ ਰੁਪਏ ਦੀ ਸਹਾਇਤਾ ਦੇਣ ਤੇ ਔਰਤਾਂ ਲਈ ਨੌਕਰੀਆਂ ਵਿੱਚ 50% ਰਾਖਵੇਂਕਰਨ ਦੀ ਗਰੰਟੀ ਦਿੱਤੀ ਹੈ।

ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਪਟਿਆਲਾ ਹਲਕੇ ਦੀ ਖੁਸ਼ਕਿਸਮਤੀ ਹੈ ਕਿ ਉਨ੍ਹਾਂ ਨੂੰ ਡਾਕਟਰ ਧਰਮਵੀਰ ਗਾਂਧੀ ਵਰਗਾ ਇਮਾਨਦਾਰ ਤੇ ਨਿੱਡਰ ਵਿਅਕਤੀ ਉਮੀਦਵਾਰ ਵਜੋਂ ਮਿਲਿਆ ਹੈ।ਇਸ ਲਈ ਇਨ੍ਹਾਂ ਨੂੰ ਵੱਡੀ ਲੀਡ ਨਾਲ ਜਿਤਾਉਣਾ ਬਣਦਾ ਹੈ।ਡਾ: ਗਾਂਧੀ ਨੇ ਕਿਹਾ ਕਿ ਆਰਥਿਕ ਪਾੜਾ, ਸਮਾਜਿਕ ਵੰਡੀਆਂ ਤੇ ਸਿਆਸੀ ਤਾਨਾਸ਼ਾਹੀ ਭਾਜਪਾ ਦੀ ਪਹਿਚਾਣ ਹੈ।ਭਾਜਪਾ ਨੂੰ ਦੇਸ਼ ਪੱਧਰ 'ਤੇ ਹਰਾਉਣਾ ਬਹੁਤ ਜ਼ਰੂਰੀ ਹੈ।

# ਨਰੇਗਾ ਤਹਿਤ ਸਾਲਾਨਾ 200 ਦਿਨ ਕੰਮ ਤੇ 700 ਰੁਪਏ ਦਿਹਾੜੀ ਦੀ ਗਰੰਟੀ ਕੀਤੀ ਜਾਵੇਗੀ : ਜਗਸੀਰ ਖੋਸਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਹੁਣ ਤੱਕ ਰਾਜ ਕਰਦੀਆਂ ਪਾਰਟੀਆਂ ਨੇ ਨਰੇਗਾ ਕਾਨੂੰਨ ਨੂੰ ਲਾਗੂ ਕਰਾਉਣ ਵਿੱਚ ਹਮੇਸ਼ਾ ਅੜਿੱਕੇ ਹੀ ਡਾਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਕਮਿਊਨਿਸਟ ਪਾਰਟੀ ਤੇ ਸੀ.ਪੀ.ਐੱਮ. ਦੇ ਸਾਂਝੇ ਉਮੀਦਵਾਰ ਮਾਸਟਰ ਗੁਰਚਰਨ ਸਿੰਘ ਮਾਨ ਦੇ ਹੱਕ ਵਿੱਚ ਵੱਖ ਵੱਖ ਪਿੰਡਾਂ ਵਿੱਚ ਚੋਣ ਪ੍ਰਚਾਰ ਕਰਦਿਆਂ ਨਰੇਗਾ ਯੂਨੀਅਨ ਦੇ ਸਕੱਤਰ ਜਗਸੀਰ ਖੋਸਾ ਨੇ ਕੀਤਾ। ਉਨ੍ਹਾ ਕਿਹਾ ਕਿ ਪੰਜਾਬ 'ਚ ਨਰੇਗਾ ਤਹਿਤ ਨਿਰਵਿਘਨ ਕੰਮ ਚਲਾ ਕੇ ਮੀਂਹ ਦੇ ਪਾਣੀ ਨੂੰ ਸੰਭਾਲਣ ਲਈ ਦਰਿਆਵਾਂ, ਸੇਮਨਾਲਿਆਂ ਤੇ ਸਾਂਝੀਆਂ ਥਾਵਾਂ ਦੀ ਸਫ਼ਾਈ ਕਰਕੇ, ਪਾਣੀ ਸਟੋਰ ਕਰਨ ਦੀ ਯੋਜਨਾ ਬਣਾਉਣੀ ਚਾਹੀਦੀ ਹੈ। ਇਸ ਦੇ ਤਹਿਤ ਸਭ ਪਿੰਡ 'ਚ ਰੁੱਖਾਂ, ਫੁੱਲਾਂ, ਸਬਜ਼ੀਆਂ ਦੀਆਂ ਨਰਸਰੀਆਂ ਤਿਆਰ ਕੀਤੀਆਂ ਜਾ ਸਕਦੀਆਂ ਤੇ ਰੁੱਖਾਂ ਨੂੰ ਲਗਾਉਣ/ਸੰਭਾਲਣ ਲਈ ਲੱਖਾਂ ਲੋਕਾਂ ਨੂੰ ਕੰਮ 'ਤੇ ਲਗਾਇਆ ਜਾ ਸਕਦਾ। ਕਿੰਨੇ ਹੀ ਤਰ੍ਹਾਂ ਦੇ ਰੁੱਖ ਤਿਆਰ ਕਰਕੇ ਲੋਕਾਂ ਨੂੰ ਦਿੱਤੇ ਜਾ ਸਕਦੇ। ਅੱਜ ਸਾਡੇ ਵਾਤਾਵਰਣ ਨੂੰ ਵੀ ਗੰਧਲੀ ਰਾਜਨੀਤੀ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਉਨ੍ਹਾ ਕਿਹਾ ਕਿ ਵਾਤਾਵਰਨ, ਮਨੁੱਖੀ ਖੁਰਾਕ-ਸਿਹਤ ਤੇ ਸਰਕਾਰੀ ਆਮਦਨ ਲਈ ਨਰੇਗਾ ਦੀ ਵੱਡਮੁੱਲੀ ਭੂਮਿਕਾ ਉਲੀਕਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਲੋਕ ਦਾਤੀ ਸਿੱਟੇ ਦੇ ਉਮੀਦਵਾਰ ਨੂੰ ਜਿਤਾ ਕੇ ਪਾਰਲੀਮੈਂਟ ਵਿੱਚ ਭੇਜਦੇ ਹਨ ਤਾਂ ਉਹ ਨਰੇਗਾ ਨੂੰ ਮਜ਼ਬੂਤ ਤੇ ਸਹੀ ਤਰੀਕੇ ਨਾਲ ਲਾਗੂ ਕਰਨ ਲਈ ਕੰਮ ਕਰਨਗੇ। ਨਰੇਗਾ ਪਾਰਦਰਸ਼ੀ ਢੰਗ ਨਾਲ ਚਲਾਇਆ ਜਾਵੇਗਾ ਤੇ ਭ੍ਰਿਸ਼ਟ ਅਧਿਕਾਰੀਆਂ ਨੂੰ ਤਾੜਿਆ ਜਾਵੇਗਾ। ਨਰੇਗਾ ਤਹਿਤ ਸਾਲਾਨਾ 200 ਦਿਨ ਕੰਮ ਤੇ 700 ਰੁਪਏ ਦਿਹਾੜੀ ਦੀ ਗਰੰਟੀ ਕੀਤੀ ਜਾਵੇਗੀ। ਨਰੇਗਾ ਅਧੀਨ ਕੰਮ ਕਰਦੇ ਕਰਮਚਾਰੀਆਂ ਨੂੰ ਪੱਕੇ ਕੀਤਾ ਜਾਵੇਗਾ। ਮਜ਼ਦੂਰਾਂ ਦੇ ਕਰਜ਼ਿਆਂ ਦਾ ਖਾਤਮਾ ਕੀਤਾ ਜਾਵੇਗਾ। ਰਹਿਣ ਲਈ ਸਭ ਲੋੜਵੰਦਾਂ ਨੂੰ ਘਰਾਂ ਦੀ ਗਰੰਟੀ ਦਿੱਤੀ ਜਾਵੇਗੀ। ਸਵਰਾਜ ਢੁੱਡੀਕੇ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਵੋਟਾਂ ਨਾਲ ਗੁਰਚਰਨ ਸਿੰਘ ਨੂੰ ਜਿਤਾ ਕੇ ਪਾਰਲੀਮੈਂਟ ਵਿੱਚ ਭੇਜੋ। ਇਸ ਸਮੇਂ ਉਨ੍ਹਾਂ ਦੇ ਨਾਲ ਬੂਟਾ ਸਿੰਘ ਬੁੱਟਰ ਤੋਂ ਇਲਾਵਾ ਹੋਰ ਵੀ ਮੌਜੂਦ ਸਨ।

# ਸਾਂਝੇ ਆਪ੍ਰੇਸ਼ਨ ਦੌਰਾਨ ਭਾਰੀ ਮਾਤਰਾ 'ਚ ਹੈਰੋਇਨ ਤੇ ਡਰੱਗ ਮਨੀ ਸਮੇਤ 7 ਕਾਬੂ

**40 ਜ਼ਿੰਦਾ ਕਾਰਤੂਸ, ਵਰਨਾ ਕਾਰ, ਤਿੰਨ ਮੋਟਰਸਾਈਕਲ ਬਰਾਮਦ**



**ਜਲਾਲਾਬਾਦ (ਜੀਤ ਕੁਮਾਰ)**
ਸਰਹੱਦ ਪਾਰ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਨੈੱਟਵਰਕ ਖਿਲਾਫ਼ ਵੱਡੀ ਸਫਲਤਾ ਹਾਸਲ ਕਰਦਿਆਂ ਜ਼ਿਲ੍ਹਾ ਫਾਜ਼ਿਲਕਾ ਪੁਲਸ ਨੇ ਸੀਮਾ ਸੁਰੱਖਿਆ ਬਲ (ਬੀਐੱਸਐੱਫ) ਨਾਲ ਸਾਂਝੇ ਆਪ੍ਰੇਸ਼ਨ ਦੌਰਾਨ ਅੰਤਰਰਾਸ਼ਟਰੀ ਨਾਰਕੋ ਤਸਕਰੀ ਮਾਡਿਊਲ ਦੇ ਸੱਤ ਨਸ਼ਾ ਤਸਕਰਾਂ ਨੂੰ 5.47 ਕਿਲੋਗ੍ਰਾਮ ਸ਼ੁੱਧ ਹੈਰੋਇਨ ਤੇ 1.07 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਗ੍ਰਿਫ਼ਤਾਰ ਕਰਕੇ ਇਸ ਮਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਦਿੰਦਿਆਂ ਪ੍ਰੈੱਸ ਕਾਨਫਰੰਸ ਦੌਰਾਨ ਜ਼ਿਲ੍ਹਾ ਫਾਜ਼ਿਲਕਾ ਦੇ ਐੱਸ ਐੱਸ ਪੀ ਡਾ. ਪ੍ਰਗਿਆ ਜੈਨ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਬਲਜਿੰਦਰ ਸਿੰਘ ਉਰਫ ਲਵਲੀ (21), ਸੁਖਚੈਨ ਸਿੰਘ ਉਰਫ ਲੱਕੀ (19) ਤੇ ਸੋਲਵ ਸਿੰਘ (19) ਤਿੰਨੋਂ ਵਾਸੀ ਪਿੰਡ ਪੀਰੇ ਕੇ ਉਤਾੜ, ਗੁਰਚਰਨ ਸਿੰਘ ਉਰਫ ਮਿਲਖਾ (21) ਵਾਸੀ ਪਿੰਡ ਚੱਕ ਸਵਾਹ ਵਾਲਾ, ਕਰਨਦੀਪ ਸਿੰਘ (29) ਵਾਸੀ ਪਿੰਡ ਬਾਦਲ ਕੇ, ਦਲਜੀਤ ਸਿੰਘ ਉਰਫ ਮਾਨੀ (23) ਵਾਸੀ ਮਹਾਤਮ ਨਗਰ ਜ਼ਿਲ੍ਹਾ ਫਾਜ਼ਿਲਕਾ ਤੇ ਕਮਲਦੀਪ ਸਿੰਘ (32) ਵਾਸੀ ਪਿੰਡ ਕੋਟ ਗੋਬਿੰਦਪੁਰਾ ਕਪੂਰਥਲਾ ਵਜੋਂ ਹੋਈ ਹੈ। ਮੁਲਜ਼ਮ ਕਮਲਦੀਪ ਸਿੰਘ ਦਾ ਅਪਰਾਧਕ ਪਿਛੋਕੜ ਹੈ ਤੇ ਉਹ ਪਹਿਲਾਂ ਵੀ ਦੋ ਕੇਸਾਂ ਵਿੱਚ ਸ਼ਾਮਲ ਹੈ।

ਐੱਸ.ਐੱਸ.ਪੀ. ਨੇ ਦੱਸਿਆ ਕਿ ਹੈਰੋਇਨ ਤੇ ਡਰੱਗ ਮਨੀ ਦੀ ਬਰਾਮਦਗੀ ਤੋਂ ਇਲਾਵਾ ਪੁਲਸ ਟੀਮਾਂ ਨੇ ਇਨ੍ਹਾਂ ਦੇ ਕਬਜ਼ੇ 'ਚੋਂ 40 ਜ਼ਿੰਦਾ ਕਾਰਤੂਸ, ਛੇ ਮੋਬਾਈਲ ਫ਼ੋਨ, 8.4 ਗ੍ਰਾਮ ਸੋਨਾ ਤੇ 68.97 ਗ੍ਰਾਮ ਚਾਂਦੀ ਬਰਾਮਦ ਕਰਨ ਤੋਂ ਇਲਾਵਾ ਉਨ੍ਹਾਂ ਦੀ ਹੁੰਡਈ ਵਰਨਾ ਕਾਰ (ਐੱਚ ਆਰ 06 ਵਾਈ 8681) ਤੇ ਤਿੰਨ ਮੋਟਰਸਾਈਕਲ ਵੀ ਜ਼ਬਤ ਕੀਤੇ ਹਨ। ਉਨ੍ਹਾ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਪਾਕਿਸਤਾਨ ਅਧਾਰਤ ਤਸਕਰ ਦੇ ਸੰਪਰਕ ਵਿੱਚ ਸਨ ਤੇ ਡਰੋਨ ਰਾਹੀਂ ਨਸ਼ੀਲੇ ਪਦਾਰਥਾਂ ਦੀ ਖੇਪ ਪ੍ਰਾਪਤ ਕਰਦੇ ਸਨ। ਐੱਸ ਐੱਸ ਪੀ ਨੇ ਦੱਸਿਆ ਕਿ ਪੁਲਸ ਟੀਮਾਂ ਨੂੰ ਭਰੋਸੇਯੋਗ ਸੂਹ ਮਿਲੀ ਸੀ ਕਿ ਮੁਲਜ਼ਮ ਬਲਜਿੰਦਰ ਸਿੰਘ, ਸੁਖਚੈਨ ਸਿੰਘ, ਸੋਲਵ ਸਿੰਘ, ਗੁਰਚਰਨ ਸਿੰਘ, ਕਰਨਦੀਪ ਸਿੰਘ ਤੇ ਕਮਲਦੀਪ ਸਿੰਘ ਨੇ ਪਾਕਿਸਤਾਨ ਤੋਂ ਨਸ਼ੀਲੇ ਪਦਾਰਥਾਂ ਦੀ ਖੇਪ ਪ੍ਰਾਪਤ ਕੀਤੀ ਹੈ ਤੇ ਮੁਲਜ਼ਮ ਬਲਜਿੰਦਰ ਦੇ ਘਰ ਛੁਪਾ ਕੇ ਰੱਖੀ ਹੈ। ਇਸ ਆਧਾਰ 'ਤੇ ਤੁਰੰਤ ਕਾਰਵਾਈ ਕਰਦਿਆਂ ਥਾਣਾ ਅਮੀਰ ਖਾਸ ਦੀਆਂ ਟੀਮਾਂ ਨੇ ਮੌਕੇ 'ਤੇ ਛਾਪੇਮਾਰੀ ਕੀਤੀ ਤੇ ਸਾਰੇ ਮੁਲਜ਼ਮਾਂ ਨੂੰ ਉਸ ਸਮੇਂ ਕਾਬੂ ਕੀਤਾ, ਜਦੋਂ ਉਹ ਆਪਣੀ ਵਰਨਾ ਕਾਰ 'ਚ ਘਰ ਤੋਂ ਜਾਣ ਵਾਲੇ ਸਨ। ਉਨ੍ਹਾ ਦੱਸਿਆ ਕਿ ਬਾਅਦ ਵਿੱਚ ਪੁਲਸ ਟੀਮਾਂ ਨੇ ਮੁਲਜ਼ਮ ਦਲਜੀਤ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ। ਇਸ ਸੰਬੰਧੀ ਐੱਫ ਆਈ ਆਰ ਨੰ. 23 ਮਿਤੀ 23/05/2024 ਨੂੰ ਥਾਣਾ ਅਮੀਰ ਖਾਸ ਜ਼ਿਲ੍ਹਾ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21, 23 ਅਤੇ 29 ਅਤੇ ਅਸਲਾ ਐਕਟ ਦੀ ਧਾਰਾ 25 ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਇਸ ਮੌਕੇ ਡੀ.ਐੱਸ.ਪੀ. ਜਲਾਲਾਬਾਦ, ਬੀ.ਐੱਸ.ਐੱਫ. ਦੇ ਅਧਿਕਾਰੀ ਤੇ ਹੋਰ ਅਫਸਰ ਅਤੇ ਕਰਮਚਾਰੀ ਮੌਜੂਦ ਸਨ।

# ਲੋਕ 'ਆਪ' ਉਮੀਦਵਾਰਾਂ ਨੂੰ ਵੱਡੀ ਲੀਡ ਨਾਲ ਜਿਤਾਉਣਗੇ : ਦੇਵ ਮਾਨ

**ਕੌਂਸਲਰ ਰੋਜ਼ੀ ਤੇ ਦੀਪਕ ਨਾਗਪਾਲ ਦੀ ਅਗਵਾਈ 'ਚ ਡਾ. ਬਲਬੀਰ ਸਿੰਘ ਦੇ ਹੱਕ 'ਚ ਚੋਣ ਪ੍ਰਚਾਰ**



**ਨਾਭਾ (ਵਰਿੰਦਰ ਵਰਮਾ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸੂਬੇ ਦੀ ਜਨਤਾ ਲਈ ਵੱਖ ਵੱਖ ਸਕੀਮਾਂ ਚਲਾਈਆਂ ਜਾ ਰਹੀਆਂ ਹਨ, ਜਿਸ ਤੋਂ ਲੋਕ ਪ੍ਰਭਾਵਿਤ ਹੋ ਕੇ ਆਮ ਆਦਮੀ ਪਾਰਟੀ ਨਾਲ ਜੁੜ ਰਹੇ ਹਨ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਵਾਰਡ ਨੰਬਰ 23 ਵਿੱਚ ਕੌਂਸਲਰ ਰੋਜ਼ੀ ਨਾਗਪਾਲ ਤੇ ਉਨ੍ਹਾਂ ਦੇ ਪਤੀ ਦੀਪਕ ਨਾਗਪਾਲ ਵੱਲੋਂ ਉਮੀਦਵਾਰ ਡਾਕਟਰ ਬਲਬੀਰ ਸਿੰਘ ਦੇ ਹੱਕ ਵਿੱਚ ਰੱਖੇ ਪ੍ਰੋਗਰਾਮ ਦੌਰਾਨ ਚੋਣ ਪ੍ਰਚਾਰ ਕਰਨ ਉਪਰੰਤ ਪ੍ਰਗਟਾਏ।ਇਸ ਮੌਕੇ ਦੇਵ ਮਾਨ ਨੇ ਕਿਹਾ ਕਿ ਪੰਜਾਬ ਦਾ ਹਰ ਵਰਗ ਪਾਰਟੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਰਿਹਾ ਹੈ, ਜਿਸ ਨਾਲ ਪੰਜਾਬ ਦੀ ਜਨਤਾ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੀ ਹੈ।ਉਨ੍ਹਾ ਕਿਹਾ ਕਿ ਪੰਜਾਬ ਦੇ ਕ੍ਰਾਂਤੀਕਾਰੀ ਤੇ ਹਰਮਨ ਪਿਆਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਚਲਾਈਆਂ ਗਈਆਂ ਸਕੀਮਾਂ ਤੋਂ ਲੋਕ ਖੁਸ਼ ਨਜ਼ਰ ਆ ਰਹੇ ਹਨ।ਸੂਬੇ ਦੀ ਸਰਕਾਰ ਨੇ ਲੋਕਾਂ ਦੀਆਂ ਸਹੂਲਤਾਂ ਲਈ ਸਿੱਖਿਆ ਦੇ ਨਾਲ ਨਾਲ ਸਿਹਤ ਪੱਖੋਂ ਵੀ ਲੋਕਾਂ ਨੂੰ ਸਹੂਲਤਾਂ ਦਿੱਤੀਆਂ ਹਨ।ਹਰ ਹਲਕੇ ਵਿੱਚ ਮੁਹੱਲਾ ਕਲੀਨਿਕ ਖੋਲ੍ਹੇ ਗਏ ਹਨ, ਜਿਸ ਵਿੱਚ ਮਰੀਜ਼ਾਂ ਨੂੰ ਦਵਾਈਆਂ ਤੇ ਟੈਸਟ ਵੀ ਮੁਫਤ ਹੁੰਦੇ ਹਨ।ਦੇਵ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਲੋਕਾਂ ਦੇ ਘਰਾਂ ਦੇ ਬਿੱਲ ਮਾਫ ਹੋਣ ਕਰਕੇ ਜ਼ੀਰੋ ਆ ਰਹੇ ਹਨ ਅਤੇ ਨੌਜਵਾਨਾਂ ਨੂੰ ਕਈ ਹਜ਼ਾਰਾਂ ਦੀ ਗਿਣਤੀ ਵਿੱਚ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕਰਵਾਏ ਗਏ ਕਾਰਜਾਂ ਨੂੰ ਵੇਖਦੇ ਹੋਏ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਵੋਟਾਂ ਪਾ ਕੇ ਵੱਡੀ ਲੀਡ ਨਾਲ ਜਿਤਾਉਣਗੇ ਤੇ ਲੋਕ ਸਭਾ ਵਿੱਚ ਭੇਜਣਗੇ।ਇਸ ਮੌਕੇ ਕੌਂਸਲਰ ਰੋਜ਼ੀ ਨਾਗਪਾਲ ਤੇ ਦੀਪਕ ਨਾਗਪਾਲ ਨੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਤੇ ਆਈਆਂ ਹੋਈਆਂ ਸ਼ਖ਼ਸੀਅਤਾਂ ਨੂੰ ਸਿਰੋਪਾ ਪਾ ਕੇ ਸਨਮਾਨਤ ਕੀਤਾ। ਉਨ੍ਹਾਂ ਹਲਕਾ ਵਿਧਾਇਕ ਨਾਭਾ ਨੂੰ ਵਿਸ਼ਵਾਸ ਦਿਵਾਇਆ ਕਿ ਪਾਰਟੀ ਦੀ ਚੜ੍ਹਦੀ ਕਲਾ ਲਈ ਦਿਨ-ਰਾਤ ਮਿਹਨਤ ਕਰਾਂਗੇ ਤੇ ਡਾਕਟਰ ਬਲਬੀਰ ਸਿੰਘ ਲਈ ਘਰ ਘਰ ਜਾ ਕੇ ਵੋਟਾਂ ਮੰਗਾਂਗੇ ਅਤੇ ਬੂਥ ਪੱਧਰ 'ਤੇ ਕੰਮ ਕਰਾਂਗੇ।ਇਸ ਮੌਕੇ ਟਰੇਡ ਵਿੰਗ ਦੇ ਜਾਇੰਟ ਸਕੱਤਰ ਅਜੇ ਜਿੰਦਲ, ਗੁਰਪ੍ਰੀਤ ਸਿੰਘ ਗੋਪੀ, ਸੁਖਵਿੰਦਰ ਖਹਿਰਾ, ਸੀਨੀਅਰ ਆਗੂ ਕਪਿਲ ਮਾਨ, ਸੰਜੇ ਮੱਗੋ, ਹਰਸ਼ ਬਲੱਡ ਡੋਨਰ ਸੋਸਾਇਟੀ ਪ੍ਰਧਾਨ ਭੂਵੇਸ਼ ਬਾਂਸਲ, ਸਾਬਕਾ ਨਗਰ ਕੌਂਸਲ ਪ੍ਰਧਾਨ ਹਰਸਿਮਰਨ ਸਿੰਘ ਸਾਹਨੀ, ਪੰਕਜ ਪੱਪੂ, ਕਸ਼ਮੀਰ ਸਿੰਘ ਲਾਲਕਾ, ਤੇਜਿੰਦਰ ਖਹਿਰਾ, ਮਾਂਟੂ ਪਾਹੂਜਾ, ਜਸਵੀਰ ਸਿੰਘ ਛਿੰਦਾ, ਭੁਪਿੰਦਰ ਸਿੰਘ ਕਲਰ ਮਾਜਰੀ ਆਦਿ ਹਾਜ਼ਰ ਸਨ।

# ਪ੍ਰਧਾਨ ਮੰਤਰੀ ਦੇ ਫ਼ਿਰਕੂ ਨਫ਼ਰਤੀ ਭਾਸ਼ਣ ਗ਼ੈਰ-ਕਾਨੂੰਨੀ : ਤਰਕਸ਼ੀਲ ਸੁਸਾਇਟੀ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਤਰਕਸ਼ੀਲ ਸੁਸਾਇਟੀ (ਰਜਿ.) ਪੰਜਾਬ ਨੇ ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਵੱਖ ਵੱਖ ਡੇਰਿਆਂ ਤੇ ਧਾਰਮਿਕ ਸੰਪਰਦਾਵਾਂ ਦੇ ਡੇਰਾ ਮੁਖੀਆਂ ਅਤੇ ਆਗੂਆਂ ਨਾਲ ਚੋਣਾਂ ਦੌਰਾਨ ਵਿਸ਼ੇਸ਼ ਮੁਲਾਕਾਤਾਂ ਰਾਹੀਂ ਧਰਮਾਂ, ਜਾਤਾਂ, ਫ਼ਿਰਕਿਆਂ ਦੇ ਆਧਾਰ 'ਤੇ ਵੋਟਰਾਂ ਤੋਂ ਵੋਟਾਂ ਮੰਗਣ ਦੀ ਫ਼ਿਰਕੂ ਸਿਆਸਤ ਤੇ ਨਫ਼ਰਤੀ ਭਾਸ਼ਣਾਂ ਦਾ ਡੱਟਵਾਂ ਵਿਰੋਧ ਕਰਦਿਆਂ ਭਾਰਤੀ ਚੋਣ ਕਮਿਸ਼ਨ ਨੂੰ ਅਜਿਹੇ ਸਿਆਸੀ ਆਗੂਆਂ ਤੇ ਹੁਕਮਰਾਨਾਂ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ।ਇਸ ਸੰਬੰਧੀ ਸੁਸਾਇਟੀ ਦੇ ਸੂਬਾ ਕਮੇਟੀ ਆਗੂਆਂ ਮਾਸਟਰ ਰਾਜਿੰਦਰ ਭਦੌੜ, ਹੇਮ ਰਾਜ ਸਟੈਨੋਂ, ਬਲਬੀਰ ਲੌਂਗੋਵਾਲ, ਰਾਜਪਾਲ ਸਿੰਘ, ਰਾਮ ਸਵਰਨ ਲੱਖੇਵਾਲੀ, ਸੁਮੀਤ ਅੰਮ੍ਰਿਤਸਰ ਤੇ ਜਸਵਿੰਦਰ ਫਗਵਾੜਾ ਨੇ ਕਿਹਾ ਕਿ ਸਿਆਸੀ ਪਾਰਟੀਆਂ ਵੱਲੋਂ ਧਰਮ, ਜਾਤ-ਪਾਤ, ਫ਼ਿਰਕੇ, ਇਲਾਕੇ, ਭਾਸ਼ਾ ਦੇ ਨਾਂਅ ਹੇਠ ਵੋਟਾਂ ਮੰਗਣੀਆਂ ਲੋਕ ਪ੍ਰਤੀਨਿਧਤਾ ਕਾਨੂੰਨ 1951 ਦੀ ਧਾਰਾ 125 ਤਹਿਤ ਕਾਨੂੰਨੀ ਅਪਰਾਧ ਹੈ, ਪਰ ਇਸ ਦੇ ਬਾਵਜੂਦ ਸਿਆਸੀ ਪਾਰਟੀਆਂ ਤੇ ਮੰਤਰੀਆਂ ਵੱਲੋਂ ਵਿਸ਼ੇਸ਼ ਧਰਮਾਂ, ਜਾਤਾਂ, ਡੇਰਿਆਂ ਤੇ ਫ਼ਿਰਕਿਆਂ ਨੂੰ ਵਿਸ਼ੇਸ਼ ਰਿਆਇਤਾਂ ਅਤੇ ਸਹੂਲਤਾਂ ਦੇਣ ਦੇ ਐਲਾਨ ਕਰਕੇ ਅਤੇ ਡੇਰਾ ਮੁਖੀਆਂ ਨਾਲ ਵਿਸ਼ੇਸ਼ ਮੁਲਾਕਾਤਾਂ ਕਰਕੇ ਇਸ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਉਨ੍ਹਾਂ ਹਰਿਆਣਾ ਦੀ ਭਾਜਪਾ ਸਰਕਾਰ ਵੱਲੋਂ ਸਿਰਸਾ ਦੇ ਡੇਰਾ ਮੁਖੀ ਨੂੰ ਵਾਰ ਵਾਰ ਪੈਰੋਲ 'ਤੇ ਰਿਹਾਅ ਕਰਨ ਦੀ ਸਖ਼ਤ ਆਲੋਚਨਾ ਕੀਤੀ।ਆਗੂਆਂ ਨੇ ਦੋਸ਼ ਲਾਇਆ ਕਿ ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਰਾਮ ਮੰਦਰ ਦੇ ਨਾਂਅ ਹੇਠ ਤੇ ਮੁਸਲਿਮ ਫਿਰਕੇ ਵਿਰੁੱਧ ਕਥਿਤ ਨਫ਼ਰਤੀ ਭਾਸ਼ਣ ਕਰਕੇ ਵੋਟਾਂ ਦਾ ਧਰੁਵੀਕਰਨ ਕੀਤਾ ਜਾ ਰਿਹਾ ਹੈ।ਇਸ ਦੇ ਬਾਵਜੂਦ ਚੋਣ ਕਮਿਸ਼ਨ ਵੱਲੋਂ ਇਨ੍ਹਾਂ ਖਿਲਾਫ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾ ਰਹੀ।ਇਸ ਮੌਕੇ ਜ਼ੋਨ ਮੁਕਤਸਰ ਫਾਜ਼ਿਲਕਾ ਦੇ ਆਗੂ ਪਰਵੀਨ ਜੰਡਵਾਲਾ, ਕੁਲਜੀਤ ਡੰਗਰਖੇੜਾ, ਸੁਰਿੰਦਰ ਗੰਜੂਆਣਾ, ਕੇ. ਸੀ. ਰੁਪਾਣਾ, ਪਰਮਿੰਦਰ ਖੋਖਰ, ਬੂਟਾ ਸਿੰਘ ਵਾਕਫ਼, ਜਸਵੰਤ ਸਿੰਘ ਤੇ ਬਲਦੇਵ ਲੱਧੂਵਾਲਾ ਨੇ ਦੋਸ਼ ਲਾਇਆ ਕਿ ਧਰਮਾਂ ਤੇ ਜਾਤਾਂ ਦੀ ਫ਼ਿਰਕੂ ਰਾਜਨੀਤੀ ਕਰਨ ਵਾਲੀਆਂ ਸਿਆਸੀ ਪਾਰਟੀਆਂ, ਹਕੂਮਤਾਂ ਤੇ ਧਾਰਮਿਕ ਡੇਰਿਆਂ ਦੀ ਕਥਿਤ ਮਿਲੀਭੁਗਤ ਕਰਕੇ ਮੁਲਕ ਦੇ ਚੋਣ ਲੜ ਰਹੇ ਉਮੀਦਵਾਰ ਸ਼ਰੇਆਮ ਵੱਖ ਵੱਖ ਡੇਰਾ ਮੁਖੀਆਂ ਨਾਲ ਮੁਲਾਕਾਤਾਂ ਕਰਕੇ ਆਪਣੀ ਪਾਰਟੀ ਲਈ ਵੋਟਾਂ ਮੰਗ ਰਹੇ ਹਨ।ਉਨ੍ਹਾਂ ਲੋਕਾਂ ਨੂੰ ਡੇਰਿਆਂ ਤੇ ਫ਼ਿਰਕੂ ਸਿਆਸੀ ਆਗੂਆਂ ਦੇ ਝਾਂਸੇ ਤੋਂ ਬਚਣ, ਜਥੇਬੰਦਕ ਸੰਘਰਸ਼ਾਂ 'ਤੇ ਟੇਕ ਰੱਖਣ ਅਤੇ ਸਿਰਫ ਇਮਾਨਦਾਰ ਤੇ ਲੋਕ ਪੱਖੀ ਉਮੀਦਵਾਰਾਂ ਦੇ ਪੱਖ ਵਿੱਚ ਭੁਗਤਣ ਦੀ ਅਪੀਲ ਕੀਤੀ।ਤਰਕਸ਼ੀਲ ਆਗੂਆਂ ਨੇ ਸੁਪਰੀਮ ਕੋਰਟ ਤੇ ਚੋਣ ਕਮਿਸ਼ਨ ਤੋਂ ਮੰਗ ਕੀਤੀ ਕਿ ਜਮਹੂਰੀ ਸੰਸਥਾਵਾਂ ਵੱਲੋਂ ਈ ਵੀ ਐੱਮ ਅਤੇ ਵੋਟ ਪ੍ਰਤੀਸ਼ਤ ਦੇ ਅੰਕੜਿਆਂ ਵਿੱਚ ਛੇੜ-ਛਾੜ ਦੇ ਪ੍ਰਗਟਾਏ ਗਏ ਖ਼ਦਸ਼ਿਆਂ ਨੂੰ ਦੂਰ ਕਰਨ ਲਈ ਹਕੂਮਤੀ ਦਬਾਅ ਤੋਂ ਮੁਕਤ ਹੋ ਕੇ ਸੁਤੰਤਰ ਤੇ ਨਿਰਪੱਖ ਚੋਣਾਂ ਯਕੀਨੀ ਬਣਾਈਆਂ ਜਾਣ ਅਤੇ ਸਮੁੱਚੇ ਚੋਣ ਅਮਲ ਨੂੰ ਪਾਰਦਰਸ਼ੀ ਤੇ ਜਮਹੂਰੀ ਢੰਗ ਨਾਲ ਨੇਪਰੇ ਚਾੜ੍ਹਿਆ ਜਾਵੇ।

# ਪੰਜਾਬੀ ਯੂਨੀਵਰਸਿਟੀ 'ਚ ਪਾਲੀ ਭੁਪਿੰਦਰ ਦੇ ਨਾਟਕ 'ਜਾਮ' ਦੀ ਪੇਸ਼ਕਾਰੀ



**ਪਟਿਆਲਾ (ਅਵਤਾਰ ਜਟਾਣਾ)**
ਸਾਹਿਤ ਸਭਾ ਪੰਜਾਬੀ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਸਕਾਈ ਟਰੇਲ ਸੰਸਥਾ ਦੇ ਸਹਿਯੋਗ ਨਾਲ ਪੰਜਾਬੀ ਦੇ ਪ੍ਰਸਿੱਧ ਤੇ ਸੰਗੀਤ ਨਾਟਕ ਅਕਾਦਮੀ ਪੁਰਸਕ੍ਰਿਤ ਨਾਟਕਕਾਰ ਪਾਲੀ ਭੁਪਿੰਦਰ ਸਿੰਘ ਦੇ ਨਾਟਕ 'ਜਾਮ' ਦੀਆਂ ਦੋ ਰੋਜ਼ਾ ਪੇਸ਼ਕਾਰੀਆਂ ਕਰਵਾਈਆਂ ਗਈਆਂ।ਨਾਟਕ ਔਰਤ-ਮਰਦ ਦੇ ਰਿਸ਼ਤੇ ਵਿੱਚ ਲੱਗੇ ਭਾਵਨਾਤਮਕ ਜਾਮ ਦੀ ਖ਼ੂਬਸੂਰਤ ਪੇਸ਼ਕਾਰੀ ਹੋ ਨਿੱਬੜਿਆ।ਪਾਲੀ ਭੁਪਿੰਦਰ ਦੁਆਰਾ ਲਿਖਿਆ ਤੇ ਨਿਰਦੇਸ਼ਤ ਕੀਤਾ ਇਹ ਨਾਟਕ ਜਾਮ ਦਾ ਖ਼ੂਬਸੂਰਤ ਮੈਟਾਫਰ ਸਿਰਜਦਾ ਹੈ।ਸੜਕ 'ਤੇ ਲੱਗੇ ਜਾਮ ਦੇ ਮੈਟਾਫ਼ਰ ਰਾਹੀਂ ਦਿਖਾਇਆ ਗਿਆ ਕਿ ਕਿਵੇਂ ਆਦਿ ਕਾਲ ਤੋਂ ਹੁਣ ਤੱਕ ਆਜ਼ਾਦੀ ਦੇ ਚੱਕਰਵਿਊ ਨੇ ਔਰਤ-ਮਰਦ ਦੇ ਰਿਸ਼ਤੇ ਵਿੱਚ ਦਰਾਰਾਂ ਪੈਦਾ ਕੀਤੀਆਂ ਹਨ ਤੇ ਉਹ ਇੱਕ ਜੁੱਟ ਹੋਣ ਦੀ ਬਜਾਏ ਵਿਰੋਧੀ ਜੁੱਟ ਵਜੋਂ ਆਹਮਣੇ ਸਾਹਮਣੇ ਹੋ ਗਏ ਹਨ। ਜ਼ਿੰਦਗੀ ਦੇ ਜਾਮ ਨੂੰ ਰਲ ਕੇ ਹੀ ਪਾਰ ਕੀਤਾ ਜਾ ਸਕਦਾ ਹੈ।

ਪ੍ਰੋ. ਗੁਰਮੁਖ ਸਿੰਘ, ਮੁਖੀ ਪੰਜਾਬੀ ਵਿਭਾਗ ਨੇ ਬੋਲਦਿਆਂ ਕਿਹਾ ਕਿ ਪਾਲੀ ਭੁਪਿੰਦਰ ਪੰਜਾਬੀ ਦਾ ਸਮਰੱਥ ਨਾਟਕਕਾਰ ਹੈ, ਉਸ ਦੇ ਵਿਸ਼ੇ ਹਮੇਸ਼ਾ ਬਹੁਤ ਹਟ ਕੇ ਹੁੰਦੇ ਹਨ।ਇਸ ਪ੍ਰੋਗਰਾਮ ਦੇ ਕੋਆਰਡੀਨੇਟਰ ਡਾਕਟਰ ਗੁਰਸੇਵਕ ਲੰਬੀ ਨੇ ਮਹਿਮਾਨਾਂ ਨੂੰ ਜੀ ਆਇਆਂ ਨੂੰ ਕਿਹਾ ਤੇ ਦੱਸਿਆ ਕਿ ਪਾਲੀ ਭੁਪਿੰਦਰ ਨੇ ਨੌਂ ਸਾਲਾਂ ਬਾਅਦ ਪੰਜਾਬੀ ਰੰਗਮੰਚ ਵਿੱਚ ਵਾਪਸੀ ਕੀਤੀ ਹੈ।ਉਨ੍ਹਾਂ ਤੋਂ ਹੋਰ ਚੰਗੇ ਨਾਟਕਾਂ ਦੀ ਆਸ ਰਹੇਗੀ।ਡਾ. ਬਲਦੇਵ ਸਿੰਘ ਧਾਲੀਵਾਲ ਨੇ ਕਿਹਾ ਕਿ ਪਾਲੀ ਭੁਪਿੰਦਰ ਨੇ ਨਵੀਆਂ ਜੁਗਤਾਂ ਰਾਹੀਂ ਨਵਾਂ ਸੁਨੇਹਾ ਦਿੱਤਾ ਹੈ।ਇਸ ਤਰ੍ਹਾਂ ਦੀ ਬੋਲਡ ਭਾਸ਼ਾ ਵਿੱਚ ਪਾਲੀ ਭੁਪਿੰਦਰ ਹੀ ਗੱਲ ਕਰ ਸਕਦਾ ਹੈ।

ਇਸ ਮੌਕੇ ਪਾਲੀ ਭੁਪਿੰਦਰ ਨੇ ਆਪਣੇ ਅਹਿਸਾਸ ਸਾਂਝੇ ਕਰਦਿਆਂ ਕਿਹਾ ਕਿ ਮੈਂ ਭਾਵੇਂ ਫਿਲਮਾਂ ਤੇ ਸੋਸ਼ਲ ਮੀਡੀਆ 'ਤੇ ਮਸ਼ਰੂਫ ਰਿਹਾ ਹਾਂ, ਪਰ ਰੰਗਮੰਚ ਮੇਰੀ ਪਹਿਲੀ ਪਸੰਦ ਹੈ।ਪ੍ਰੋਗਰਾਮ ਦੌਰਾਨ ਰਾਹੁਲ ਦੇਵਗਨ ਤੇ ਹਰਪ੍ਰੀਤ ਦੇਵਗਨ ਨੇ ਬਤੌਰ ਵਿਸ਼ੇਸ਼ ਮਹਿਮਾਨ ਸ਼ਿਰਕਤ ਕੀਤੀ।ਇਸ ਮੌਕੇ ਪ੍ਰੋਫੈਸਰ ਕਿਰਪਾਲ ਕਜ਼ਾਕ, ਡਾ. ਰਜਿੰਦਰ ਪਾਲ ਬਰਾੜ, ਚਰਨਜੀਤ ਕੌਰ, ਡਾ. ਦਰਸ਼ਨ ਆਸਟ ਆਦਿ ਹਾਜ਼ਰ ਸਨ।

# ਲੌਂਗੋਵਾਲ 'ਚ ਖਹਿਰਾ ਦੇ ਹੱਕ 'ਚ ਵਿਸ਼ਾਲ ਰੋਡ ਸ਼ੋਅ



**ਲੌਂਗੋਵਾਲ/ਸੰਗਰੂਰ (ਪ੍ਰਦੀਪ ਸੱਪਲ, ਕੁਲਦੀਪ ਅੱਤਰੀ/ਪ੍ਰਵੀਨ ਸਿੰਘ)**-ਲੋਕ ਸਭਾ ਹਲਕਾ ਸੰਗਰੂਰ ਤੋਂ ਕਾਂਗਰਸ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਦੇ ਹੱਕ ਵਿੱਚ ਕਾਂਗਰਸ ਪਾਰਟੀ ਵੱਲੋਂ ਲੌਂਗੋਵਾਲ ਵਿਖੇ ਇੱਕ ਵਿਸ਼ਾਲ ਰੋਡ ਸ਼ੋਅ ਕੱਢਿਆ ਗਿਆ, ਜਿਸ ਵਿੱਚ ਵੱਡੀ ਗਿਣਤੀ ਕਾਂਗਰਸੀ ਵਰਕਰਾਂ ਤੇ ਆਮ ਲੋਕਾਂ ਨੇ ਸ਼ਮੂਲੀਅਤ ਕੀਤੀ।ਇਸ ਦੌਰਾਨ ਲੌਂਗੋਵਾਲ ਦੇ ਵੱਡੀ ਗਿਣਤੀ ਦੁਕਾਨਦਾਰਾਂ ਨੇ ਰੋਡ ਸ਼ੋਅ ਦੌਰਾਨ ਖਹਿਰਾ ਦਾ ਭਰਵਾਂ ਸਵਾਗਤ ਕੀਤਾ।ਇਹ ਰੋਡ ਸ਼ੋਅ ਲੌਂਗੋਵਾਲ ਦੇ ਮੁੱਖ ਬਾਜ਼ਾਰ ਵਿੱਚੋਂ ਆਰੰਭ ਹੋਇਆ।ਇਸ ਦੌਰਾਨ ਕਾਂਗਰਸੀ ਵਰਕਰਾਂ ਵੱਲੋਂ ਹੱਥਾਂ ਵਿੱਚ ਕਾਂਗਰਸ ਦੇ ਝੰਡੇ ਫੜ ਕੇ ਕਾਂਗਰਸ ਦੇ ਹੱਕ ਵਿੱਚ ਨਾਅਰੇਬਾਜ਼ੀ ਕੀਤੀ ਜਾ ਰਹੀ ਸੀ।ਸੁਖਪਾਲ ਸਿੰਘ ਖਹਿਰਾ ਇੱਕ ਖੁੱਲ੍ਹੀ ਜੀਪ ਵਿੱਚ ਬੈਠੇ ਸਨ।ਇਸ ਰੋਡ ਸ਼ੋਅ ਦੌਰਾਨ ਕਸਬੇ ਵਿੱਚ ਥਾਂ ਥਾਂ ਤੇ ਲੋਕਾਂ ਵੱਲੋਂ ਕਾਂਗਰਸੀ ਉਮੀਦਵਾਰ 'ਤੇ ਫੁੱਲਾਂ ਦੀ ਵਰਖ਼ਾ ਕੀਤੀ ਗਈ ਅਤੇ ਉਨ੍ਹਾਂ ਦੇ ਗਲਾਂ ਵਿੱਚ ਹਾਰ ਪਾਏ ਗਏ। ਇਸ ਦੌਰਾਨ ਸੁਖਪਾਲ ਸਿੰਘ ਖਹਿਰਾ ਨੇ ਕਾਂਗਰਸੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੂਰੇ ਹਲਕੇ ਵਿੱਚ ਕਾਂਗਰਸ ਦੀ ਹਨੇਰੀ ਚੱਲ ਰਹੀ ਹੈ, ਜਿਸ ਤਰ੍ਹਾਂ ਦਾ ਲੋਕਾਂ ਵੱਲੋਂ ਉਤਸ਼ਾਹ ਦਿਖਾਇਆ ਜਾ ਰਿਹਾ ਹੈ, ਉਸ ਤੋਂ ਕਾਂਗਰਸ ਦੀ ਜਿੱਤ ਧੁੱਪ ਵਾਂਗ ਸਾਫ਼ ਦਿਖਣ ਲੱਗੀ ਹੈ।ਇੱਕ ਜੂਨ ਨੂੰ ਲੋਕ ਕਾਂਗਰਸ ਨੂੰ ਰਿਕਾਰਡ ਵੋਟਾਂ ਪਾਉਣਗੇ ਤੇ 4 ਜੂਨ ਦਾ ਨਤੀਜਾ ਕਾਂਗਰਸ ਦੇ ਹੱਕ ਵਿੱਚ ਆਵੇਗਾ। ਉਨ੍ਹਾ ਕਿਹਾ ਕਿ ਲੋਕ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਨੂੰ ਨਕਾਰ ਚੁੱਕੇ ਹਨ, ਕਿਉਂਕਿ ਉਹ ਆਪਣੇ ਸਿਧਾਂਤ ਤੇ ਅਸੂਲ ਛੱਡ ਚੁੱਕੇ ਹਨ, ਆਮ ਆਦਮੀ ਪਾਰਟੀ ਵਾਲੇ ਹੁਣ ਖ਼ਾਸ ਪਾਰਟੀ ਬਣ ਚੁੱਕੇ ਹਨ।ਇਸ ਮੌਕੇ ਉਨ੍ਹਾਂ ਦੇ ਨਾਲ ਰੋਡ ਸ਼ੋਅ ਵਿੱਚ ਜਸਵਿੰਦਰ ਸਿੰਘ ਧੀਮਾਨ ਤੋਂ ਇਲਾਵਾ ਹੋਰ ਵੀ ਕਾਂਗਰਸੀ ਆਗੂ ਮੌਜੂਦ ਸਨ।

# ਪਰਮਪਾਲ ਕੌਰ ਵੱਡੀ ਲੀਡ ਨਾਲ ਜਿੱਤਣਗੇ : ਚਹਿਲ

**ਭੀਖੀ (ਧਰਮਵੀਰ ਸ਼ਰਮਾ)**-ਭਾਰਤੀ ਜਨਤਾ ਪਾਰਟੀ ਨੂੰ ਭੀਖੀ ਖੇਤਰ ਅੰਦਰ ਉਸ ਸਮੇਂ ਵੱਡਾ ਹੁਲਾਰਾ ਮਿਲਿਆ, ਜਦੋਂ ਵੱਖ ਵੱਖ ਪਿੰਡਾਂ ਦੇ ਲੋਕ ਹੋਰਨਾਂ ਪਾਰਟੀਆਂ ਨੂੰ ਛੱਡ ਕੇ ਸਾਬਕਾ ਸਰਪੰਚ ਸਮਾਉਂ ਤੇ ਭਾਜਪਾ ਢੈਪਈ ਮੰਡਲ ਦੇ ਪ੍ਰਧਾਨ ਡਾ. ਗੁਰਤੇਜ ਸਿੰਘ ਚਹਿਲ ਦੀ ਅਗਵਾਈ ਹੇਠ ਭਾਜਪਾ 'ਚ ਸ਼ਾਮਲ ਹੋਏ।ਇਸ ਮੌਕੇ ਪਿੰਡ ਗੁੜਥੜੀ ਦੇ ਰਾਜਾ ਸਿੰਘ ਚਹਿਲ, ਗੁਰਜੰਟ ਸਿੰਘ, ਗੁਰਪ੍ਰੀਤ ਸਿੰਘ, ਅਜੈਬ ਸਿੰਘ, ਲਖਵਿੰਦਰ ਸਿੰਘ, ਚਮਕੌਰ ਸਿੰਘ, ਜੱਗਾ ਸਿੰਘ ਤੇ ਗੁਰਲਾਲ ਸਿੰਘ ਨੇ ਹੋਰਨਾਂ ਪਾਰਟੀਆਂ ਨੂੰ ਛੱਡ ਕੇ ਭਾਜਪਾ ਦਾ ਲੜ ਫੜ ਲਿਆ।ਇਸ ਮੌਕੇ ਡਾ. ਗੁਰਤੇਜ ਸਿੰਘ ਚਹਿਲ ਨੇ ਕਿਹਾ ਕਿ ਭੀਖੀ ਇਲਾਕੇ ਦੇ ਪੇਂਡੂ ਖੇਤਰ ਅੰਦਰ ਭਾਜਪਾ ਦਾ ਪਰਿਵਾਰ ਵੱਧ ਫੁੱਲ ਰਿਹਾ ਹੈ ਤੇ ਭਾਜਪਾ ਉਮੀਦਵਾਰ ਪਰਮਪਾਲ ਕੌਰ ਮਲੂਕਾ ਦੀ ਚੋਣ ਮੁਹਿੰਮ ਨੂੰ ਵੱਡਾ ਹੁੰਗਾਰਾ ਮਿਲ ਰਿਹਾ ਹੈ।ਉਨ੍ਹਾਂ ਦਾਅਵਾ ਕੀਤਾ ਕਿ ਬਠਿੰਡਾ ਲੋਕ ਸਭਾ ਹਲਕੇ ਤੋਂ ਭਾਜਪਾ ਉਮੀਦਵਾਰ ਪਰਮਪਾਲ ਕੌਰ ਮਲੂਕਾ ਵੱਡੀ ਲੀਡ ਨਾਲ ਜਿੱਤਣਗੇ।ਇਸ ਮੌਕੇ ਕਈ ਭਾਜਪਾ ਆਗੂ ਸ਼ਾਮਲ ਸਨ।



ਡਾ. ਗੁਰਤੇਜ ਸਿੰਘ ਚਹਿਲ ਦੀ ਅਗਵਾਈ ਹੇਠ ਸ਼ਾਮਲ ਹੁੰਦੇ ਵਰਕਰ।

# ਮੋਦੀ ਦੇਸ਼ ਦੇ ਲੋਕਾਂ ਨੂੰ ਗੁਮਰਾਹ ਕਰ ਰਿਹੈ : ਸੁਖਵਿੰਦਰ ਕੋਟਲੀ

**ਕਰਮਜੀਤ ਅਨਮੋਲ ਦਾ ਐੱਸ ਸੀ ਸਰਟੀਫਿਕੇਟ ਹੋਵੇ ਚੈੱਕ**



**ਮੋਗਾ (ਇਕਬਾਲ ਸਿੰਘ ਖਹਿਰਾ)**-ਦੇਸ਼ ਦੇ ਪ੍ਰਧਾਨ ਮੰਤਰੀ ਧਰਮਾਂ ਦੇ ਨਾਮ 'ਤੇ ਵੰਡੀਆਂ ਤੇ ਲੋਕਾਂ ਨੂੰ ਜੁਮਲੇ ਸੁਣਾ ਕੇ ਗੁੰਮਰਾਹ ਕਰ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮੋਗਾ ਦੇ ਕਿੰਗਡਮ ਹੋਟਲ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਾਂਗਰਸ ਪਾਰਟੀ ਦੇ ਬੁਲਾਰੇ ਤੇ ਵਿਧਾਇਕ ਸੁਖਵਿੰਦਰ ਕੋਟਲੀ ਨੇ ਕੀਤਾ। ਇਸ ਮੌਕੇ ਉਨ੍ਹਾ ਨਾਲ ਆਲ ਇੰਡੀਆ ਕਾਂਗਰਸ ਕਮੇਟੀ ਆਗੂ ਐਡਵੋਕੇਟ ਵਿਜੇ ਹੰਸ, ਇਕਬਾਲ ਸਿੰਘ ਸਮਰਾ ਲੋਹਗੜ੍ਹ, ਸੋਹਣਾ ਸਿੰਘ ਖੇਲਾ ਯੂਥ ਕਾਂਗਰਸੀ ਆਗੂ ਆਦਿ ਹਾਜ਼ਰ ਸਨ। ਇਸ ਮੌਕੇ ਵਿਧਾਇਕ ਸੁਖਵਿੰਦਰ ਕੋਟਲੀ ਨੇ ਕਿਹਾ ਕਿ ਨਰਿੰਦਰ ਮੋਦੀ ਨੇ ਦੇਸ਼ ਦੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਸੱਤਾ 'ਚ ਆਉਣ 'ਤੇ ਅਸੀਂ ਹਰੇਕ ਦੇ ਖਾਤੇ ਵਿੱਚ 15-15 ਲੱਖ ਰੁਪਏ ਪਾਵਾਂਗੇ, ਉਨ੍ਹਾਂ ਨੂੰ ਇਹ ਦੱਸ ਦੇਣਾ ਚਾਹੀਦਾ ਸੀ ਪੰਜਾਬ ਅੰਦਰ ਕਿਹੜੇ ਲੋਕਾਂ ਨੂੰ 10 ਸਾਲ ਦੇ ਅੰਦਰ 15 ਲੱਖ ਰੁਪਿਆ ਦਿੱਤਾ ਹੈ ਤੇ ਹੁਣ ਫਿਰ ਨਰਿੰਦਰ ਮੋਦੀ ਪੰਜਾਬ ਅੰਦਰ ਰੈਲੀਆਂ ਕਰਕੇ ਨਵੀਆਂ ਗਰੰਟੀਆਂ ਲੋਕਾਂ ਨੂੰ ਦੇ ਰਹੇ ਹਨ, ਕੀ ਉਹ ਪੂਰੀਆਂ ਕਰਨਗੇ? ਉਨ੍ਹਾਂ ਕਿਹਾ ਕਿ ਸਾਡੇ ਦੇਸ਼ ਦੇ ਕਿਸਾਨ ਖੇਤੀ ਕਾਨੂੰਨਾਂ ਖਾਤਰ ਦਿੱਲੀ ਦੀਆਂ ਬਰੂਹਾਂ 'ਤੇ ਬੈਠ ਕੇ ਲਗਾਤਾਰ ਪੌਣੇ ਦੋ ਸਾਲ ਸੰਘਰਸ਼ ਕਰਦੇ ਰਹੇ ਔਰ ਉਨ੍ਹਾਂ ਨਾਲ ਕੀਤਾ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ। ਦੁਖੀ ਹੋ ਕੇ ਪਿਛਲੇ ਸਮੇਂ ਦੌਰਾਨ ਦਿੱਲੀ ਦੀਆਂ ਬਰੂਹਾਂ ਵੱਲ ਨੂੰ ਜਦੋਂ ਵਧੇ ਤਾਂ ਖੱਟੜ ਤੇ ਆਰ.ਐੱਸ.ਐੱਸ. ਦੀ ਸਰਕਾਰ ਨੇ ਉਨ੍ਹਾਂ ਨੂੰ ਸ਼ੰਭੂ ਦੇ ਬਾਰਡਰ 'ਤੇ ਰੋਕਿਆ ਤੇ ਅੰਨ੍ਹਾ ਜ਼ੁਲਮ ਕਰਕੇ ਜਿੱਥੇ ਸ਼ੁਭਵੀਰ ਛੋਟਾ ਬੱਚਾ ਸ਼ਹੀਦ ਕਰ ਦਿੱਤਾ, ਅਨੇਕਾਂ ਕਿਸਾਨ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਉਨ੍ਹਾ ਕਿਹਾ ਕਿ ਕਿਸਾਨਾਂ ਨੂੰ ਅੱਗੇ ਤੱਕ ਕਿਉਂ ਨਹੀਂ ਵਧਣ ਦਿੱਤਾ ਗਿਆ, ਇਹ ਡੈਮੋਕ੍ਰੇਟਿਕ ਦੇਸ਼ ਹੈ, ਇਸ ਦੇਸ਼ ਦੇ ਅੰਦਰ ਉਨ੍ਹਾਂ ਨੂੰ ਆਪਣੀ ਗੱਲ ਰੱਖਣ ਦਾ ਪੂਰਾ ਹੱਕ ਮਿਲਣਾ ਚਾਹੀਦਾ ਸੀ। ਉਨ੍ਹਾ ਕਿਹਾ ਕਿ ਮੋਦੀ ਤੇ ਆਰ.ਐੱਸ.ਐੱਸ. ਭਾਰਤ ਦੇ ਸੰਵਿਧਾਨ ਨੂੰ ਬਦਲਣਾ ਚਾਹੁੰਦੇ ਜਿਸ ਨੂੰ ਦੇਸ਼ ਦੇ ਲੋਕ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕਰਨਗੇ।

ਉਨ੍ਹਾ ਕਿਹਾ ਕਿ ਰਾਹੁਲ ਗਾਂਧੀ ਨੇ ਲੋਕਾਂ ਦਾ ਪਿਆਰ ਤੇ ਮੁਹੱਬਤ ਕਬੂਲਣ ਵਾਸਤੇ ਕੰਨਿਆ ਕੁਮਾਰੀ ਤੋਂ ਲੈ ਕੇ ਕਸ਼ਮੀਰ ਤੱਕ ਤੇ ਪੰਜਾਬ ਦੇ ਨਾਲ ਨਾਲ ਪੂਰੇ ਦੇਸ਼ ਦੇ ਦਰਦ ਨੂੰ ਸਮਝਿਆ ਅਤੇ ਨੌਜਵਾਨਾਂ ਨੂੰ ਭਰੋਸਾ ਦਿਵਾਇਆ ਕਿ ਨਵੀਆਂ ਨੌਕਰੀਆਂ ਦੀ ਬਜਾਏ ਜਿਹੜੀ 30 ਲੱਖ ਨੌਕਰੀ, ਜੋ ਪੂਰੇ ਦੇਸ਼ ਦੇ ਅੰਦਰ ਖਾਲੀ ਪਈਆਂ, ਉਨ੍ਹਾਂ ਨੂੰ ਪੂਰਿਆ ਜਾਵੇਗਾ ਤੇ ਲੋੜਵੰਦ ਔਰਤ ਨੂੰ ਇੱਕ ਲੱਖ ਰੁਪਏ ਸਾਲਾਨਾ ਦਿੱਤੇ ਜਾਣਗੇ। ਉਨ੍ਹਾ ਕਿਹਾ ਕਿ ਪਿਛਲੇ ਦਿਨਾਂ ਵਿੱਚ ਕੁਝ ਅਖ਼ਬਾਰਾਂ ਰਾਹੀਂ ਖ਼ਬਰਾਂ ਪ੍ਰਕਾਸ਼ਤ ਹੋਈਆਂ ਹਨ ਕਿ ਕਰਮਜੀਤ ਅਨਮੋਲ ਵੱਲੋਂ ਜਾਲ੍ਹੀ ਐੱਸ.ਸੀ. ਸਰਟੀਫਿਕੇਟ ਬਣਾ ਕੇ ਲਗਾਇਆ ਗਿਆ ਹੈ, ਜਿਸ ਦੀ ਵੋਟਿੰਗ ਤੋਂ ਪਹਿਲਾਂ ਪਹਿਲਾਂ ਜਾਂਚ ਹੋਣੀ ਚਾਹੀਦੀ ਹੈ, ਜੇਕਰ ਅਜਿਹਾ ਕੁਝ ਪਾਇਆ ਜਾਂਦਾ ਹੈ ਤਾਂ ਇਸ ਮਾਮਲੇ ਤੋਂ ਉਹ ਨੂੰ ਜਲਦੀ ਲਾਂਭੇ ਕੀਤਾ ਜਾਣਾ ਚਾਹੀਦਾ ਹੈ।

# ਜੀਤਮਹਿੰਦਰ ਸਿੰਘ ਨੇ ਲੰਬੀ 'ਚ ਕੀਤਾ ਰੋਡ ਸ਼ੋਅ



**ਲੰਬੀ/ਮਲੋਟ (ਗੁਰਮੀਤ ਸਿੰਘ ਮੱਕੜ)**-ਲੋਕ ਸਭਾ ਹਲਕਾ ਬਠਿੰਡਾ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਜੀਤਮਹਿੰਦਰ ਸਿੰਘ ਵੱਲੋਂ ਹਲਕਾ ਲੰਬੀ ਦੇ ਪਿੰਡਾਂ ਵਿੱਚ ਇੱਕ ਵੱਡਾ ਰੋਡ ਸ਼ੋਅ ਕੱਢਿਆ ਗਿਆ। ਸੈਂਕੜਿਆਂ ਦੀ ਤਾਦਾਦ ਵਿੱਚ ਗੱਡੀਆਂ ਦੇ ਕਾਫ਼ਲੇ ਨਾਲ ਇਹ ਰੋਡ ਸ਼ੋਅ ਪਿੰਡ ਬਾਦਲ ਤੋਂ ਸ਼ੁਰੂ ਹੋ ਕੇ ਪਿੰਡ ਮਿੱਠੜੀ, ਗੱਗੜ, ਸਿੱਖਵਾਲਾ, ਲੰਬੀ, ਕਿੱਲਿਆਂਵਾਲੀ, ਵਣਵਾਲਾ, ਮਿੱਡੂ ਖੇੜਾ ਸਮੇਤ ਕਰੀਬ 3 ਦਰਜਨ ਦੇ ਕਰੀਬ ਪਿੰਡਾਂ ਵਿੱਚ ਕਾਫਲਾ ਗੁਜ਼ਰਿਆ। ਇਸ ਰੋਡ ਸ਼ੋਅ ਵਿੱਚ ਵਿਸ਼ੇਸ਼ ਤੌਰ 'ਤੇ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਵੀ ਹਾਜ਼ਰ ਰਹੇ ਤੇ ਉਹ ਜ਼ਿਆਦਾ ਭਾਵੁਕ ਹੋਣ ਕਰਕੇ ਗੱਡੀ ਵਿੱਚ ਬੈਠੇ ਹੀ ਲੋਕਾਂ ਦਾ ਪਿਆਰ ਕਬੂਲ ਕਰਦੇ ਰਹੇ।

ਪਿੰਡ ਮਿੱਡੂਖੇੜਾ ਵਿਖੇ ਜੀਤਮਹਿੰਦਰ ਸਿੱਧੂ ਨੇ ਬੜੇ ਜੋਸ਼ ਨਾਲ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਕਿਹਾ ਕਿ ਅੱਜ ਦਾ ਇਹ ਰੋਡ ਸ਼ੋਅ ਵਿੱਚ ਕੜਾਕੇ ਦੀ ਗਰਮੀ ਵਿੱਚ ਲੰਬੀ ਵਿਖੇ ਹਜ਼ਾਰਾਂ ਦੀ ਗਿਣਤੀ ਸਮੱਰਥਕਾਂ ਨੇ ਭਾਗ ਲਿਆ ਤੇ ਇਹ ਇਕੱਠ ਸਾਬਿਤ ਕਰਦਾ ਹੈ ਕਿ ਲੰਬੀ ਵਿੱਚ ਕਾਂਗਰਸ ਦੀ ਮਜ਼ਬੂਤੀ ਹੈ ਤੇ ਇਹ ਮਜ਼ਬੂਤੀ ਵਿਰੋਧੀਆਂ ਨੂੰ ਹਿਲਾ ਕੇ ਰੱਖ ਦੇਵੇਗੀ। ਉਨ੍ਹਾਂ ਇਸ ਰੋਡ ਸ਼ੋਅ ਨੂੰ ਸਫ਼ਲ ਬਣਾਉਣ ਲਈ ਮਹੇਸ਼ਇੰਦਰ ਸਿੰਘ ਬਾਦਲ ਦਾ ਧੰਨਵਾਦ ਕੀਤਾ। ਉਨ੍ਹਾਂ ਇਸ ਰੋਡ ਸ਼ੋਅ ਵਿੱਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਬਲਕੌਰ ਸਿੰਘ ਸਿੱਧੂ ਦਾ ਧੰਨਵਾਦ ਕਰਦੇ ਕਿਹਾ ਕਿ ਉਨ੍ਹਾਂ ਨੂੰ ਇਨਸਾਫ ਨਹੀਂ ਮਿਲਿਆ ਤੇ ਉਨ੍ਹਾਂ ਨੂੰ ਇਨਸਾਫ ਦਿਵਾਉਣ ਲਈ ਇਹ ਇੱਕ ਇਨਸਾਫ ਯਾਤਰਾ ਵੀ ਹੈ।

# ਘੱਟ ਟੈਕਸ ਨਾਲ ਆਸਾਨ ਜੀ ਐੱਸ ਟੀ ਦਾ ਵਾਅਦਾ ਕਰਦਿਆਂ ਵੜਿੰਗ ਵੱਲੋਂ ਆਰਥਿਕ ਦ੍ਰਿਸ਼ਟੀਕੋਣ ਪੇਸ਼

- **ਗਰੀਬਾਂ ਤੇ ਬੇਰੁਜ਼ਗਾਰਾਂ ਨੂੰ ਸਿੱਧਾ ਨਕਦ ਲਾਭ ਆਰਥਿਕਤਾ ਨੂੰ ਦੇਵੇਗਾ ਹੁਲਾਰਾ**
- **ਉਦਯੋਗ ਨੇ ਸਮਰਥਨ ਦਾ ਦਿੱਤਾ ਭਰੋਸਾ**

**ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ, ਪ੍ਰਦੀਪ ਸ਼ਰਮਾ)**-ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਲੁਧਿਆਣਾ ਲੋਕ ਸਭਾ ਹਲਕੇ ਤੋਂ ਪਾਰਟੀ ਦੇ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਵਾਅਦਾ ਕੀਤਾ ਹੈ ਕਿ ਕੇਂਦਰ ਦੀ ਨਵੀਂ ਸਰਕਾਰ ਸਭ ਤੋਂ ਘੱਟ ਟੈਕਸ ਦਰ ਨਾਲ ਸਧਾਰਨ ਜੀ ਐੱਸ ਟੀ ਪ੍ਰਣਾਲੀ ਲਿਆਵੇਗੀ।

ਇੱਥੇ ਉਦਯੋਗਪਤੀਆਂ ਦੇ ਇੱਕ ਸਮੂਹ ਨਾਲ ਗੱਲਬਾਤ ਕਰਦਿਆਂ ਵੜਿੰਗ ਨੇ ਇਹ ਵੀ ਕਿਹਾ ਕਿ ਇੰਡੀਆ ਸਰਕਾਰ ਗਰੀਬ ਪਰਿਵਾਰਾਂ ਤੇ ਬੇਰੁਜ਼ਗਾਰ ਨੌਜਵਾਨਾਂ ਨੂੰ ਸਿੱਧੇ ਨਗਦ ਲਾਭ ਪ੍ਰਦਾਨ ਕਰੇਗੀ, ਜਿਸ ਨਾਲ ਆਰਥਿਕਤਾ ਨੂੰ ਹੁਲਾਰਾ ਮਿਲੇਗਾ।ਉਨ੍ਹਾ ਕਿਹਾ ਕਿ ਉਦਯੋਗਿਕ ਕੇਂਦਰ ਹੋਣ ਨਾਲ ਲੁਧਿਆਣਾ ਨੂੰ ਸਭ ਤੋਂ ਵੱਧ ਫਾਇਦਾ ਹੋਵੇਗਾ।

ਇਸੇ ਤਰ੍ਹਾਂ, ਆਰਥਿਕ ਏਜੰਡੇ ਨੂੰ ਸਪੱਸ਼ਟ ਕਰਦੇ ਹੋਏ ਸੂਬਾ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਕਾਂਗਰਸ ਦੇਸ਼ ਭਰ ਦੇ ਹਰ ਗਰੀਬ ਪਰਵਾਰ ਨੂੰ 8500 ਰੁਪਏ ਪ੍ਰਤੀ ਮਹੀਨਾ ਨਗਦ ਲਾਭ ਦੇਣ ਦਾ ਪ੍ਰਸਤਾਵ ਰੱਖਦੀ ਹੈ।ਇਸ ਤੋਂ ਇਲਾਵਾ, ਬੇਰੁਜ਼ਗਾਰੀ ਦੀ ਸਮੱਸਿਆ ਨਾਲ ਨਜਿੱਠਣ ਲਈ ਹਰ ਨਵੇਂ ਗ੍ਰੈਜੂਏਟ ਤੇ ਡਿਪਲੋਮਾ ਹੋਲਡਰ ਨੂੰ ਇੱਕ ਸਾਲ ਲਈ 1 ਲੱਖ ਰੁਪਏ ਦੀ ਗਰੰਟੀਸ਼ੁਦਾ ਆਮਦਨ ਦੇ ਨਾਲ ਇੱਕ ਸਾਲ ਦੀ ਅਪ੍ਰੈਂਟਿਸਸ਼ਿਪ ਦਿੱਤੀ ਜਾਵੇਗੀ।

ਵੜਿੰਗ ਨੇ ਕਿਹਾ ਕਿ ਇਹ ਦੋਵੇਂ ਸਕੀਮਾਂ ਲੋਕਾਂ ਨੂੰ ਅਸਮਾਨੀ ਚੜ੍ਹੀਆਂ ਕੀਮਤਾਂ ਤੋਂ ਰਾਹਤ ਦੇਣ ਲਈ ਸਾਵਧਾਨੀ ਨਾਲ ਤਿਆਰ ਕੀਤੀਆਂ ਗਈਆਂ ਹਨ, ਜਿਸ ਕਾਰਨ ਗਰੀਬ ਤੇ ਮੱਧ ਵਰਗ ਦੇ ਲੋਕਾਂ ਦਾ ਜਿਊਣਾ ਮੁਸ਼ਕਲ ਹੋ ਗਿਆ ਹੈ।ਇਨ੍ਹਾਂ ਯੋਜਨਾਵਾਂ ਨਾਲ ਦੇਸ਼ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਵੀ ਹੱਲ ਹੋ ਜਾਵੇਗੀ।ਉਨ੍ਹਾ ਕਿਹਾ ਕਿ ਦੇਸ਼ ਵਿੱਚ ਬੇਰੁਜ਼ਗਾਰੀ ਪਿਛਲੇ 45 ਸਾਲਾਂ ਵਿੱਚ ਸਭ ਤੋਂ ਉੱਚੇ ਪੱਧਰ 'ਤੇ ਹੈ ਤੇ 70 ਕਰੋੜ ਭਾਰਤੀ ਬੇਰੁਜ਼ਗਾਰ ਹਨ।ਉਨ੍ਹਾ ਕਿਹਾ ਕਿ ਗਰੀਬਾਂ ਤੇ ਬੇਰੁਜ਼ਗਾਰਾਂ ਨੂੰ ਸਿੱਧਾ ਪੈਸਾ ਦੇਣ ਨਾਲ ਉਨ੍ਹਾਂ ਦੀ ਖਰੀਦ ਸ਼ਕਤੀ ਵਧੇਗੀ, ਜਿਨ੍ਹਾਂ ਨੂੰ ਹੁਣ ਤੱਕ ਨਜ਼ਰਅੰਦਾਜ਼ ਕੀਤਾ ਗਿਆ ਸੀ।ਇਸ ਨਾਲ ਵਸਤੂਆਂ ਦੀ ਮੰਗ ਵਧੇਗੀ, ਜਿਸ ਨਾਲ ਕਾਰਖਾਨਿਆਂ ਵੱਲੋਂ ਵਸਤਾਂ ਦਾ ਵਧੇਰੇ ਉਤਪਾਦਨ ਹੋਵੇਗਾ ਤੇ ਰੁਜ਼ਗਾਰ ਪੈਦਾ ਹੋਣਗੇ।ਵੜਿੰਗ ਨੇ ਕਿਹਾ ਕਿ ਲੁਧਿਆਣਾ ਇੱਕ ਉਦਯੋਗਿਕ ਹੱਬ ਹੈ, ਜਿਸ ਨੂੰ ਸਭ ਤੋਂ ਵੱਧ ਫਾਇਦਾ ਹੋਵੇਗਾ, ਕਿਉਂਕਿ ਮੰਗ ਵਧਣ ਨਾਲ ਉਦਯੋਗਿਕ ਉਤਪਾਦਨ ਵਧੇਗਾ।ਉਨ੍ਹਾਂ ਵਾਅਦਾ ਕੀਤਾ ਕਿ ਰੁਜ਼ਗਾਰ ਦੇ ਬਹੁਤ ਸਾਰੇ ਮੌਕਿਆਂ ਦੇ ਨਾਲ ਆਰਥਿਕਤਾ ਵਿੱਚ ਪੂਰੀ ਤਰ੍ਹਾਂ ਤਬਦੀਲੀ ਕੀਤੀ ਜਾਵੇਗੀ।

ਇਸ ਦੌਰਾਨ ਜੀ ਐੱਸ ਟੀ ਬਾਰੇ ਸੀਨੀਅਰ ਕਾਂਗਰਸੀ ਆਗੂ ਨੇ ਵਾਅਦਾ ਕੀਤਾ ਕਿ ਇਸ ਨੂੰ ਸਰਲ ਤੇ ਵਪਾਰਕ ਪੱਖੀ ਬਣਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਲਗਾਏ ਜਾ ਰਹੇ ਪੰਜ ਵੱਖ-ਵੱਖ ਟੈਕਸਾਂ ਦੀ ਬਜਾਏ ਸਿਰਫ਼ ਇੱਕ ਟੈਕਸ ਲਗਾਇਆ ਜਾਵੇਗਾ, ਜਿਸ ਦੀ ਟੈਕਸ ਦਰ ਘੱਟੋ-ਘੱਟ ਹੋਵੇਗੀ।ਉਨ੍ਹਾ ਦੋਸ਼ ਲਾਇਆ ਕਿ ਭਾਜਪਾ ਸਰਕਾਰ ਨੇ ਨੋਟਬੰਦੀ ਤੇ ਬਾਅਦ ਵਿੱਚ ਜੀ ਐੱਸ ਟੀ ਨੂੰ ਗਲਤ ਲਾਗੂ ਕਰਕੇ ਛੋਟੇ ਤੇ ਦਰਮਿਆਨੇ ਉਦਯੋਗਾਂ ਅਤੇ ਵਪਾਰ ਨੂੰ ਤਬਾਹ ਕਰ ਦਿੱਤਾ ਹੈ।ਉਨ੍ਹਾਂ ਕਿਹਾ ਕਿ ਛੋਟੇ ਤੇ ਦਰਮਿਆਨੇ ਉਦਯੋਗ ਵਿਕਾਸ ਦੇ ਅਸਲ ਇੰਜਣ ਹਨ ਅਤੇ ਵੱਧ ਤੋਂ ਵੱਧ ਰੁਜ਼ਗਾਰ ਪੈਦਾ ਕਰਦੇ ਹਨ, ਪਰ ਭਾਜਪਾ ਨੇ ਵੱਡੇ ਅਰਬਪਤੀਆਂ ਤੇ ਸਰਮਾਏਦਾਰਾਂ ਨੂੰ ਫਾਇਦਾ ਪਹੁੰਚਾਉਂਦੇ ਹੋਏ ਇਨ੍ਹਾਂ ਦੋਵਾਂ ਨੂੰ ਤਬਾਹ ਕਰ ਦਿੱਤਾ ਹੈ।ਉਨ੍ਹਾ ਡਾ: ਮਨਮੋਹਨ ਸਿੰਘ ਦੇ ਸਮੇਂ ਨੂੰ ਯਾਦ ਕੀਤਾ, ਜਦੋਂ ਵਪਾਰ ਤੇ ਉਦਯੋਗ ਕਾਫ਼ੀ ਖ਼ੁਸ਼ਹਾਲ ਸਨ ਅਤੇ ਲੁਧਿਆਣਾ ਨੂੰ ਇਸ ਦਾ ਬਹੁਤ ਫਾਇਦਾ ਹੋਇਆ ਸੀ।

# ਕਾਂਗਰਸੀ ਸਰਪੰਚ ਸਮੇਤ ਵੀਹ ਪਰਵਾਰ 'ਆਪ' 'ਚ ਸ਼ਾਮਲ

**ਪਾਰਟੀ 'ਚ ਸ਼ਾਮਲ ਹੋਣ ਵਾਲਿਆਂ ਨੂੰ ਮਿਲੇਗਾ ਬਣਦਾ ਮਾਣ ਸਤਿਕਾਰ : ਦਹੀਆ**



**ਮਮਦੋਟ (ਜਸਬੀਰ ਸਿੰਘ ਕੰਬੋਜ, ਹਰਪਾਲ ਸਿੰਘ ਸੋਢੀ)**-ਵਿਧਾਨ ਸਭਾ ਹਲਕਾ ਫਿਰੋਜ਼ਪੁਰ ਦਿਹਾਤੀ ਵਿੱਚ ਕਾਂਗਰਸ ਪਾਰਟੀ ਨੂੰ ਉਸ ਸਮੇਂ ਵੱਡਾ ਝਟਕਾ ਲੱਗਾ, ਜਦ ਪਿੰਡ ਹਜ਼ਾਰਾ ਸਿੰਘ ਵਾਲਾ ਦੇ ਟਕਸਾਲੀ ਕਾਂਗਰਸੀ ਮੁਖਤਿਆਰ ਸਿੰਘ ਸਰਪੰਚ ਆਪਣੇ 20 ਦੇ ਕਰੀਬ ਸਾਥੀਆਂ ਨਾਲ ਕਾਂਗਰਸ ਨੂੰ ਅਲਵਿਦਾ ਦਾ ਆਖ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਪਾਰਟੀ ਵਿੱਚ ਨਵੇਂ ਸ਼ਾਮਲ ਹੋਣ ਵਾਲੇ ਮੁਖਤਿਆਰ ਸਿੰਘ ਸਰਪੰਚ ਤੇ ਉਨ੍ਹਾਂ ਦੇ ਸਾਥੀਆਂ ਦੇਸ ਸਿੰਘ, ਗੁਰਨਾਮ ਸਿੰਘ ਮੈਂਬਰ, ਕਸ਼ਮੀਰ ਸਿੰਘ, ਹਰਬੰਸ ਸਿੰਘ ਸਰਾਰੀ, ਗੁਰਪ੍ਰੀਤ ਸਿੰਘ ਗੋਰਾ, ਬੋਹੜ ਸਿੰਘ ਮੈਂਬਰ, ਗੁਲਜਾਰ ਸਿੰਘ, ਰਣਜੀਤ ਸਿੰਘ, ਮਹਿੰਦਰ ਸਿੰਘ, ਕਕਾ ਸਿੰਘ, ਰੂੜ ਸਿੰਘ, ਸ਼ੰਕਰ ਸਿੰਘ, ਟਹਿਲ ਸਿੰਘ, ਸਰਬਜੀਤ ਸਿੰਘ, ਹਰਦੇਵ ਸਿੰਘ, ਲਹੋਰਾ ਸਿੰਘ ਤੇ ਮਨਜੀਤ ਸਿੰਘ ਵਗੈਰਾ ਨੂੰ ਐਡਵੋਕੇਟ ਰਜਨੀਸ਼ ਦਹੀਆ ਐੱਮ ਐੱਲ ਏ ਹਲਕਾ ਫਿਰੋਜ਼ਪੁਰ ਦਿਹਾਤੀ ਵੱਲੋਂ ਗਲ ਵਿੱਚ ਸਰੋਪੇ ਪਾ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਰਾਏ ਸਿੱਖ ਭਾਈਚਾਰੇ ਦੇ ਆਗੂ ਰੇਸ਼ਮ ਸਿੰਘ ਹਜ਼ਾਰਾ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੇ ਪੰਜਾਬ ਪੱਧਰ 'ਤੇ ਹੋ ਰਹੇ ਵਿਕਾਸ ਕਾਰਜਾਂ ਤੇ ਪਿੰਡਾਂ ਵਿੱਚ ਬਗੈਰ ਭੇਦ ਭਾਵ ਦੇ ਕੰਮ ਕਰਨ ਤੋਂ ਪ੍ਰਭਾਵਿਤ ਹਨ ਤੇ ਅਸੀਂ ਚਾਹੁੰਦੇ ਹਾਂ ਕਿ ਪਿੰਡਾਂ ਵਿੱਚ ਆਮ ਤੌਰ 'ਤੇ ਹੁੰਦੇ ਛੋਟੇ ਮੋਟੇ ਝਗੜਿਆਂ ਵਿੱਚ ਕਿਸੇ ਇੱਕ ਧਿਰ ਦੀ ਮਦਦ ਕਰਨ ਦੀ ਬਜਾਏ ਰਾਜ਼ੀਨਾਮੇ ਨੂੰ ਪਹਿਲ ਦਿੱਤੀ ਜਾਵੇ। ਮੁਖਤਿਆਰ ਸਿੰਘ ਸਰਪੰਚ ਹਜ਼ਾਰਾ ਸਿੰਘ ਵਾਲਾ ਦੇ ਗ੍ਰਹਿ ਵਿਖੇ ਇਸ ਵਿਸ਼ੇਸ਼ ਜਨ ਸਭਾ ਨੂੰ ਸੰਬੋਧਨ ਕਰਦਿਆਂ ਵਿਧਾਇਕ ਦਹੀਆ ਨੇ ਕਿਹਾ ਕਿ ਪਾਰਟੀ ਵਿੱਚ ਨਵੇਂ ਸ਼ਾਮਲ ਹੋਣ ਜਾ ਰਹੇ ਪਰਿਵਾਰਾਂ ਨੂੰ ਪਾਰਟੀ ਵਿੱਚ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ ਤੇ ਅੱਜ ਤੋਂ ਉਹ ਆਮ ਆਦਮੀ ਪਾਰਟੀ ਦੇ ਪਰਿਵਾਰ ਦੇ ਮੈਂਬਰ ਹੀ ਹਨ। ਇਸ ਮੌਕੇ ਐੱਮ ਐੱਲ ਏ ਦੇ ਨਿੱਜੀ ਸਕੱਤਰ ਰੋਬੀ ਸੰਧੂ, ਬਲਵਿੰਦਰ ਸਿੰਘ ਲੱਡੂ, ਬਲਵਿੰਦਰ ਸਿੰਘ ਰਾਊਕੇ, ਜਸਬੀਰ ਸਿੰਘ ਚੇਅਰਮੈਨ ਐੱਸ ਐੱਮ ਸੀ, ਜਗਜੀਤ ਸਿੰਘ ਟਿੱਬੀ, ਨਿਰਵੈਰ ਸਿੰਘ ਸਿੱਧੀ, ਅਜਮੇਰ ਸਿੰਘ ਸਰਪੰਚ ਮੁਰਕਵਾਲਾ, ਅਨਮੋਲ ਸਿੰਘ ਜੋਧਪੁਰ, ਬਲਵੀਰ ਸਿੰਘ ਫੱਤੇ ਵਾਲਾ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਤੇ ਪਾਰਟੀ ਵਰਕਰ ਹਾਜ਼ਰ ਸਨ।

# ਜੇਕਰ ਸਰਕਾਰ ਦਾ ਮੰਗਾਂ ਪ੍ਰਤੀ ਧਿਆਨ ਨਹੀਂ, ਤਾਂ ਵੋਟਾਂ ਵੀ ਨਹੀਂ : ਮੁਲਾਜ਼ਮ, ਪੈਨਸ਼ਨਰ



**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22-ਬੀ, ਚੰਡੀਗੜ੍ਹ ਦੀ ਕਲਾਸ ਫ਼ੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ, ਪੰਜਾਬ ਪੈਨਸ਼ਨਰਜ਼ ਯੂਨੀਅਨ ਸੰਬੰਧਤ (ਏਟਕ), ਆਲ ਇੰਡੀਆ ਆਸ਼ਾ ਵਰਕਰਜ਼ ਤੇ ਫੈਸਲੀਟੇਟਰ ਯੂਨੀਅਨ ਪੰਜਾਬ, ਆਲ ਇੰਡੀਆ ਆਂਗਣਵਾੜੀ ਵਰਕਰਜ਼ ਯੂਨੀਅਨ ਪੰਜਾਬ ਦੇ ਸੂਬਾਈ ਆਗੂ ਦਰਸ਼ਨ ਸਿੰਘ ਲੁਬਾਣਾ, ਰਣਜੀਤ ਸਿੰਘ ਰਾਣਵਾਂ, ਚਰਨ ਸਿੰਘ ਸਰਾਭਾ, ਅਵਤਾਰ ਸਿੰਘ ਗਗੜਾ, ਜਗਦੀਸ਼ ਸਿੰਘ ਚਾਹਲ, ਪ੍ਰੇਮ ਚਾਵਲਾ, ਗੁਰਮੇਲ ਸਿੰਘ ਮੈਲਡੇ, ਸਤਿਆ ਪਾਲ ਗੁਪਤਾ, ਪਰਵੀਨ ਕੁਮਾਰ ਲੁਧਿਆਣਾ, ਜਗਮੇਲ ਸਿੰਘ ਪੱਖੋਵਾਲ, ਅਮਰਜੀਤ ਕੌਰ ਰਣ ਸਿੰਘ ਵਾਲਾ, ਸਰੋਜ ਛੱਪੜੀਵਾਲਾ, ਮੇਲਾ ਸਿੰਘ ਪੁੰਨਾਂਵਾਲ ਤੇ ਸੀਤਾ ਰਾਮ ਸ਼ਰਮਾ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਹੈ ਕਿ ਲਗਾਤਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਨੂੰ ਗਿਣੀ ਮਿੱਥੀ ਸਾਜ਼ਿਸ਼ ਤਹਿਤ ਨਜ਼ਰ ਅੰਦਾਜ਼ ਕੀਤਾ ਗਿਆ ਹੈ, ਜਿਵੇਂ ਕਿ ਵੱਖ-ਵੱਖ ਵਿਭਾਗਾਂ ਵਿੱਚ ਕੰਮ ਕੱਚੇ, ਠੇਕਾ ਤੇ ਆਊਟਸੋਰਸ ਮੁਲਾਜ਼ਮਾਂ ਨੂੰ ਪੂਰੀਆਂ ਤਨਖਾਹਾਂ ਦੇ ਕੇ ਰੈਗੂਲਰ ਨਹੀਂ ਕੀਤਾ ਜਾ ਰਿਹਾ, ਆਊਟ ਸੋਰਸ ਅਧੀਨ ਭਰਤੀ ਦੀ ਨੀਤੀ ਨੂੰ ਤੇਜ਼ੀ ਨਾਲ ਅੱਗੇ ਵਧਾਇਆ ਜਾ ਰਿਹਾ ਹੈ, ਪੰਜਾਬ ਦੇ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਸਾਢੇ ਪੰਜ ਸਾਲਾਂ ਦਾ ਬਣਦਾ ਬਕਾਇਆ ਤੇ ਸੋਧੀ ਹੋਈ ਲੀਵ ਇਨ-ਕੈਸ਼ਮਿੰਟ ਨਹੀਂ ਦਿੱਤੀ ਜਾ ਰਹੀ, ਪੈਨਸ਼ਨਰਾਂ ਲਈ 2.59 ਦਾ ਗੁਣਾਂਕ ਲਾਗੂ ਨਹੀਂ ਕੀਤਾ ਜਾ ਰਿਹਾ, ਮਹਿੰਗਾਈ ਭੱਤੇ ਦੀਆਂ 12 ਫੀਸਦੀ ਦੀ ਦਰ ਨਾਲ ਬਕਾਇਆ ਪਈਆਂ ਤਿੰਨ ਕਿਸ਼ਤਾਂ ਨਹੀਂ ਦਿੱਤੀਆਂ ਜਾ ਰਹੀਆਂ, ਪੁਰਾਣੀ ਪੈਨਸ਼ਨ ਸਕੀਮ ਅਸਲ ਰੂਪ ਵਿੱਚ ਬਹਾਲ ਨਹੀਂ ਕੀਤੀ ਜਾ ਰਹੀ, ਆਸ਼ਾ ਵਰਕਰਜ਼, ਮਿਡ ਡੇ ਮੀਲ ਵਰਕਰਜ਼ ਤੇ ਆਂਗਣਵਾੜੀ ਵਰਕਰਜ਼ ਨਾਲ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੀਤਾ ਵਾਅਦਾ ਪੂਰਾ ਨਹੀਂ ਕੀਤਾ ਜਾ ਰਿਹਾ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਮੁਲਾਜ਼ਮ ਤੇ ਪੈਨਸ਼ਨਰ ਜਥੇਬੰਦੀਆਂ ਨਾਲ ਗੱਲਬਾਤ ਦੇ ਦਰਵਾਜ਼ੇ ਬੰਦ ਕਰਕੇ ਰੱਖੇ ਹੋਏ ਹਨ ਅਤੇ ਕਈ ਵਾਰ ਮੀਟਿੰਗਾਂ ਦਾ ਸਮਾਂ ਦੇ ਕੇ ਬਾਅਦ ਵਿੱਚ ਮੁੱਕਰ ਗਏ ਹਨ, ਹੱਕ ਮੰਗਦੇ ਸੰਘਰਸ਼ਸ਼ੀਲ ਲੋਕਾਂ 'ਤੇ ਪੁਲਸ ਲਾਠੀਚਾਰਜ ਕਰਨਾ ਤੇ ਘਰਾਂ ਵਿੱਚ ਨਜ਼ਰਬੰਦ ਕਰਨਾ ਆਦਿ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਵਰਤਾਰਾ ਹਰ ਰੋਜ਼ ਵਾਪਰ ਰਿਹਾ ਹੈ।ਇਨ੍ਹਾਂ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਨਿਰਣਾ ਲਿਆ ਗਿਆ ਕਿ 1 ਜੂਨ ਨੂੰ ਲੋਕ ਸਭਾ ਚੋਣਾਂ ਦੌਰਾਨ ਆਪਣੇ ਵੋਟ ਦੇ ਹੱਕ ਦੀ ਵੱਧ ਤੋਂ ਵੱਧ ਵਰਤੋਂ ਕਰਨਗੇ, ਜੇਕਰ ਕੇਂਦਰੀ ਹੁਕਮਰਾਨ ਭਾਜਪਾ ਅਤੇ ਪੰਜਾਬ ਵਿੱਚ ਹੁਕਮਰਾਨ ਆਮ ਆਦਮੀ ਪਾਰਟੀ ਕੋਲ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਪ੍ਰਵਾਨ ਕਰਨ ਲਈ ਕੋਈ ਨੀਤੀ ਨਹੀਂ ਤਾਂ ਫਿਰ ਸਾਡੇ ਕੋਲ ਵੀ ਇਨ੍ਹਾਂ ਪਾਰਟੀਆਂ ਲਈ ਵੋਟਾਂ ਨਹੀਂ।ਫੈਸਲਾ ਕੀਤਾ ਗਿਆ ਕਿ ਕੇਂਦਰ ਤੇ ਪੰਜਾਬ ਦੀਆਂ ਹੁਕਮਰਾਨ ਪਾਰਟੀਆਂ ਦੀਆਂ ਲਗਾਤਾਰ ਲੋਕ, ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਨੀਤੀਆਂ ਕਾਰਨ ਇਨ੍ਹਾਂ ਹੁਕਮਰਾਨ ਪਾਰਟੀਆਂ ਨੂੰ ਪੰਜਾਬ ਵਿੱਚ ਤਕੜੀ ਹਾਰ ਦੇ ਕੇ ਸਬਕ ਸਿਖਾਉਣਗੇ ਅਤੇ ਧਰਮ ਨਿਰਪੱਖ ਤੇ ਜਮਹੂਰੀ ਤਾਕਤਾਂ ਦੇ ਹੱਥ ਮਜ਼ਬੂਤ ਕੀਤੇ ਜਾਣਗੇ।

27- May Page - 6.qxd 5/26/2024 10:31 PM Page 1



# ਸੰਤ ਜਗਜੀਤ ਸਿੰਘ ਲੋਪੋਂ ਵਾਲਿਆਂ ਨੇ ਲੰਗਰ ਹਾਲ ਦਾ ਰੱਖਿਆ ਨੀਂਹ ਪੱਥਰ



**ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)**-ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਲੋਹਗੜ੍ਹ (ਬਰਨਾਲਾ) ਵਿਖੇ ਲੰਗਰ ਹਾਲ ਦਾ ਨੀਂਹ ਪੱਥਰ ਸੰਤ ਜਗਜੀਤ ਸਿੰਘ ਲੋਪੋਂ ਵਾਲਿਆਂ ਵੱਲੋਂ ਰੱਖਿਆ ਗਿਆ।ਇਸ ਸਮੇਂ ਸੰਤ ਜਗਜੀਤ ਸਿੰਘ ਲੋਪੋਂ ਨੇ ਪ੍ਰਬੰਧਕਾਂ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਸ਼ਰਧਾਲੂ ਸੰਗਤਾਂ ਨੂੰ ਇਸ ਕਾਰਜ 'ਚ ਵੱਧ ਚੜ੍ਹ ਕੇ ਯੋਗਦਾਨ ਦੇਣ ਦੀ ਅਪੀਲ ਕੀਤੀ।ਉਨ੍ਹਾਂ ਆਪਣੇ ਪੁੱਤਰ ਭਗੀਰਥ ਸਿੰਘ ਗਿੱਲ ਤੇ ਨੂੰਹ ਰਮਨਦੀਪ ਕੌਰ ਵੱਲੋਂ 11 ਹਜ਼ਾਰ ਰੁਪਏ ਮਦਦ ਵੀ ਇਸ ਲੰਗਰ ਹਾਲ ਵਾਸਤੇ ਭੇਟ ਕੀਤੀ।ਇਸ ਸਮੇਂ ਪ੍ਰਸਿੱਧ ਕਵੀਸ਼ਰੀ ਜਥੇ ਮਨਜੀਤ ਸਿੰਘ ਲਾਡੀ ਲੋਪੋਂ ਵਾਲਿਆਂ ਨੇ ਗੁਰੂ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ।ਲੋਕਲ ਗੁ: ਕਮੇਟੀ ਦੇ ਪ੍ਰਧਾਨ ਹਰਬੰਸ ਸਿੰਘ, ਮੁੱਖ ਸੇਵਾਦਾਰ ਮਹਿੰਦਰ ਸਿੰਘ ਚੁੰਬਰ, ਗ੍ਰੰਥੀ ਧਰਮਪਾਲ ਸਿੰਘ ਨੇ ਦੱਸਿਆ ਕਿ ਸੰਗਤਾਂ ਦੀ ਬਸ ਲੋੜ ਨੂੰ ਮੁੱਖ ਰੱਖਦੇ ਹੋਏ 1600 ਵਰਗ ਫੁੱਟ ਦੇ ਲੰਗਰ ਹਾਲ ਦੇ ਨਿਰਮਾਣ ਦਾ ਕੰਮ ਅੱਜ ਸ਼ੁਰੂ ਹੋਇਆ ਹੈ।ਇਸ ਕਾਰਜ 'ਚ ਮਦਦ ਦੇਣ ਵਾਲੇ ਦਾਨੀ ਸੱਜਣਾਂ ਨੂੰ ਪ੍ਰਬੰਧਕਾਂ ਵੱਲੋਂ ਸਨਮਾਨਤ ਕੀਤਾ ਗਿਆ।ਇਸ ਸਮੇਂ ਹਲਕਾ ਇੰਚਾਰਜ ਨਾਥ ਸਿੰਘ ਹਮੀਦੀ, ਖ਼ਜ਼ਾਨਚੀ ਕੁਲਵੰਤ ਸਿੰਘ, ਡਾ: ਅੰਮ੍ਰਿਤਪਾਲ ਸਿੰਘ ਦੇਹੜ, ਭੋਲਾ ਸਿੰਘ, ਸਾਬਕਾ ਸਰਪੰਚ ਆਤਮਾ ਸਿੰਘ, ਬੱਗਾ ਸਿੰਘ ਧਨੇਸਰ ਧੂਰੀ ਬੱਸ, ਪ੍ਰਮਾਤਮਾ ਸਿੰਘ ਧਨੇਸਰ, ਬਿੱਕਰ ਸਿੰਘ ਧਨੇਸਰ, ਸਾਬਕਾ ਸਰਪੰਚ ਜੋਗਿੰਦਰ ਸਿੰਘ, ਮਾ: ਨਛੱਤਰ ਸਿੰਘ ਦਸੌਂਦਾ ਸਿੰਘ ਵਾਲਾ, ਗੁਰਮੇਲ ਸਿੰਘ ਮੇਲੀ, ਬਲਜੀਤ ਸਿੰਘ ਬਿੱਲੂ, ਬਿੰਦਰ ਸਿੰਘ ਪਲੰਬਰ, ਮਨਜੀਤ ਸਿੰਘ ਧਨੇਸਰ, ਬਲਜੀਤ ਸਿੰਘ ਦੇਹੜ, ਸੰਦੀਪ ਸਿੰਘ ਮਿਸਤਰੀ, ਕੈਪਟਨ ਬਲਜੀਤ ਸਿੰਘ, ਜਸਵੀਰ ਸਿੰਘ ਜੱਸਾ, ਜਸਪਾਲ ਸਿੰਘ ਪਾਲੀ, ਦਲਵੀਰ ਸਿੰਘ, ਅਮਰਜੀਤ ਸਿੰਘ ਹੈਪੀ, ਏਕਮ ਸਿੰਘ ਮਿਸਤਰੀ, ਹੈਪੀ ਚਹਿਲ ਆਦਿ ਹਾਜ਼ਰ ਸਨ।

# ਫਾਰਮ ਇਕਿਊਪਮੈਂਟ ਐਕਸਪੋ 'ਚ 60 ਪ੍ਰਦਰਸ਼ਕਾਂ ਨੇ ਭਾਗ ਲਿਆ



**ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ, ਪ੍ਰਦੀਪ ਸ਼ਰਮਾ)**-ਇੱਥੇ ਇੱਕ ਹੋਟਲ ਵਿੱਚ ਆਟੋਮੋਟਿਵ ਕੰਪੋਨੈਂਟ ਮੈਨੂਫੈਕਚਰਰਜ਼ ਐਸੋਸੀਏਸ਼ਨ ਆਫ ਇੰਡੀਆ (ਏਸੀਐੱਮਏ) ਫਾਰਮ ਇਕਿਊਪਮੈਂਟ ਐਂਡ ਇੰਪਲੀਮੈਂਟਸ ਲੋਕਾਲਾਈਜ਼ੇਸ਼ਨ ਐਕਸਪੋ ਦੇ ਤੀਜੇ ਐਡੀਸ਼ਨ ਵਿੱਚ 60 ਤੋਂ ਵੱਧ ਪ੍ਰਦਰਸ਼ਕਾਂ ਨੇ ਭਾਗ ਲਿਆ।ਇਸ ਐਕਸਪੋ ਨੇ ਨਿਰਮਾਤਾਵਾਂ ਵਿਚਕਾਰ ਰੁਝੇਵਿਆਂ ਨੂੰ ਉਤਸ਼ਾਹਤ ਕਰਦੇ ਹੋਏ ਅਤੇ ਖੇਤੀ ਸੰਦਾਂ ਤੇ ਉਪਕਰਨਾਂ ਵਿੱਚ ਉਤਪਾਦਾਂ ਨੂੰ ਪ੍ਰਦਰਸ਼ਤ ਕਰਕੇ ਭਾਰਤੀ ਖੇਤੀਬਾੜੀ ਉਦਯੋਗ ਵਿੱਚ ਸਥਾਨਕਕਰਨ ਦੀ ਮਹੱਤਵਪੂਰਨ ਭੂਮਿਕਾ ਨੂੰ ਉਜਾਗਰ ਕੀਤਾ।ਵਿੰਨੀ ਮਹਿਤਾ ਡਾਇਰੈਕਟਰ ਜਨਰਲ ਏਸੀਐੱਮਏ ਨੇ ਕਿਹਾ ਕਿ ਐਕਸਪੋ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ, ਜੋ ਕਿ ਟਰੈਕਟਰ ਤੇ ਸਾਜ਼ੋ-ਸਾਮਾਨ ਉਦਯੋਗ ਵਿੱਚ ਇੱਕ ਮਜ਼ਬੂਤ, ਸਵੈ-ਨਿਰਭਰ ਸਪਲਾਈ ਲੜੀ ਵਿਕਸਤ ਕਰਨ ਦੀ ਸਾਡੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਨਵੀਨਤਮ ਖੋਜਾਂ ਨੂੰ ਪ੍ਰਦਰਸ਼ਤ ਕਰਦੇ ਹੋਏ ਸਮਰਪਤ 222 ਭਾਗੀਦਾਰਾਂ ਤੇ ਉਦਯੋਗ ਦੇ ਹਿੱਸੇਦਾਰਾਂ ਦਾ ਧਿਆਨ ਖਿੱਚਿਆ।ਐਕਸਪੋ ਦਾ ਉਦਘਾਟਨ ਡਾ. ਏ ਐੱਸ ਮਿੱਤਲ, ਟੀ ਐੱਮ ਏ ਦੇ ਪ੍ਰਧਾਨ ਤੇ ਸੋਨਾਲੀਕਾ ਗਰੁੱਪ ਦੇ ਵਾਈਸ ਚੇਅਰਮੈਨ ਨੇ ਕੀਤਾ।ਇਸ ਸਮਾਗਮ ਨੇ ਵੱਖ-ਵੱਖ

# ਅੱਖਾਂ ਦਾ 114ਵਾਂ ਕੈਂਪ ਲਾਇਆ



**ਬਰੇਟਾ (ਰੀਤਵਾਲ)** ਆਸਰਾ ਫਾਊਂਡੇਸ਼ਨ ਵੱਲੋਂ ਜਿਊਣਾ ਮੱਲ ਕਪੂਰ ਚੰਦ ਦੀ ਯਾਦ ਨੂੰ ਸਮਰਪਤ ਅੱਖਾਂ ਦਾ 114ਵਾਂ ਕੈਂਪ ਗੁਰਦੁਆਰਾ ਸਾਹਿਬ ਭਾਈ ਘਨੱਈਆ ਵਿਖੇ ਡਾਕਟਰ ਪਿਊਸ਼ ਗੋਇਲ ਮਾਨਸਾ ਵੱਲੋਂ ਲਾਇਆ ਗਿਆ, ਜਿਸ ਵਿਚ 522 ਲੋੜਵੰਦ ਮਰੀਜ਼ ਚੈੱਕ ਕਰਕੇ 53 ਮਰੀਜ਼ ਫ੍ਰੀ ਲੈਂਜ਼ ਪਾਉਣ ਲਈ ਚੁਣੇ ਗਏ, ਜਿਨ੍ਹਾਂ ਨੂੰ ਸ਼ਿਫ਼ਟਾਂ ਵਿੱਚ ਲਿਜਾ ਕੇ ਲੈਂਜ਼ ਪਵਾਏ ਜਾਣਗੇ।'ਟੀਮ ਆਸਰਾ' ਦੇ ਵਾਈਸ ਪ੍ਰਧਾਨ ਸੂਬੇਦਾਰ ਸਮਸੇਰ ਸਿੰਘ ਕੁਲਰੀਆਂ, ਮੇਜਰ ਸਿੰਘ ਪੰਮੀ ਵੱਲੋਂ ਆਏ ਹੋਏ ਮਰੀਜ਼ਾਂ ਨੂੰ ਅੱਖਾਂ ਦੀਆਂ ਬਿਮਾਰੀਆਂ ਤੇ ਸਾਂਭ ਸੰਭਾਲ ਬਾਰੇ ਵਿਸਤਾਰ ਪੂਰਵਕ ਜਾਣਕਾਰੀ ਦਿੱਤੀ ਗਈ।ਕੈਂਪ ਵਿੱਚ ਬਾਬਾ ਰਣਜੀਤ ਸਿੰਘ ਟੈਣੀ ਮੁੱਖ ਪ੍ਰਬੰਧਕ ਗੁਰਦੁਆਰਾ ਸਾਹਿਬ ਭਾਈ ਘਨੱਈਆ ਵੱਲੋਂ ਟੀਮ ਆਸਰਾ ਦੀ ਹੌਂਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਸਾਨੂੰ ਸਾਡੇ ਇਲਾਕੇ ਦੀ ਇਸ ਸੰਸਥਾ ਉੱਤੇ ਬਹੁਤ ਮਾਣ ਹੈ, ਜਿਹੜੀ ਕਿ ਹਰ ਤਰ੍ਹਾਂ ਦੇ ਸਮਾਜ ਭਲਾਈ ਦੇ ਕੰਮਾਂ ਤੋਂ ਇਲਾਵਾ ਹਰ ਮਹੀਨੇ ਦੇ ਆਖਰੀ ਐਤਵਾਰ ਨੂੰ ਅੱਖਾਂ ਦੇ ਕੈਂਪ ਤੋਂ ਇਲਾਵਾ ਅੰਗਹੀਣਾਂ ਲਈ ਕੈਂਪ ਲਾ ਕੇ ਲੋੜਵੰਦਾਂ ਦੇ ਘਰਾਂ ਦੇ ਵਿੱਚ ਚਾਨਣ ਭਰ ਰਹੀ ਹੈ। ਸੰਸਥਾ ਵੱਲੋਂ ਜੋ ਸਾਡੀ ਕਿਤੇ ਵੀ ਕੋਈ ਲੋਕ ਭਲਾਈ ਦੇ ਕੰਮਾਂ ਵਿੱਚ ਡਿਊਟੀ ਲਾਈ ਜਾਂਦੀ ਹੈ ਤਾਂ ਅਸੀਂ ਆਪਣੇ ਆਪ ਨੂੰ ਬਹੁਤ ਭਾਗਾਂ ਵਾਲਾ ਸਮਝਦੇ ਹਾਂ।ਹਰ ਕੈਂਪ ਵਿੱਚ ਦੁੱਧ ਦੀ ਸੇਵਾ ਕਿਸ਼ਨਗੜ੍ਹ ਦੀ ਸਾਧ ਸੰਗਤ ਵੱਲੋਂ ਕੀਤੀ ਜਾਂਦੀ ਹੈ।ਕੈਂਪ ਵਿੱਚ ਦਵਾਈਆਂ ਦੀ ਸੇਵਾ ਮਹਿੰਦਰ ਸਿੰਘ ਕਟੋਦੀਆ ਸੰਸਥਾਪਕ ਸਾਵਨ ਐਜੂਕੇਸ਼ਨਲ ਟਰੱਸਟ ਚੰਡੀਗੜ੍ਹ ਵੱਲੋਂ ਗਈ।ਕੈਂਪ ਵਿੱਚ ਲੰਗਰ ਦੀ ਸੇਵਾ ਗੁਰਦੁਆਰਾ ਸਾਹਿਬ ਭਾਈ ਘਨੱਈਆ ਜੀ ਦੀ ਟੀਮ ਵੱਲੋਂ ਕੀਤੀ ਜਾਂਦੀ ਹੈ।ਇਸ ਮੌਕੇ ਇਲਾਕੇ ਤੇ ਸ਼ਹਿਰ ਦੇ ਮੋਹਤਬਰਾਂ ਤੋਂ ਇਲਾਵਾ ਅਕਾਲ ਯੂਨੀਵਰਸਿਟੀ ਤਲਵੰਡੀ ਸਾਬੋ, ਜ਼ਿਲ੍ਹਾ ਰੂਰਲ ਯੂਥ ਐਸੋਸੀਏਸ਼ਨ ਮਾਨਸਾ, ਮਾਤਾ ਗੁਜਰੀ ਜੀ ਭਲਾਈ ਕੇਂਦਰ ਬੁਢਲਾਡਾ, ਸੰਜੀਵਨੀ ਵੈਲਫੇਅਰ ਸੋਸਾਇਟੀ ਬੁਢਲਾਡਾ, ਭਾਰਤ ਵਿਕਾਸ ਪ੍ਰੀਸ਼ਦ ਬਰੇਟਾ, ਅਰਿਹੰਤ ਕਾਲਜ ਆਫ਼ ਐਜੂਕੇਸ਼ਨ ਤੋਂ ਇਲਾਵਾ ਆਸਰਾ ਫਾਊਂਡੇਸ਼ਨ ਬਰੇਟਾ ਦੀ ਸਾਰੀ ਟੀਮ ਹਾਜ਼ਰ ਸੀ।

# ਪ੍ਰਮੋਦ ਕੁਮਾਰ ਨੇ ਜਰਮਨ ਦੀ ਧਰਤੀ 'ਤੇ ਸਿਆਸੀ ਪਿੜ 'ਚ ਰੱਖਿਆ ਪੈਰ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਸਮੁੱਚੇ ਪੰਜਾਬੀ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ ਕਿ ਜਿਸ ਤਰ੍ਹਾਂ ਵਿਦੇਸ਼ਾਂ ਵਿੱਚ ਪੰਜਾਬੀਆਂ ਨੇ ਹਰ ਫੀਲਡ ਵਿੱਚ ਬਹੁਤ ਤਰੱਕੀਆਂ ਕੀਤੀਆਂ ਹਨ।ਉਸੇ ਤਰ੍ਹਾਂ ਜਰਮਨੀ ਵਿੱਚ ਵੀ ਪ੍ਰਮੋਦ ਕੁਮਾਰ ਨੇ ਆ ਕੇ ਪਹਿਲਾਂ ਬਿਜ਼ਨੈਸ ਵਿੱਚ ਬਹੁਤ ਮੱਲਾਂ ਮਾਰੀਆਂ ਤੇ ਜਰਮਨੀ ਦੇ ਉਘੇ ਕਾਰੋਬਾਰੀਆਂ ਵਿੱਚ ਜਗ੍ਹਾ ਬਣਾਈ।ਪੰਜਾਬੀਆਂ ਦੀ ਜਰਮਨੀ ਵਿੱਚ ਪਾਲੀਟਿਕਸ ਵਿੱਚ ਨਾਮੌਜੂਦਗੀ ਸੀ। ਉਸ ਘਾਟੇ ਨੂੰ ਵੀ ਪੂਰਾ ਕਰਨ ਲਈ ਉਨ੍ਹਾਂ ਨੇ ਹੁਣ ਚੋਣਾਂ ਵਿੱਚ ਕਦਮ ਰੱਖਿਆ।ਪੰਜਾਬੀ ਭਾਈਚਾਰੇ ਲਈ ਖੁਸ਼ੀ ਦੀ ਗੱਲ ਇਹ ਵੀ ਹੈ ਕਿ ਉਨ੍ਹਾਂ ਨੂੰ ਜਰਮਨੀ ਦੀ ਰੀੜ੍ਹ ਦੀ ਹੱਡੀ ਕਹੀ ਜਾਣ ਵਾਲੀ ਰਾਜਨੀਤਿਕ ਪਾਰਟੀ ਜਿਸ ਪਾਰਟੀ ਦੀ ਉਮੀਦਵਾਰ ਅਜੇਲਾ ਮੈਰਕਲ ਜੋ ਕਿ ਕਾਫੀ ਸਮਾਂ ਜਰਮਨੀ ਦੇ ਚਾਂਸਲਰ ਵੱਜੋ ਰਹੇ ਸਨ, ਨੇ ਪੂਰੀ ਦੁਨੀਆ ਵਿੱਚ ਆਪਣੀ ਸਾਫ ਸੁਥਰੀ ਸਿਆਸਤ ਦੇ ਬਲਬੂਤੇ ਨਾਮਣਾ ਖੱਟਿਆ।ਪ੍ਰਮੋਦ ਕੁਮਾਰ ਨੂੰ ਸੀਡੀਯੂ (ਕ੍ਰਿਸਟਲਿਸ਼ੇ ਡੈਮੋਕਰਾਟਿਸ਼ੇ ਪਾਰਤਾਈ) ਨੇ ਆਪਣੀ ਪਾਰਟੀ ਦੇ ਚੋਣ ਨਿਸ਼ਾਨ ਤੋਂ ਹਮਰਬਰਗ ਰਾਜ ਦੇ (ਬੈਰਗੇਡੋਰਫ) ਹਲਕੇ ਤੋਂ ਚੋਣ ਮੈਦਾਨ ਵਿੱਚ ਉਤਾਰਿਆ ਹੈ।ਉਨਾਂ ਦਾ ਨੰਬਰ 27 ਹੈ। ਪੂਰੇ ਜਰਮਨੀ ਖਾਸ ਕਰਕੇ ਹਮਬਰਗ ਦੇ ਸਮੂਹ ਪੰਜਾਬੀ ਭਾਈਚਾਰੇ ਨੂੰ ਬੇਨਤੀ ਹੈ ਕਿ ਪ੍ਰਮੋਦ ਕੁਮਾਰ ਦਾ ਸਾਥ ਦੇਈਏ ਤੇ ਉਨ੍ਹਾਂ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਜਿੱਤ ਦਿਵਾਈਏ ਤਾਂ ਜੋ ਪੰਜਾਬੀਆਂ ਦੀ ਹਿੱਸੇਦਾਰੀ ਜਰਮਨੀ ਦੀ ਸਿਆਸਤ ਵਿੱਚ ਵੀ ਹੋਵੇ।ਜਿਸ ਤਰ੍ਹਾਂ ਅਮਰੀਕਾ, ਕੈਨੇਡਾ, ਇੰਗਲੈਂਡ ਵਰਗੇ ਪੱਛਮੀ ਮੁਲਕਾਂ ਵਿੱਚ ਪੰਜਾਬੀਆਂ ਨੇ ਸਿਆਸਤ ਵਿੱਚ ਨਾਮ ਚਮਕਾਇਆ ਹੈ ਉਸੇ ਤਰਾਂ ਜਰਮਨੀ ਵਿੱਚ ਵੀ ਪੰਜਾਬੀ ਸਿਆਸਤ ਵਿੱਚ ਆਪਣੇ ਝੰਡੇ ਗੱਡਣ ਤੇ ਇਸਦੀ ਹਮਬਰਗ ਜਰਮਨੀ ਵਿੱਚ ਪਹਿਲੀ ਸ਼ੁਰੂਆਤ ਪ੍ਰਮੋਦ ਕੁਮਾਰ ਨੇ ਕੀਤੀ ਹੈ। ਇੰਟੈਲੈਕਚੁਅਲ ਪੰਜਾਬੀ ਚੈਂਬਰ ਆਫ ਕਾਮਰਸ ਦੇ ਪ੍ਰਧਾਨ ਸੁਰਜੀਤ ਸਿੰਘ ਜਰਮਨੀ ਨੇ ਪ੍ਰਮੋਦ ਕੁਮਾਰ ਨੂੰ ਮੁਬਾਰਕਬਾਦ ਦਿੱਤੀ ਤੇ ਆਪਣਾ ਸਮਰਥਨ ਦਿੱਤਾ ਤੇ ਬਾਕੀ ਭਾਈਚਾਰੇ ਨੂੰ ਵੀ ਅਪੀਲ ਕੀਤੀ ਕਿ ਇਨ੍ਹਾਂ ਦਾ ਸਮਰਥਨ ਕਰੀਏ।

# ਨਗਰ ਸੁਰਸਿੰਘ ਵਿਖੇ ਬਾਬਾ ਚਤਰ ਸਿੰਘ ਨੇ ਲੰਗਰ ਲਾਏ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਇਤਿਹਾਸਕ ਨਗਰ ਸੁਰਸਿੰਘ ਵਿਖੇ ਸ੍ਰੀ ਗੁਰੂ ਹਰਗੋਬਿੰਦ ਸਿੰਘ ਜੀ ਵੱਲੋਂ ਪਵਿੱਤਰ ਚਰਨ ਪਾਉਣ 'ਤੇ ਹਰ ਸਾਲ ਦੀ ਤਰਾਂ ਦਲ ਪੰਥ ਬਾਬਾ ਬਿਧੀ ਚੰਦ ਸਾਹਿਬ ਦੇ ਵਰਤਮਾਨ ਦੇ ਮੌਜੂਦਾ ਮੁਖੀ ਜਥੇਦਾਰ ਸੰਤ ਬਾਬਾ ਅਵਤਾਰ ਸਿੰਘ ਦੀ ਰਹਿਨੁਮਾਈ ਹੇਠ ਸਾਲਾਨਾ ਜੋੜ ਮੇਲਾ ਮਨਾਇਆਂ ਗਿਆ।ਦਲ ਪੰਥ ਮਾਤਾ ਭਾਗ ਕੌਰ ਦੇ ਦਲ ਮਿਸ਼ਲ ਦੇ ਮੁਖੀ ਜਥੇਦਾਰ ਸੰਤ ਬਾਬਾ ਚਤਰ ਸਿੰਘ ਵੱਲੋਂ ਨਗਰ ਸੁਰਸਿੰਘ ਅੱਡੇ 'ਤੇ 10 ਦਿਨਾ ਜੋੜ ਮੇਲੇ ਦੇ ਸਬੰਧ ਵਿਚ ਲੰਗਰ ਦਿਨ ਰਾਤ ਚਲਾਏ ਜਾਂ ਰਹੇਂ ਹਨ।ਇਸ ਮੌਕੇ ਜਥੇਦਾਰ ਬਾਬਾ ਚਤਰ ਸਿੰਘ ਤੋਂ ਇਲਾਵਾਂ ਬਾਬਾ ਮਾਨ ਸਿੰਘ, ਜੇਈ ਸਿੰਘ, ਬਾਬਾ ਬਲਦੇਵ ਸਿੰਘ, ਹਰਦੇਵ ਸਿੰਘ, ਗੁਰਜੰਟ ਸਿੰਘ, ਗੁਰਮੇਜ ਸਿੰਘ ਫੋਜੀ, ਹਰਪਾਲ ਸਿੰਘ ਮਾੜ ਕੰਬੋਕੀ, ਬਲਦੇਵ ਸਿੰਘ ਭੁੱਚਰ,ਪ੍ਰ. ਬਾਬਾ ਕਲਵਿੰਦਰ ਸਿੰਘ,ਪਰੇਮ ਸਿੰਘ,ਪੱਪੂ ਭੁੱਚਰ, ਪ੍ਰਗਟ ਸਿੰਘ, ਜਸਵੰਤ ਸਿੰਘ, ਬਲਜੀਤ ਸਿੰਘ ਪਟਵਾਰੀ, ਭਗਵੰਤ ਸਿੰਘ, ਬਿੱਟੂ, ਜਗਦੀਸ ਸਿੰਘ, ਬੀਜ ਸਿੰਘ, ਗੁਰਪ੍ਰੀਤ ਸਿੰਘ, ਮਨਦੀਪ ਸਿੰਘ, ਬਲਵਿੰਦਰ ਸਿੰਘ, ਸੰਦੀਪ ਸੁਰਸਿੰਘ, ਮਾੜੀ ਸਿੰਘ, ਜੱਸਾ ਸਿੰਘ, ਕਾਲਾ ਸਿੰਘ, ਹਰਬੀਰ ਸਿੰਘ, ਜਥੇਦਾਰ ਅਮਰੀਕ ਸਿੰਘ, ਜਗਤਾਰ ਸਿੰਘ, ਸਵਰਨ ਸਿੰਘ ਜੇਈ ਅਤੇ ਹੋਰ ਸੇਵਾਦਾਰ ਹਾਜ਼ਰ ਸਨ।

# ਭਾਰਤੀਆ ਮਾਡਲ ਸੀਨੀ. ਸੈਕੰ. ਸਕੂਲ ਦਾ ਨਤੀਜਾ ਸ਼ਾਨਦਾਰ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੀ ਬੀ ਐੱਸ ਈ ਬੋਰਡ ਨਵੀਂ ਦਿੱਲੀ ਵੱਲੋਂ ਐਲਾਨੇ ਗਏ ਨਤੀਜਿਆਂ ਵਿੱਚ ਭਾਰਤੀਆ ਮਾਡਲ ਸੀਨੀਅਰ ਸੈਕੰਡਰੀ ਸਕੂਲ ਰਾਮਪੁਰਾ ਫੂਲ ਦੇ ਵਿਦਿਆਰਥੀਆਂ ਦਾ ਨਤੀਜਾ ਸ਼ਾਨਦਾਰ ਰਿਹਾ, ਜਿਸ ਵਿੱਚੋਂ ਦਸਵੀਂ ਜਮਾਤ ਦੀ ਵਿਦਿਆਰਥਣ ਦੀਵਾਂਸ਼ੀ ਗਰਗ ਨੇ 98% ਅੰਕਾਂ ਨਾਲ ਪਹਿਲਾ ਸਥਾਨ ਪ੍ਰਾਪਤ ਕੀਤਾ।ਇਸ ਤੋਂ ਇਲਾਵਾ ਸਿੱਧੀ ਗੋਇਲ ਨੇ 96%, ਕੇਸ਼ਵ ਗੋਇਲ ਨੇ 92.4%, ਸੁਮਨਪਰੀਤ ਕੌਰ ਨੇ 92.4%, ਅੰਜਲੀ ਨੇ 92.2%, ਸਿਮਰਨ ਸ਼ਰਮਾ ਨੇ 92%, ਸਲੋਨੀ ਨੇ 91.6%, ਅਕਸ਼ ਗੋਇਲ ਨੇ 90.4%, ਦਰਿਤੀ ਨੇ 90.2%, ਅੰਕ ਹਾਸਲ ਕੀਤੇ।ਇਸ ਤੋਂ ਇਲਾਵਾ ਸਾਰੇ ਵਿਦਿਆਰਥੀਆਂ ਨੇ ਵਧੀਆ ਅੰਕ ਪ੍ਰਾਪਤ ਕੀਤੇ ਅਤੇ ਨਤੀਜਾ 100 ਫੀਸਦੀ ਰਿਹਾ।ਦੂਜੇ ਪਾਸੇ ਬਾਰਵੀਂ ਕਲਾਸ ਦੀ ਵਿਦਿਆਰਥਣ ਨੰਦਨੀ ਗੁਪਤਾ ਨੇ 96.4% ਅੰਕਾਂ ਨਾਲ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਅਜੈਕਰਨ ਸਿੰਘ ਨੇ 91.6%, ਮਾਧਵ ਸ਼ਰਮਾ ਨੇ 91.4%, ਰਿਮਝਿਮ ਨੇ 90.6% ਅੰਕ ਪ੍ਰਾਪਤ ਕਰਕੇ ਸਕੂਲ ਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ।ਇਸ ਮੌਕੇ ਸਕੂਲ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਸ਼ਸ਼ੀ ਸਿੰਗਲਾ, ਜਨਰਲ ਸਕੱਤਰ ਡਾਕਟਰ ਨਰਿੰਦਰ ਬਾਂਸਲ, ਕੈਸ਼ੀਅਰ ਕੈਲਾਸ਼ ਕੌਸ਼ਿਕ, ਐਡਵਾਈਜ਼ਰ ਰਜਿੰਦਰ ਜਿੰਦਲ, ਐਡਵਾਈਜ਼ਰ ਰਕੇਸ਼ ਸਹਾਰਾ, ਪ੍ਰਿੰਸੀਪਲ ਉਪਮਾ ਸਿੰਗਲਾ ਤੇ ਸਮੂਹ ਕਮੇਟੀ ਮੈਂਬਰ ਨੇ ਸੌ ਫੀਸਦੀ ਨਤੀਜਾ ਆਉਣ ਦੀ ਖੁਸ਼ੀ ਵਿੱਚ ਸਕੂਲ ਦੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆ ਤੇ ਅਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਦੇ ਸੁਨਹਿਰੇ ਭਵਿੱਖ ਲਈ ਕਾਮਨਾ ਕੀਤੀ।




# ਬੀਬਾ ਬਾਦਲ ਦੀਆਂ ਬੇਟੀਆਂ ਨੇ ਭਖਾਈ ਚੋਣ ਮੁਹਿੰਮ



**ਭੀਖੀ (ਧਰਮਵੀਰ ਸ਼ਰਮਾ)**- ਲੋਕ ਸਭਾ ਬਠਿੰਡਾ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਬੀਬਾ ਹਰਸਿਮਰਤ ਕੌਰ ਬਾਦਲ ਦੀਆਂ ਦੋਵੇਂ ਬੇਟੀਆਂ ਹਰਕੀਰਤ ਕੌਰ ਬਾਦਲ ਤੇ ਗੁਰਲੀਨ ਕੌਰ ਬਾਦਲ ਨੇ ਭੀਖੀ ਵਿਖੇ ਵੱਖ ਵੱਖ ਨੁੱਕੜ ਮੀਟਿੰਗਾਂ ਨੂੰ ਸੰਬੋਧਨ ਕਰਕੇ ਆਪਣੀ ਮਾਤਾ ਲਈ ਵੋਟਾਂ ਮੰਗੀਆਂ। ਬੀਬਾ ਬਾਦਲ ਦੇ ਪਰਵਾਰ ਵੱਲੋਂ ਇਸ ਚੋਣ ਮੁਹਿੰਮ ਵਿੱਚ ਉਤਰਨ ਨਾਲ ਚੋਣ ਮੁਹਿੰਮ ਨੂੰ ਵੱਡਾ ਬਲ ਮਿਲਿਆ ਹੈ।ਇਸ ਮੌਕੇ ਸ਼ਹਿਰੀ ਪ੍ਰਧਾਨ ਜੀਵਨ ਸਿੰਗਲਾ ਦੀ ਅਗਵਾਈ ਹੇਠ ਕਰਵਾਈਆਂ ਮੀਟਿੰਗਾਂ ਦੌਰਾਨ ਲੋਕਾਂ ਵੱਲੋਂ ਬੀਬਾ ਬਾਦਲ ਦੀਆਂ ਬੇਟੀਆਂ ਨੂੰ ਸਨਮਾਨਤ ਵੀ ਕੀਤਾ ਗਿਆ।ਮੀਟਿੰਗ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦੇ ਹਿੱਤਾਂ ਦੀ ਅਸਲੀ ਰਖਵਾਲੀ ਸ਼੍ਰੋਮਣੀ ਅਕਾਲੀ ਦਲ ਹੀ ਕਰ ਸਕਦਾ ਹੈ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਸੱਤਾ ਵਿੱਚ ਹੁੰਦਿਆਂ ਹੀ ਪੰਜਾਬ ਦਾ ਸਰਵਪੱਖੀ ਵਿਕਾਸ ਹੋਇਆ ਹੈ ਜਦੋਂ ਕਿ ਕਾਂਗਰਸ, ਭਾਜਪਾ ਅਤੇ ਆਪ ਸਰਕਾਰਾਂ ਦਿੱਲੀ ਤੋਂ ਚਲਦੀਆਂ ਹਨ। ਉਨ੍ਹਾਂ ਕਿਹਾ ਕਿ ਲੋਕ ਸ਼੍ਰੋਮਣੀ ਅਕਾਲੀ ਦਲ ਨੂੰ ਹੋਰ ਮਜ਼ਬੂਤ ਕਰਨ ਲਈ ਲੋਕ ਸਭਾ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦਾ ਡਟ ਕੇ ਸਾਥ ਦੇਣ।ਇਸ ਮੌਕੇ ਜੀਵਨ ਸਿੰਗਲਾ ਸ਼ਹਿਰੀ ਪ੍ਰਧਾਨ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਮਿਲ ਰਹੇ ਭਰਪੂਰ ਸਮਰਥਨ ਸਦਕਾ ਬੀਬਾ ਬਾਦਲ ਦੀ ਜਿੱਤ ਯਕੀਨੀ ਹੈ।ਇਸ ਮੌਕੇ ਭਗਵਾਨ ਦਾਸ ਗੁਪਤਾ, ਪ੍ਰੇਮ ਕੁਮਾਰ ਅਰੋੜਾ, ਨਗਰ ਪੰਚਾਇਤ ਭੀਖੀ ਦੇ ਸਾਬਕਾ ਪ੍ਰਧਾਨ ਹਰਪ੍ਰੀਤ ਸਿੰਘ ਚਹਿਲ, ਕੁਲਸ਼ੇਰ ਸਿੰਘ ਰੂਬਲ, ਜੀਵਨ ਸਿੰਗਲਾ ਸ਼ਹਿਰੀ ਪ੍ਰਧਾਨ, ਰਿਸ਼ਵ ਸਿੰਗਲਾ, ਬਲਵਿੰਦਰ ਸ਼ਰਮਾ, ਸੁਖਦੀਪ ਸਿੰਘ, ਰਛਪਾਲ ਸਿੰਘ ਟੈਣੀ, ਹਰਸ਼ ਸਿੰਗਲਾ, ਭੋਲੀ ਕੌਰ, ਰਾਮ ਸਿੰਘ ਚਹਿਲ, ਜਤਿੰਦਰ ਕੁਮਾਰ ਵਿੱਕੀ, ਸੀਰਾ ਕੋਟੜਾ ਆਦਿ ਹਾਜ਼ਰ ਸਨ।

# ਰਵਨੀਤ ਬਿੱਟੂ ਵੱਡੀ ਲੀਡ ਨਾਲ ਜਿੱਤ ਦਰਜ ਕਰਨਗੇ : ਧਾਲੀਵਾਲ, ਗਰਗ




**ਜਗਰਾਉਂ, (ਨਛੱਤਰ ਸੰਧੂ)**-ਐਤਵਾਰ ਕਸਬਾ ਸਿੱਧਵਾਂ ਬੇਟ ਵਿਖੇ ਭਾਜਪਾ ਉਮੀਦਵਾਰ ਰਵਨੀਤ ਸਿੰਘ ਬਿੱਟੂ ਦੇ ਚੋਣ ਦਫਤਰ ਦਾ ਉਦਘਾਟਨ ਜ਼ਿਲ੍ਹਾ ਪ੍ਰਧਾਨ ਇੰਦਰਪਾਲ ਸਿੰਘ ਧਾਲੀਵਾਲ ਅਤੇ ਬੀ.ਜੇ.ਪੀ ਮੰਡਲ ਪ੍ਰਧਾਨ ਅੰਕਸ਼ਿਤ ਗਰਗ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ।ਇਸ ਮੌਕੇ ਧਾਲੀਵਾਲ ਅਤੇ ਗਰਗ ਨੇ ਕਿਹਾ ਕੇ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਦੇਸ਼ ਵਾਸੀਆਂ ਨੂੰ ਦਿੱਤੀਆਂ ਗਾਰੰਟੀਆਂ ਦੇ ਅਧਾਰ 'ਤੇ ਵੋਟਰਾਂ ਦੇ ਸਹਿਯੋਗ ਨਾਲ ਕੇਂਦਰ 'ਚ ਮੁੜ ਬਣਨ ਜਾ ਰਹੀ ਭਾਜਪਾ ਦੀ ਸਰਕਾਰ 'ਚ ਲੋਕ ਸਭਾ ਲੁਧਿਆਣਾ ਦੀ ਨੁਮਾਇੰਦਗੀ ਹੋਵੇਗੀ ਤੇ ਭਾਜਪਾ ਇਥੋਂ ਸ਼ਾਨਦਾਰ ਜਿੱਤ ਦਰਜ ਕਰੇਗੀ। ਇਸ ਸਮੇਂ ਅਕਾਲੀ ਦਲ 'ਚੋਂ ਆਈਆਂ ਔਰਤਾਂ ਦਾ ਦੋਵਾਂ ਆਗੂਆਂ ਵੱਲੋਂ ਸਿਰਪਾਓ ਦੇ ਕੇ ਸਵਾਗਤ ਕੀਤਾ ਗਿਆ।ਇਸ ਸਮੇਂ ਉਨ੍ਹਾ ਨਾਲ ਪਵਨ ਗਰਗ, ਰੋਹਿਤ ਅੱਗਰਵਾਲ, ਰਾਕੇਸ਼ ਮਿੱਤਲ, ਹਰੀਓਮ ਮਿੱਤਲ, ਅਮਿਤ ਬਾਂਸਲ, ਸਤੀਸ਼ ਕੁਮਾਰ ਅਤੇ ਇਲਾਕੇ ਦੇ ਪੰਚ-ਸਰਪੰਚ ਤੇ ਹੋਰ ਮੋਹਤਵਰ ਵਿਅਕਤੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਜ਼ਿਲ੍ਹਾ ਚੋਣ ਅਫ਼ਸਰ ਡਾ. ਹਿਮਾਂਸ਼ੂ ਅਗਰਵਾਲ ਨੇ ਪੋਸਟਲ ਬੈਲਟ ਪੇਪਰ ਰਾਹੀਂ ਪਾਈ ਵੋਟ



**ਜਲੰਧਰ, (ਸ਼ੈਲੀ ਐਲਬਰਟ)**-ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਡਾ. ਹਿਮਾਂਸ਼ੂ ਅਗਰਵਾਲ ਨੇ ਅੱਜ ਵਿਧਾਨ ਸਭਾ ਹਲਕਾ ਕਰਤਾਰਪੁਰ ਲਈ ਸਥਾਨਕ ਲਾਇਲਪੁਰ ਖਾਲਸਾ ਕਾਲਜ ਫਾਰ ਵੂਮੈਨ ਵਿਖੇ ਸਥਾਪਤ ਕੀਤੇ ਗਏ ਵੋਟਰ ਫੈਸਿਲੀਟੇਸ਼ਨ ਸੈਂਟਰ ਵਿਖੇ ਪੋਸਟਲ ਬੈਲਟ ਪੇਪਰ ਰਾਹੀਂ ਆਪਣੀ ਵੋਟ ਪਾਈ।ਡਿਪਟੀ ਕਮਿਸ਼ਨਰ ਡਾ. ਅਗਰਵਾਲ, ਜੋ ਕਿ ਫਿਰੋਜ਼ਪੁਰ ਜ਼ਿਲ੍ਹੇ ਦੇ ਰਜਿਸਟਰਡ ਵੋਟਰ ਹਨ, ਨੇ ਆਪਣੇ ਜਮਹੂਰੀ ਅਧਿਕਾਰ ਦੀ ਵਰਤੋਂ ਕਰਨ ਤੋਂ ਬਾਅਦ ਪੋਸਟਲ ਬੈਲਟ ਵੋਟਰਾਂ ਲਈ ਫੈਸਿਲੀਟੇਸ਼ਨ ਸੈਂਟਰ ਵਿਖੇ ਕੀਤੇ ਗਏ ਪ੍ਰਬੰਧਾਂ 'ਤੇ ਤਸੱਲੀ ਪ੍ਰਗਟ ਕੀਤੀ।ਡਾ. ਅਗਰਵਾਲ ਨੇ ਕਿਹਾ ਕਿ ਕੋਈ ਵੀ ਯੋਗ ਵੋਟਰ ਲੋਕਤੰਤਰ ਦੇ ਇਸ ਮਹਾਪਰਵ ਵਿੱਚ ਆਪਣੀ ਵੋਟ ਪਾਉਣ ਤੋਂ ਵਾਂਝਾ ਨਾ ਰਹੇ ਤਾਂ ਜੋ ਲੋਕ ਸਭਾ ਚੋਣਾਂ ਵਿੱਚ 70 ਫੀਸਦੀ ਤੋਂ ਪਾਰ ਪੋਲਿੰਗ ਦੇ ਟੀਚੇ ਨੂੰ ਪੂਰਾ ਕੀਤਾ ਜਾ ਸਕੇ।ਉਨ੍ਹਾਂ ਦੱਸਿਆ ਕਿ ਉਹ ਕਰਮਚਾਰੀ ਜਿਹੜੇ ਕਿਸੇ ਹੋਰ ਜ਼ਿਲ੍ਹੇ ਨਾਲ ਸਬੰਧਤ ਹਨ ਪਰ ਉਨਾਂ ਦੀ ਚੋਣ ਡਿਊਟੀ ਜਲੰਧਰ ਜ਼ਿਲ੍ਹੇ ਵਿੱਚ ਲੱਗੀ ਹੋਈ ਹੈ, ਉਹ ਵੋਟਰ ਫੈਸਿਲੀਟੇਸ਼ਨ ਸੈਂਟਰ ਵਿਖੇ ਪੋਸਟਲ ਬੈਲਟ ਪੇਪਰ ਰਾਹੀਂ ਵੋਟ ਪਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਹ ਸਹੂਲਤ ਵੋਟਰ ਫੈਸਿਲੀਟੇਸ਼ਨ ਸੈਂਟਰਾਂ ਤੇ ਚੋਣ ਪਾਰਟੀਆਂ ਰਵਾਨਾ ਕਰਨ ਵਾਲੇ ਸਥਾਨਾਂ 'ਤੇ 31 ਮਈ ਨੂੰ ਵੀ ਪ੍ਰਦਾਨ ਕੀਤੀ ਜਾਵੇਗੀ। ਉਨ੍ਹਾਂ ਪੋਲ ਡਿਊਟੀ 'ਤੇ ਤਾਇਨਾਤ ਅਧਿਕਾਰੀਆਂ/ ਕਰਮਚਾਰੀਆਂ ਨੂੰ ਵੀ ਆਪਣੀ ਵੋਟ ਪਾਉਣ ਲਈ ਈ ਡੀ ਸੀ ਸੇਵਾ ਦੀ ਵਰਤੋਂ ਕਰਨ ਲਈ ਕਿਹਾ। ਉਨ੍ਹਾਂ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਲੋਕ ਸਭਾ ਚੋਣਾਂ ਲਈ ਜ਼ਿਲ੍ਹੇ ਦੇ ਲਗਭਗ 16.42 ਵੋਟਰਾਂ ਦੀ ਸਹੂਲਤ ਲਈ 1951 ਪੋਲਿੰਗ ਬੂਥ ਬਣਾਏ ਗਏ ਹਨ। ਉਨ੍ਹਾ ਲੋਕਾਂ ਨੂੰ ਵੱਡੀ ਗਿਣਤੀ ਵਿਚ ਲੋਕਤੰਤਰੀ ਪ੍ਰਕਿਰਿਆ ਭਾਗ ਲੈਂਦਿਆਂ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਦੀ ਅਪੀਲ ਕੀਤੀ। ਇਸ ਤੋਂ ਇਲਾਵਾ ਵਧੀਕ ਡਿਪਟੀ ਕਮਿਸ਼ਨਰ ਮੇਜਰ ਡਾ. ਅਮਿਤ ਮਹਾਜਨ ਵੱਲੋਂ ਵੀ ਆਪਣੀ ਵੋਟ ਪਾਈ ਗਈ।

# ਘਰ ਬੈਠੇ 375 ਲੋਕਾਂ ਬੈਲਟ ਪੇਪਰ ਰਾਹੀਂ ਪਾਈ ਵੋਟ: ਜ਼ਿਲ੍ਹਾ ਚੋਣ ਅਧਿਕਾਰੀ

**ਅੰਮ੍ਰਿਤਸਰ-(ਨਰਿੰਦਰਜੀਤ ਸਿੰਘ)**-ਲੋਕ ਸਭਾ ਚੋਣਾਂ 2024 ਦੇ ਮੱਦੇਨਜ਼ਰ ਜ਼ਿਲ੍ਹੇ ਵਿੱਚ 375 ਵਿਅਕਤੀਆਂ ਨੇ ਘਰ ਬੈਠੇ ਹੀ ਆਪਣੀ ਵੋਟ ਪਾ ਦਿੱਤੀ ਹੈ ਜਿਨ੍ਹਾਂ ਵਿੱਚ 85 ਸਾਲ ਤੋਂ ਵੱਧ ਉਮਰ ਦੇ 292 ਅਤੇ 83 ਪੀਡਬਲਯੂਡੀ ਵੋਟਰ ਹਨ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਅੰਮ੍ਰਿਤਸਰ ਕੇਂਦਰੀ ਅਤੇ ਪੱਛਮੀ ਨੇ ਆਪਣਾ ਟੀਚਾ 100 ਫੀਸਦੀ ਪੂਰਾ ਕੀਤਾ ਹੈ।ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਕੇਂਦਰੀ ਵਿੱਚ 9 ਅਤੇ ਅੰਮ੍ਰਿਤਸਰ ਪੱਛਮੀ ਵਿੱਚ 52 ਵੋਟਰਜ ਹਨ ਜਿਨ੍ਹਾਂ ਨੇ ਘਰ ਬੈਠੇ ਹੀ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਚੋਣ ਅਧਿਕਾਰੀ ਘਨਸ਼ਾਮ ਥੋਰੀ ਨੇ ਦੱਸਿਆ ਕਿ ਚੋਣ ਕਮਿਸ਼ਨ ਵਲੋਂ 85 ਸਾਲ ਤੋਂ ਵੱਧ ਅਤੇ ਪੀਡਬਲਯੂਡੀ ਵੋਟਰਜ ਨੂੰ ਘਰ ਬੈਠੇ ਹੀ ਵੋਟ ਪਾਉਣ ਦੀ ਸੁਵਿਧਾ ਦਿੱਤੀ ਗਈ ਸੀ।ਉਨ੍ਹਾਂ ਦੱਸਿਆ ਕਿ 409 ਵਿਅਕਤੀਆਂ ਵਲੋਂ ਘਰ ਬੈਠੇ ਹੀ ਵੋਟ ਪਾਉਣ ਦੀ ਸਹਿਮਤੀ ਦਿੱਤੀ ਗਈ ਸੀ।ਉਨ੍ਹਾਂ ਦੱਸਿਆ ਕਿ 11-ਅਜਨਾਲਾ ਹਲਕੇ ਵਿਚੋਂ 85 ਫੀਸਦੀ ਤੋਂ ਵੱਧ ਉਮਰ ਵਾਲੇ ਤਿੰਨ, ਪੀਡਬਲਯੂਡੀ ਵੋਟਰ 3, 12-ਰਾਜਾਸਾਂਸੀ ਹਲਕੇ ਵਿਚੋਂ 85 ਫੀਸਦੀ ਤੋਂ ਵੱਧ ਉਮਰ ਵਾਲੇ 39, ਪੀਡਬਲਯੂਡੀ ਵੋਟਰ 10, 13-ਮਜੀਠਾ ਹਲਕੇ ਵਿਚੋਂ 85 ਫੀਸਦੀ ਤੋਂ ਵੱਧ ਉਮਰ ਵਾਲੇ 21, ਪੀਡਬਲਯੂਡੀ ਵੋਟਰ 8, 14-ਜੰਡਿਆਲਾ ਹਲਕੇ ਵਿਚੋਂ 85 ਫੀਸਦੀ ਤੋਂ ਵੱਧ ਉਮਰ ਵਾਲੇ 14, ਪੀਡਬਲਯੂਡੀ ਵੋਟਰ 12, 15-ਅੰਮ੍ਰਿਤਸਰ ਉਤਰੀ ਹਲਕੇ ਵਿਚੋਂ 85 ਫੀਸਦੀ ਤੋਂ ਵੱਧ ਉਮਰ ਵਾਲੇ 62, ਪੀਡਬਲਯੂਡੀ ਵੋਟਰ 5, 16-ਅੰਮ੍ਰਿਤਸਰ ਪੱਛਮੀ ਹਲਕੇ ਵਿਚੋਂ 85 ਫੀਸਦੀ ਤੋਂ ਵੱਧ ਉਮਰ ਵਾਲੇ 37, ਪੀਡਬਲਯੂਡੀ ਵੋਟਰ 15, 17-ਅੰਮ੍ਰਿਤਸਰ ਕੇਂਦਰੀ ਹਲਕੇ ਵਿਚੋਂ 85 ਫੀਸਦੀ ਤੋਂ ਵੱਧ ਉਮਰ ਵਾਲੇ 7, ਪੀ.ਡਬਲਯੂ.ਡੀ ਵੋਟਰ 2, 18-ਅੰਮ੍ਰਿਤਸਰ ਪੂਰਬੀ ਹਲਕੇ ਵਿਚੋਂ 85 ਫੀਸਦੀ ਤੋਂ ਵੱਧ ਉਮਰ ਵਾਲੇ 25, ਪੀਡਬਲਯੂਡੀ ਵੋਟਰ 2, 19-ਅੰਮ੍ਰਿਤਸਰ ਦੱਖਣੀ ਹਲਕੇ ਵਿਚੋਂ 85 ਫੀਸਦੀ ਤੋਂ ਵੱਧ ਉਮਰ ਵਾਲੇ 27, ਪੀਡਬਲਯੂਡੀ ਵੋਟਰ 6, 20-ਅਟਾਰੀ ਹਲਕੇ ਵਿਚੋਂ 85 ਫੀਸਦੀ ਤੋਂ ਵੱਧ ਉਮਰ ਵਾਲੇ 15, ਪੀਡਬਲਯੂਡੀ ਵੋਟਰ 5, 25-ਬਾਬਾ ਬਕਾਲਾ ਹਲਕੇ ਵਿਚੋਂ 85 ਫੀਸਦੀ ਤੋਂ ਵੱਧ ਉਮਰ ਵਾਲੇ 42, ਪੀਡਬਲਯੂਡੀ ਵੋਟਰ 15 ਖਾਸ ਵੋਟਰਾਂ ਵਲੋਂ ਆਪਣੇ ਵੋਟ ਦੇ ਹੱਕ ਦਾ ਇਸਤੇਮਾਲ ਕੀਤਾ ਗਿਆ ਹੈ।ਜ਼ਿਲ੍ਹਾ ਚੋਣ ਅਧਿਕਾਰੀ ਨੇ ਦੱਸਿਆ ਕਿ ਕੁੱਲ 409 ਵੋਟਰਾਂ ਵਿਚੋ 9 ਵੋਟਰਾਂ ਦੀ ਮੌਤ ਹੋ ਚੁੱਕੀ ਹੈ ਅਤੇ ਕੁੱਝ ਵੋਟਰ ਹਸਪਤਾਲ ਵਿੱਚ ਦਾਖਲ ਹਨ ਅਤੇ ਕੁਝ ਆਊਟ ਆਫ ਸਟੇਸ਼ਨ ਗਏ ਹੋਏ ਹਨ।

# ਮਨਰੇਗਾ ਮੇਟ ਵੈੱਲਫੇਅਰ ਐਸੋਸੀਏਸ਼ਨ ਦੀ ਮੀਟਿੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ /ਪੂਜਾ)**- ਮਨਰੇਗਾ ਮੇਟ ਵੈਲਫੇਅਰ ਐਸੋਸੀਏਸ਼ਨ ਬਲਾਕ ਸ੍ਰੀ ਮੁਕਤਸਰ ਸਾਹਿਬ ਦੀ ਮੀਟਿੰਗ ਵਿੱਚ ਕਾਫ਼ੀ ਗਿਣਤੀ ਵਿੱਚ ਮੇਟ ਹਾਜ਼ਰ ਹੋਏ ਅਤੇ ਆਪਣੀਆਂ ਮੰਗਾਂ 'ਤੇ ਵਿਚਾਰ-ਚਰਚਾ ਕੀਤੀ। ਬਾਅਦ ਵਿੱਚ ਉਨ੍ਹਾਂ ਮੌਜੂਦਾ ਐਮ.ਐਲ.ਏ. ਜਗਦੀਪ ਸਿੰਘ ਕਾਕਾ ਬਰਾੜ ਨੂੰ ਮੰਗ ਪੱਤਰ ਦਿੱਤਾ ਅਤੇ ਆਪਣੀਆਂ ਮੰਗਾਂ ਤੋਂ ਜਾਣੂ ਕਰਵਾਇਆ। ਹਾਜ਼ਰ ਮੇਟਾਂ ਨੇ ਬਰਾੜ ਨੂੰ ਵਿਸ਼ਵਾਸ ਦੁਆਇਆ ਕਿ ਉਹ ਹਰ ਪੱਖੋਂ ਉਨ੍ਹਾਂ ਦਾ ਸਾਥ ਦੇਣ ਲਈ ਤਿਆਰ ਹਨ, ਪਰੰਤੂ ਸਾਡੀਆਂ ਜਾਇਜ਼ ਮੰਗਾਂ ਵੱਲ ਧਿਆਨ ਦਿੱਤਾ ਜਾਵੇ ਅਤੇ ਉਨ੍ਹਾਂ ਨੂੰ ਜਲਦੀ ਹੱਲ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਮੇਟਾਂ ਨੂੰ ਪੂਰੇ 365 ਦਿਨ ਕੰਮ ਦਿੱਤਾ ਜਾਵੇ ਅਤੇ ਜੋ ਸਰਕਾਰ ਵੱਲੋਂ ਮਨਜ਼ੂਰ ਡੀ.ਸੀ. ਰੇਟ ਦਿਹਾੜੀ ਹਰ ਇੱਕ ਮੇਟ ਨੂੰ ਤੁਰੰਤ ਲਾਗੂ ਕਰਵਾਈ ਜਾਵੇ ਅਤੇ ਨਰੇਗਾ ਲੇਬਰ ਕਾਰਡ 'ਤੇ 100 ਦਿਨ ਤੋਂ ਵਧਾ ਕੇ 200 ਦਿਨ ਕੀਤਾ ਜਾਵੇ ਅਤੇ ਦਿਹਾੜੀ 700 ਰੁਪਏ ਪ੍ਰਤੀ ਦਿਨ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਦਫ਼ਤਰ ਵੱਲੋਂ ਮੇਟਾਂ 'ਤੇ ਨਰੇਗਾ ਦੀ ਹਾਜ਼ਰੀ ਤੋਂ ਬਗੈਰ ਵਾਧੂ ਦੇ ਬੋਝ ਪਾਏ ਜਾਂਦੇ ਹਨ ਤੁਰੰਤ ਬੰਦ ਕੀਤੇ ਜਾਣ।ਇਸ ਉਪਰੰਤ ਜਗਦੀਪ ਸਿੰਘ ਕਾਕਾ ਬਰਾੜ ਨੇ ਵਿਸ਼ਵਾਸ ਦਿਵਾਇਆ ਕਿ ਤੁਹਾਡੀਆਂ ਮੰਗਾਂ ਜਾਇਜ਼ ਹਨ ਅਤੇ ਮੈਂ ਆਪਣੀ ਤਰਫੋਂ ਪੂਰੀ ਜ਼ਿੰਮੇਦਾਰੀ ਨਾਲ ਹੱਲ ਕਰਵਾਉਣ ਦਾ ਯਤਨ ਕਰਾਂਗਾ। ਇਸ ਮੌਕੇ ਮੇਟ ਪ੍ਰਧਾਨ ਬਲਜੀਤ ਸਿੰਘ, ਗੁਰਤੇਜ ਸਿੰਘ ਤੇਜੀ, ਚਮਕੌਰ ਸਿਘ ਡੋਹਕ, ਆਸਾ ਰਾਮ ਭੰਗੇਵਾਲਾ, ਬਲਕਰਨ ਸਿੰਘ ਚੌਤਰਾ, ਸਤਵਿੰਦਰ ਸਿੰਘ ਚੱਕ ਗਾਂਧਾ ਸਿੰਘ, ਗੁਰਚਰਨ ਸਿੰਘ ਚੱਕ ਬਧਾਈ, ਗੁਰਪਿਆਰ ਸਿੰਘ ਤੇ ਸਤਵੀਰ ਸਿੰਘ ਮਾਂਗਟ ਕੇਰ, ਹਰਭਜਨ ਸਿੰਘ ਚੱਕ ਬਾਜਾ ਮਰਾੜ, ਰਮਨਦੀਪ ਕੌਰ ਕੋਟਲੀ ਦੇਵਨ, ਤਰਸੇਮ ਸਿੰਘ ਚੱਕ ਗਾਂਧਾ ਸਿੰਘ ਤੋਂ ਇਲਾਵਾ ਹੋਰ ਸਾਥੀ ਵੀ ਹਾਜ਼ਰ ਸਨ।

# ਭਾਜਪਾ ਨੇ ਪਿਛਲੇ 10 ਸਾਲਾਂ ਤੋਂ ਕੰਢੀ ਖੇਤਰ ਲਈ ਕੁਝ ਨਹੀਂ ਕੀਤਾ: ਡਾ. ਰਾਜ ਕੁਮਾਰ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਸੋਮਨਾਥ ਪਿਛਲੇ 10 ਸਾਲਾਂ ਤੋਂ ਹੁਸ਼ਿਆਰਪੁਰ ਲੋਕ ਸਭਾ ਤੋਂ ਭਾਜਪਾ ਦੇ ਸੰਸਦ ਮੈਂਬਰ ਹਨ ਅਤੇ ਉਨ੍ਹਾਂ ਨੂੰ ਕੇਂਦਰ ਵਿੱਚ ਮੰਤਰੀ ਦਾ ਅਹੁਦਾ ਵੀ ਮਿਲਿਆ ਸੀ।ਪਰ ਫਿਰ ਵੀ ਉਨ੍ਹਾਂ ਹੁਸ਼ਿਆਰਪੁਰ ਖੇਤਰ ਦੇ ਵਿਕਾਸ ਲਈ ਕੋਈ ਉਪਰਾਲਾ ਨਹੀਂ ਕੀਤਾ। ਖਾਸ ਕਰਕੇ ਕੰਢੀ ਖੇਤਰ ਨੂੰ ਬੁਰੀ ਤਰ੍ਹਾਂ ਅਣਗੌਲਿਆ ਕੀਤਾ ਗਿਆ ਹੈ। ਤਲਵਾੜਾ ਕਸਬਾ ਜੋ ਕਿ ਕੰਢੀ ਖੇਤਰ ਵਿੱਚ ਪੈਂਦਾ ਹੈ, ਦੇ ਵਾਸੀਆਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾ. ਰਾਜ ਕੁਮਾਰ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਹ ਤਲਵਾੜਾ ਵਿੱਚ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਲਈ ਹਰ ਸੰਭਵ ਯਤਨ ਕਰਨਗੇ। ਉਨ੍ਹਾਂ ਕਿਹਾ ਕਿ ਪੀਣ ਵਾਲੇ ਸਾਫ਼ ਪਾਣੀ ਦੀ ਸਮੱਸਿਆ ਤੋਂ ਨਿਜਾਤ ਦਿਵਾਉਣ ਲਈ ਕੈਬਨਿਟ ਮੰਤਰੀ ਬ੍ਰਹਮਾ ਸ਼ੰਕਰ ਜਿੰਪਾ ਅਤੇ ਵਿਧਾਇਕ ਕਰਮਬੀਰ ਸਿੰਘ ਘੁੰਮਣ ਵੱਲੋਂ ਤਲਵਾੜਾ ਗਰਾਊਂਡ ਵਾਟਰ ਪ੍ਰੋਜੈਕਟ 'ਤੇ ਕੰਮ ਕੀਤਾ ਜਾ ਰਿਹਾ ਹੈ। ਜਿਸ ਨੂੰ ਜਲਦੀ ਹੀ ਪੂਰਾ ਕਰਵਾਇਆ ਜਾਵੇਗਾ ਤਾਂ ਜੋ ਕੰਢੀ ਨਹਿਰ ਰਾਹੀਂ ਤਲਵਾੜਾ, ਹਾਜੀਪੁਰ, ਭੂੰਗਾ ਅਤੇ ਦਸੂਹਾ ਦੇ ਕਰੀਬ 197 ਪਿੰਡਾਂ ਨੂੰ ਪੀਣ ਵਾਲੇ ਸਾਫ਼ ਪਾਣੀ ਦੀ ਸਪਲਾਈ ਕੀਤੀ ਜਾ ਸਕੇ। ਇਸ ਮੌਕੇ ਵਿਧਾਇਕ ਘੁੰਮਣ ਨੇ ਲੋਕਾਂ ਨੂੰ ਡਾ. ਰਾਜ ਦਾ ਸਾਥ ਦੇਣ ਦੀ ਅਪੀਲ ਕੀਤੀ।

## ਜਨਮ ਦਿਨ ਮੁਬਾਰਕ



ਅਰਮਾਨ
ਥਾਂਦੇਵਾਲ ਸ੍ਰੀ ਮੁਕਤਸਰ ਸਾਹਿਬ

# ਰੌਇਲ ਗਲੋਬਲ ਸਕੂਲ ਨੇ ਲਗਾਈ ਠੰਢੇ ਮਿੱਠੇ ਜਲ ਦੀ ਛਬੀਲ



**ਭੀਖੀ, (ਧਰਮਵੀਰ ਸ਼ਰਮਾ)**- ਦਿ ਰੌਇਲ ਗਲੋਬਲ ਸਕੂਲ ਖਿਆਲਾ ਕਲਾਂ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਮੁੱਖ ਰੱਖਦਿਆਂ ਠੰਢੇ-ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਮੌਕੇ ਸਕੂਲ ਪ੍ਰਿੰਸੀਪਲ ਯੋਗਿਤਾ ਭਾਟੀਆ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਧਰਮ ਤੇ ਸੱਭਿਆਚਾਰ ਨਾਲ ਜੋੜਨਾ ਅਜੋਕੇ ਸਮੇਂ ਦੀ ਮੁੱਖ ਲੋੜ ਹੈ।ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਬਰ ਜ਼ੁਲਮ ਵਿਰੁੱਧ ਆਪਣੀ ਸਹੀਦੀ ਦੇ ਦਿੱਤੀ, ਤਾਂ ਸਾਡਾ ਵੀ ਫ਼ਰਜ਼ ਹੈ ਕਿ ਅਸੀਂ ਉਨ੍ਹਾਂ ਦੀ ਸ਼ਹੀਦੀ ਨੂੰ ਯਾਦ ਰੱਖਦੇ ਹੋਏ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਚੱਲੀਏ। ਇਸ ਲਈ ਅਧਿਆਪਕਾਂ ਦੇ ਸਹਿਯੋਗ ਸਦਕਾ ਛਬੀਲ ਦਾ ਪ੍ਰਬੰਧ ਕੀਤਾ ਗਿਆ ਹੈ। ਵਿਦਿਆਰਥੀਆਂ, ਅਧਿਆਪਕਾਂ ਤੇ ਸਕੂਲ ਸਹਿਯੋਗੀ ਸਟਾਫ ਵੱਲੋਂ ਠੰਢੇ-ਮਿੱਠੇ ਜਲ ਦੀ ਛਬੀਲ ਲਗਾ ਕੇ ਠੰਢਾ ਮਿੱਠਾ ਜਲ ਰਾਹਗੀਰਾਂ ਨੂੰ ਵਰਤਾਇਆ ਗਿਆ।ਇਸ ਮੌਕੇ ਸਕੂਲ ਦੇ ਚੈਅਰਮੈਨ ਏਕਮਜੀਤ ਸੋਹਲ ਨੇ ਅਧਿਆਪਕਾਂ ਤੇ ਵਿਦਿਆਰਥੀਆਂ ਵੱਲੋਂ ਕੀਤੇ ਇਸ ਸੇਵਾ ਕਾਰਜ ਦੀ ਸ਼ਲਾਘਾ ਕੀਤੀ।

# ਚੌਧਰੀ ਵਾਸੇ ਸਦਕਾ ਬਣੀ ਪਲੇਠੀ ਪਾਰਕ ਮੁਢਲੀਆਂ ਸਹੂਲਤਾਂ ਤੋਂ ਵਾਂਝੀ



**ਕਾਦੀਆਂ/(ਯਾਦਵਿੰਦਰ ਸਿੰਘ ਮਲਹੋਤਰਾ)**-ਨਵੀਂ ਰੋਡ ਸਥਿਤ ਕਾਦੀਆ ਚ ਪਹਿਲੀ ਪਬਲਿਕ ਪਾਰਕ ਅਕਾਲੀ ਦਲ (ਬਾਦਲ) ਦੀ ਸਰਕਾਰ ਵੱਲੋਂ ਬਣਾਈ ਗਈ ਸੀ।ਇਸ ਪਾਰਕ ਨੂੰ ਬਣਵਾਉਣ ਦਾ ਸਿਹਰਾ ਮੁੱਖ ਤੌਰ 'ਤੇ ਨਗਰ ਕੌਂਸਲ ਕਾਦੀਆਂ ਦੇ ਮੀਤ ਪ੍ਰਧਾਨ ਚੌਧਰੀ ਅਬਦੁਲ ਵਾਸੇ ਚੱਠਾ ਨੂੰ ਜਾਂਦਾ ਹੈ। ਚੌਧਰੀ ਅਬਦੁਲ ਵਾਸੇ ਨੇ ਤਤਕਾਲੀਨ ਡਿਪਟੀ ਕਮਿਸ਼ਨਰ ਗੁਰਦਾਸਪੁਰ ਮੁਹੰਮਦ ਇਸ਼ਫ਼ਾਕ ਨੂੰ ਇਸ ਗੱਲ ਲਈ ਪ੍ਰੇਰਿਤ ਕੀਤਾ ਸੀ ਕਿ ਜਿੱਥੇ ਪੂਰੇ ਸ਼ਹਿਰ ਦਾ ਕੂੜਾ ਕਰਕਟ ਸੁੱਟਿਆ ਜਾਂਦਾ ਹੈ ਉਸ ਥਾਂ ਤੇ ਜੇ ਪਾਰਕ ਬਣਾ ਦਿੱਤੀ ਜਾਵੇ ਤਾਂ ਇਲਾਕਾ ਖ਼ੂਬਸੂਰਤ ਵੀ ਲੱਗੇਗਾ ਅਤੇ ਸ਼ਹਿਰ ਵਿੱਚ ਕੋਈ ਪਾਰਕ ਨਾ ਹੋਣ ਕਾਰਨ ਜੇ ਇਹ ਪਾਰਕ ਬਣਦੀ ਹੈ ਤਾਂ ਲੋਕਾਂ ਨੂੰ ਲਾਭ ਪਹੁੰਚੇਗਾ ਜਿਸ ਤੇ ਗੰਭੀਰਤਾ ਨਾਲ ਵਿਚਾਰ ਕਰਦੀਆਂ ਉਨ੍ਹਾਂ ਦੀ ਸਲਾਹ ਨੂੰ ਮਨਦੇ ਹੋਏ ਇਸ ਪਾਰਕ ਨੂੰ ਬਣਾ ਦਿੱਤਾ ਗਿਆ।ਰੋਜ਼ਾਨਾ ਇੱਥੇ ਸ਼ਹਿਰ ਵਾਸੀ ਆਕੇ ਸਵੇਰੇ ਅਤੇ ਸ਼ਾਮ ਨੂੰ ਕਸਰਤ ਕਰਦੇ ਹਨ। ਸ਼ਹਿਰ ਵਿੱਚ ਪਾਰਕ ਤਾਂ ਬਣ ਗਈ ਹੈ ਪਰ ਇੱਥੇ ਸਾਫ਼ ਪਾਣੀ ਪੀਣ ਦਾ ਕੋਈ ਪ੍ਰਬੰਧ ਨਹੀਂ ਹੈ।ਸ਼ਹਿਰ ਵਾਸੀ ਅਮਿੱਤ ਕੁਮਾਰ, ਅਭਿਸ਼ੇਕ, ਸਿਕੰਦਰ ਸਿੰਘ, ਅਵਤਾਰ ਭਾਟੀਆ, ਨੀਲਮ ਸਮੇਤ ਅਨੇਕ ਸ਼ਹਿਰ ਵਾਸੀਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਇੱਥੇ ਫ਼ਿਲਟਰ ਕੂਲਰ ਲਗਾਇਆ ਜਾਵੇ।ਇਸੇ ਤਰ੍ਹਾਂ ਪਾਰਕ ਵਿੱਚ ਲਾਈਟਾਂ ਵੀ ਲਗਾਈਆਂ ਜਾਣ।ਸ਼ਹਿਰ ਵਾਸੀਆਂ ਨੇ ਇਹ ਵੀ ਮੰਗ ਕੀਤੀ ਹੈ ਕਿ ਪਾਰਕ ਦੇ ਅੰਦਰ ਪਬਲਿਕ ਸੁਵਿਧਾ ਦਾ ਪ੍ਰਬੰਧ ਨਹੀਂ ਹੈ।ਜਦਕਿ ਪਾਰਕ ਦੇ ਨੇੜੇ ਪਬਲਿਕ ਸੁਵਿਧਾ ਤਾਂ ਹੈ ਪਰ ਇਸ ਦਾ ਕੋਈ ਰੱਖ ਰਖਾਵ ਨਹੀਂ ਹੈ।ਲੋਕ ਇਸ ਨੂੰ ਇਸਤੇਮਾਲ ਕਰਨ ਵਿੱਚ ਹਿਚਕਿਚਾਹਟ ਮਹਿਸੂਸ ਕਰਦੇ ਹਨ।ਲੋਕਾਂ ਦਾ ਕਹਿਣਾ ਹੈ ਘੱਟੋ-ਘੱਟ ਪਬਲਿਕ ਸੁਵਿਧਾ ਦੇ ਰੱਖ-ਰਖਾਅ ਲਈ ਲੋੜੀਂਦੇ ਪ੍ਰਬੰਧ ਕੀਤੇ ਜਾਣ।


# ਕਲਾਸੀਫਾਈਡ ਇਸ਼ਤਿਹਾਰ

## Change of Name

I Nirmala W/O Kashmiri Lal R/O Village Lalu Ghuman P.o Chabhal Distt Tarn Taran Punjab Have Changed My Name From Nirmala To Nirmala Devi.

I, Suman Dean S/O Munial Nathaniel R/O H.no.470, Medical Enclave, Circular Road, Amritsar Have Chagend My Name From Suman Dean To Suman Kumar.

I Sanjeev Vij S/O Ramesh Kumar R/O H.no.3 Gali No.2 Gokul Nagar Majitha Road Amritsar Have Changed My Name To Sanjiv Kumar.

I, Kavita Nayyar W/O Raman Kumar Nayyar R/O H.no.24 A, Gali No.2, Dayanand Nagar, Lawrence Road, Amritsar Have Changed My Name From Kavita Nayyar To Kavita Rani.

I, Sarabhjit Kaur W/O Amrit Singh R/O Vpo Kathanian Amritsar Have Changed My Name From Sarabhjit Kaur To Sarbjit Kaur.

I, Tanveer Singh Josan S/O Shalinder Singh R/O H.no.4098/32, Gali No.4, Kote Baba Deep Singh Amritsar Have Changed My Name From Tanveer Singh Josan To Tanveer Singh.

I, Gurpreet Kaur W/O Harprit Singh R/O Village Tur Tarn Taran Have Change Name Kaur Is My Surname Gurpreet Is My Given Name.

I, Ramandeep Kaur w/o Mangaljit Singh r/o Vill. Jalwehra, Todarpur Urf Theh Pachrali, Po. Todarpur, Distt. Hoshiarpur have changed my name to Kaur Ramandeep (Surname as Kaur) All Please Note.

I, Rakesh Kumar s/o Des Raj Miglani r/o H.No.153, Shakti Nagar, Jalandhar changed my name to Rakesh Kumar Miglani(Surname as Miglani) All Please Note.

I, Lakhvir Singh s/o Gurchain Singh r/o Vill. Gahoon, Po. Rakkran Bet, Teh.Balachaur, SBS Nagar have changed my minor son name from Avijot Singh Kandola to Avijot Singh. All Please Note.

## Change of Name

I, Ramandeep Singh S/o Kirpal Singh R/o VPO. Khambra, Distt. Jalandhar, Punjab have changed my name from Ramandeep Singh to Singh Ramandeep. All Please Note.

I, Poonam W/o Banarsi Dass R/o VPO. Nara, Distt. Hoshiarpur, Punjab Have Changed My Name From Poonam To Poonam Kumari. All Please Note.

I, Jaspreet Kumar S/o Ramesh Kumar R/o H.No. 227/9, Labour Colony, Urban Estate, Phase-1, Jalandhar have changed my name Jaspreet is my Given name and Kumar is my surname. All Please Note.

I, Kapil Dev S/o Som Nath R/o H.No. 1004, Ravidass Mandir, Garha, Jalandhar have changed my name Kapil is my Given name and Dev is my surname. All Please Note.

I, Jasvinder Kaur W/o Varinder Pal Singh R/o VPO. Bassi Gulam Hussain, Distt. Hoshiarpur have changed the spelling of my name from Jasvinder Kaur to Jaswinder Kaur. All Please Note.

I, Mohinder Singh S/O Didar Singh R/O Vpo Dhotian,Teh & Distt Tarn Taran,Punjab-143411 Have Change Name To Mohinder Singhto Mahinder Singh.

## ਨਾਂਅ ਦੀ ਬਦਲੀ

ਮੈਂ ਸੋਹਣ ਸਿੰਘ ਉਰਫ ਫੁੰਮਣ ਸਿੰਘ ਪੁੱਤਰ ਉਜਾਗਰ ਸਿੰਘ ਵਾਸੀ ਕਰਤਾਰਪੁਰ ਤਹਿਸੀਲ ਬਾਬਾ ਬਕਾਲਾ ਸਾਹਿਬ ਜਿਲਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੇ ਆਧਾਰ ਕਾਰਡ ਉੱਪਰ ਮੇਰਾ ਨਾਮ ਸੋਹਣ ਸਿੰਘ ਹੈ ਕੁਝ ਸਰਕਾਰੀ ਕਾਗਜ਼ਾਤ ਵਿੱਚ ਮੇਰਾ ਨਾਮ ਫੁੰਮਣ ਸਿੰਘ ਦਰਜ ਹੈ। ਮੈਨੂੰ ਸੋਹਣ ਸਿੰਘ ਅਤੇ ਫੁੰਮਣ ਸਿੰਘ ਦੋਵਾਂ ਨਾਵਾਂ ਨਾਲ ਜਾਣਿਆ ਜਾਂਦਾ ਹੈ। ਸੰਬੰਧਤ ਨੋਟ ਕਰਨ।

ਮੈਂ, ਹਰਪ੍ਰੀਤ ਕੌਰ ਪਤਨੀ ਜਸ਼ਨਪ੍ਰੀਤ ਸਿੰਘ ਖੱਟੜਾ, ਪਿੰਡ ਦੋਹਲਾ, ਤਹਿਸੀਲ ਧੂਰੀ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਹਰਪ੍ਰੀਤ ਕੌਰ ਖੱਟੜਾ ਰੱਖ ਲਿਆ ਹੈ।

ਮੈਂ, ਹੈਰੀ ਪੁੱਤਰ ਬ੍ਰਿਜ ਲਾਲ ਵਾਸੀ ਮਕਾਨ ਨੰ. 949, ਨੇੜੇ ਬਾਵਾ ਸਕਿਨ, ਬੂਟਾ ਮੰਡੀ, ਜਲੰਧਰ ਨੇ ਆਪਣਾ ਨਾਮ ਹੈਰੀ ਤੋਂ ਬਦਲ ਕੇ ਹੈਰੀ ਸੰਧੂ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ। ਰਪੀਟ

## Change of Name

I, Virinder Pal Singh S/o Darshan Singh R/o VPO. Bassi Gulam Hussain, Distt. Hoshiarpur have changed the spelling of my name from Virinder Pal Singh to Varinder Pal Singh. All Please Note.

I, Manpreet Kaur W/o Avtar Singh Virk R/o VPO. Virk, Tehsil Phillaur, Distt. Jalandhar-144632, Punjab have changed my name from Manpreet Kaur to Manpreet Kaur Virk. (Surname as Virk) All Please Note.

## ਬੇਦਖਲੀ ਨੋਟਿਸ

ਮੈਂ, ਵਿਜੇ ਕੁਮਾਰ ਪੁੱਤਰ ਮਨੋਹਰ ਲਾਲ ਵਾਸੀ ਮਕਾਨ ਨੰ. 460, ਰਾਜਾ ਗਾਰਡਨ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਤਿੰਦਰ ਬੱਤਰਾ ਅਤੇ ਉਸਦੀ ਪਤਨੀ ਅਨੂ ਬੱਤਰਾ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

## ਆਮ ਸੂਚਨਾ

ਮੈਂ, ਕਮਲੇਸ਼ ਰਾਣੀ ਪਤਨੀ ਲੇਟ ਹਰਬਿਲਾਸ ਵਾਸੀ ਮਕਾਨ ਨੰ. ਈ. ਐਸ-444, ਗਲੀ ਨੰ. 5, ਅਬਾਦਪੁਰਾ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰੇ ਪਤੀ ਹਰਬਿਲਾਸ ਦੁਆਰਾ ਆਪਣੀ ਲੜਕੀ ਸੀਮਾ ਨੂੰ ਕਹਿਣੇ ਵਿੱਚ ਨਾ ਹੋਣ ਕਰਕੇ ਬੇਦਖਲ ਕੀਤਾ ਸੀ। ਹੁਣ ਮੇਰੀ ਲੜਕੀ ਸੀਮਾ ਮੇਰੇ ਕਹਿਣੇ ਵਿੱਚ ਹੈ। ਮੈਂ ਇਸ ਦੀ ਬੇਦਖਲੀ ਵਾਪਿਸ ਲੈਂਦੀ ਹਾਂ। ਹੁਣ ਇਹ ਮੇਰੀ ਚੱਲ-ਅਚੱਲ ਜਾਇਦਾਦ ਦੀ ਵਾਰਿਸ ਹੋਵੇਗੀ। ਸੰਬੰਧਿਤ ਨੋਟ ਕਰਨ।

## PUBLIC NOTICE

I, Amarjit Singh S/o Dalip Singh R/o Village Ranipur Kamboan, Tehsil Phagwara, District Kapurthala, Punjab, India declare that my Son Name Arsh deep Singh is out of my control. So I disinherit them from my moveable and immoveable properties. I and my family shall not be held responsible any kind of them. Acts deeds & things.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


# ਵੈਸ਼ਨੋ ਭਗਤ ਮੰਡਲੀ ਨੇ 22ਵਾਂ ਸਾਲਾਨਾ ਜਾਗਰਣ ਕਰਵਾਇਆ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਕਸਬਾ ਡੇਰਾ ਬਾਬਾ ਨਾਨਕ ਦੇ ਮੁਹੱਲਾ ਫਤਿਹ ਸਿੰਘ ਨੇੜੇ ਪਾਣੀ ਵਾਲੀ ਟੈਂਕੀ ਵੈਸ਼ਨੋ ਭਗਤ ਮੰਡਲੀ ਵੱਲੋਂ ਹਰ ਸਾਲ ਦੀ ਤਰ੍ਹਾਂ 22ਵਾਂ ਸਾਲਾਨਾ ਜਾਗਰਣ ਤੇ ਭੰਡਾਰਾ ਕਰਵਾਇਆ ਗਿਆ।ਇਸ ਮੌਕੇ ਪ੍ਰਬੰਧਕਾਂ ਵੱਲੋਂ ਦੁਪਹਿਰ ਨੂੰ ਲੰਗਰ ਭੰਡਾਰਾ ਲਗਾਇਆ ਗਿਆ।ਉਪਰੰਤ ਰਾਤ ਨੂੰ ਮਹਾਮਾਈ ਦੀ ਜੋਤ ਪ੍ਰਚੰਡ ਕਰਕੇ ਗਣੇਸ਼ ਵੰਦਨਾ ਨਾਲ ਭਗਤਾਂ ਵੱਲੋ ਜਾਗਰਣ ਦੀ ਸ਼ੁਰੂਆਤ ਕੀਤੀ ਗਈ ਜਿਸ ਵਿੱਚ ਮਹਾਮਾਈ ਦੇ ਭਗਤ ਹਰਜੀਤ ਹੀਰਾ ਐਂਡ ਪਾਰਟੀ ਜਲੰਧਰ ਵਾਲਿਆਂ ਦੇ ਗਾਇਕ ਹਰਜੀਤ ਹੀਰਾ ਵੱਲੋਂ ਆਪਣੀ ਸੁਰੀਲੀ ਆਵਾਜ਼ ਨਾਲ ਮਈਆਂ ਤੇਰੀ ਚੁੰਨੀ ਨੂੰ ਸਿਤਾਰੇ ਲੱਗੇ ਹੋਏ ਨੇ, ਦੂਰੋਂ ਲੱਗਦਾ ਨਜ਼ਾਰੇ ਲੱਗੇ ਹੋਏ ਨੇ, ਰੰਗ ਚੜ੍ਹ ਗਿਆ ਮਾਂ ਦਾ ਲਾਲ, ਕ੍ਰਿਸ਼ਨਾ ਤੇਰੀ ਮੁਰਲੀ 'ਤੇ ਭਲਾ ਕੌਣ ਨਹੀਂ ਨੱਚਦਾ, ਸਾਵਰੀਆਂ ਆਜਾ, ਸਾਂਵਰੀਆ ਆਜਾ, ਆਜਾ ਕਨ੍ਹੱਈਆਂ ਤੇਰੀ ਆਦਿ ਕਈ ਮਹਾਮਾਈ ਦੀਆਂ ਭੇਟਾ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਇਸ ਮੌਕੇ ਜਾਗਰਣ ਪ੍ਰਬੰਧਕਾਂ ਵੱਲੋਂ ਗਾਇਕ ਹਰਜੀਤ ਹੀਰਾ ਨੂੰ ਵਿਸ਼ੇਸ਼ ਤੌਰ ਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਚੰਦੂ ਨੰਗਲ ਵਾਲੇ ਦੇਵਾ ਜੀ, ਵੈਸ਼ਨੋ ਭਜਨ ਮੰਡਲੀ ਦੇ ਪ੍ਰਧਾਨ ਗਗਨਦੀਪ ਸਿੰਘ, ਉਪ ਪ੍ਰਧਾਨ ਮਾਸਟਰ ਸੁਖਦੀਪ ਸਿੰਘ ਅਤੇ ਐਕਟਿਵ ਮੈਂਬਰ ਰੋਹਿਤ ਅੱਤਰੀ, ਸਾਬਕਾ ਡੀਈਓ ਵਿਨੋਦ ਮੱਤਰੀ, ਦਲਜੀਤ ਸਿੰਘ,f ਵੱਕੀ, ਕੁਲਵਿੰਦਰ ਸਿੰਘ, ਰਜਿੰਦਰ ਕੁਮਾਰ ਆਜ਼ਾਦ, ਟਿੰਕੂ, ਰਾਜੂ ਮੋਦੀ, ਅੰਸ਼, ਹਰਮਨ, ਰੁਪਿੰਦਰ ਸਿੰਘ, ਭੁਪਿੰਦਰ ਸਿੰਘ, ਕੁਲਦੀਪ ਸਿੰਘ, ਮੰਨੂ, ਗੁਰਜੀਤ ਸਿੰਘ, ਬੰਟੀ, ਬੀਰ ਸਿੰਘ, ਰਾਕੇਸ਼ ਕੁਮਾਰ, ਪ੍ਰੇਮ, ਸੁਖਜੀਤ, ਪ੍ਰਿੰਸ ਪ੍ਰੂੰਨੀ, ਰਾਜਾ ਚੱਕੀ ਵਾਲਾ, ਅਖਿਲ ਥਾਪਾ, ਦੇਸ ਰਾਜ, ਆਕਾਸ਼ ਸਿੱਧੂ, ਗੁਰਮੀਤ ਸਿੰਘ ਥਾਣੇਦਾਰ, ਰਤਨ ਲਾਲ (ਟੈਪਾਂ), ਅਨਿਲ ਬੇਦਰਦੀ, ਰਾਜ ਕੁਮਾਰ, ਸੱਤਪਾਲ, ਰਾਜੇਸ਼ ਕੁਮਾਰ, ਦਰਸ਼ਨ ਸਿੰਘ, ਦਰਸ਼ਨ ਕੁਮਾਰ, ਹੀਰਾ ਲਾਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਨੋਟਬੰਦੀ ਤੇ ਨਵੇਂ ਸੰਸਦ ਭਵਨ 'ਤੇ ਬੇਲੋੜੇ ਖਰਚੇ ਹਉਮੈ ਦਾ ਪ੍ਰਤੀਕ : ਰਾਜਾ ਵੜਿੰਗ

**ਲੁਧਿਆਣਾ (ਰਾਜ ਸਿੰਗਲਾ)** ਕਾਂਗਰਸ ਦੇ ਲੋਕ ਸਭਾ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਲਈ ਲੁਧਿਆਣਾ ਪੱਛਮੀ, ਲੁਧਿਆਣਾ ਦੱਖਣੀ ਤੇ ਆਤਮਾ ਨਗਰ ਵਿੱਚ ਛੋਟੀਆਂ-ਛੋਟੀਆਂ ਮੀਟਿੰਗਾਂ ਵੱਡੀਆਂ ਰੈਲੀਆਂ ਵਿੱਚ ਬਦਲ ਗਈਆਂ, ਜਿੱਥੇ ਵੱਡੀ ਗਿਣਤੀ ਵਿੱਚ ਲੋਕ ਉਨ੍ਹਾਂ ਦੇ ਸਮਰਥਨ ਵਿੱਚ ਪੁੱਜੇ।ਇਸ ਸਮੇਂ ਉਤਸ਼ਾਹੀ ਸਮਰਥਕ ਮੌਜੂਦਾ ਸਰਕਾਰ ਦੀਆਂ ਨੀਤੀਆਂ ਦੇ ਖਿਲਾਫ ਵੜਿੰਗ ਦੇ ਸੰਦੇਸ਼ ਨੂੰ ਸੁਣਨਾ ਚਾਹੁੰਦੇ ਸਨ ਤੇ ਇੱਕ ਖੁਸ਼ਹਾਲ ਭਾਰਤ ਲਈ ਉਨ੍ਹਾਂ ਦੇ ਵਿਜ਼ਨ ਨੂੰ ਜਾਣਨਾ ਚਾਹੁੰਦੇ ਸਨ।

ਇਸ ਦੌਰਾਨ ਵੜਿੰਗ ਨੇ ਨੋਟਬੰਦੀ ਦੀ ਸਖ਼ਤ ਆਲੋਚਨਾ ਕੀਤੀ ਅਤੇ ਕਿਹਾ। ਇਸ ਨੀਤੀ ਦਾ ਇੱਕੋ ਇੱਕ ਉਦੇਸ਼ ਮੋਦੀ ਦੇ ਨਾਮ ਨੂੰ ਅਮਰ ਕਰਨਾ ਸੀ।ਉਨ੍ਹਾਂ ਇਸ ਕਦਮ ਦੀ ਨਿੰਦਾ ਕਰਦੇ ਹੋਏ ਇਸ ਨੂੰ ਵੱਡੀ ਗਲਤੀ ਕਰਾਰ ਦਿੱਤਾ ਤੇ ਜ਼ੋਰ ਦਿੰਦਿਆਂ ਕਿਹਾ ਕਿ ਕਾਲੇ ਧਨ ਅਤੇ ਨਕਲੀ ਨੋਟਾਂ ਨੂੰ ਖਤਮ ਕਰਨ ਦੇ ਨਾਂਅ 'ਤੇ 8 ਨਵੰਬਰ, 2016 ਨੂੰ ਭਾਰਤ ਦੀ 86 ਫੀਸਦੀ ਕਰੰਸੀ ਬੇਕਾਰ ਹੋ ਗਈ ਸੀ। ਰਾਜਾ ਵੜਿੰਗ ਨੇ ਨਵੀਂ ਸੰਸਦ ਭਵਨ 'ਤੇ 20,000 ਕਰੋੜ ਰੁਪਏ ਤੋਂ ਵੱਧ ਦੇ ਬੇਲੋੜੇ ਖਰਚ ਦੀ ਆਲੋਚਨਾ ਕੀਤੀ ਅਤੇ ਕਿਹਾ ਕਿ ਇਹ ਪ੍ਰਧਾਨ ਮੰਤਰੀ ਮੋਦੀ ਦੀ ਰਾਸ਼ਟਰੀ ਮੁੱਦਿਆਂ ਨੂੰ ਹੱਲ ਕਰਨ ਦੀ ਬਜਾਏ ਆਪਣੀ ਵਿਰਾਸਤ ਛੱਡਣ ਦੀ ਇੱਛਾ ਨੂੰ ਦਰਸਾਉਂਦਾ ਹੈ।ਉਨ੍ਹਾਂ ਕਿਹਾ ਕਿ ਇਸ ਫੰਡ ਨੂੰ ਸਿਹਤ ਸੰਭਾਲ, ਸਿੱਖਿਆ ਤੇ ਗ਼ਰੀਬੀ ਹਟਾਉਣ ਵਰਗੇ ਮਹੱਤਵਪੂਰਨ ਖੇਤਰਾਂ 'ਤੇ ਬਿਹਤਰ ਢੰਗ ਨਾਲ ਖਰਚਿਆ ਜਾ ਸਕਦਾ ਸੀ।

# ਪੰਜਾਬ ਸਰਕਾਰ ਨੇ ਮੁਲਾਜ਼ਮ ਮੰਗਾਂ ਤੋਂ ਹੱਥ ਖਿੱਚਿਆ : ਡੀ ਟੀ ਐੱਫ

**ਵਫ਼ਦ ਸਫੀਪੁਰ 'ਚ ਵਿੱਤ ਮੰਤਰੀ ਹਰਪਾਲ ਚੀਮਾ ਨੂੰ ਮਿਲਿਆ**




**ਸੰਗਰੂਰ (ਪ੍ਰਵੀਨ ਸਿੰਘ)**-ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਦੇ ਜ਼ਿਲ੍ਹਾ ਕਨਵੀਨਰ ਦਲਜੀਤ ਸਫੀਪੁਰ ਤੇ ਡੀ ਟੀ ਐੱਫ ਦੇ ਸੂਬਾ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਦੀ ਅਗਵਾਈ ਵਿੱਚ ਇੱਕ ਵਫ਼ਦ ਪਿੰਡ ਸਫੀਪੁਰ ਜ਼ਿਲ੍ਹਾ ਸੰਗਰੂਰ ਵਿਖੇ ਵਿੱਤ ਮੰਤਰੀ ਪੰਜਾਬ ਹਰਪਾਲ ਚੀਮਾ ਨੂੰ ਮਿਲਿਆ।ਇਸ ਮੌਕੇ ਉਕਤ ਆਗੂਆਂ ਵੱਲੋਂ ਵਿੱਤ ਮੰਤਰੀ ਨੂੰ ਪੁਰਾਣੀ ਪੈਨਸ਼ਨ ਨੂੰ ਲਾਗੂ ਕਰਨ, ਕੇਂਦਰ ਪੇ ਸਕੇਲ ਵਾਲੇ ਮੁਲਾਜ਼ਮਾਂ 'ਤੇ ਪੰਜਾਬ ਸਕੇਲ ਲਾਗੂ ਕਰਨ, ਬੰਦ ਭੱਤੇ ਚਾਲੂ ਕਰਨ, ਏ ਸੀ ਪੀ ਸਕੀਮ ਲਾਗੂ ਕਰਨ, ਕੱਚੇ, ਆਊਟਸੋਰਸ ਤੇ ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਮਰਜ ਕਰਕੇ ਪੱਕੇ ਕਰਨ ਅਤੇ ਨਵੀਂ ਸਿੱਖਿਆ ਨੀਤੀ 2020 ਨੂੰ ਰੱਦ ਕਰਨ ਸਮੇਤ ਬਹੁਤ ਸਾਰੀਆਂ ਅਧਿਆਪਕ ਤੇ ਮੁਲਾਜ਼ਮ ਮੰਗਾਂ 'ਤੇ ਸਵਾਲ ਪੁੱਛੇ ਗਏ, ਪਰ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਨੇ ਕਿਸੇ ਵੀ ਸਵਾਲ 'ਤੇ ਸੰਤੁਸ਼ਟੀਜਨਕ ਜਾਂ ਹਾਂ-ਪੱਖੀ ਜਵਾਬ ਨਹੀਂ ਦਿੱਤਾ।ਪੁਰਾਣੀ ਪੈਨਸ਼ਨ ਦੀ ਮੰਗ ਨੂੰ ਲਾਗੂ ਕਰਨ ਦੇ ਸਵਾਲ 'ਤੇ ਉਨ੍ਹਾ ਵੱਖ ਵੱਖ ਵਿਭਾਗਾਂ ਦੇ ਸਕੱਤਰਾਂ ਦੀ ਬਣਾਈ ਕਮੇਟੀ ਦੀ ਰਿਪੋਰਟ ਨਾ ਆਉਣ ਅਤੇ ਖਜ਼ਾਨੇ ਦੀ ਮਾੜੀ ਹਾਲਤ ਦੀ ਗੱਲ ਕਹੀ।ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਤੇ ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਮਰਜ ਕਰਨ ਦੇ ਸਵਾਲ 'ਤੇ ਵੀ ਉਨ੍ਹਾਂ ਨੇ ਕੋਈ ਸੰਤੁਸ਼ਟੀਜਨਕ ਜਵਾਬ ਨਹੀਂ ਦਿੱਤਾ। ਇਸ ਮੀਟਿੰਗ ਦੀ ਜਾਣਕਾਰੀ ਦਿੰਦਿਆਂ ਡੀ ਟੀ ਐੱਫ ਦੇ ਸੂਬਾ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਨੇ ਕਿਹਾ ਕਿ ਇਸ ਨਾਲ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਮੁਲਾਜ਼ਮ ਵਿਰੋਧੀ ਚਿਹਰਾ ਸਾਹਮਣੇ ਆ ਗਿਆ ਹੈ।ਉਨ੍ਹਾ ਕਿਹਾ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਤੇ ਸਾਰੇ ਆਪ ਲੀਡਰਾਂ ਨੇ ਮੁਲਾਜ਼ਮਾਂ ਦੀਆਂ ਸੰਘਰਸ਼ੀ ਸਟੇਜਾਂ ਤੋਂ ਇਨ੍ਹਾਂ ਸਾਰੇ ਮੁੱਦਿਆਂ ਤੇ ਮਸਲਿਆਂ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਬਣਦੇ ਸਾਰ ਹੱਲ ਕਰਨ ਦਾ ਐਲਾਨ ਕੀਤਾ ਸੀ, ਪਰ ਸਰਕਾਰ ਬਣਨ ਤੋਂ ਬਾਅਦ ਭਗਵੰਤ ਮਾਨ ਸਰਕਾਰ ਮੁਲਾਜ਼ਮ ਵਿਰੋਧੀ ਸਾਬਿਤ ਹੋਈ ਹੈ।ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲ ਪੰਜਾਬ ਦੇ ਮੁਲਾਜ਼ਮਾਂ ਦਾ 12 ਪ੍ਰਤੀਸ਼ਤ ਡੀ ਏ ਬਕਾਇਆ ਹੈ, ਪੰਜਾਬ ਸਰਕਾਰ ਨੇ ਮੁਲਾਜ਼ਮਾਂ ਨੂੰ ਡੀ ਏ ਦੇਣਾ ਵੀ ਜ਼ਰੂਰੀ ਨਹੀਂ ਸਮਝਿਆ।ਇਸ ਮੌਕੇ ਆਗੂਆਂ ਰਵਿੰਦਰ ਦਿੜ੍ਹਬਾ ਤੇ ਗੋਬਿੰਦ ਸਫੀਪੁਰ ਨੇ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਸਰਕਾਰ ਨੂੰ ਮੁਲਾਜ਼ਮਾਂ ਦੇ ਵੱਡੇ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ।

## ਫੋਟੋ ਪਹਿਚਾਣ ਪੱਤਰ ਤੋਂ ਇਲਾਵਾ 12 ਹੋਰ ਅਧਿਕਾਰਤ ਦਸਤਾਵੇਜ਼ਾਂ ਰਾਹੀਂ ਪਾਈ ਜਾ ਸਕਦੀ ਵੋਟ : ਜ਼ਿਲ੍ਹਾ ਚੋਣ ਅਫ਼ਸਰ



**ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ)**

ਲੋਕ ਸਭਾ ਚੋਣਾਂ-2024 ਦੌਰਾਨ ਪੰਜਾਬ ਦੇ ਵੋਟਰਾਂ ਦੀ ਸਹੂਲਤ ਲਈ ਭਾਰਤੀ ਚੋਣ ਕਮਿਸ਼ਨ ਨੇ ਵੋਟਰਾਂ ਨੂੰ 1 ਜੂਨ 2024 ਨੂੰ ਵੋਟ ਪਾਉਣ ਲਈ ਫੋਟੋ ਪਹਿਚਾਣ ਪੱਤਰ ਤੋਂ ਇਲਾਵਾ 12 ਹੋਰ ਅਧਿਕਾਰਤ ਦਸਤਾਵੇਜ਼ਾਂ ਨੂੰ ਪਹਿਚਾਣ ਦੇ ਸਬੂਤ ਵਜੋਂ ਮਾਨਤਾ ਦਿੱਤੀ ਹੈ।ਇਨ੍ਹਾਂ ਦਸਤਾਵੇਜ਼ਾਂ ਵਿੱਚੋਂ ਕੋਈ ਵੀ ਇੱਕ ਦਸਤਾਵੇਜ਼ ਵੋਟਰ ਆਪਣੀ ਪਹਿਚਾਣ ਵਜੋਂ ਪੋਲਿੰਗ ਸਟੇਸ਼ਨ 'ਤੇ ਨਾਲ ਲਿਜਾ ਸਕਦਾ ਹੈ।ਇਹ ਜਾਣਕਾਰੀ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਸੂਦਨ ਨੇ ਦਿੰਦਿਆਂ ਦੱਸਿਆ ਕਿ ਭਾਰਤੀ ਚੋਣ ਕਮਿਸ਼ਨ ਨੇ ਆਪਣੇ ਹੁਕਮਾਂ ਵਿੱਚ ਕਿਹਾ ਹੈ ਕਿ ਉਹ ਵੋਟਰ, ਜੋ ਚੋਣ ਫੋਟੋ ਪਹਿਚਾਣ ਪੱਤਰ ਪੇਸ਼ ਕਰਨ ਦੇ ਯੋਗ ਨਹੀਂ ਹਨ, ਆਪਣੀ ਪਛਾਣ ਸਥਾਪਤ ਕਰਨ ਲਈ 12 ਹੋਰ ਦਸਤਾਵੇਜ਼ ਪੇਸ਼ ਕਰ ਸਕਦੇ ਹਨ, ਪਰ ਵਿਅਕਤੀ ਦਾ ਨਾਂਅ ਵੋਟਰ ਸੂਚੀ ਵਿੱਚ ਹੋਣਾ ਲਾਜ਼ਮੀ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜਿਨ੍ਹਾਂ ਵੋਟਰਾਂ ਕੋਲ ਚੋਣ ਫੋਟੋ ਪਹਿਚਾਣ ਪੱਤਰ ਨਹੀਂ ਹਨ, ਉਹ ਆਧਾਰ ਕਾਰਡ, ਮਨਰੇਗਾ ਜੌਬ ਕਾਰਡ, ਬੈਂਕਾਂ/ਡਾਕਖਾਨੇ ਦੁਆਰਾ ਜਾਰੀ ਫੋਟੋ ਸਹਿਤ ਪਾਸਬੁੱਕ, ਕਿਰਤ ਮੰਤਰਾਲੇ ਦੀ ਸਕੀਮ ਤਹਿਤ ਜਾਰੀ ਹੈਲਥ ਸਮਾਰਟ ਕਾਰਡ, ਡਰਾਈਵਿੰਗ ਲਾਇਸੰਸ, ਪੈਨ ਕਾਰਡ, ਐੱਨ.ਪੀ.ਆਰ. ਅਧੀਨ ਆਰ. ਜੀ. ਆਈ. ਵੱਲੋਂ ਜਾਰੀ ਸਮਾਰਟ ਕਾਰਡ, ਭਾਰਤੀ ਪਾਸਪੋਰਟ, ਫੋਟੋ ਸਹਿਤ ਪੈਨਸ਼ਨ ਦਸਤਾਵੇਜ਼, ਕੇਂਦਰ/ਸੂਬਾ ਸਰਕਾਰਾਂ/ਜਨਤਕ ਖੇਤਰ ਦੇ ਅਦਾਰਿਆਂ ਜਾਂ ਪਬਲਿਕ ਲਿਮਿਟਡ ਕੰਪਨੀਆਂ ਦੁਆਰਾ ਆਪਣੇ ਮੁਲਾਜ਼ਮਾਂ ਨੂੰ ਜਾਰੀ ਸਰਵਿਸ ਪਹਿਚਾਣ ਪੱਤਰ, ਐੱਮ.ਪੀ.-ਐੱਮ.ਐੱਲ.ਏ. ਨੂੰ ਜਾਰੀ ਪਹਿਚਾਣ ਪੱਤਰ ਤੇ ਯੂਨੀਕ ਡਿਸਏਬਿਲਟੀ ਪਹਿਚਾਣ ਪੱਤਰ, ਜੋ ਕਿ ਭਾਰਤ ਸਰਕਾਰ ਦੇ ਸਮਾਜਿਕ ਨਿਆਂ ਤੇ ਅਧਿਕਾਰਤਾ ਵੱਲੋਂ ਜਾਰੀ ਕੀਤਾ ਹੋਵੇ, ਨੂੰ ਦਿਖਾ ਕੇ ਵੀ ਵੋਟ ਪਾ ਸਕਦੇ ਹਨ।ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਸਾਰੇ ਵੋਟਰਾਂ ਨੂੰ ਪੂਰੇ ਉਤਸ਼ਾਹ ਨਾਲ ਲੋਕ ਸਭਾ ਚੋਣਾਂ ਵਿੱਚ ਹਿੱਸਾ ਲੈ ਕੇ ਵੋਟ ਪਾਉਣ ਦੀ ਅਪੀਲ ਕੀਤੀ ਹੈ।

# ਮੋਦੀ ਸਰਕਾਰ ਨੇ ਜੀ ਐੱਸ ਟੀ ਰਾਹੀਂ ਵਪਾਰੀ, ਕਾਰੋਬਾਰੀਆਂ ਨੂੰ ਈ ਡੀ ਤੇ ਸੀ ਬੀ ਆਈ ਦੇ ਸ਼ਿਕੰਜੇ 'ਚ ਲਿਆਂਦਾ : ਚੀਮਾ

**ਮੋਗਾ ਵਪਾਰ ਮਿਲਣੀ 'ਚ ਡਾ. ਅਮਨਦੀਪ ਅਰੋੜਾ, ਮਨਜੀਤ ਬਿਲਾਸਪੁਰ, ਲਾਡੀ ਢੋਸ ਤੇ ਸੁਖਾਨੰਦ ਨੇ ਲਿਆ ਹਿੱਸਾ**



**ਮੋਗਾ (ਇਕਬਾਲ ਸਿੰਘ ਖਹਿਰਾ)**-ਲੋਕ ਸਭਾ ਹਲਕਾ ਫ਼ਰੀਦਕੋਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਰਮਜੀਤ ਅਨਮੋਲ ਦੇ ਹੱਕ ਵਿੱਚ ਵਪਾਰ ਮਿਲਣੀ ਨੂੰ ਸੰਬੋਧਨ ਕਰਦੇ ਹੋਏ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਕੇਵਲ ਕਿਸਾਨਾਂ ਤੇ ਮਜ਼ਦੂਰਾਂ ਦੀ ਹੀ ਨਹੀਂ ਬਲਕਿ ਵਪਾਰੀਆਂ-ਕਾਰੋਬਾਰੀਆਂ ਦੀ ਵੀ ਵਿਰੋਧੀ ਸਰਕਾਰ ਸਾਬਿਤ ਹੋਈ ਹੈ। ਇਸ ਤੋਂ ਪਹਿਲਾਂ ਹਰਪਾਲ ਸਿੰਘ ਚੀਮਾ ਫ਼ਰੀਦਕੋਟ ਵਿਖੇ ਵਪਾਰ ਮਿਲਣੀ ਦੌਰਾਨ ਵਪਾਰੀਆਂ ਕਾਰੋਬਾਰੀਆਂ ਦੇ ਰੂਬਰੂ ਹੋਏ ਸਨ। ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਜੀ ਐੱਸ ਟੀ ਦੇ ਅੰਕੜੇ (ਡੇਟਾ) ਸਾਂਝਾ ਕਰਨ ਸਬੰਧੀ ਜੋ ਨਵਾਂ ਕਾਨੂੰਨ ਲਿਆਂਦਾ ਗਿਆ ਹੈ, ਇਸ ਨਾਲ ਦੇਸ਼ ਭਰ ਦਾ ਵਪਾਰੀ ਤੇ ਕਾਰੋਬਾਰੀ ਕੇਂਦਰੀ ਏਜੰਸੀਆਂ ਦੇ ਸ਼ਿਕੰਜੇ ਵਿੱਚ ਆ ਗਿਆ ਹੈ।

ਇਸ ਕਾਨੂੰਨ ਦੀ ਆੜ ਵਿੱਚ ਈ ਡੀ ਤੇ ਸੀ ਬੀ ਆਈ ਜਦ ਮਰਜ਼ੀ ਕਿਸੇ ਵੀ ਵਪਾਰੀ ਤੇ ਕਾਰੋਬਾਰੀ ਨੂੰ ਉਲਝਾ ਸਕਦੀ ਹੈ, ਅਜਿਹਾ ਪ੍ਰਚਲਨ ਸ਼ੁਰੂ ਹੋ ਚੁੱਕਿਆ ਹੈ। ਜਿਸ ਸਮੇਂ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾ ਰਮਨ ਇਸ ਕਾਨੂੰਨ ਬਾਰੇ ਰਾਜਾਂ ਦੇ ਵਿੱਤ ਮੰਤਰੀ ਨਾਲ ਵਿਚਾਰ ਚਰਚਾ ਕਰ ਰਹੇ ਸਨ, ਉਸ ਮੌਕੇ ਸਿਰਫ਼ ਤੇ ਸਿਰਫ਼ ਉਨ੍ਹਾਂ ਤੇ ਦਿੱਲੀ ਦੇ ਵਿੱਤ ਮੰਤਰੀ ਆਤਸ਼ੀ ਨੇ ਵਿਰੋਧ ਕੀਤਾ ਸੀ। ਹਰਪਾਲ ਚੀਮਾ ਨੇ ਕਿਹਾ ਕਿ ਸਿਰਫ਼ ਦੋ ਸਾਲਾਂ ਦੇ ਕਾਰਜਕਾਲ ਦੌਰਾਨ ਭਗਵੰਤ ਮਾਨ ਸਰਕਾਰ ਨੇ ਵਪਾਰੀਆਂ, ਕਾਰੋਬਾਰੀਆਂ ਲਈ ਕਈ ਰਾਹਤ ਵਾਲੇ ਫ਼ੈਸਲੇ ਲਏ ਹਨ। ਵਿੱਤ ਮੰਤਰੀ ਨੇ ਆਪ ਉਮੀਦਵਾਰ ਕਰਮਜੀਤ ਅਨਮੋਲ ਦੀ ਤਾਰੀਫ਼ ਕਰਦੇ ਹੋਏ ਕਿਹਾ ਕਿ ਉਹ ਸੁਹਿਰਦ ਤੇ ਸੂਝਵਾਨ ਇਨਸਾਨ ਹੈ, ਜਿਸ ਨੇ ਆਪਣੀ ਕਲਾ ਦੇ ਦਮ 'ਤੇ ਪੂਰੀ ਦੁਨੀਆ ਦੇਖੀ ਹੈ। ਉਨ੍ਹਾ ਭਰੋਸਾ ਦਿੱਤਾ ਕਿ ਕਰਮਜੀਤ ਅਨਮੋਲ ਪਾਰਲੀਮੈਂਟ ਵਿੱਚ ਸਾਰੇ ਵਰਗਾਂ ਸਮੇਤ ਵਪਾਰੀਆਂ ਦੇ ਹੱਕ ਵਿੱਚ ਵੀ ਡੱਟ ਕੇ ਆਵਾਜ਼ ਉਠਾਉਣਗੇ। ਇਸ ਮੌਕੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ, ਧਰਮਕੋਟ ਤੋਂ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ, ਨਿਹਾਲ ਸਿੰਘ ਵਾਲਾ ਤੋਂ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ, ਬਾਘਾ ਪੁਰਾਣਾ ਤੋਂ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ, ਸੀਨੀਅਰ ਪਾਰਟੀ ਆਗੂ ਪਿਆਰਾ ਸਿੰਘ ਬਧਨੀ, ਜ਼ਿਲ੍ਹਾ ਪ੍ਰਧਾਨ ਹਰਮਨਜੀਤ ਸਿੰਘ ਬਰਾੜ, ਚੇਅਰਮੈਨ ਦੀਪਕ ਸੂਦ, ਚੇਅਰਮੈਨ ਹਰਜਿੰਦਰ ਰੋਡੇ, ਚੇਅਰਮੈਨ ਦੀਪਕ ਅਰੋੜਾ ਆਦਿ ਆਗੂਆਂ ਨੇ ਵੀ ਵਿਚਾਰ ਰੱਖੇ।

## ਕਾਤਰਾਂ

### ਮੋਦੀ ਦੀ ਆਮਦ 'ਤੇ ਕਿਸਾਨਾਂ ਦੀਆਂ ਗ੍ਰਿਫ਼ਤਾਰੀਆਂ ਨਿੰਦਣਯੋਗ : ਸੁੱਖ ਗਿੱਲ



**ਮੋਗਾ (ਇਕਬਾਲ ਸਿੰਘ ਖਹਿਰਾ)**-ਪਿਛਲੇ ਦਿਨੀਂ ਦੇਸ਼ ਦੇ ਪ੍ਰਧਾਨ ਮੰਤਰੀ ਦੀ ਪੰਜਾਬ ਫੇਰੀ 'ਤੇ ਕਿਸਾਨਾਂ ਦੀਆਂ ਵੱਡੇ ਪੱਧਰ 'ਤੇ ਗ੍ਰਿਫ਼ਤਾਰੀਆਂ ਕੀਤੀਆਂ ਗਈ ਅਤੇ ਕਈ ਕਿਸਾਨਾਂ ਨੂੰ ਘਰਾਂ ਵਿੱਚ ਨਜ਼ਰਬੰਦ ਕੀਤਾ ਗਿਆ। ਇਸ ਕਾਰਵਾਈ ਦੀ ਭਾਰਤੀ ਕਿਸਾਨ ਯੂਨੀਅਨ ਤੋਤੇਵਾਲ ਦੇ ਸੂਬਾ ਪ੍ਰਧਾਨ ਸੁੱਖ ਗਿੱਲ ਮੋਗਾ ਨੇ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਤੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਪੰਜਾਬ ਦੇ ਕਿਸਾਨਾਂ ਤੋਂ ਹੀ ਕਿਉਂ ਡਰ ਲਗਦਾ ਹੈ, ਪੰਜਾਬ ਦੇ ਕਿਸਾਨਾਂ ਨੇ ਹਰੀ ਕ੍ਰਾਂਤੀ ਲਿਆ ਕੇ ਦੇਸ਼ ਦਾ ਅੰਨ ਭੰਡਾਰ ਭਰਿਆ ਅਤੇ ਭਾਜਪਾ ਦੀ ਸਰਕਾਰ ਨੇ ਸਭ ਤੋਂ ਵੱਧ ਕਿਸਾਨਾਂ 'ਤੇ ਅੱਤਿਆਚਾਰ ਕੀਤਾ ਅਤੇ 750 ਤੋਂ ਵੱਧ ਕਿਸਾਨ ਸ਼ਹੀਦ ਕੀਤੇ। ਇਸ ਮੌਕੇ ਕੇਵਲ ਸਿੰਘ ਖਹਿਰਾ, ਤਜਿੰਦਰ ਸਿੰਘ ਸਿੱਧਵਾਂ, ਲਾਡੀ ਝੁੱਗੀਆਂ, ਪਰਮਜੀਤ ਸਿੰਘ ਗਦਾਈਕੇ, ਚਮਕੌਰ ਸਿੰਘ ਸੀਤੋ, ਨਿਸ਼ਾਨ ਸਿੰਘ ਭੰਗਾਲਾ, ਹਰਬੰਸ ਸਿੰਘ ਬੱਸੀਆਂ, ਲਖਬੀਰ ਸਿੰਘ ਭੰਗਾਲਾ, ਬੱਗਾ ਸਿੰਘ ਸੀਤੋ, ਪ੍ਰਦੀਪ ਸਿੰਘ ਸੀਤੋ ਹਾਜ਼ਰ ਸਨ।

### ਦੇਸੀ ਪਿਸਤੌਲ ਤੇ ਕਾਰਤੂਸ ਸਮੇਤ 2 ਕਾਬੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਜ਼ਿਲ੍ਹੇ ਦੇ ਐੱਸ.ਐੱਸ.ਪੀ. ਸੌਮਿਆ ਮਿਸ਼ਰਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੀ.ਆਈ.ਏ. ਸਟਾਫ਼ ਫਿਰੋਜ਼ਪੁਰ ਪੁਲਸ ਦੇ ਏ.ਐੱਸ.ਆਈ. ਗੁਰਮੀਤ ਸਿੰਘ ਦੀ ਅਗਵਾਈ ਹੇਠ ਦੋ ਨੌਜਵਾਨਾਂ ਨੂੰ 315 ਬੋਰ ਦੇਸੀ ਪਿਸਤੌਲ ਤੇ 32 ਬੋਰ ਦੇਸੀ ਪਿਸਤੌਲ ਅਤੇ ਜ਼ਿੰਦਾ ਕਾਰਤੂਸ ਸਮੇਤ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸ.ਪੀ. ਇਨਵੈਸਟੀਗੇਸ਼ਨ ਫਿਰੋਜ਼ਪੁਰ ਰਣਧੀਰ ਕੁਮਾਰ ਨੇ ਦੱਸਿਆ ਕਿ ਜਦੋਂ ਸੀ.ਆਈ.ਏ. ਦੀ ਪੁਲਸ ਪਾਰਟੀ ਏ.ਐੱਸ.ਆਈ. ਗੁਰਮੀਤ ਸਿੰਘ ਦੀ ਅਗਵਾਈ 'ਚ ਗਸ਼ਤ ਕਰਦੇ ਹੋਏ ਯਤੀਮਖਾਨਾ ਫਿਰੋਜ਼ਪੁਰ ਛਾਉਣੀ ਨੇੜੇ ਪੁੱਜੀ ਤਾਂ ਉਨ੍ਹਾਂ ਨੂੰ ਗੁਪਤ ਸੂਚਨਾ ਮਿਲੀ ਕਿ ਵਿਨੈ ਉਰਫ਼ ਨੱਤੀ ਤੇ ਆਕਾਸ਼ ਉਰਫ਼ ਮਨੀ ਵਾਸੀ ਪਿੰਡ ਲੂਥਰ ਕੋਲ ਨਾਜਾਇਜ਼ ਪਿਸਤੌਲ ਹਨ, ਜੋ ਉਹ ਹਮੇਸ਼ਾ ਆਪਣੇ ਕੋਲ ਰੱਖਦੇ ਹਨ ਇਸ ਵਾਰ ਦੋਵੇਂ ਪੰਜਾਬ ਨੰਬਰ ਦੇ ਸਪਲੈਂਡਰ ਪਲੱਸ ਮੋਟਰਸਾਈਕਲ 'ਤੇ ਸਵਾਰ ਹੋ ਕੇ ਚੁੰਗੀ ਨੰਬਰ 7 ਤੋਂ ਰੇਲਵੇ ਸਟੇਸ਼ਨ ਫਿਰੋਜ਼ਪੁਰ ਛਾਉਣੀ ਵੱਲ ਆ ਰਹੇ ਸਨ। ਇਸ ਗੁਪਤ ਸੂਚਨਾ ਦੇ ਆਧਾਰ 'ਤੇ ਪੁਲਸ ਪਾਰਟੀ ਵੱਲੋਂ ਮੋਟਰਸਾਈਕਲ 'ਤੇ ਆਉਂਦੇ ਸਮੇਂ ਉਕਤ ਦੋਨਾਂ ਨਾਮੀ ਵਿਅਕਤੀਆਂ ਨੂੰ ਕਾਬੂ ਕਰ ਲਿਆ ਗਿਆ, ਜਿਨ੍ਹਾਂ ਪਾਸੋਂ ਇੱਕ 315 ਬੋਰ ਦਾ ਦੇਸੀ ਪਿਸਤੌਲ ਤੇ ਤਿੰਨ ਕਾਰਤੂਸ ਅਤੇ ਇੱਕ ਦੇਸੀ ਪਿਸਤੌਲ 32 ਬੋਰ ਤੇ 3 ਜ਼ਿੰਦਾ ਕਾਰਤੂਸ ਬਰਾਮਦ ਹੋਏ।

### ਚਿੱਟੇ ਮੋਤੀਏ ਦੇ ਮੁਫ਼ਤ ਉਪਰੇਸ਼ਨ ਕਰਾਏ

ਮੱਖੂ (ਰਛਪਾਲ ਸਿੰਘ ਸੰਧੂ) : ਦੂਆ ਪਰਿਵਾਰ ਵੱਲੋਂ ਸਵ: ਸ਼੍ਰੀਮਤੀ ਸੁਨੀਤਾ ਦੂਆ ਪਤਨੀ ਸੱਤਪਾਲ ਦੂਆ ਦੀ ਯਾਦ ਵਿੱਚ ਸਿਹਤ ਵਿਭਾਗ ਪੰਜਾਬ ਤੇ ਸ਼ੰਕਰਾ ਆਈ ਹਸਪਤਾਲ ਲੁਧਿਆਣਾ ਦੇ ਸਹਿਯੋਗ ਨਾਲ ਸਰਵਹਿੱਤਕਾਰੀ ਵਿੱਦਿਆ ਮੰਦਰ ਹਾਈ ਸਕੂਲ ਮੱਖੂ ਵਿਖੇ ਲਗਾਏ ਅੱਖਾਂ ਦੇ ਮੁਫ਼ਤ ਜਾਂਚ ਕੈਂਪ 'ਚ ਡਾਕਟਰੀ ਟੀਮ ਵੱਲੋਂ 36 ਮਰੀਜ਼ਾਂ ਦੀ ਚਿੱਟੇ ਮੋਤੀਏ ਦੇ ਉਪਰੇਸ਼ਨ ਲਈ ਚੋਣ ਕੀਤੀ ਗਈ ਸੀ।ਸ਼ੰਕਰਾ ਆਈ ਹਸਪਤਾਲ ਲੁਧਿਆਣਾ ਵਿਖੇ ਅੱਖਾਂ ਦੇ ਮਰੀਜ਼ਾਂ ਦੇ ਚਿੱਟੇ ਮੋਤੀਏ ਦੇ ਮੁਫ਼ਤ ਉਪਰੇਸ਼ਨ ਕਰਵਾਉਣ ਤੋਂ ਬਾਅਦ ਜਦ ਵਾਪਸ ਮੱਖੂ ਵਿਖੇ ਪਹੁੰਚੇ ਤਾਂ ਸੱਤਪਾਲ ਦੂਆ, ਰੋਸ਼ਨ ਲਾਲ ਮਨਚੰਦਾ ਮੱਲਾਂਵਾਲਾ, ਡਾ. ਰਜੀਵ ਅਹੂਜਾ, ਰਾਜੂ ਮਨਚੰਦਾ, ਅਮਿਤ ਅਰੋੜਾ ਵੱਲੋਂ ਸਵਾਗਤ ਕੀਤਾ ਗਿਆ ਤੇ ਉਨ੍ਹਾਂ ਦਾ ਹਾਲ ਚਾਲ ਪੁੱਛਿਆ ਗਿਆ।



# ਦੇਸ਼ 'ਚ ਇੰਡੀਆ ਗੱਠਜੋੜ ਦੀ ਸਰਕਾਰ ਬਣੀ ਤਾਂ ਕਿਸਾਨਾਂ ਨੂੰ ਦਿਆਂਗੇ ਐੱਮ ਐੱਸ ਪੀ : ਖਹਿਰਾ



**ਮਹਿਲ ਕਲਾਂ (ਬਲਵਿੰਦਰ ਵਜੀਦਕੇ)**-ਲੋਕ ਸਭਾ ਹਲਕਾ ਸੰਗਰੂਰ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨੇ ਪਿੰਡ ਠੀਕਰੀਵਾਲ, ਰਾਏਸਰ, ਚੰਨਣਵਾਲ, ਠੁੱਲੀਵਾਲ ਵਿਖੇ ਲੋਕਾਂ ਦੇ ਜੁੜੇ ਇਕੱਠਾਂ ਸਮੇਂ ਆਪਣੇ ਲਈ ਵੋਟਾਂ ਦੇ ਭਰਵੇਂ ਸਹਿਯੋਗ ਦੀ ਮੰਗ ਕੀਤੀ। ਇਸ ਮੌਕੇ ਉਮੀਦਵਾਰ ਖਹਿਰਾ ਨੇ ਕਿਹਾ ਕਿ ਜੇਕਰ ਦੇਸ਼ 'ਚ ਕਾਂਗਰਸ ਤੇ ਇੰਡੀਆ ਗੱਠਜੋੜ ਦੀ ਸਰਕਾਰ ਬਣਦੀ ਹੈ ਤਾਂ ਕਿਸਾਨਾਂ ਨੂੰ ਐੱਮ ਐੱਸ ਪੀ ਤਰਜੀਹ ਦੇ ਆਧਾਰ 'ਤੇ ਦਿੱਤੀ ਜਾਵੇਗੀ।ਉਨ੍ਹਾ ਕਿਹਾ ਕਿ ਭਾਜਪਾ ਦੀ ਕੇਂਦਰ ਸਰਕਾਰ ਨੇ ਆਪਣੇ ਪੰਜ ਸਾਲਾਂ ਦੇ ਕਾਰਜਕਾਲ ਦੌਰਾਨ ਦੇਸ਼ ਦੇ ਅੰਨਦਾਤਾ ਨੂੰ ਸੜਕਾਂ 'ਤੇ ਰੁਲਣ ਲਈ ਮਜਬੂਰ ਕੀਤਾ ਹੈ।ਹੁਣ ਸਮਾਂ ਆ ਗਿਆ ਹੈ ਕਿ ਤਾਨਾਸ਼ਾਹੀ ਕੇਂਦਰ ਸਰਕਾਰ ਨੂੰ ਮੁੜ ਸੱਤਾ ਤੋਂ ਆਉਣ ਤੋਂ ਰੋਕਿਆ ਜਾਵੇ।ਭਾਜਪਾ ਨੇ ਕੇਂਦਰ ਸਰਕਾਰ ਅਧੀਨ ਦੇਸ਼ ਦੀਆਂ ਸੰਵਿਧਾਨਕ ਸੰਸਥਾਵਾਂ ਨੂੰ ਕਮਜ਼ੋਰ ਕੀਤਾ ਹੈ ਤੇ ਦੇਸ਼ ਦੇ ਸਨਅਤਕਾਰਾਂ ਨੂੰ ਅਮੀਰ ਕਰਕੇ ਲੋਕਾਂ ਨੂੰ ਕੰਗਾਲ ਕਰ ਦਿੱਤਾ ਹੈ।ਜੇਕਰ ਦੇਸ਼ 'ਚ ਕਾਂਗਰਸ ਦੇ ਸਹਿਯੋਗ ਨਾਲ ਇੰਡੀਆ ਗੱਠਜੋੜ ਦੀ ਸਰਕਾਰ ਬਣਦੀ ਹੈ ਤਾਂ ਕਿਸਾਨਾਂ ਨੂੰ ਐੱਮ ਐੱਸ ਪੀ ਤਰਜੀਹ ਦੇ ਆਧਾਰ 'ਤੇ ਦਿੱਤੀ ਜਾਵੇਗੀ।ਉਨ੍ਹਾ ਕਿਹਾ ਕਿ ਦੇਸ਼ ਵਿੱਚ ਇੰਡੀਆ ਗੱਠਜੋੜ ਦੀ ਸਰਕਾਰ ਬਣਨ ਜਾ ਰਹੀ ਹੈ ਅਤੇ ਸਾਡੀ ਸਰਕਾਰ ਆਉਂਦੇ ਹੀ ਭਾਰਤੀ ਫ਼ੌਜ ਵਿੱਚ ਅਗਨੀ ਵੀਰ ਦੀ ਭਰਤੀ ਬੰਦ ਕਰਕੇ ਪਹਿਲਾਂ ਵਾਂਗ ਭਰਤੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ ਤੇ ਫ਼ੌਜ 'ਚ ਭਰਤੀ ਹੋਣ ਵਾਲੇ ਨੌਜਵਾਨਾਂ ਨੂੰ ਪੈਨਸ਼ਨ ਵੀ ਬਹਾਲ ਕੀਤੀ ਜਾਵੇਗੀ।ਉਨ੍ਹਾ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ 'ਆਪ' ਸਰਕਾਰ ਨੇ ਸੱਤਾ 'ਚ ਆਉਣ ਤੋਂ ਪਹਿਲਾਂ ਜੋ ਵਾਅਦੇ ਕੀਤੇ ਸਨ, ਉਹ ਅਜੇ ਤੱਕ ਪੂਰੇ ਨਹੀਂ ਹੋਏ। ਪੰਜਾਬ ਵਿੱਚ ਵਿਕਾਸ ਨਾਂਅ ਦੀ ਕੋਈ ਚੀਜ਼ ਨਹੀਂ ਹੈ।ਉਨ੍ਹਾ ਕਿਹਾ ਕਿ ਮੋਦੀ ਸਰਕਾਰ ਨੇ ਦਿੱਲੀ ਅੰਦੋਲਨ ਦੌਰਾਨ ਦੇਸ਼ ਦੇ ਅੰਨਦਾਤਾ ਨੂੰ ਕਈ ਮਹੀਨਿਆਂ ਤੱਕ ਸੜਕਾਂ 'ਤੇ ਰੋਲਿਆ ਤੇ ਸੈਂਕੜੇ ਕਿਸਾਨ ਆਪਣੇ ਹੱਕ ਮੰਗਦੇ ਹੋਏ ਸ਼ਹੀਦੀਆਂ ਪਾ ਗਏ।

ਕਿਸਾਨਾਂ ਤੇ ਮਜ਼ਦੂਰਾਂ ਦੀ ਹਾਲਤ ਖ਼ਰਾਬ ਕਰਨ ਵਾਲੀ ਮੋਦੀ ਸਰਕਾਰ ਹੁਣ ਕਿਸ ਮੂੰਹ ਨਾਲ ਵੋਟ ਮੰਗ ਰਹੀ ਹੈ। ਉਨ੍ਹਾ ਕਿਹਾ ਕਿ ਸਾਰਿਆਂ ਨੂੰ ਇਸ ਤਾਨਾਸ਼ਾਹੀ ਰਾਜ ਪ੍ਰਬੰਧ ਖ਼ਿਲਾਫ਼ ਮੁਹਿੰਮ ਚਲਾ ਕੇ ਭਾਜਪਾ ਵਿਰੁੱਧ ਫਤਵਾ ਦਿੰਦਿਆਂ ਕਿਸਾਨ ਵੀਰਾਂ ਨਾਲ ਹੋਈਆਂ ਧੱਕੇਸ਼ਾਹੀਆਂ ਦਾ ਮੂੰਹਤੋੜ ਜਵਾਬ ਦੇਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਜੇਕਰ ਇੰਡੀਆ ਗੱਠਜੋੜ ਨੂੰ ਭਾਰੀ ਬਹੁਮਤ ਮਿਲਿਆ ਤਾਂ ਇੰਡੀਆ ਗੱਠਜੋੜ ਦੀ ਸਰਕਾਰ ਬਣਨ ਉੱਤੇ ਉਹ ਕਿਸਾਨਾਂ ਤੇ ਮਜ਼ਦੂਰਾਂ ਦੇ ਹੱਕ ਪੂਰੇ ਕਰਨ ਲਈ ਹਰ ਹਰਬਾ ਵਰਤਣ ਨੂੰ ਤਰਜੀਹ ਦੇਣਗੇ।

# ਡਾ. ਧਰਮਵੀਰ ਗਾਂਧੀ ਵੱਲੋਂ ਦਰਜਨਾਂ ਪਿੰਡਾਂ 'ਚ ਚੋਣ ਪ੍ਰਚਾਰ, ਭਰਵਾਂ ਹੁੰਗਾਰਾ

**ਡਾ. ਗਾਂਧੀ ਬੇਦਾਗ, ਅਗਾਂਹਵਧੂ ਸੋਚ ਦੇ ਮਾਲਕ ਤੇ ਇਮਾਨਦਾਰ ਉਮੀਦਵਾਰ : ਮੋਹਿਤ, ਖਨੌੜਾ**



**ਨਾਭਾ (ਵਰਿੰਦਰ ਵਰਮਾ)**-ਲੋਕ ਸਭਾ ਹਲਕਾ ਪਟਿਆਲਾ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਡਾ. ਧਰਮਵੀਰ ਗਾਂਧੀ ਵੱਲੋਂ ਹਲਕਾ ਦਿਹਾਤੀ ਪਟਿਆਲਾ ਦੇ ਮੰਡੌਰ, ਘਮਰੌਦਾ, ਰੋਹਟੀ ਬਸਤਾ ਸਿੰਘ, ਰੋਹਟਾ, ਰੋਹਟੀ ਖਾਸ, ਹਿਆਣਾ ਕਲਾਂ, ਕੈਦੂਪੁਰ, ਪੇਧਨ, ਸਿੰਬੜੋ, ਧਨੌਰੀ, ਦੰਦਰਾਲਾ, ਸਮੇਤ ਦਰਜਨਾਂ ਪਿੰਡਾਂ ਵਿੱਚ ਚੋਣ ਪ੍ਰਚਾਰ ਕੀਤਾ।ਜਿੱਥੇ ਉਨ੍ਹਾਂ 'ਤੇ ਲੋਕਾਂ ਵੱਲੋਂ ਫੁੱਲਾਂ ਦੀ ਵਰਖਾ ਕਰਦਿਆਂ ਸਵਾਗਤ ਕੀਤਾ ਗਿਆ ਅਤੇ ਵੱਡੀ ਲੀਡ ਨਾਲ ਜਿਤਾਉਣ ਦਾ ਵਾਅਦਾ ਕੀਤਾ ਗਿਆ।ਇਸ ਮੌਕੇ ਜਨ ਸਭਾਵਾਂ ਨੂੰ ਸੰਬੋਧਨ ਕਰਦਿਆਂ ਡਾਕਟਰ ਧਰਮਵੀਰ ਗਾਂਧੀ ਨੇ ਕਿਹਾ ਕਿ ਇਹ ਲੜਾਈ ਦੇਸ਼ ਤੇ ਦੇਸ਼ ਦੇ ਸਰਮਾਏ ਨੂੰ ਬਚਾਉਣ ਅਤੇ ਅਸਲ ਤੇ ਨਸਲ ਨੂੰ ਬਚਾਉਣ ਦੀ ਹੈ, ਕਿਉਂਕਿ ਜਿਹੜੀਆਂ ਤਾਕਤਾਂ ਦੇ ਹੱਥਾਂ ਵਿੱਚ ਅਸੀਂ ਦੇਸ਼ ਨੂੰ ਸੌਂਪ ਦਿੱਤਾ ਹੈ, ਉਹ ਦੇਸ਼ ਨੂੰ ਵੇਚਣ 'ਤੇ ਲੱਗੀਆਂ ਹੋਈਆਂ ਹਨ।ਇਸ ਲਈ ਦੇਸ਼ ਤੇ ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਲਈ ਮੋਦੀ ਨੂੰ ਹਰਾਉਣਾ ਤੇ ਇੰਡੀਆ ਗੱਠਜੋੜ ਨੂੰ ਜਿਤਾਉਣਾ ਬਹੁਤ ਜ਼ਰੂਰੀ ਹੈ।ਜੇਕਰ ਹੁਣ ਅਸੀਂ ਅਵੇਸਲੇ ਰਹੇ ਤਾਂ ਤਾਂ ਇਹ ਚੋਣ ਦੇਸ਼ ਦੀ ਆਖਰੀ ਚੋਣ ਹੋਵੇਗੀ।ਇਸ ਮੌਕੇ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਤੇ ਹਲਕਾ ਇੰਚਾਰਜ ਮੋਹਿਤ ਮੋਹਿੰਦਰਾ ਨੇ ਵੋਟਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਨੇ ਤੁਹਾਨੂੰ ਬੇਦਾਗ, ਦੂਰ ਅੰਦੇਸ਼ੀ ਤੇ ਇਮਾਨਦਾਰ ਵੱਡੇ ਘਰਾਣਿਆਂ ਨਾਲ ਟੱਕਰ ਲੈਣ ਵਾਲਾ ਉਮੀਦਵਾਰ ਦਿੱਤਾ ਹੈ, ਜਿਸ ਨੇ ਡਾਕਟਰੀ, ਸਮਾਜਕ ਤੇ ਸਿਆਸੀ ਖੇਤਰ ਦੌਰਾਨ ਅਨੇਕਾਂ ਕੰਮ ਕੀਤੇ ਹਨ, ਆਉ ਉਨ੍ਹਾਂ ਨੂੰ ਵੋਟਾਂ ਪਾ ਕੇ ਕਾਮਯਾਬ ਕਰੀਏ ਤੇ ਕੇਂਦਰ ਵਿੱਚ ਰਾਹੁਲ ਗਾਂਧੀ ਦੀ ਅਗਵਾਈ ਵਾਲੀ ਸਰਕਾਰ ਬਣਾਈਏ।ਇਸ ਮੌਕੇ ਉਨ੍ਹਾ ਨਾਲ ਜ਼ਿਲ੍ਹਾ ਦਿਹਾਤੀ ਪ੍ਰਧਾਨ ਮਹੰਤ ਹਰਵਿੰਦਰ ਸਿੰਘ ਖਨੌੜਾ, ਅਵਤਾਰ ਸਿੰਘ ਨੰਨੜੇ ਪ੍ਰਧਾਨ ਆਲ ਇੰਡੀਆ ਕੰਬਾਈਨ ਐਸੋਸੀਏਸ਼ਨ, ਜ਼ਿਲ੍ਹਾ ਜਨਰਲ ਸਕੱਤਰ ਅਜੈਬ ਸਿੰਘ ਰੋਹਟੀ, ਗੁਰਜੀਤ ਸਿੰਘ ਆਗੂ ਕਿਸਾਨ ਸੈੱਲ, ਜ਼ਿਲ੍ਹਾ ਕਿਸਾਨ ਸੈੱਲ ਪ੍ਰਧਾਨ ਰਘਵੀਰ ਸਿੰਘ ਖੱਟੜਾ, ਬਲਾਕ ਪ੍ਰਧਾਨ ਹਰਵੀਰ ਢੀਂਡਸਾ, ਕੇਵਲ ਸਿੰਘ ਸੰਮਤੀ ਮੈਂਬਰ, ਕਰਨ ਬੋਪਾਰਾਏ ਪੰਧੇਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂ ਤੇ ਵਰਕਰ ਮੌਜੂਦ ਸਨ।

# ਹਰਸਿਮਰਤ ਦੀਆਂ ਬੇਟੀਆਂ ਨੇ ਮਾਂ ਲਈ ਮੰਗੀਆਂ ਵੋਟਾਂ



**ਮਾਨਸਾ (ਆਤਮਾ ਸਿੰਘ ਪਮਾਰ)**-'ਸਾਡੀ ਮਾਤਾ ਨੇ ਪਿਛਲੇ 15 ਸਾਲਾਂ ਤੋਂ ਸਮੁੱਚੇ ਵਰਗਾਂ ਦੀ ਅਵਾਜ਼ ਦੇਸ਼ ਦੀ ਪਾਰਲੀਮੈਂਟ ਵਿੱਚ ਜ਼ੋਰ ਸ਼ੋਰ ਨਾਲ ਚੁੱਕੀ ਤੇ ਬਠਿੰਡਾ ਲੋਕ ਸਭਾ ਹਲਕੇ ਨੂੰ ਤਰੱਕੀ ਵੱਲ ਲੈ ਕੇ ਜਾਣ ਲਈ ਆਪਣੀ ਅਹਿਮ ਭੂਮਿਕਾ ਨਿਭਾਈ।' ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੀ ਬਠਿੰਡਾ ਲੋਕ ਸਭਾ ਹਲਕੇ ਤੋਂ ਉਮੀਦਵਾਰ ਬੀਬਾ ਹਰਸਿਮਰਤ ਕੌਰ ਬਾਦਲ ਦੀਆਂ ਦੋਵੇਂ ਬੇਟੀਆਂ ਹਰਕੀਰਤ ਕੌਰ ਬਾਦਲ ਤੇ ਗੁਰਲੀਨ ਕੌਰ ਬਾਦਲ ਨੇ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਘਵੀਰ ਸਿੰਘ ਮਾਨਸਾ ਦੇ ਨਿਵਾਸ ਸਥਾਨ 'ਤੇ ਜੁੜੇ ਇੱਕਠ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਬਾਦਲ ਪਰਿਵਾਰ ਨੇ ਹਮੇਸ਼ਾ ਹੀ ਬਠਿੰਡਾ ਲੋਕ ਸਭਾ ਹਲਕੇ ਦੇ ਵੋਟਰਾਂ ਨੂੰ ਆਪਣੇ ਪਰਿਵਾਰਕ ਮੈਂਬਰਾਂ ਵਜੋਂ ਸਮਝਿਆ ਹੈ ਤੇ ਅੱਜ ਅਸੀਂ ਵੀ ਆਪਣੀ ਮਾਤਾ ਲਈ ਆਪਣੇ ਪਰਿਵਾਰਕ ਮੈਂਬਰਾਂ ਤੋਂ ਵੋਟ ਲੈਣ ਲਈ ਹਾਜ਼ਰ ਹੋਏ ਹਾਂ, ਕਿਉਂਕਿ ਸਾਡੀ ਮਾਤਾ ਨੇ ਨੰਨ੍ਹੀਆਂ ਛਾਵਾਂ ਦੇ ਹਿੱਤਾਂ ਦੀ ਪਹਿਰੇਦਾਰੀ ਕਰਦਿਆਂ ਉੱਚ ਪੱਧਰੀ ਸਕੂਲ, ਕਾਲਜ ਤੇ ਯੂਨੀਵਰਸਿਟੀਆਂ ਇਸ ਇਲਾਕੇ ਲਈ ਖੋਲ੍ਹੀਆਂ ਤਾਂ ਜੋ ਸਾਡੀਆਂ ਭੈਣਾਂ ਉੱਚ ਸਿੱਖਿਆ ਹਾਸਲ ਕਰਕੇ ਆਪਣੇ ਪੈਰਾਂ 'ਤੇ ਖੜੀਆਂ ਹੋ ਸਕਣ।ਇਸ ਸਮਾਗਮ ਵਿੱਚ ਸ਼ਾਮਲ ਬੀਬੀਆਂ ਵੱਲੋਂ ਇਨ੍ਹਾਂ ਬੇਟੀਆਂ ਦਾ ਫੁੱਲਾਂ ਦੀ ਵਰਖਾ ਨਾਲ ਸਵਾਗਤ ਕਰਕੇ ਵਿਸ਼ਵਾਸ ਦਿਵਾਇਆ ਕਿ ਇੱਕ-ਇੱਕ ਵੋਟ ਬੀਬਾ ਹਰਸਿਮਰਤ ਕੌਰ ਬਾਦਲ ਨੂੰ ਪਾ ਕੇ ਕਾਮਯਾਬ ਕਰਾਂਗੇ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਪ੍ਰੇਮ ਕੁਮਾਰ ਅਰੋੜਾ, ਜ਼ਿਲ੍ਹਾ ਪ੍ਰਧਾਨ ਗੁਰਮੇਲ ਸਿੰਘ ਫਫੜੇ, ਸਰਬਜੀਤ ਕੌਰ ਭਪਲਾ ਸਾਬਕਾ ਕੌਂਸਲਰ, ਗੁਰਦੀਪ ਸਿੰਘ ਸੇਖੋਂ, ਗੁਰਪ੍ਰੀਤ ਸਿੰਘ ਚਹਿਲ, ਗੋਲਡੀ ਗਾਂਧੀ, ਜੱਸਾ ਮਾਨ, ਅਵਤਾਰ ਸਿੰਘ ਤਾਰੀ, ਅਕਾਲੀ ਆਗੂ ਸੁਖਦੇਵ ਸਿੰਘ ਸਿੱਧੂ, ਪਰਮਜੀਤ ਕੌਰ ਪਾਲੀ ਸਾਬਕਾ ਕੌਂਸਲਰ, ਚਰਨਜੀਤ ਸਿੰਘ ਤੋਂ ਇਲਾਵਾ ਅਕਾਲੀ ਦਲ ਨਾਲ ਸਬੰਧਤ ਔਰਤਾਂ ਤੇ ਵਰਕਰ ਮੌਜੂਦ ਸਨ।

## ਪਾਬੰਦੀਸ਼ੁਦਾ ਟੀਕਿਆਂ ਦੀ ਬਰਾਮਦਗੀ ਮਾਮਲੇ 'ਚ ਸੁਣਾਈ ਕੈਦ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪਾਬੰਦੀਸ਼ੁਦਾ ਟੀਕਿਆਂ ਸਮੇਤ ਪੁਲਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਇੱਕ ਵਿਅਕਤੀ ਨੂੰ ਇੱਥੋਂ ਦੀ ਇੱਕ ਅਦਾਲਤ ਵੱਲੋਂ ਦਸ ਸਾਲ ਦੀ ਕੈਦ ਤੇ ਇੱਕ ਲੱਖ ਰੁਪਏ ਜ਼ੁਰਮਾਨੇ ਦੀ ਸਜ਼ਾ ਸੁਣਾਏ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ 24/10/18 ਨੂੰ ਗਸ਼ਤ ਕਰ ਰਹੀ ਥਾਣਾ ਸਰਹਿੰਦ ਦੀ ਇੱਕ ਪੁਲਸ ਪਾਰਟੀ ਨੂੰ ਦੇਖ ਕੇ ਮਾਧੋਪੁਰ ਰੇਲਵੇ ਫਾਟਕਾਂ ਵੱਲੋਂ ਤੁਰੇ ਆ ਰਹੇ ਰਾਜੀਵ ਰਤਨ ਵਾਸੀ ਜਲੰਧਰ ਨੇ ਹੱਥ 'ਚ ਫੜਿਆ ਲਿਫ਼ਾਫ਼ਾ ਪਰੇ ਸੁੱਟ ਕੇ ਉੱਥੋਂ ਖਿਸਕਣ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਪੁਲਸ ਕ੍ਰਮਚਾਰੀਆਂ ਵੱਲੋਂ ਕਾਬੂ ਕਰਕੇ ਉਸ ਵੱਲੋਂ ਸੁੱਟੇ ਗਏ ਲਿਫ਼ਾਫ਼ੇ ਨੂੰ ਚੈੱਕ ਕੀਤਾ ਗਿਆ ਤਾਂ ਉਸ ਵਿੱਚੋਂ 20 ਟੀਕੇ ਬਿਊਪਰੇਨੌਰਫਿਨ ਰੈਕਸੋਜੈਸਿਕ ਤੇ 20 ਸ਼ੀਸ਼ੀਆਂ ਏਵਲ ਬਰਾਮਦ ਹੋਈਆਂ, ਜਿਸ 'ਤੇ ਇਸ ਸਬੰਧੀ ਥਾਣਾ ਸਰਹਿੰਦ ਵਿਖੇ ਅ/ਧ 22/61/85 ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕਰਾਏ ਗਏ ਮੁਕੱਦਮੇ 'ਚ ਰਾਜੀਵ ਰਤਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।ਮਾਮਲੇ ਦੀ ਸੁਣਵਾਈ ਪੂਰੀ ਹੋਣ 'ਤੇ ਫ਼ਤਹਿਗੜ੍ਹ ਸਾਹਿਬ ਦੀ ਸਪੈਸ਼ਲ ਅਦਾਲਤ ਨੇ ਰਾਜੀਵ ਰਤਨ ਵਾਸੀ ਜਲੰਧਰ ਨੂੰ ਮਾਮਲੇ 'ਚ ਅ/ਧ 22(ਸੀ) ਐਨ.ਡੀ.ਪੀ.ਐਸ. ਐਕਟ ਤਹਿਤ ਦੋਸ਼ੀ ਮੰਨਦੇ ਹੋਏ ਦਸ ਸਾਲ ਕੈਦ ਬਾਮੁਸ਼ੱਕਤ ਤੇ ਇੱਕ ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ।

# ਜ਼ਿਲ੍ਹਾ ਚੋਣ ਅਫ਼ਸਰ ਸਾਕਸ਼ੀ ਸਾਹਨੀ ਵੱਲੋਂ ਐੱਸ ਐੱਸ ਟੀ ਨਾਕਿਆਂ ਦੀ ਚੈਕਿੰਗ



**ਜਗਰਾਉਂ (ਨਛੱਤਰ ਸੰਧੂ)**-ਜ਼ਿਲ੍ਹਾ ਚੋਣ ਅਫ਼ਸਰ ਸਾਕਸ਼ੀ ਸਾਹਨੀ ਵੱਲੋਂ ਜਗਰਾਉਂ ਸਬ-ਡਵੀਜ਼ਨ ਦੇ ਵੱਖ-ਵੱਖ ਪੁਆਇੰਟਾਂ 'ਤੇ ਸਟੈਟਿਕ ਸਰਵੇਲੈਂਸ ਟੀਮਾਂ (ਐੱਸ.ਐੱਸ.ਟੀ.) ਵੱਲੋਂ ਲਗਾਏ ਗਏ ਨਾਕਿਆਂ ਦੀ ਚੈਕਿੰਗ ਕੀਤੀ।ਇਸ ਮੌਕੇ ਐੱਸ.ਐੱਸ.ਪੀ. ਨਵਨੀਤ ਸਿੰਘ ਬੈਂਸ, ਐੱਸ.ਡੀ.ਐੱਮ-ਕਮ-ਏ.ਆਰ.ਓ. ਜਗਰਾਉਂ ਗੁਰਬੀਰ ਸਿੰਘ ਕੋਹਲੀ, ਸਹਾਇਕ ਕਮਿਸ਼ਨਰ ਕ੍ਰਿਤਿਕਾ ਗੋਇਲ ਦੇ ਨਾਲ ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਲੁਧਿਆਣਾ ਦੇ ਹਰੇਕ ਵਿਧਾਨ ਸਭਾ ਹਲਕੇ ਲਈ 9 ਸਟੈਟਿਕ ਸਰਵੇਲੈਂਸ ਟੀਮਾਂ ਨਿਯੁਕਤ ਕੀਤੀਆਂ ਗਈਆਂ ਹਨ।

ਇਹ ਟੀਮਾਂ ਆਦਰਸ਼ ਚੋਣ ਜ਼ਾਬਤੇ ਨੂੰ ਸਖ਼ਤੀ ਨਾਲ ਲਾਗੂ ਕਰਨ ਲਈ ਜ਼ਿੰਮੇਵਾਰ ਹਨ ਤੇ ਚੋਣਾਂ ਦੇ ਮੁਕੰਮਲ ਹੋਣ ਤੱਕ ਆਪਣੀ ਡਿਊਟੀ ਕਰਨਗੀਆਂ।ਉਨ੍ਹਾਂ ਕਿਹਾ ਕਿ ਐੱਸ.ਐੱਸ.ਟੀਜ਼ ਨੂੰ ਸਾਰੇ ਛੋਟੇ-ਵੱਡੇ ਵਾਹਨਾਂ ਦੀ ਚੈਕਿੰਗ ਕਰਨ ਦਾ ਕੰਮ ਸੌਂਪਿਆ ਗਿਆ ਹੈ ਤੇ ਜੇਕਰ ਕੋਈ ਵੀ ਸ਼ੱਕੀ ਪਾਇਆ ਜਾਂਦਾ ਹੈ ਤਾਂ ਜ਼ਬਤ ਕਰਨ ਦੀ ਕਾਰਵਾਈ ਕੀਤੀ ਜਾਵੇ ਅਤੇ ਤੁਰੰਤ ਉੱਚ ਅਧਿਕਾਰੀਆਂ ਨੂੰ ਸੂਚਿਤ ਕੀਤਾ ਜਾਵੇ।ਉਨ੍ਹਾ ਕਿਹਾ ਕਿ ਇਨ੍ਹਾਂ ਟੀਮਾਂ ਦੀ ਅਗਵਾਈ ਕਾਰਜਕਾਰੀ ਮੈਜਿਸਟ੍ਰੇਟ ਪਾਵਰ ਵਾਲੇ ਅਧਿਕਾਰੀਆਂ ਦੁਆਰਾ ਕੀਤੀ ਜਾਂਦੀ ਹੈ ਤੇ ਰੋਜ਼ਾਨਾ ਆਧਾਰ 'ਤੇ ਆਪਣੀਆਂ ਗਤੀਵਿਧੀਆਂ ਨੂੰ ਰਿਕਾਰਡ ਕਰਨ ਲਈ ਪੁਲਸ ਅਧਿਕਾਰੀ ਤੇ ਵੀਡੀਓਗ੍ਰਾਫਰ ਸ਼ਾਮਲ ਹੁੰਦੇ ਹਨ। ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਇਨ੍ਹਾਂ ਟੀਮਾਂ ਵੱਲੋਂ ਵੋਟਰਾਂ ਨੂੰ ਰਿਸ਼ਵਤ ਵਜੋਂ ਵਰਤੀਆਂ ਜਾਣ ਵਾਲੀਆਂ ਵਸਤਾਂ ਜਿਵੇਂ ਨਾਜਾਇਜ਼ ਸ਼ਰਾਬ, ਹਥਿਆਰ ਤੇ ਹੋਰ ਸ਼ੱਕੀ ਗਤੀਵਿਧੀਆਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ।ਉਨ੍ਹਾਂ ਐੱਸ.ਐੱਸ.ਟੀਜ਼ ਦੇ ਮੈਂਬਰਾਂ ਨੂੰ ਚੋਣਾਂ ਨੂੰ ਸੁਤੰਤਰ ਤੇ ਨਿਰਪੱਖ ਢੰਗ ਨਾਲ ਕਰਵਾਉਣ ਨੂੰ ਯਕੀਨੀ ਬਣਾਉਣ ਲਈ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਉਣ ਲਈ ਵੀ ਪ੍ਰੇਰਿਤ ਕੀਤਾ।

# ਸੰਜੇ ਗਾਂਧੀ ਨਗਰ ਦੇ 40 ਪਰਵਾਰ 'ਆਪ' 'ਚ ਸ਼ਾਮਲ



**ਮੱਖੂ (ਰਛਪਾਲ ਸਿੰਘ ਸੰਧੂ)**-ਆਮ ਆਦਮੀ ਪਾਰਟੀ ਨੂੰ ਉਸ ਵਕਤ ਭਾਰੀ ਬਲ਼ ਮਿਲਿਆ, ਜਦ ਵਾਰਡ ਨੰਬਰ 12 ਸੰਜੇ ਗਾਂਧੀ ਨਗਰ ਦੇ 40 ਦੇ ਕਰੀਬ ਪਰਵਾਰ ਵੱਖ-ਵੱਖ ਸਿਆਸੀ ਪਾਰਟੀਆਂ ਨੂੰ ਛੱਡ ਕੇ ਵਿਧਾਇਕ ਨਰੇਸ਼ ਕਟਾਰੀਆ ਦੀ ਅਗਵਾਈ 'ਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ।ਇਸ ਮੌਕੇ ਆਮ ਆਦਮੀ ਪਾਰਟੀ 'ਚ ਸ਼ਾਮਿਲ ਹੋਏ ਸੰਨੀ ਮਸੀਹ, ਜਗਸੀਰ ਮਸੀਹ, ਨਿਰਮਲ ਮਸੀਹ, ਭੁਪਿੰਦਰ ਮਸੀਹ, ਜਗਤਾਰ ਮਸੀਹ, ਬਲਵਿੰਦਰ ਸਿੰਘ, ਸਾਹਿਲ, ਮਨੀ, ਹੀਰਾ ਮਸੀਹ, ਸੁਖਜੀਤ ਸਿੰਘ, ਨਛੱਤਰ ਸਿੰਘ, ਚੰਨਨ ਸਿੰਘ, ਸੋਮਾ ਰਾਣੀ, ਵੀਨਾ ਰਾਣੀ, ਚਰਨ ਕੌਰ, ਸੁਰਜੀਤ ਕੌਰ, ਪਤਰਸ ਮਸੀਹ, ਜੱਗਾ ਮਸੀਹ, ਸੁਖਦੇਵ ਸਿੰਘ, ਲਾਜਰ ਮਸੀਹ, ਰੁਸਤਮ ਮਸੀਹ, ਪ੍ਰਭਜੋਤ ਸਿੰਘ, ਸਰਦਾਰ ਸਿੰਘ, ਪੂਰਨ ਮਸੀਹ, ਫਰੀਕ ਮਸੀਹ, ਛਿੰਦਰ ਮਸੀਹ, ਵਿੱਕੀ ਮਸੀਹ, ਭਜਨ ਕੌਰ, ਪੱਪੂ ਮਸੀਹ, ਕਿਰਪਾਲ ਸਿੰਘ, ਅਮਰੀਕ ਸਿੰਘ, ਵਿਜੇ ਮਸੀਹ, ਗੁਰਵਿੰਦਰ ਸਿੰਘ, ਸੂਬਾ ਮਸੀਹ, ਬਿੱਟੂ ਮਸੀਹ ਦਾ ਸਵਾਗਤ ਕਰਦਿਆਂ ਵਿਧਾਇਕ ਨਰੇਸ਼ ਕਟਾਰੀਆ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਿਚ ਹਰੇਕ ਵਿਅਕਤੀ ਨੂੰ ਬਣਦਾ ਮਾਣ ਸਨਮਾਨ ਦਿੱਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਨੀਤੀਆਂ ਤੋਂ ਪ੍ਰਭਾਵਤ ਹੋ ਕੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਲੋਕ ਆਪ ਮੁਹਾਰੇ ਆਮ ਆਦਮੀ ਪਾਰਟੀ ਨਾਲ ਜੁੜ ਰਹੇ ਹਨ ਤੇ ਆਮ ਆਦਮੀ ਦਾ ਪਾਰਟੀ ਦਾ ਪਲੜਾ ਦਿਨੋ ਦਿਨ ਭਾਰੀ ਹੁੰਦਾ ਜਾ ਰਿਹਾ ਹੈ।

# ਵਾਹਨ ਚੋਰੀ ਮਾਮਲੇ 'ਚ ਕਬਾੜੀਏ ਸਣੇ ਚਾਰ ਵਿਅਕਤੀ ਕਾਬੂ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਚੋਰੀਸ਼ੁਦਾ ਮੋਟਰਸਾਈਕਲ ਸਮੇਤ ਕਾਬੂ ਆਏ ਵਿਅਕਤੀ ਦੇ ਮਾਮਲੇ ਦੀ ਤਫ਼ਤੀਸ਼ ਅੱਗੇ ਵਧਾਉਂਦੇ ਹੋਏ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਿਸ ਵੱਲੋਂ ਇੱਕ ਕਬਾੜੀਏ ਸਣੇ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੀ ਨਿਸ਼ਾਨਦੇਹੀ 'ਤੇ 5 ਮੋਟਰਸਾਈਕਲ, 1 ਐਕਟਿਵਾ ਸਕੂਟਰ ਅਤੇ 1 ਛੋਟਾ ਹਾਥੀ ਬਰਾਮਦ ਕਰਨ 'ਚ ਸਫ਼ਲਤਾ ਹਾਸਲ ਕੀਤੀ ਹੈ। ਇਹ ਪ੍ਰਗਟਾਵਾ ਐਸ.ਪੀ. (ਜਾਂਚ) ਰਕੇਸ਼ ਯਾਦਵ ਨੇ ਕੀਤਾ।ਐਸ.ਪੀ. ਯਾਦਵ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਮੁਖੀ ਡਾ. ਰਵਜੋਤ ਗਰੇਵਾਲ ਦੇ ਆਦੇਸ਼ਾਂ 'ਤੇ ਅਤੇ ਡੀ.ਐਸ.ਪੀ. (ਫ.ਗ.ਸ.) ਸੁਖਨਾਜ਼ ਸਿੰਘ ਦੀਆਂ ਹਦਾਇਤਾਂ ਅਨੁਸਾਰ ਮਾੜੇ ਅਨਸਰਾਂ ਵਿਰੁੱਧ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਤਹਿਤ ਥਾਣਾ ਫ਼ਤਹਿਗੜ੍ਹ ਸਾਹਿਬ ਦੇ ਐਸ.ਐਚ.ਓ. ਇੰਸਪੈਕਟਰ ਅਮਰਦੀਪ ਸਿੰਘ ਦੀ ਅਗਵਾਈ ਹੇਠ ਕੰਮ ਕਰ ਰਹੀ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਇੱਕ ਪੁਲਸ ਪਾਰਟੀ ਵੱਲੋਂ ਬੀਤੀ 19 ਮਈ ਨੂੰ ਸੁਰਿੰਦਰ ਸਿੰਘ ਵਾਸੀ ਪਿੰਡ ਗੰਢੂਆਂ ਨੂੰ ਇੱਕ ਬਿਨਾਂ ਨੰਬਰੀ ਚੋਰੀਸ਼ੁਦਾ ਮੋਟਰਸਾਈਕਲ ਸਮੇਤ ਕਾਬੂ ਕੀਤਾ ਗਿਆ ਸੀ, ਜਿਸ ਦੇ ਸਬੰਧ ਵਿੱਚ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਅ/ਧ 411 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਕੇ ਸੁਰਿੰਦਰ ਸਿੰਘ ਤੋਂ ਪੁੱਛਗਿੱਛ ਕੀਤੀ ਗਈ ਤਾਂ ਖੁਲਾਸਾ ਹੋਇਆ ਕਿ ਸੁਰਿੰਦਰ ਸਿੰਘ ਆਪਣੇ ਸਾਥੀਆਂ ਅਜੈ ਕੁਮਾਰ ਅਤੇ ਸੁਮਿਤ ਭਾਰਦਵਾਜ ਵਾਸੀ ਸਰਹਿੰਦ ਨਾਲ ਮਿਲ ਕੇ ਵਾਹਨ ਚੋਰੀ ਕਰਦਾ ਹੈ, ਜਿਸ 'ਤੇ ਰੋਪੜ ਜੇਲ੍ਹ 'ਚ ਬੰਦ ਅਜੈ ਕੁਮਾਰ ਤੇ ਸੁਮਿਤ ਭਾਰਦਵਾਜ ਨੂੰ ਪ੍ਰਾਡਕਸ਼ਨ ਵਾਰੰਟਾਂ 'ਤੇ ਲਿਆ ਕੇ ਪੁੱਛਗਿੱਛ ਕੀਤੀ ਗਈ ਤਾਂ ਪਤਾ ਲੱਗਾ ਕਿ ਉਕਤ ਸਾਰੇ ਵਿਅਕਤੀ ਗੁਰੂਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ, ਆਮ ਖਾਸ ਬਾਗ ਤੇ ਹੋਰ ਜਨਤਕ ਥਾਵਾਂ ਤੋਂ ਵਾਹਨ ਚੋਰੀ ਕਰਕੇ ਕਬਾੜ ਦਾ ਕੰਮ ਕਰਨ ਵਾਲੇ ਤਰਸੇਮ ਸਿੰਘ ਵਾਸੀ ਪਿੰਡ ਕਪੂਰਗੜ੍ਹ ਨੂੰ ਵੇਚ ਦਿੰਦੇ ਹਨ, ਜਿਸ ਉਪਰੰਤ ਕਬਾੜੀਏ ਤਰਸੇਮ ਸਿੰਘ ਨੂੰ ਵੀ ਦੂਜੇ ਤਿੰਨ ਵਿਅਕਤੀਆਂ ਸਮੇਤ ਮੁਕੱਦਮੇ 'ਚ ਨਾਮਜ਼ਦ ਕਰਦੇ ਹੋਏ ਗ੍ਰਿਫ਼ਤਾਰ ਕਰ ਲਿਆ ਗਿਆ।ਉਨ੍ਹਾਂ ਦੱਸਿਆ ਕਿ ਇਸ ਮਾਮਲੇ 'ਚ ਹੁਣ ਤੱਕ 5 ਮੋਟਰਸਾਈਕਲ, 1 ਐਕਟਿਵਾ ਸਕੂਟਰ ਤੇ 1 ਛੋਟਾ ਹਾਥੀ (ਟੈਂਪੂ) ਬਰਾਮਦ ਕੀਤੇ ਜਾ ਚੁੱਕੇ ਹਨ ਤੇ ਮਾਮਲੇ ਦੀ ਤਫ਼ਤੀਸ਼ ਹਾਲੇ ਜਾਰੀ ਹੈ, ਜਿਸ ਦੌਰਾਨ ਹੋਰ ਵੀ ਬਰਾਮਦਗੀਆਂ ਤੇ ਗ੍ਰਿਫ਼ਤਾਰੀਆਂ ਹੋਣ ਦੀ ਸੰਭਾਵਨਾ ਹੈ।ਇਸ ਮੌਕੇ ਉਨ੍ਹਾਂ ਨਾਲ ਡੀ.ਐਸ.ਪੀ. ਸੁਖਨਾਜ਼ ਸਿੰਘ ਤੇ ਐਸ.ਐਚ.ਓ. ਥਾਣਾ ਫ਼ਤਹਿਗੜ੍ਹ ਸਾਹਿਬ ਇੰਸਪੈਕਟਰ ਅਮਰਦੀਪ ਸਿੰਘ ਵੀ ਹਾਜ਼ਰ ਸਨ।

## ਮੁਫ਼ਤ ਕੈਂਸਰ ਚੈੱਕਅਪ ਕੈਂਪ 14 ਨੂੰ

**ਭੀਖੀ (ਧਰਮਵੀਰ ਸ਼ਰਮਾ)**-ਲਾਇਨਜ਼ ਕਲੱਬ ਚੀਮਾ ਮੰਡੀ ਦੀ ਇੱਕ ਮੀਟਿੰਗ ਕਲੱਬ ਪ੍ਰਧਾਨ ਜਸਵੀਰ ਸਿੰਘ ਚੀਮਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਮੂਹ ਕਲੱਬ ਅਹੁਦੇਦਾਰਾਂ ਤੇ ਮੈਂਬਰਾਂ ਨੇ ਸ਼ਮੂਲੀਅਤ ਕੀਤੀ।ਮੀਟਿੰਗ ਦੀ ਕਾਰਵਾਈ ਸਬੰਧੀ ਜਾਣਕਾਰੀ ਦਿੰਦਿਆਂ ਕਲੱਬ ਪ੍ਰਧਾਨ ਜਸਵੀਰ ਸਿੰਘ ਚੀਮਾ, ਚੇਅਰਮੈਨ ਜਗਤਜੀਤ ਸਿੰਘ, ਜਗਤਾਰ ਸਿੰਘ ਗੋਲੂ ਆਦਿ ਨੇ ਦੱਸਿਆ ਕਿ ਕਲੱਬ ਵੱਲੋਂ 14 ਜੂਨ ਨੂੰ ਵਰਲਡ ਕੈਂਸਰ ਕੇਅਰ ਦੁਆਰਾ ਪੈਰਾਮਾਊਂਟ ਪਬਲਿਕ ਸਕੂਲ ਚੀਮਾ ਮੰਡੀ ਵਿਖੇ ਮੁਫ਼ਤ ਕੈਂਸਰ ਚੈੱਕਅਪ ਕੈਂਪ ਲਗਾਇਆ ਜਾ ਰਿਹਾ ਹੈ, ਜਿਸ ਦੌਰਾਨ ਵਰਲਡ ਕੈਂਸਰ ਕੇਅਰ ਦੀ ਮਾਹਰ ਟੀਮ ਕੁਲਵੰਤ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਔਰਤਾਂ ਤੇ ਮਰਦਾਂ ਦੇ ਕੈਂਸਰ ਦੀ ਸਰੀਰਕ ਜਾਂਚ ਕਰੇਗੀ ਅਤੇ ਸਾਵਧਾਨੀਆਂ ਸਬੰਧੀ ਜਾਣਕਾਰੀ ਦਿੱਤੀ ਜਾਵੇਗੀ। ਕੈਂਪ ਦੌਰਾਨ ਸ਼ੂਗਰ ਤੇ ਬਲੱਡ ਪ੍ਰੈਸ਼ਰ ਦਾ ਚੈੱਕਅਪ ਕਰਨ ਉਪਰੰਤ ਲੋੜਵੰਦ ਮਰੀਜ਼ਾਂ ਨੂੰ ਦਵਾਈ ਮੁਫ਼ਤ ਦਿੱਤੀ ਜਾਵੇਗੀ।

# ਪਾਰਲੀਮੈਂਟ 'ਚ ਲੋਕਾਂ ਨਾਲ ਜੁੜੇ ਹਰ ਮੁੱਦੇ ਨੂੰ ਉਠਾਇਆ : ਸਿਮਰਨਜੀਤ ਮਾਨ

**ਵਿਰੋਧੀਆਂ ਨੂੰ ਜਵਾਬ ਦਿੰਦਿਆਂ ਪਾਰਲੀਮੈਂਟ 'ਚ ਚੁੱਕੇ ਮੁੱਦਿਆਂ ਬਾਰੇ ਕੀਤਾ ਖੁਲਾਸਾ**



**ਬਰਨਾਲਾ (ਬਲਵਿੰਦਰ ਵਜੀਦਕੇ)**

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ੍ਰ. ਸਿਮਰਨਜੀਤ ਸਿੰਘ ਮਾਨ ਨੇ ਬਤੌਰ ਐੱਮ. ਪੀ. ਪਾਰਲੀਮੈਂਟ ਵਿੱਚ ਕੋਈ ਮੁੱਦਾ ਨਹੀਂ ਉਠਾਇਆ, ਇਹ ਕਹਿਣ ਵਾਲੇ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਜਵਾਬ ਦਿੰਦਿਆਂ ਸ੍ਰ. ਮਾਨ ਵੱਲੋਂ ਪਾਰਲੀਮੈਂਟ ਵਿੱਚ ਚੁੱਕੇ ਗਏ ਮੁੱਦਿਆਂ ਦਾ ਖੁਲਾਸਾ ਕੀਤਾ ਗਿਆ, ਜੋ ਕਿ ਪਾਰਲੀਮੈਂਟ ਦੀ ਵੈੱਬਸਾਈਟ ਉੱਪਰ ਆਨਲਾਈਨ ਵੀ ਦੇਖੇ ਜਾ ਸਕਦੇ ਹਨ। ਸ੍ਰ. ਮਾਨ ਨੇ ਕਿਹਾ ਕਿ ਉਨ੍ਹਾਂ ਨੇ ਲੋਕਾਂ ਨਾਲ ਜੁੜੇ ਹਰ ਮੁੱਦੇ ਨੂੰ ਪਾਰਲੀਮੈਂਟ ਵਿੱਚ ਉਠਾਇਆ ਹੈ, ਹਾਲਾਂਕਿ ਕਈ ਮੁੱਦੇ ਉਹ ਹੋਰ ਵੀ ਚੁੱਕਣਾ ਚਾਹੁੰਦੇ ਸਨ, ਪਰ ਉਨ੍ਹਾਂ ਨੂੰ ਬੋਲਣ ਦਾ ਸਮਾਂ ਨਹੀਂ ਦਿੱਤਾ ਗਿਆ। ਸ੍ਰ. ਮਾਨ ਨੇ ਦੱਸਿਆ ਕਿ ਉਨ੍ਹਾਂ ਦੀ ਪਾਰਲੀਮੈਂਟ ਵਿੱਚ ਹਾਜ਼ਰੀ 85 ਫੀਸਦੀ ਹੈ।

ਸ੍ਰ. ਮਾਨ ਨੇ ਦੱਸਿਆ ਕਿ ਉਨ੍ਹਾਂ ਨੇ ਦੀਪ ਸਿੱਧੂ ਦੀ ਐਕਸੀਡੈਂਟ ਵਿੱਚ ਹੋਈ ਮੌਤ ਤੇ ਦੀਪ ਸਿੱਧੂ ਦੇ ਕਤਲ ਦੀ ਉੱਚ ਪੱਧਰੀ ਜਾਂਚ ਕਰਵਾਉਣ ਦੀ ਮੰਗ ਕੀਤੀ। ਜੁਲਾਈ 2003 ਵਿੱਚ 350 ਕਰੋੜ ਰੁਪਏ ਦੀ ਡਰੱਗ ਫੜੀ ਗਈ ਸੀ, ਜੋ ਕਿ ਅਡਾਨੀ ਦੀ ਮੁਦਰਾ ਕੋਰਟ ਤੋਂ ਆਉਂਦੀ ਹੈ ਤੇ ਜਿਸ ਨਾਲ ਦੇਸ਼ ਦੇ ਲੱਖਾਂ ਨੌਜਵਾਨਾਂ ਦੀ ਜ਼ਿੰਦਗੀ ਬਰਬਾਦ ਹੋ ਰਹੀ ਹੈ, ਦਾ ਮੁੱਦਾ ਚੁੱਕਿਆ ਸੀ। ਸੁਪਰੀਮ ਕੋਰਟ ਵਿੱਚ ਸਿੱਖ ਜੱਜਾਂ ਦੀ ਨਿਯੁਕਤੀ ਕਿਉਂ ਨਹੀਂ ਕੀਤੀ ਜਾਂਦੀ, ਬਾਰੇ ਵੀ ਸਵਾਲ ਉਨ੍ਹਾਂ ਨੇ ਪਾਰਲੀਮੈਂਟ ਵਿੱਚ ਚੁੱਕਿਆ। ਉਨ੍ਹਾ ਦੱਸਿਆ ਕਿ ਐੱਮ.ਪੀ. ਤੇ ਹੋਰ ਸਟੇਟਾਂ ਵਾਂਗ ਪੰਜਾਬ 'ਚ ਅਫੀਮ ਦੀ ਖੇਤੀ ਨੂੰ ਮਾਨਤਾ ਦੇਣ ਦਾ ਮੁੱਦਾ ਵੀ ਉਨ੍ਹਾਂ ਨੇ ਪਾਰਲੀਮੈਂਟ ਵਿੱਚ ਉਠਾਇਆ, ਤਾਂ ਜੋ ਸੂਬੇ ਦੇ ਕਿਸਾਨਾਂ ਨੂੰ ਆਰਥਿਕ ਲਾਭ ਹੋ ਸਕੇ। ਉਨ੍ਹਾ ਦੱਸਿਆ ਕਿ ਪੰਜਾਬੀਆਂ ਨੂੰ ਨਸ਼ੇੜੀ ਆਖ ਕੇ ਬਦਨਾਮ ਕੀਤਾ ਜਾਂਦਾ ਹੈ, ਜਦੋਂਕਿ ਉਨ੍ਹਾਂ ਨੇ ਪਾਰਲੀਮੈਂਟ ਵਿੱਚ ਇਸ ਗੱਲ ਦੀ ਪੈਰਵੀ ਕੀਤੀ ਕਿ ਪੰਜਾਬੀ ਬਹੁਤ ਹੀ ਦਲੇਰ ਹਨ। ਸਾਰੇ ਬਾਰਡਰਾਂ ਉੱਪਰ ਪੰਜਾਬੀ ਹੀ ਤਾਇਨਾਤ ਹਨ। ਜਦੋਂ ਕਦੇ ਵੀ ਬਾਰਡਰ ਉੱਪਰ ਕੋਈ ਸੰਕਟ ਆਉਂਦਾ ਹੈ ਤਾਂ ਪੰਜਾਬੀਆਂ ਨੂੰ ਹੀ ਪਹਿਲੀ ਕਤਾਰ ਵਿੱਚ ਖੜਾ ਕੀਤਾ ਜਾਂਦਾ ਹੈ।

ਉਨ੍ਹਾ ਦੱਸਿਆ ਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦਾ ਮਸਲਾ ਵੀ ਉਨ੍ਹਾਂ ਨੇ ਉਠਾਇਆ ਸੀ ਕਿ ਜਦੋਂ ਰਾਜੀਵ ਗਾਂਧੀ ਦੇ ਕਾਤਲਾਂ ਤੇ ਬੀਬੀ ਬਿਲਕਿਸ ਬਾਨੋ ਨਾਲ ਜਬਰ ਜ਼ਿਨਾਹ ਤੇ ਉਸ ਦੇ ਪਰਿਵਾਰ ਨੂੰ ਕਤਲ ਕਰਨ ਵਾਲੇ ਦੋਸ਼ੀ ਰਿਹਾਅ ਕੀਤੇ ਜਾ ਸਕਦੇ ਹਨ ਤਾਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਕਿਉਂ ਨਹੀਂ ਕੀਤਾ ਜਾ ਰਿਹਾ? ਇਸ ਉਪਰੰਤ 12 ਸਾਲਾਂ ਤੋਂ ਐੱਸ.ਜੀ.ਪੀ.ਸੀ. ਦੀ ਚੋਣ ਨਾ ਕਰਵਾਏ ਜਾਣ ਦਾ ਮੁੱਦਾ ਵੀ ਚੁੱਕਿਆ। ਉਨ੍ਹਾ ਦੱਸਿਆ ਕਿ ਬਜਟ ਸੈਸ਼ਨ ਦੌਰਾਨ ਘੱਟ ਗਿਣਤੀ ਹੋਣ ਕਰਕੇ ਸਾਨੂੰ ਅਣਦੇਖਿਆ ਕੀਤਾ ਜਾਂਦਾ ਹੈ ਤੇ ਘੱਟ ਗਿਣਤੀ ਕੌਮਾਂ ਨੂੰ ਕੋਈ ਖਾਸ ਪੈਕੇਜ ਨਹੀਂ ਦਿੱਤਾ ਜਾਂਦਾ। ਇਸ ਬਾਰੇ ਵੀ ਉਨ੍ਹਾਂ ਨੇ ਜ਼ੋਰ-ਸ਼ੋਰ ਨਾਲ ਪਾਰਲੀਮੈਂਟ ਵਿੱਚ ਮੁੱਦਾ ਚੁੱਕਿਆ। ਸ੍ਰ. ਮਾਨ ਨੇ ਪਾਰਲੀਮੈਂਟ ਵਿੱਚ ਮੋਦੀ ਸਰਕਾਰ ਦੇ ਸੈਨਾ ਬਾਰੇ ਗੈਰ-ਤਜਰਬੇ ਦੀ ਗੱਲ ਨੂੰ ਵੀ ਉਠਾਇਆ, ਜਿਸ ਕਾਰਨ ਦੇਸ਼ ਦੀ ਸੈਨਾ ਕਮਜ਼ੋਰ ਹੋ ਰਹੀ ਹੈ। ਉਨ੍ਹਾ ਦੱਸਿਆ ਕਿ ਨਰੇਗਾ ਮਜ਼ਦੂਰਾਂ ਦੇ ਫੰਡ, ਰੇਆਂ-ਸਪਰੇਆਂ, ਬੀਜਾਂ ਆਦਿ ਉੱਪਰ ਸਬਸਿਡੀ ਪਹਿਲ ਦੇ ਆਧਾਰ 'ਤੇ ਲਾਗੂ ਕਰਨ ਦਾ ਮੁੱਦਾ ਤੇ ਫ਼ਸਲਾਂ ਉੱਪਰ ਸਵਾਮੀਨਾਥਨ ਦੀ ਰਿਪੋਰਟ ਅਨੁਸਾਰ ਐੱਮ.ਐੱਸ.ਪੀ. ਨਾ ਦੇਣ ਦਾ ਮੁੱਦਾ ਵੀ ਚੁੱਕਿਆ ਗਿਆ। ਮਾਨ ਨੇ ਦੱਸਿਆ ਕਿ ਇਸ ਤੋਂ ਇਲਾਵਾ ਹੋਰ ਵੀ ਕਈ ਅਹਿਮ ਮੁੱਦੇ ਚੁੱਕੇ ਗਏ ਹਨ, ਜੋ ਕਿ ਪਾਰਲੀਮੈਂਟ ਦੀ ਵੈੱਬਸਾਈਟ ਉੱਪਰ ਆਨਲਾਈਨ ਦੇਖੇ ਜਾ ਸਕਦੇ ਹਨ। ਉਨ੍ਹਾ ਕਿਹਾ ਕਿ ਵਿਰੋਧੀ ਪਾਰਟੀਆਂ ਦੇ ਆਗੂ ਗੁੰਮਰਾਹਕੁਨ ਪ੍ਰਚਾਰ ਕਰ ਰਹੇ ਹਨ, ਜਿਨ੍ਹਾਂ ਤੋਂ ਲੋਕਾਂ ਨੂੰ ਸੁਚੇਤ ਰਹਿਣ ਦੀ ਲੋੜ ਹੈ। ਅਸੀਂ ਝੂਠ ਦੀ ਰਾਜਨੀਤੀ ਵਿੱਚ ਭਰੋਸਾ ਨਹੀਂ ਰੱਖਦੇ, ਜੋ ਕਹਿੰਦੇ ਹਾਂ, ਉਹ ਕਰਕੇ ਵਿਖਾਉਂਦੇ ਹਾਂ।

## ਮੱਲੀਆਂ ਵਾਸੀਆਂ ਨੇ ਮਾਨ ਦੇ ਹੱਕ 'ਚ ਕੀਤੀ ਮੀਟਿੰਗ



**ਬਰਨਾਲਾ (ਬਲਵਿੰਦਰ ਵਜੀਦਕੇ)**-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਹਲਕਾ ਮਹਿਲ ਕਲਾਂ ਦੇ ਪਿੰਡ ਮੱਲੀਆਂ ਵਿਖੇ ਪਾਰਟੀ ਵਰਕਰਾਂ ਨੇ ਪਾਰਟੀ ਦੇ ਹੱਕ ਵਿੱਚ ਭਰਵੀਂ ਮੀਟਿੰਗ ਕਰਕੇ ਸ੍ਰ. ਸਿਮਰਨਜੀਤ ਸਿੰਘ ਮਾਨ ਨੂੰ ਜਿਤਾਉਣ ਦਾ ਅਹਿਦ ਲਿਆ।ਇਸ ਮੀਟਿੰਗ ਵਿੱਚ ਹਲਕਾ ਇੰਚਾਰਜ ਗੁਰਜੰਟ ਸਿੰਘ ਕੱਟੂ, ਹਲਕਾ ਜਥੇਬੰਦਕ ਸਕੱਤਰ ਜੱਸਾ ਸਿੰਘ ਮਾਣਕੀ ਨੇ ਵਿਸ਼ੇਸ਼ ਸ਼ਿਰਕਤ ਕੀਤੀ।ਉਨ੍ਹਾਂ ਬੋਲਦਿਆਂ ਕਿਹਾ ਕਿ ਪਾਰਟੀ ਦੇ ਥੰਮ੍ਹ ਪਿੰਡ ਦੇ ਬਜ਼ੁਰਗ ਹਨ, ਜਿਹੜੇ ਪਿਛਲੇ 40 ਸਾਲਾਂ ਤੋਂ ਸਮੇਤ ਪਰਿਵਾਰ ਬਿਨਾਂ ਕਿਸੇ ਲੋਭ ਲਾਲਚ ਤੋਂ ਲਗਾਤਾਰ ਪਾਰਟੀ ਨਾਲ ਚਟਾਨ ਵਾਂਗ ਖੜੇ ਹਨ ਅਤੇ ਹੁਣ ਇਨ੍ਹਾਂ ਦੇ ਬੱਚੇ ਅੱਗੋਂ ਪਾਰਟੀ ਸੇਵਾਵਾਂ ਨਿਭਾਅ ਰਹੇ ਹਨ।ਉਨ੍ਹਾਂ ਕਿਹਾ ਕਿ ਸ੍ਰ. ਮਾਨ ਪਿਛਲੇ 40 ਸਾਲਾਂ ਤੋਂ ਇੱਕੋ ਸਟੈਂਡ 'ਤੇ ਖੜੇ ਹਨ, ਨਾ ਉਹ ਝੁਕੇ ਹਨ, ਨਾ ਪਾਰਟੀ ਦਾ ਰੰਗ ਬਦਲਿਆ ਹੈ, ਸਗੋਂ ਸੈਂਟਰ ਤੇ ਰਾਜ ਸਰਕਾਰਾਂ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਪੰਜਾਬ ਦੀ ਹੋਂਦ ਬਚਾਉਣ ਲਈ ਲਗਾਤਾਰ ਲੜਾਈ ਲੜ ਰਹੇ ਹਨ।ਇਸ ਮੌਕੇ ਨਗਰ ਨਿਵਾਸੀਆਂ ਨੇ ਪੂਰਨ ਤੌਰ 'ਤੇ ਸ੍ਰ. ਮਾਨ ਨੂੰ ਜਿਤਾਉਣ ਦਾ ਭਰੋਸਾ ਦਿਵਾਇਆ।ਇਸ ਮੌਕੇ ਸੁਖਦੇਵ ਸਿੰਘ, ਹਰਜੀਤ ਸਿੰਘ, ਗੁਰਦੀਪ ਸਿੰਘ, ਜਗਸੀਰ ਸਿੰਘ, ਗੁਰਮਿੰਦਰ ਸਿੰਘ, ਕਰਮਜੀਤ ਕੌਰ, ਚਮਕੌਰ ਸਿੰਘ, ਜਸਵੀਰ ਸਿੰਘ, ਜਗਸੀਰ ਸਿੰਘ ਆਦਿ ਆਗੂ ਹਾਜ਼ਰ ਸਨ।

# ਜੰਮੂ-ਕਟੜਾ ਨੈਸ਼ਨਲ ਹਾਈਵੇਅ ਲਈ ਐਕੁਆਇਰ ਕੀਤੀ ਜ਼ਮੀਨ ਦਾ ਨਾਕਾਫ਼ੀ ਮੁਆਵਜ਼ਾ ਦੇਣ ਲਈ ਵੜਿੰਗ ਵੱਲੋਂ ਮੋਦੀ ਪ੍ਰਸ਼ਾਸਨ ਦੀ ਨਿੰਦਾ



**ਲੁਧਿਆਣਾ (ਰਾਜ ਸਿੰਗਲਾ)**-ਲੁਧਿਆਣਾ ਤੋਂ ਕਾਂਗਰਸ ਦੇ ਲੋਕ ਸਭਾ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪੰਜਾਬ ਦੇ ਉਨ੍ਹਾਂ ਕਿਸਾਨਾਂ ਨਾਲ ਸੰਪਰਕ ਕੀਤਾ ਹੈ, ਜੋ ਜੰਮੂ-ਕਟੜਾ ਨੈਸ਼ਨਲ ਹਾਈਵੇਅ ਦੇ ਨਿਰਮਾਣ ਦੀ ਪ੍ਰਕਿਰਿਆ ਅਧੀਨ ਜਾਂ ਐਕਵਾਇਰ ਕੀਤੀਆਂ ਜ਼ਮੀਨਾਂ ਦੇ ਅਨੁਚਿਤ ਮੁਆਵਜ਼ੇ ਦਾ ਸਾਹਮਣਾ ਕਰ ਰਹੇ ਹਨ, ਜਿਸ 'ਤੇ ਵੜਿੰਗ ਨੇ ਭੂਮੀ ਐਕਵਾਇਰ ਲਈ ਲਾਜ਼ਮੀ ਮੁਆਵਜ਼ਾ ਦੇਣ 'ਚ ਨਾਕਾਮ ਰਹਿਣ ਲਈ ਮੋਦੀ ਪ੍ਰਸ਼ਾਸਨ ਦੀ ਆਲੋਚਨਾ ਕੀਤੀ ਹੈ।ਇਸ ਮੌਕੇ ਬੋਲਦਿਆਂ ਵੜਿੰਗ ਨੇ ਸਤੰਬਰ 2013 ਵਿੱਚ ਤੱਤਕਾਲੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਅਗਵਾਈ ਵਿੱਚ ਹੋਈ ਮਹੱਤਵਪੂਰਨ ਪ੍ਰਗਤੀ ਨੂੰ ਯਾਦ ਕੀਤਾ, ਜਦੋਂ 1894 ਦੇ ਭੂਮੀ ਗ੍ਰਹਿਣ ਕਾਨੂੰਨ ਵਿੱਚ ਸੁਧਾਰ ਕਰਨ ਲਈ ਇੱਕ ਇਤਿਹਾਸਕ ਬਿੱਲ ਪੇਸ਼ ਕੀਤਾ ਗਿਆ ਸੀ।ਇਹ ਕਾਨੂੰਨ ਕਿਸਾਨਾਂ ਨੂੰ ਉਚਿਤ ਮੁਆਵਜ਼ਾ ਮਿਲਣ ਨੂੰ ਯਕੀਨੀ ਬਣਾਉਣ ਲਈ ਬਣਾਇਆ ਗਿਆ ਸੀ ਤੇ ਇਸ ਤਹਿਤ ਪੇਂਡੂ ਖੇਤਰਾਂ ਵਿੱਚ ਐਕੁਆਇਰ ਕੀਤੀ ਜ਼ਮੀਨ ਦੀ ਰਕਮ ਚਾਰ ਗੁਣਾਂ ਵਧਾ ਦਿੱਤੀ ਗਈ ਸੀ।ਉਨ੍ਹਾ ਨੇ 2013 ਦੇ ਕਾਨੂੰਨ ਦੇ ਮੁੱਖ ਉਪਬੰਧਾਂ 'ਤੇ ਜ਼ੋਰ ਦਿੱਤਾ, ਜਿਸ ਵਿੱਚ ਕਿਸੇ ਵੀ ਭੂਮੀ ਗ੍ਰਹਿਣ ਤੋਂ ਪਹਿਲਾਂ ਕਿਸਾਨਾਂ ਦੀ ਲਾਜ਼ਮੀ ਸਹਿਮਤੀ, ਪਿਛਲਾ ਪ੍ਰਭਾਵ ਲਈ ਇੱਕ ਧਾਰਾ, ਪੰਜ ਸਾਲਾਂ ਦੇ ਅੰਦਰ ਕਿਸਾਨਾਂ ਨੂੰ ਖਾਲੀ ਜ਼ਮੀਨ ਵਾਪਸ ਕਰਨ ਦੀ ਸ਼ਰਤ ਤੇ ਦੇਸ਼ ਦੀ ਖੁਰਾਕ ਸੁਰੱਖਿਆ ਲਈ ਇਸ ਦੀ ਮਹੱਤਤਾ ਕਾਰਨ ਬਹੁ-ਫਸਲੀ ਜ਼ਮੀਨ ਦੀ ਸੁਰੱਖਿਆ ਸ਼ਾਮਲ ਹਨ।ਵੜਿੰਗ ਨੇ ਮੌਜੂਦਾ ਸਰਕਾਰ 'ਤੇ ਸਖ਼ਤ ਉਪਾਵਾਂ ਦੇ ਬਾਵਜੂਦ 2014 ਤੋਂ ਇਨ੍ਹਾਂ ਸੁਰੱਖਿਆਵਾਂ ਨੂੰ ਯੋਜਨਾਬੱਧ ਢੰਗ ਨਾਲ ਕਮਜ਼ੋਰ ਕਰਨ ਦਾ ਦੋਸ਼ ਲਗਾਇਆ ਹੈ।ਉਨ੍ਹਾਂ ਦੋਸ਼ ਲਾਇਆ ਕਿ ਮੁਆਵਜ਼ਾ ਨਾਕਾਫ਼ੀ ਹੈ ਤੇ ਐਕਵਾਇਰ ਕੀਤੀ ਜ਼ਮੀਨ ਅਕਸਰ ਖਾਲੀ ਰਹਿੰਦੀ ਹੈ ਜਾਂ ਮੂਲ ਐਕਵਾਇਰ ਦੀਆਂ ਸ਼ਰਤਾਂ ਦੇ ਉਲਟ ਮੁੜ ਵਰਤੋਂ ਵਿੱਚ ਆਉਂਦੀ ਹੈ।ਵੜਿੰਗ ਨੇ ਮੋਦੀ ਸਰਕਾਰ 'ਤੇ ਕਾਨੂੰਨ ਨੂੰ ਕਮਜ਼ੋਰ ਕਰਨ ਤੇ ਇਸ ਦੇ ਮਹੱਤਵਪੂਰਨ ਹਿੱਸਿਆਂ ਨੂੰ ਨਜ਼ਰ ਅੰਦਾਜ਼ ਕਰਨ ਦਾ ਦੋਸ਼ ਲਗਾਇਆ।ਵੜਿੰਗ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਪ੍ਰਤੀ ਲਗਾਤਾਰ ਸਹਾਇਤਾ ਦੀ ਘਾਟ ਦਿਖਾਈ ਹੈ।ਸਰਕਾਰ ਦੇ ਵਿਵਾਦਗ੍ਰਸਤ ਖੇਤੀ ਕਾਨੂੰਨਾਂ ਵਿਰੁੱਧ ਪ੍ਰਦਰਸ਼ਨਾਂ ਦੌਰਾਨ 750 ਤੋਂ ਵੱਧ ਕਿਸਾਨਾਂ ਨੇ ਦੁਖਦਾਈ ਤੌਰ 'ਤੇ ਆਪਣੀਆਂ ਜਾਨਾਂ ਗੁਆ ਦਿੱਤੀਆਂ ਤੇ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਲਈ ਸੰਘਰਸ਼ ਜਾਰੀ ਹੈ।ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਮਾਰੂ ਨੀਤੀਆਂ ਤੋਂ ਪੰਜਾਬ ਦੇ ਲੋਕਤੰਤਰ ਤੇ ਆਰਥਿਕ ਖੁਸ਼ਹਾਲੀ ਨੂੰ ਬਚਾਉਣ ਲਈ ਕਾਂਗਰਸ ਨੂੰ ਵੋਟ ਦੇਣ ਦੀ ਅਪੀਲ ਕੀਤੀ।

27-MAY-PAGE-8.qxd 5/26/2024 10:37 PM Page 1



# ਭੱਟੋਂ 'ਚ ਕਾਂਗਰਸੀ ਉਮੀਦਵਾਰ ਵਿਜੈਇੰਦਰ ਸਿੰਗਲਾ ਦੇ ਹੱਕ 'ਚ ਚੋਣ ਜਲਸਾ



**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**-ਲੋਕ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਤੋਂ ਕਾਂਗਰਸ ਦੇ ਉਮੀਦਵਾਰ ਵਿਜੈਇੰਦਰ ਸਿੰਗਲਾ ਦੇ ਹੱਕ ਵਿੱਚ ਅੱਜ ਪਿੰਡ ਭੱਟੋਂ ਵਿਖੇ ਬਲਵੀਰ ਸਿੰਘ ਭੱਟੋਂ ਦੀ ਅਗਵਾਈ ਹੇਠ ਚੋਣ ਜਲਸਾ ਕੀਤਾ ਗਿਆ। ਇਸ ਮੌਕੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਬੁਲਾਰਿਆਂ ਨੇ ਕਿਹਾ ਕਿ ਕਾਂਗਰਸ ਪਾਰਟੀ ਹੀ ਇੱਕ ਅਜਿਹੀ ਪਾਰਟੀ ਹੈ ਜੋ ਲੋਕਾਂ ਦਾ ਭਲਾ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਆਪਣੇ ਕਾਰਜਕਾਲ ਦੌਰਾਨ ਬੇਰੋਜ਼ਗਾਰੀ ਨੂੰ ਦੂਰ ਕਰਨ ਲਈ, ਭਾਰਤ ਦੇ ਵਿਕਾਸ ਲਈ ਅਤੇ ਨਵਾਂ ਇਨਫਰਾਸਟਰਕਚਰ ਬਣਾਉਣ ਲਈ ਸਿਰਤੋੜ ਯਤਨ ਕਰਕੇ ਭਾਰਤ ਨੂੰ ਤਰੱਕੀ ਦੀਆਂ ਲੀਹਾਂ 'ਤੇ ਲੈ ਆਂਦਾ ਸੀ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਕਾਰਜਕਾਲ ਦੌਰਾਨ ਭਾਰਤ ਨੇ ਬੇਮਿਸਾਲ ਤਰੱਕੀ ਕੀਤੀ, ਹਰ ਖੇਤਰ ਵਿੱਚ ਵੱਡੀਆਂ ਪਲਾਂਘਾਂ ਪੁੱਟੀਆਂ, ਜਿਸ ਦੇ ਚਲਦਿਆਂ ਲੋਕ ਹੁਣ ਵੀ ਕਾਂਗਰਸ ਨੂੰ ਯਾਦ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਆਪਣੇ ਪੰਜ ਸਾਲ ਦੇ ਕਾਰਜਕਾਲ ਦੌਰਾਨ ਭਾਰਤ ਦੇ ਲੋਕਾਂ ਦਾ ਕਚੂੰਬਰ ਕੱਢ ਕੇ ਰੱਖ ਦਿੱਤਾ ਹੈ। ਮਹਿੰਗਾਈ ਦੀ ਮਾਰ ਨਾਲ ਲੋਕ ਤਰਾਹ ਤਰਾਹ ਕਰ ਰਹੇ ਹਨ, ਬੇਰੁਜ਼ਗਾਰੀ ਵਧ ਰਹੀ ਹੈ, ਕਿਸਾਨਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾ ਰਹੀਆਂ, ਕਿਸਾਨਾਂ ਨਾਲ ਵਾਅਦਾ ਖਿਲਾਫੀ ਕੀਤੀ ਜਾ ਰਹੀ ਹੈ, ਜਿਸ ਨਾਲ ਸੈਂਕੜੇ ਕਿਸਾਨ ਸੰਘਰਸ਼ ਦੌਰਾਨ ਸ਼ਹੀਦ ਹੋ ਗਏ, ਹਰ ਪਾਸੇ ਹਾਹਾਕਾਰ ਮਚੀ ਹੋਈ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦਾ ਮਿਸ਼ਨ ਸਪੱਸ਼ਟ ਹੈ ਤੇ ਇਸ ਵਾਰ ਨਿਸਚਿਤ ਤੌਰ 'ਤੇ ਕੇਂਦਰ 'ਚ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਬਣੇਗੀ, ਜਿਸ ਨਾਲ ਭਾਰਤ ਨੂੰ ਮੁੜ ਲੀਹਾਂ 'ਤੇ ਲਿਆਂਦਾ ਜਾਵੇਗਾ। ਇਸ ਮੌਕੇ ਬਲਵੀਰ ਸਿੰਘ ਭੱਟੋਂ, ਸਰਪੰਚ ਦਰਸ਼ਨ ਸਿੰਘ ਢਾਹਾਂ, ਸਾਬਕਾ ਜ਼ਿਲ੍ਹਾ ਕਾਂਗਰਸ ਪ੍ਰਧਾਨ ਅਮਰਜੀਤ ਸਿੰਘ ਸੈਣੀ, ਚੇਅਰਮੈਨ ਪ੍ਰੇਮ ਦਾਸ ਬਜਰੂੜ, ਗੁਰਮੇਲ ਸਿੰਘ ਭੱਟੋਂ, ਮਾਸਟਰ ਸ਼ਿੰਗਾਰਾ ਸਿੰਘ ਬੈਂਸ, ਗੋਲਡੀ ਸਰਥਲੀ ਆਦਿ ਸਮੇਤ ਭਾਰੀ ਗਿਣਤੀ ਵਿੱਚ ਮਰਦ ਅਤੇ ਔਰਤਾਂ ਸ਼ਾਮਲ ਸਨ।

# ਇਲਾਕਾ ਵਾਸੀਆਂ ਭਾਜਪਾ ਦੇ ਕਾਫਲੇ ਨੂੰ ਕਾਲੇ ਝੰਡੇ ਦਿਖਾ ਕੇ ਵਿਰੋਧ ਜਤਾਇਆ



**ਮਾਹਿਲਪੁਰ (ਸ.ਫਰੀ)**-ਬਲਾਕ ਗੜ੍ਹਸ਼ੰਕਰ ਅਧੀਨ ਪੈਂਦੇ ਪਿੰਡ ਬੀਨੇਵਾਲ ਵਿਖੇ ਭਾਰਤੀ ਜਨਤਾ ਪਾਰਟੀ ਦੇ ਲੋਕ ਸਭਾ ਹਲਕਾ ਅਨੰਦਪੁਰ ਸਾਹਿਬ ਤੋਂ ਉਮੀਦਵਾਰ ਡਾ. ਸੁਭਾਸ਼ ਸ਼ਰਮਾ ਨੇ ਵੋਟਾਂ ਮੰਗਣ ਲਈ ਆਉਣਾ ਸੀ। ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੂੰ ਇਸ ਵਾਰੇ ਪਤਾ ਲੱਗਣ 'ਤੇ ਕੁੱਲ ਹਿੰਦ ਕਿਸਾਨ ਸਭਾ ਅਤੇ ਜਮੂਹਰੀ ਕਿਸਾਨ ਸਭਾ ਦੇ ਕਾਰਕੁੰਨ ਸਵੇਰੇ 8-30 ਵਜੇ ਹੀ ਬੀਨੇਵਾਲ ਰੋਡ 'ਤੇ ਅੱਡਾ ਝੁੰਗੀਆਂ ਵਿਖੇ ਇਕੱਤਰ ਹੋਣੇ ਸ਼ੁਰੂ ਹੋ ਗਏ। ਜਦੋਂ 10-30 ਵਜੇ ਬੀ ਜੇ ਪੀ ਉਮੀਦਵਾਰ ਦਾ ਕਾਫ਼ਲਾ ਚੋਣ ਜਲਸੇ ਵਾਲੀ ਥਾਂ ਲਈ ਗੁਜ਼ਰਿਆ ਤਾਂ ਸੰਯੁਕਤ ਕਿਸਾਨ ਮੋਰਚੇ ਦੇ ਕਾਰਕੁੰਨਾਂ ਵੱਲੋਂ ਕਾਲੇ ਝੰਡੇ ਦਿਖਾ ਕੇ ਜ਼ੋਰਦਾਰ ਨਾਹਰੇਬਾਜ਼ੀ ਕੀਤੀ ਗਈ ਅਤੇ ਬੀ ਜੇ ਪੀ ਦੀ ਕਿਸਾਨ ਮਜ਼ਦੂਰ ਅਤੇ ਲੋਕ ਵਿਰੋਧੀ ਸਰਕਾਰ ਨੂੰ ਸਬਕ ਸਿਖਾਉਣ ਲਈ ਸੱਤਾ ਤੋਂ ਲਾਂਭੇ ਕਰਨ ਦੀ ਅਪੀਲ ਕੀਤੀ ਗਈ। ਅੱਜ ਦੇ ਇਸ ਵਿਰੋਧ ਪ੍ਰਦਰਸ਼ਨ ਵਿੱਚ ਸੰਯੁਕਤ ਕਿਸਾਨ ਮੋਰਚੇ ਦੇ ਮੈਂਬਰ ਮੈਡਮ ਸੁਭਾਸ਼ ਮੱਟੂ, ਹਰਭਜਨ ਸਿੰਘ ਅਟਵਾਲ, ਰਾਮਜੀ ਦਾਸ ਚੌਹਾਨ, ਕੁਲਭੂਸ਼ਣ ਕੁਮਾਰ, ਸੁਰਿੰਦਰ ਕੌਰ ਚੁੰਬਰ, ਸ਼ੇਰ ਜੰਗ ਬਹਾਦਰ, ਕੈਪਟਨ ਕਰਨੈਲ ਸਿੰਘ, ਤੀਰਥ ਸਿੰਘ ਮਾਨ, ਕਿਸ਼ਨ ਦੇਵ ਪੱਪੂ, ਕੇਹਰ ਸਿੰਘ ਨੈਨਵਾਂ, ਗੁਰਚਰਨ ਸਿੰਘ, ਰਮੇਸ਼ ਧੀਮਾਨ, ਮੋਹਣ ਲਾਲ ਸੰਮਤੀ ਮੈਂਬਰ, ਬਲਜੀਤ ਸਿੰਘ, ਬਲਰਾਮ ਸਿੰਘ, ਗਿਰਧਾਰੀ ਲਾਲ, ਰੋਸ਼ਨ ਲਾਲ ਅਤੇ ਮੋਹਣ ਲਾਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਐਸ ਕੇ ਐਮ ਦੇ ਸਥਾਨਕ ਕਾਰਕੁੰਨ ਸ਼ਾਮਲ ਸਨ।

# ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਨਾਰੀ ਸ਼ਕਤੀ 'ਤੇ ਵੈਬੀਨਾਰ

**ਸੁਲਤਾਨਪੁਰ ਲੋਧੀ, ( ਹਨੀ )** ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਵਿਖੇ ਐਨ.ਸੀ.ਸੀ. ਕੈਡਿਟ ਲਈ ਨਵੀਂ ਰੌਸ਼ਨੀ ਵੂਮਨ ਐਮਪਾਵਰਮੈਂਟ ਸਕੀਮ ਵਿਸ਼ੇ 'ਤੇ ਅਧਾਰਿਤ ਵੈਬੀਨਾਰ ਕਰਵਾਇਆ ਗਿਆ। ਜਿਸ ਵਿੱਚ ਮੈਡਮ ਰਮਨਪ੍ਰੀਤ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਨਵੀਂ ਰੌਸ਼ਨੀ ਸਕੀਮ ਇੱਕ ਕੇਂਦਰੀ ਸੈਕਟਰ ਸਕੀਮ ਹੈ, ਜਿਸ ਅਧੀਨ 18 ਤੋਂ 65 ਸਾਲ ਦੇ ਉਮਰ ਦੀਆਂ ਘੱਟ ਗਿਣਤੀ ਦੇ ਸਮੁਦਾਇ ਦੀਆਂ ਔਰਤਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ। ਇਹ ਸਕੀਮ ਦੇਸ਼ ਭਰ ਵਿੱਚ ਗੈਰ ਸਰਕਾਰੀ ਸੰਗਠਨਾਂ ਅਤੇ ਹੋਰ ਵੱਖ-ਵੱਖ ਸਿਵਲ ਸੋਸਾਇਟੀਆਂ ਦੀ ਮਦਦ ਨਾਲ ਘੱਟ ਗਿਣਤੀ ਔਰਤਾਂ ਨੂੰ ਸ਼ਕਤੀ ਪ੍ਰਦਾਨ ਕਰਦੀ ਹੈ। ਐਨ ਸੀ ਸੀ ਕੈਡਿਟ ਵੱਲੋਂ ਵੀ ਇਸ ਵੈਬੀਨਾਰ ਰਾਹੀਂ ਔਰਤਾਂ ਦੇ ਸਸ਼ਕਤੀਕਰਨ ਸਬੰਧੀ ਭਾਸ਼ਣ ਤੇ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਨਵੀਂ ਰੌਸ਼ਨੀ ਪ੍ਰੋਗਰਾਮ ਦਾ ਮੁੱਖ ਉਦੇਸ਼ ਔਰਤਾਂ ਦੇ ਸਸ਼ਕਤੀਕਰਨ ਦੁਆਰਾ ਨਾ ਕੇਵਲ ਉਨ੍ਹਾਂ ਨੂੰ ਸਮਾਨਤਾ ਪ੍ਰਦਾਨ ਕਰਨਾ ਹੈ, ਬਲਕਿ ਗਰੀਬੀ ਵਿੱਚ ਕਮੀ, ਆਰਥਿਕ ਵਿਕਾਸ ਅਤੇ ਨਾਗਰਿਕ ਸਮਾਜ ਨੂੰ ਵੀ ਮਜ਼ਬੂਤ ਬਣਾਉਣਾ ਹੈ।



# ਸ਼ਾਇਨਿੰਗ ਸਟਾਰ ਦੇ ਸਨਮਾਨ ਸਮਾਰੋਹ 'ਚ ਚੋਟੀ ਦੇ ਵਿਦਿਆਰਥੀਆਂ ਦਾ ਸਨਮਾਨ

**ਜਲੰਧਰ (ਸ਼ੈਲੀ ਐਲਬਰਟ)**-ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼, ਨਾਰਥ ਕੈਂਪਸ



ਮਕਸੂਦਾਂ ਵਿਖੇ ਹੋਣਹਾਰ ਵਿਦਿਆਰਥੀਆਂ ਲਈ ਸ਼ਾਈਨਿੰਗ ਸਟਾਰ ਦਾ ਸਨਮਾਨ ਸਮਾਰੋਹ ਬੜੇ ਹੀ ਉਤਸ਼ਾਹ ਅਤੇ ਧੂਮ-ਧਾਮ ਨਾਲ ਕਰਵਾਇਆ ਗਿਆ। ਇਹ ਸਮਾਗਮ ਸੀਟੀ ਯੂਨੀਵਰਸਿਟੀ ਦੇ ਚਾਂਸਲਰ ਅਤੇ ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ ਦੇ ਨਾਲ ਮੁੱਖ ਮਹਿਮਾਨ ਕਰਨਲ ਵਿਨੋਦ ਜੋਸ਼ੀ, 2ਡੀ ਬਟਾਲੀਅਨ ਐਨਸੀਸੀ ਪੰਜਾਬ, ਜਲੰਧਰ ਦੇ ਕਮਾਂਡਿੰਗ ਅਫਸਰ ਦੀ ਮਾਣਮੱਤੀ ਹਾਜ਼ਰੀ ਵਿੱਚ ਹੋਇਆ। ਉਨ੍ਹਾਂ ਨੇ ਮਿਲ ਕੇ ਜਲੰਧਰ ਦੇ ਵੱਖ-ਵੱਖ ਨਾਮਵਰ ਸਕੂਲਾਂ, ਜਿਵੇਂ ਕਿ ਸੀ.ਟੀ. ਪਬਲਿਕ ਸਕੂਲ, ਯੂ.ਸੀ.ਆਈ. (ਲੜਕੇ ਅਤੇ ਲੜਕੀਆਂ), ਨਹਿਰੂ ਗਾਰਡਨ ਸਕੂਲ, ਸਰਕਾਰੀ ਸਕੂਲਾਂ ਦੇ 500 ਤੋਂ ਵੱਧ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ। ਸੀਨੀਅਰ ਸੈਕੰਡਰੀ ਸਕੂਲ ਲਾਡੋਵਾਲੀ ਰੋਡ, ਸਰਕਾਰੀ. ਸੀਨੀਅਰ ਸੈਕੰਡਰੀ ਸਕੂਲ ਆਦਰਸ਼ ਨਗਰ, ਐਸ.ਪੀ.ਪੀ.ਐਸ ਸਕੂਲ ਬੇਗੋਵਾਲ ਅਤੇ ਹੋਰ ਬਹੁਤ ਸਾਰੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਨ੍ਹਾਂ ਵਿਦਿਆਰਥੀਆਂ ਨੇ ਆਪਣੀਆਂ 12ਵੀਂ ਬੋਰਡ ਦੀਆਂ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਮੈਰਿਟ ਪੁਜੀਸ਼ਨਾਂ ਹਾਸਲ ਕੀਤੀਆਂ, ਜਿਸ ਨਾਲ ਉਹ ਇਸ ਵੱਕਾਰੀ ਮਾਨਤਾ ਦੇ ਹੱਕਦਾਰ ਬਣ ਗਏ।। ਸਮਾਰੋਹ ਦੀ ਸ਼ੁਰੂਆਤ ਕਰਨਲ ਵਿਨੋਦ ਜੋਸ਼ੀ ਅਤੇ ਚੇਅਰਮੈਨ ਚਰਨਜੀਤ ਸਿੰਘ ਚੰਨੀ ਦੇ ਪ੍ਰੇਰਨਾਦਾਇਕ ਭਾਸ਼ਣਾਂ ਦੁਆਰਾ ਕੀਤੀ ਗਈ, ਜਿਨ੍ਹਾਂ ਨੇ ਅਨਮੁੱਲੇ ਜੀਵਨ ਦੇ ਤਜ਼ਰਬੇ ਅਤੇ ਪ੍ਰੇਰਨਾਦਾਇਕ ਸ਼ਬਦਾਂ ਨੂੰ ਸਾਂਝਾ ਕੀਤਾ ਜੋ ਵਿਦਿਆਰਥੀਆਂ ਨਾਲ ਡੂੰਘਾਈ ਨਾਲ ਗੂੰਜਿਆ। ਇਵੈਂਟ ਦੀ ਇੱਕ ਖਾਸ ਗੱਲ ਇੰਟਰਐਕਟਿਵ ਸਵਾਲ-ਜਵਾਬ ਸੈਸ਼ਨ ਸੀ, ਜਿੱਥੇ ਮਾਪਿਆਂ ਅਤੇ ਵਿਦਿਆਰਥੀਆਂ ਨੇ ਚੇਅਰਮੈਨ ਨੂੰ ਜੀਵਨ ਨਾਲ ਸਬੰਧਤ ਸਵਾਲ ਪੁੱਛੇ। ਇਹ ਸੈਸ਼ਨ ਬਹੁਤ ਹੀ ਗਿਆਨ ਭਰਪੂਰ ਸੀ, ਅਤੇ ਚੇਅਰਮੈਨ ਦੇ ਵਿਚਾਰਸ਼ੀਲ ਜਵਾਬਾਂ ਦੀ ਬਹੁਤ ਸ਼ਲਾਘਾ ਕੀਤੀ ਗਈ।

ਇਹ ਸਮਾਗਮ ਮਾਪਿਆਂ ਅਤੇ ਵਿਦਿਆਰਥੀਆਂ ਦੇ ਸਕਾਰਾਤਮਕ ਫੀਡਬੈਕ ਦੇ ਨਾਲ ਇੱਕ ਉੱਚੇ ਨੋਟ ਵਿੱਚ ਸਮਾਪਤ ਹੋਇਆ। ਉਨ੍ਹਾਂ ਨੇ ਪੁਰਸਕਾਰ ਪ੍ਰਾਪਤ ਕਰਨ ਅਤੇ ਅਜਿਹੇ ਯਾਦਗਾਰੀ ਮੌਕੇ ਤੇ ਸ਼ਿਰਕਤ ਕਰਨ ਤੇ ਆਪਣੀ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ।

# ਮਹਿੰਦਰ ਸਿੰਘ ਕੇ ਪੀ ਦੀ ਹਾਜ਼ਰੀ 'ਚ ਮੀਟਿੰਗਾਂ ਦਾ ਦੌਰ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਸ਼੍ਰੋਮਣੀ ਅਕਾਲੀ ਦਲ ਵੱਲੋਂ ਲੋਕ ਸਭਾ ਜਲੰਧਰ ਤੋਂ ਚੋਣ ਮੈਦਾਨ 'ਚ ਉਤਾਰੇ ਉਮੀਦਵਾਰ ਮਹਿੰਦਰ ਸਿੰਘ ਕੇ ਪੀ ਦੀ ਹਾਜ਼ਰੀ ਵਿੱਚ ਪਿੰਡ ਕਾਂਗਣਾ ਅਤੇ ਬੋਪਾਰਾਵਾਂ, ਗੋਹੀਰਾਂ ਹਲਕਾ ਨਕੋਦਰ ਵਿਖੇ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਦੀ ਅਗਵਾਈ ਹੇਠ ਮੀਟਿੰਗਾਂ ਦਾ ਦੌਰ ਚੱਲ ਰਿਹਾ ਹੈ। ਹਰ ਮੀਟਿੰਗ ਵਿੱਚ ਲੋਕਾਂ ਦਾ ਠਾਠਾਂ ਮਾਰਦਾ ਇਕੱਠ ਅਤੇ ਸਮੂਹ ਸੰਗਤ ਨੇ ਵਿਸ਼ਵਾਸ ਦਿਵਾਇਆ ਕਿ ਹਲਕਾ ਨਕੋਦਰ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਚੋਣ ਪ੍ਰਚਾਰ ਲਈ ਉਹ ਅਣਥੱਕ ਮਿਹਨਤ ਕਰ ਰਹੇ ਹਨ ਅਤੇ ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਵੋਟ ਪਾ ਕੇ ਅਤੇ ਪਵਾ ਕੇ ਜਲੰਧਰ ਤੋਂ ਉਮੀਦਵਾਰ ਮਹਿੰਦਰ ਸਿੰਘ ਕੇਪੀ ਨੂੰ ਸੰਸਦ ਵਿੱਚ ਭੇਜਣਗੇ ਅਤੇ ਨਕੋਦਰ ਹਲਕੇ ਦੇ ਵਿਕਾਸ ਦੇ ਕੰਮ ਰੁਕੇ ਹੋਏ ਦੁਬਾਰਾ ਸ਼ੁਰੂ ਕਰਵਾਏ ਜਾਣਗੇ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਵਤਾਰ ਸਿੰਘ ਕਲੇਰ, ਹਰਭਜਨ ਸਿੰਘ ਹੁੰਦਲ, ਜਥੇਦਾਰ ਬਲਵਿੰਦਰ ਸਿੰਘ ਆਲੇਵਾਲੀ, ਸਰਪੰਚ ਮਨੋਹਰ ਹੇਰਾਂ, ਜਸਵਿੰਦਰ ਸਿੰਘ ਮੱਟੂ ਕਾਂਗਣਾ ਮੀਤ ਪ੍ਰਧਾਨ ਸਰਕਲ ਮੱਲੀਆਂ, ਅਸ਼ੋਕ ਕੁਮਾਰ ਮੈਂਬਰ ਪੰਚਾਇਤ ਕਾਂਗਣਾ, ਜਥੇਦਾਰ ਦਲਵਿੰਦਰ ਸਿੰਘ ਕੁੱਕੂ ਗਹੀਰ, ਜਥੇਦਾਰ ਆਦਰ ਸਿੰਘ ਬੋਪਾਰਾਏ, ਪਲਵਿੰਦਰ ਸਿੰਘ ਬੋਪਾਰਾਏ, ਸਰਪੰਚ ਸੋਨੂੰ ਤਲਵੰਡੀ ਭਰੋਂ, ਨਵਨੀਤ ਥਾਪਰ, ਜਸਪਾਲ ਸਿੰਘ, ਬਲਵੀਰ ਲੰਬੜਦਾਰ ਗਿੱਲਾਂ, ਜੋਰਾ ਗਿੱਲ, ਜਸਵਿੰਦਰ ਸਿੰਘ, ਪਰਮਜੀਤ ਸਿੰਘ ਪ੍ਰਧਾਨ, ਪਰਮਜੀਤ ਘਾਰੂ, ਹਰਜਿੰਦਰ ਸਿੰਘ ਜਿੰਦੂ, ਗੋਗੀ ਪ੍ਰਧਾਨ, ਪਿਆਰਾ ਸਿੰਘ ਠੇਕੇਦਾਰ ਅਤੇ ਯੂਥ ਅਕਾਲੀ ਦਲ ਦੇ ਆਗੂ ਰਾਣਾ ਕਾਂਗਣਾ ਅਤੇ ਪ੍ਰੀਤ ਮੱਟੂ ਅਤੇ ਅਨੇਕਾਂ ਹੀ ਅਹੁਦੇਦਾਰ ਸਾਹਿਬਾਨ ਅਤੇ ਵਰਕਰ ਹਾਜ਼ਰ ਸਨ।

## ਬਨਵਾਲੀਪੁਰ ਦੇ ਦਰਜਨਾਂ ਪਰਵਾਰ 'ਆਪ' 'ਚ ਸ਼ਾਮਲ



**ਕਾਲਾ ਸੰਘਿਆਂ (ਮਨਜੀਤ ਮਾਨ)**-ਆਮ ਆਦਮੀ ਪਾਰਟੀ ਦੇ ਲਾਲਜੀਤ ਸਿੰਘ ਭੁੱਲਰ ਕੈਬਨਿਟ ਮੰਤਰੀ ਉਮੀਦਵਾਰ ਲੋਕ ਸਭਾ ਹਲਕਾ ਖਡੂਰ ਸਾਹਿਬ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ ਉਹਨਾਂ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਨ ਹਲਕਾ ਕਪੂਰਥਲਾ ਦੇ ਪਿੰਡ ਬਨਵਾਲੀਪੁਰ ਪੁਰ ਵਿੱਚ ਕਰਨਵੀਰ ਸਿੰਘ ਚੰਦੀ ਆਪਣੀ ਲੀਡਰਸ਼ਿਪ ਨਾਲ ਪਿੰਡ ਆਲਮਗੀਰ ਕਾਲਾ ਸੰਘਿਆਂ ਟੀਮ ਨਰਿੰਦਰ ਸਿੰਘ ਸੰਘਾ ਸੋਸ਼ਲ ਮੀਡੀਆ ਇੰਚਾਰਜ, ਸੁਲੱਖਣ ਸਿੰਘ ਸੰਘਾ, ਵਿਜੇ ਕੁਮਾਰ ਅਰੋੜਾ, ਡਾ. ਬਲਰਾਮ ਸ਼ਰਮਾ , ਸਰਵਨ ਸਿੰਘ ਸੰਘਾ , ਡਾ. ਭਗਵਾਨ ਦਾਸ ਹੁਣਾਂ ਨਾਲ ਮੀਟਿੰਗਾ ਕਰਨ ਪਹੁੰਚੇ ਅਤੇ ਪਿੰਡ ਦੇ ਲੋਕਾਂ ਨੂੰ ਭਗਵੰਤ ਮਾਨ ਦੀਆਂ ਦਿੱਤੀਆਂ ਸਹੂਲਤਾਂ ਦੀ ਜਾਣਕਾਰੀ ਦਿੱਤੀ ਅਤੇ ਦੱਸਿਆ ਜੋ ਬੀਬੀਆਂ ਨਾਲ ਇੱਕ ਹਜਾਰ ਰੁਪਏ ਪ੍ਰਤੀ ਮਹੀਨਾ ਵਾਲਾ ਵਾਅਦਾ ਕੀਤਾ ਹੈ ਜਲਦੀ ਪੂਰਾ ਕੀਤਾ ਜਾਵੇਗਾ। ਭਗਵੰਤ ਮਾਨ ਦੇ ਕੀਤੇ ਕੰਮਾਂ ਨੂੰ ਦੇਖਦੇ ਹੋਏ ਦਰਜਨਾਂ ਪਰਵਾਰਾਂ ਨੇ ਆਮ ਆਦਮੀ ਪਾਰਟੀ ਦਾ ਪੱਲਾ ਫੜਿਆ ਤੇ ਕਿਹਾ ਕਿ ਆਮ ਆਦਮੀ ਪਾਰਟੀ ਦਾ ਉਮੀਦਵਾਰ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰੇਗਾ।

## ਮੁਖਤਿਆਰ ਸਿੰਘ ਨੇ ਵਧੀਕ ਸਹਾਇਕ ਇੰਜੀਨੀਅਰ ਦਾ ਚਾਰਜ ਸੰਭਾਲਿਆ



**ਮਹਿਤਪੁਰ (ਰਾਜਾ)** ਇੰਜ: ਮੁਖਤਿਆਰ ਸਿੰਘ ਜੋ ਕਿ ਲੰਬੇ ਸਮੇਂ ਤੋਂ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ ਮਹਿਤਪੁਰ ਵਿਖੇ ਪਿਛਲੇ 11 ਸਾਲ ਤੋਂ ਜੇ.ਈ ਦੀ ਡਿਊਟੀ ਨਿਭਾ ਰਹੇ ਹਨ ਸਨ। ਪਿਛਲੇ ਦਿਨੀ ਉਹਨਾਂ ਦੀਆਂ ਸੇਵਾਵਾਂ ਨੂੰ ਦੇਖਦੇ ਹੋਏ ਮਹਿਕਮੇ ਵੱਲੋਂ ਵਧੀਕ ਸਹਾਇਕ ਇੰਜੀਨੀਅਰ ਵਜੋਂ ਤਰੱਕੀ ਦਿੱਤੀ ਗਈ ਹੈ ਜੋ ਕਿ ਉਹਨਾਂ ਵੱਲੋਂ ਮਲਸੀਆਂ ਸਬ ਡਵੀਜ਼ਨ ਵਿਖੇ ਚਾਰਜ ਸੰਭਾਲ ਲਿਆ ਗਿਆ ਹੈ।ਮੁਖਤਿਆਰ ਸਿੰਘ ਨੇ ਦੱਸਿਆ ਕਿ ਮਹਿਕਮੇ ਵੱਲੋਂ ਮੈਨੂੰ ਜੋ ਚਾਰਜ ਦਿੱਤਾ ਗਿਆ ਹੈ ਬਹੁਤ ਹੀ ਤਨਦੇਹੀ ਨਾਲ ਨਿਭਾਵਾਂਗਾ। ਇਸ ਮੌਕੇ ਇੰਜ: ਇੰਦਰਜੀਤ ਸਿੰਘ ਐਕਸੀਅਨ ਨਕੋਦਰ,ਇੰਜ: ਬਲਵਿੰਦਰ ਸਿੰਘ ਐਸ ਡੀ ਓ ਮਹਿਤਪੁਰ,ਇੰਜ: ਸੁਖਦੇਵ ਸਿੰਘ ਸਹੋਤਾ ਐਸ ਡੀ ਓ,ਇੰਜ: ਮਨਜੀਤ ਸਿੰਘ ਫੋਰਮੈਨ,ਇੰਜ: ਹਿਤੈਸ਼ੀ ਡੋਗਰਾ ਮਹਿਤਪੁਰ,ਇੰਜ: ਗੁਰਪ੍ਰੀਤ ਸਿੰਘ ਮਲਸੀਆਂ,ਇੰਜ: ਸੰਦੀਪ ਕੁਮਾਰ ਮਲਸੀਆਂ,ਇੰਜ:ਨਿਰਮਲ ਸਿੰਘ ਲੋਹੀਆਂ,ਇੰਜ: ਹਰਜਾਪ ਸਿੰਘ ਲੋਹੀਆਂ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਗੁਲਦਸਤਾ ਭੇਟ ਕਰਕੇ ਕੁਰਸੀ 'ਤੇ ਬਿਠਾਇਆ।

## ਆਦਮਪੁਰ 'ਚ ਬੀ ਜੇ ਪੀ ਨੂੰ ਵੱਡਾ ਝਟਕਾ, ਕਈ ਅਹੁਦੇਦਾਰ ਕਾਂਗਰਸ 'ਚ ਸ਼ਾਮਲ



**ਆਦਮਪੁਰ (ਪਰਮਜੀਤ ਸਿੰਘ)**-ਆਦਮਪੁਰ, ਜਲੰਧਰ ਲੋਕ ਸਭਾ ਚੋਣਾਂ ਨੂੰ ਆਦਮਪੁਰ ਵਿੱਚ ਬੀ ਜੇ ਪੀ ਨੂੰ ਵੱਡੇ ਝਟਕੇ ਲੱਗ ਰਹੇ ਹਨ। ਇਸੇ ਲੜੀ ਦੇ ਤਹਿਤ ਅੱਜ ਬੀ ਜੇ ਪੀ ਦੇ ਪੁਰਾਣੇ ਅਹੁਦੇਦਾਰਾਂ ਪਾਰਟੀ ਨੂੰ ਅਲਵਿਦਾ ਕਹਿ ਕਾਂਗਰਸ ਦਾ ਹੱਥ ਫੜਿਆ।ਹਲਕਾ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਨੇ ਦੱਸਿਆ ਕਿ ਕਾਂਗਰਸ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਅਤੇ ਉਮੀਦਵਾਰ ਚਰਨਜੀਤ ਸਿੰਘ ਚੰਨੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਬੀਬੀ ਨਿਧੀ ਤਿਵਾੜੀ ਦੀ ਅਗਵਾਈ ਹੇਠ ਬੀ ਜੇ ਪੀ ਦੇ ਪੁਰਾਣੇ ਅਹੁਦੇਦਾਰ ਜਿਨਾਂ ਵਿੱਚ ਜਸਕਰਨ ਸਿੰਘ ਵਾਈਸ ਪ੍ਰਧਾਨ ਯੁਵਾ ਮੋਰਚਾ, ਸੰਤੋਖ ਸਿੰਘ ਮੰਡਲ ਵਾਈਸ ਪ੍ਰਧਾਨ, ਤਰਸੇਮ ਲਾਲ ਅਰਜਨਵਾਲ, ਸਤਵਿੰਦਰ ਕੌਰ ਜ਼ਿਲ੍ਹਾ ਸੈਕਿਟਰੀ ਮਹਿਲਾ ਮੋਰਚਾ, ਗੁਰਜੀਤ ਗਰੇਵਾਲ ਕਿਸਾਨ ਮੋਰਚਾ ਪ੍ਰਧਾਨ ਆਦਮਪੁਰ, ਦੀਪਕ ਵਰਮਾ ਬੀ ਜੇ ਪੀ ਨੂੰ ਅਲਵਿਦਾ ਕਹਿ ਕੇ ਕਾਂਗਰਸ ਵਿੱਚ ਸ਼ਾਮਲ ਹੋ ਗਏ। ਇਸ ਮੌਕੇ ਦਰਸ਼ਨ ਸਿੰਘ ਕਾਰਬਨ ਪ੍ਰਧਾਨ ਨਗਰ ਕੌਂਸਲ ਤੇ ਭੁਪਿੰਦਰ ਸਿੰਘ ਭਿੰਦਾ ਕੌਂਸਲਰ ਨੇ ਸ਼ਾਮਲ ਹੋਏ ਅਹੁਦੇਦਾਰਾਂ ਦਾ ਸਿਰੋਪਾ ਪਾ ਕੇ ਸਵਾਗਤ ਕੀਤਾ।

# ਪਹਿਚਾਣ ਪੱਤਰ ਤੋਂ ਇਲਾਵਾ 12 ਹੋਰ ਦਸਤਾਵੇਜ਼ਾਂ ਰਾਹੀਂ ਪਾਈ ਜਾ ਸਕਦੀ ਹੈ ਵੋਟ : ਜ਼ਿਲ੍ਹਾ ਚੋਣ ਅਫ਼ਸਰ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**-ਲੋਕ ਸਭਾ ਚੋਣਾਂ ਦੌਰਾਨ ਪੰਜਾਬ ਦੇ ਵੋਟਰਾਂ ਦੀ ਸਹੂਲਤ ਲਈ ਭਾਰਤ ਦੇ ਚੋਣ ਕਮਿਸ਼ਨ ਨੇ ਵੋਟਰਾਂ ਨੂੰ 1 ਜੂਨ ਨੂੰ ਵੋਟ ਪਾਉਣ ਲਈ ਮਤਦਾਤਾ ਫੋਟੋ ਪਹਿਚਾਣ ਪੱਤਰ ਤੋਂ ਇਲਾਵਾ 12 ਹੋਰ ਅਧਿਕਾਰਤ ਦਸਤਾਵੇਜ਼ਾਂ ਨੂੰ ਪਹਿਚਾਣ ਦੇ ਸਬੂਤ ਵਜੋਂ ਮਾਨਤਾ ਦਿੱਤੀ ਹੈ। ਇਨ੍ਹਾਂ ਦਸਤਾਵੇਜ਼ਾਂ ਵਿੱਚੋਂ ਕੋਈ ਵੀ ਇਕ ਦਸਤਾਵੇਜ਼ ਵੋਟਰ ਆਪਣੀ ਪਹਿਚਾਣ ਵਜੋਂ ਪੋਲਿੰਗ ਸਟੇਸ਼ਨ 'ਤੇ ਨਾਲ ਲਿਜਾ ਸਕਦਾ ਹੈ। ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਜੋ ਮਤਦਾਤਾ ਫੋਟੋ ਪਹਿਚਾਣ ਪੱਤਰ ਪੇਸ਼ ਕਰਨ ਦੇ ਯੋਗ ਨਹੀਂ ਹਨ, 12 ਹੋਰ ਦਸਤਾਵੇਜ਼ ਪੇਸ਼ ਕਰ ਸਕਦੇ ਹਨ, ਬਸ਼ਰਤੇ ਉਸ ਵਿਅਕਤੀ ਦਾ ਨਾਂਅ ਵੋਟਰ ਸੂਚੀ ਵਿਚ ਸ਼ਾਮਲ ਹੋਵੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜਿਨ੍ਹਾਂ ਵੋਟਰਾਂ ਕੋਲ ਮਤਦਾਤਾ ਫੋਟੋ ਪਹਿਚਾਣ ਪੱਤਰ ਨਹੀਂ ਹਨ, ਉਹ ਆਧਾਰ ਕਾਰਡ, ਮਨਰੇਗਾ ਜੌਬ ਕਾਰਡ, ਬੈਂਕਾਂ/ਡਾਕਖਾਨੇ ਦੁਆਰਾ ਜਾਰੀ ਫੋਟੋ ਸਹਿਤ ਪਾਸਬੁੱਕ, ਕਿਰਤ ਮੰਤਰਾਲੇ ਦੀ ਸਕੀਮ ਤਹਿਤ ਜਾਰੀ ਹੈਲਥ ਸਮਾਰਟ ਕਾਰਡ, ਡਰਾਈਵਿੰਗ ਲਾਇਸੰਸ, ਪੈਨ ਕਾਰਡ, ਐਨ. ਪੀ. ਆਰ. ਅਧੀਨ ਆਰ. ਜੀ. ਆਈ. ਵਲੋਂ ਜਾਰੀ ਸਮਾਰਟ ਕਾਰਡ, ਭਾਰਤੀ ਪਾਸਪੋਰਟ, ਫੋਟੋ ਸਹਿਤ ਪੈਨਸ਼ਨ ਦਸਤਾਵੇਜ਼, ਕੇਂਦਰ/ਸੂਬਾ ਸਰਕਾਰਾਂ/ਜਨਤਕ ਖੇਤਰ ਦੇ ਅਦਾਰਿਆਂ ਜਾਂ ਪਬਲਿਕ ਲਿਮਿਟਿਡ ਕੰਪਨੀਆਂ ਦੁਆਰਾ ਆਪਣੇ ਮੁਲਾਜ਼ਮਾਂ ਨੂੰ ਜਾਰੀ ਸਰਵਿਸ ਪਹਿਚਾਣ ਪੱਤਰ, ਐਮ.ਪੀ. ਐਮ.ਐਲ.ਏ. ਨੂੰ ਜਾਰੀ ਪਹਿਚਾਣ ਪੱਤਰ ਅਤੇ ਯੂਨੀਕ ਡਿਸਏਬਿਲਟੀ ਪਹਿਚਾਣ ਪੱਤਰ ਜੋ ਕਿ ਭਾਰਤ ਸਰਕਾਰ ਦੇ ਸਮਾਜਿਕ ਨਿਆਂ ਅਤੇ ਅਧਿਕਾਰਤਾ ਵਲੋਂ ਜਾਰੀ ਕੀਤਾ ਹੋਵੇ, ਨੂੰ ਦਿਖਾ ਕੇ ਵੀ ਵੋਟ ਪਾ ਸਕਦੇ ਹਨ।

ਉਨ੍ਹਾਂ ਨੇ ਅਪੀਲ ਕੀਤੀ ਕਿ ਵੋਟ ਸਾਡਾ ਹੱਕ ਹੈ ਅਤੇ ਹਰੇਕ ਯੋਗ ਵੋਟਰ ਬਿਨਾਂ ਕਿਸੇ ਡਰ, ਭੈਅ ਜਾਂ ਲਾਲਚ ਦੇ ਆਪਣੇ ਮਤਦਾਨ ਦੇ ਹੱਕ ਦੀ ਵਰਤੋਂ ਕਰੇ।

# ਆਈ ਕੇ ਜੀ ਪੀ ਟੀ ਯੂ ਦੇ ਦੋ ਐੱਨ ਸੀ ਸੀ ਕੈਡੇਟ ਸਨਮਾਨਤ

**ਜਲੰਧਰ (ਸ਼ੈਲੀ ਐਲਬਰਟ)**-ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ (ਆਈ.ਕੇ.ਜੀ ਪੀ.ਟੀ.ਯੂ.) ਦੇ ਦੋ ਐਨ.ਸੀ.ਸੀ. ਕੈਡੇਟ (ਨੈਸ਼ਨਲ ਕੈਡੇਟਸ ਕਾਰਪਸ) ਦੀ ਚੋਣ ਸਰਬੋਤਮ ਕੈਡੇਟ ਦੇ ਤੌਰ 'ਤੇ ਹੋਈ ਹੈ।

ਇਹਨਾਂ ਚੁਣੇ ਗਏ ਕੈਡੇਟ ਦਾ ਨਾਂਅ ਕੈਡੇਟ ਅਰਚਿਤਾ ਕਟੋਚ, ਆਦਿਤਿਆ ਹੈ! ਕੈਡਿਟ ਅਰਚਿਤਾ ਕਟੋਚ ਨੂੰ ਸਨਮਾਨ ਦੇ ਨਾਲ ਨਾਲ 4500/- ਰੁਪਏ ਦੀ ਨਕਦ ਰਾਸ਼ੀ ਵੀ ਮਿਲੇਗੀ! ਕੈਡੇਟ ਅਰਚਿਤਾ ਦੀ ਚੋਣ ਸੀ.ਡਬਲਯੂ ਐਸ ਸਰਬੋਤਮ ਅਵਾਰਡ ਲਈ ਹੋਈ ਹੈ ਤੇ ਕੈਡੇਟ ਆਦਿਤਿਆ ਨੂੰ ਕੈਡੇਟ ਬੈਸਟ ਅਵਾਰਡ ਦਾ ਸਨਮਾਨ ਮਿਲਿਆ ਹੈ! ਯੂਨਿਵਰਸਿਟੀ ਦੇ ਉਪ-ਕੁਲਪਤੀ ਪ੍ਰੋ (ਡਾ ) ਸੁਸ਼ੀਲ ਮਿੱਤਲ ਨੇ ਦੋਵਾਂ ਕੈਡੇਟਸ ਨੂੰ ਯੂਨੀਵਰਸਿਟੀ ਕੈਂਪਸ ਵਿੱਚ ਸਨਮਾਨਿਤ ਕੀਤਾ ਤੇ ਉਹਨਾਂ ਦੇ ਹੋਰ ਬਿਹਤਰ ਭਵਿੱਖ ਦੀ ਕਾਮਨਾ ਕੀਤੀ! ਰਜਿਸਟ੍ਰਾਰ ਡਾ.ਐਸ.ਕੇ ਮਿਸ਼ਰਾ ਨੇ ਕੈਂਪਸ ਦੀ ਐਨ.ਸੀ.ਸੀ ਟੀਮ ਨੂੰ ਇਸ ਉਪਲਬਧੀ ਲਈ ਵਧਾਈ ਦਿੱਤੀ ਹੈ! ਯੂਨੀਵਰਸਿਟੀ ਵਿੱਚ ਦੋਵੇਂ ਕੈਡੇਟਸ ਨੂੰ ਸਨਮਾਨਤ ਵੀ ਕੀਤਾ ਗਿਆ।

# ਮਾਤਾ ਗੁਜਰੀ ਖ਼ਾਲਸਾ ਕਾਲਜ 'ਚ ਮਿਲਟਸ ਦੇ ਲਾਭਾਂ 'ਤੇ ਜਾਗਰੂਕਤਾ ਪ੍ਰੋਗਰਾਮ




**ਕਰਤਾਰਪੁਰ (ਹਰਮੇਸ਼ ਦੱਤ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚਲਾਏ ਜਾ ਰਹੇ ਮਾਤਾ ਗੁਜਰੀ ਖ਼ਾਲਸਾ ਕਾਲਜ, ਕਰਤਾਰਪੁਰ ਵਿਖੇ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਦੀ ਯੋਗ ਅਗਵਾਈ ਹੇਠ ਈਕੋ ਕੱਲਬ ਵੱਲੋਂ ਸਾਇੰਸ ਵਿਭਾਗ ਦੇ ਸਹਿਯੋਗ ਨਾਲ ਵਾਤਾਵਰਨ ਸਿੱਖਿਆ ਪ੍ਰੋਗਰਾਮ ਤਹਿਤ 'ਮਿਲਟਸ ਦੇ ਲਾਭਾਂ ਪ੍ਰਤੀ ਜਾਗਰੂਕਤਾ ਪ੍ਰੋਗਰਾਮ' ਕਰਵਾਇਆ ਗਿਆ। ਇਹ ਪ੍ਰੋਗਰਾਮ ਮਨਿਸਟਰੀ ਆਫ ਵਾਤਾਵਰਨ, ਜੰਗਲਾਤ ਤੇ ਜਲਵਾਯੂ ਪਰਿਵਰਤਨ ਮੰਤਰਾਲਾ, ਭਾਰਤ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਆਯੋਜਿਤ ਕੀਤਾ ਗਿਆ ਸੀ। ਇਸ ਪ੍ਰੋਗਰਾਮ ਤਹਿਤ ਵਿਦਿਆਰਥੀਆਂ ਦੇ ਮਿਲੇਟਸ ਦੇ ਲਾਭਾਂ ਨੂੰ ਦਰਸਾਉਂਦੇ ਹੋਏ ਚਾਰਟ ਮੇਕਿੰਗ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ 'ਚ ਚੰਦਨ, ਮੁਸਕਾਨ ਅਤੇ ਬ੍ਰਿਜੇਸ਼ ਨੇ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ।

ਮੁਕਾਬਲਿਆਂ ਦੀ ਜੱਜਮੈਂਟ ਡਾ. ਸੁਚੇਤਾ ਰਾਣੀ ਅਤੇ ਪ੍ਰੋ. ਕੁਲਵਿੰਦਰ ਕੌਰ ਨੇ ਕੀਤੀ। ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਨੇ ਕਿਹਾ ਕਿ ਅੱਜ ਦੀ ਭੱਜ ਦੌੜ ਦੀ ਜ਼ਿੰਦਗੀ ਵਿਚ ਅਸੀਂ ਕਿਸੇ ਨਾ ਕਿਸੇ ਸਰੀਰਕ ਸਮੱਸਿਆ ਨਾਲ ਜੂਝ ਰਹੇ ਹਾਂ।

ਇਸ ਲਈ ਸਾਨੂੰ ਆਪਣੇ ਖਾਣ-ਪੀਣ ਵੱਲ ਵਿਸ਼ੇਸ਼ ਤੌਰ 'ਤੇ ਧਿਆਨ ਦੇਣ ਦੀ ਜਰੂਰਤ ਹੈ। ਪੌਸ਼ਟਿਕ ਤੱਤਾਂ ਨਾਲ ਭਰਪੂਰ ਮਿਲਟਸ ਨੂੰ ਅਸੀਂ ਅਨੇਕਾਂ ਤਰੀਕਿਆਂ ਨਾਲ ਆਪਣੀ ਖੁਰਾਕ ਵਿਚ ਸ਼ਾਮਲ ਕਰ ਸਕਦੇ ਹਾਂ। ਪ੍ਰਤੀਯੋਗੀ ਵਿਦਿਆਰਥੀਆਂ ਨੂੰ ਸਰਟੀਫ਼ਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਮੂਹ ਸਟਾਫ਼ ਮੈਂਬਰਜ਼ ਹਾਜ਼ਰ ਸੀ।

# ਵੱਖ-ਵੱਖ ਪਿੰਡਾਂ 'ਚ ਮੁਫ਼ਤ ਯੋਗ ਕੈਂਪ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ )**-ਸ੍ਰੀ ਗੁਰੂ ਰਵਿਦਾਸ ਆਯੁਰਵੈਦ ਯੂਨੀਵਰਸਿਟੀ ਹੁਸ਼ਿਆਰਪੁਰ ਵੱਲੋਂ ਮੁਫ਼ਤ ਯੋਗਾ ਕਲਾਸਾਂ ਸ਼ੁਰੂ ਕੀਤੀਆਂ ਗਈਆਂ ਹਨ। ਨੂਰਪੁਰਬੇਦੀ ਬਲਾਕ ਦੇ 4 ਪਿੰਡਾਂ 'ਚ ਉਕਤ ਮੁਫ਼ਤ ਯੋਗਾ ਕੈਂਪ ਨਿਰਵਿਘਨ ਚੱਲ ਰਹੇ ਹਨ। ਇਸ ਮੌਕੇ ਯੂਨੀਵਰਸਿਟੀ ਦੀ ਤਰਫ਼ੋਂ ਵਿਸ਼ੇਸ਼ ਰੂਪ 'ਚ ਪਹੁੰਚੇ ਯੋਗ ਸਿੱਖਿਅਕ ਰਮੇਸ਼ ਕੁਮਾਰ ਨੇ ਨੂਰਪੁਰਬੇਦੀ ਵਿਖੇ ਯੋਗ ਕੈਂਪ ਦੌਰਾਨ ਦੱਸਿਆ ਕਿ ਯੋਗ ਇਕ ਅਜਿਹਾ ਸਾਧਨ ਹੈ ਜਿਸ ਰਾਹੀਂ ਵਿਅਕਤੀ ਨਾ ਕੇਵਲ ਤੰਦਰੁਸਤ ਰਹਿੰਦਾ ਹੈ, ਬਲਕਿ ਉਸ ਨੂੰ ਕਈ ਰੋਗਾਂ ਤੋਂ ਵੀ ਨਿਜਾਤ ਮਿਲਦੀ ਹੈ। ਉਨ੍ਹਾਂ ਆਖਿਆ ਕਿ ਭੱਜ ਦੌੜ ਭਰੀ ਇਸ ਜ਼ਿੰਦਗੀ 'ਚ ਹਰ ਇਕ ਇਨਸਾਨ ਨੂੰ ਆਪਣੀ ਸਿਹਤ ਨੂੰ ਧਿਆਨ 'ਚ ਰੱਖਦਿਆਂ ਨਿਯਮਿਤ ਕਸਰਤ ਕਰਨੀ ਚਾਹੀਦੀ ਹੈ ਜੋ ਕਿ ਯੋਗ ਰਾਹੀਂ ਆਸਾਨ ਅਤੇ ਸੰਭਵ ਹੈ। ਇਸ ਮੌਕੇ ਜਿੱਥੇ ਉਨ੍ਹਾਂ ਕੈਂਪ 'ਚ ਹਾਜ਼ਰ ਹੋਏ ਲੋਕਾਂ ਨੂੰ ਧਿਆਨ ਦਾ ਅਭਿਆਸ ਕਰਵਾਇਆ ਉੱਥੇ ਹੀ ਪ੍ਰਾਣਾਯਾਮ, ਸੂਖਸ਼ਮ, ਭੁਜੰਗ, ਉਤਾਨਪਾਦ, ਕਪਾਲ ਭਾਤੀ, ਸ਼ਵਾਸਆਸਨ, ਪਦਮਾਸਨ, ਵਜਰ, ਸ਼ਸ਼ਾਂਕ, ਸਵਾਸ ਕਿਰਿਆ, ਸੂਰਿਆ ਨਮਸਕਾਰ ਅਤੇ ਮੰਡੂਕ ਸਹਿਤ ਵੱਖ-ਵੱਖ ਪ੍ਰਕਾਰ ਦੇ ਆਸਣ ਕਰਵਾਏ। ਯੋਗ ਸਿੱਖਿਅਕ ਰਮੇਸ਼ ਕੁਮਾਰ ਨੇ ਦੱਸਿਆ ਕਿ ਸ਼ਿਵ ਮੰਦਰ ਸੈਣੀਮਾਜਰਾ ਵਿਖੇ ਸਵੇਰੇ 7 ਵਜੇ ਤੋਂ 8 ਵਜੇ, ਸਤਨਾਰਾਇਣ ਮੰਦਰ ਨੂਰਪੁਰਬੇਦੀ ਵਿਖੇ ਸਵੇਰੇ 5.30 ਵਜੇ ਤੋਂ 6.30 ਵਜੇ, ਸ਼ਿਵ ਮੰਦਰ ਲਸਾੜੀ ਵਿਖੇ ਸ਼ਾਮੀ 4.30 ਵਜੇ ਤੋਂ 5.30 ਵਜੇ ਤੱਕ ਅਤੇ ਸਿੰਬਲਮਾਜਰਾ ਵਿਖੇ ਸ਼ਾਮੀ 5.45 ਤੋਂ 6.45 ਵਜੇ ਤੱਕ ਰੋਜ਼ਾਨਾ ਇਕ ਘੰਟਾ ਮੁਫ਼ਤ ਯੋਗਾ ਕੈਂਪ ਨਿਰਵਿਘਨ ਜਾਰੀ ਹਨ।

# ਲੂ ਤੋਂ ਬਚਾਅ ਲਈ ਬਜ਼ੁਰਗਾਂ, ਬੱਚਿਆਂ ਤੇ ਗਰਭਵਤੀ ਔਰਤਾਂ ਪ੍ਰਤੀ ਸੰਵੇਦਨਸ਼ੀਲ ਹੋਣ ਦੀ ਲੋੜ : ਡਾ. ਪਾਲ



**ਨਵਾਂਸ਼ਹਿਰ, ( ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਸਿਹਤ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਨੇ ਸਖ਼ਤ ਗਰਮੀ ਨੂੰ ਵੇਖਦਿਆਂ ਲੋਕਾਂ ਨੂੰ ਲੂ ਤੋਂ ਬਚਾਅ ਲਈ ਅਡਵਾਈਜ਼ਰੀ ਜਾਰੀ ਕੀਤੀ ਹੈ। ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਰਾਕੇਸ਼ ਪਾਲ ਨੇ ਲੋਕਾਂ ਨੂੰ ਅਪੀਲ ਕਰਦਿਆਂ ਦੱਸਿਆ ਕਿ ਮਈ ਤੇ ਜੂਨ ਮਹੀਨਿਆਂ ਦੌਰਾਨ ਮੌਸਮ ਆਮ ਤੌਰ 'ਤੇ ਕਾਫ਼ੀ ਗਰਮ ਹੁੰਦਾ ਹੈ, ਇਸ ਲਈ ਅਪਣੇ-ਆਪ ਦਾ ਗਰਮੀ ਦੀ ਲਹਿਰ ਤੋਂ ਆਪਣਾ ਬਚਾਅ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਲੂ ਤੋਂ ਬਚਾਅ ਲਈ ਬਜ਼ੁਰਗਾਂ, ਬੱਚਿਆਂ ਤੇ ਗਰਭਵਤੀ ਔਰਤਾਂ ਪ੍ਰਤੀ ਸੰਵੇਦਨਸ਼ੀਲ ਹੋਣ ਦੀ ਲੋੜ ਹੈ, ਕਿਉਂਕਿ ਇਸ ਦਾ ਦਾ ਅਸਰ 65 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬਜ਼ੁਰਗਾਂ ਅਤੇ ਨਵਜਨਮੇ ਬੱਚਿਆਂ, ਛੋਟੇ ਬੱਚਿਆਂ, ਗਰਭਵਤੀ ਔਰਤਾਂ, ਖੁੱਲ੍ਹੇ ਆਸਮਾਨ ਹੇਠ ਕੰਮ ਕਰਨ ਵਾਲੇ ਲੋਕਾਂ, ਮਾਨਸਿਕ ਜਾਂ ਸਰੀਰਿਕ ਬਿਮਾਰੀ ਤੋਂ ਪੀੜਤ ਲੋਕਾਂ ਖ਼ਾਸਕਰ ਦਿਲ ਦੀ ਬਿਮਾਰੀ ਜਾਂ ਹਾਈ ਬਲੱਡ ਪ੍ਰੈਸ਼ਰ ਦੇ ਰੋਗੀਆਂ, ਮੋਟਾਪੇ ਤੋਂ ਪੀੜਤ ਲੋਕਾਂ 'ਤੇ ਜ਼ਿਆਦਾ ਹੁੰਦਾ ਹੈ। ਅਜਿਹੇ ਵਿਅਕਤੀਆਂ ਅੰਦਰ ਪਾਣੀ ਦੀ ਘਾਟ ਪੈਦਾ ਹੋ ਸਕਦੀ ਹੈ, ਜਿਸ ਕਾਰਨ ਉਹ ਗਰਮੀ ਤੇ ਲੂ ਦੀ ਲਪੇਟ 'ਚ ਛੇਤੀ ਆ ਸਕਦੇ ਹਨ। ਡਾ. ਪਾਲ ਨੇ ਦੱਸਿਆ ਕਿ ਗਰਮੀ ਕਾਰਨ ਤਾਪਮਾਨ ਵਧ ਜਾਂਦਾ ਹੈ, ਜਿਸ ਕਾਰਨ ਸਰੀਰ ਅੰਦਰ ਪਾਣੀ ਦੀ ਘਾਟ ਪੈਦਾ ਹੋ ਸਕਦੀ ਹੈ, ਵਿਅਕਤੀ ਨੂੰ ਚੱਕਰ ਆ ਸਕਦੇ ਹਨ, ਬੇਹੋਸ਼ ਹੋ ਕੇ ਡਿੱਗ ਸਕਦਾ ਹੈ। ਉਨ੍ਹਾਂ ਦੱਸਿਆ ਕਿ ਗਰਮੀ ਕਾਰਨ ਪਿੱਤ ਹੋਣਾ ਜਾਂ ਚੱਕਰ ਆਉਣੇ, ਬਹੁਤ ਪਸੀਨਾ ਆਉਣਾ ਤੇ ਥਕਾਨ ਹੋਣਾ, ਸਿਰਦਰਦ ਤੇ ਉਲਟੀਆਂ ਲੱਗਣੀਆਂ, ਗਰਮੀ ਦੇ ਬਾਵਜੂਦ ਘੱਟ ਪਸੀਨਾ ਆਉਣਾ, ਲਾਲ, ਗਰਮ ਤੇ ਖ਼ੁਸ਼ਕ ਚਮੜੀ, ਮਾਸਪੇਸ਼ੀਆਂ ਵਿਚ ਕਮਜ਼ੋਰੀ ਆਦਿ ਇਸ ਦੇ ਲੱਛਣ ਹੋ ਸਕਦੇ ਹਨ। ਉਨ੍ਹਾਂ ਦੱਸਿਆ ਕਿ ਆਪਣੇ ਘਰ ਨੂੰ ਠੰਢਾ ਰੱਖੋ। ਦਿਨ ਵੇਲੇ ਤਾਕੀਆਂ ਤੇ ਦਰਵਾਜ਼ੇ ਬੰਦ ਰੱਖੋ। ਪਾਣੀ ਜ਼ਿਆਦਾ ਪੀਓ। ਲੱਸੀ, ਨਿੰਬੂ ਪਾਣੀ, ਓ.ਆਰ.ਐਸ. ਅਤੇ ਹੋਰ ਤਰਲ ਪਦਾਰਥਾਂ ਦਾ ਸੇਵਨ ਕਰੋ। ਸਰੀਰ ਨੂੰ ਠੰਢਾ ਰੱਖੋ ਤੇ ਹਲਕੇ ਰੰਗ ਦੇ ਕੱਪੜੇ ਪਾਓ। ਬਾਹਰ ਜਾਣ 'ਤੇ ਐਨਕ ਲਾਓ ਤੇ ਸਿਰ ਢਕ ਕੇ ਰੱਖੋ। ਜੇਕਰ ਬਾਹਰ ਹੋ ਤਾਂ ਬੈਠਣ ਲਈ ਠੰਢੀ ਥਾਂ ਲੱਭੋ ਜਿਵੇਂ ਰੁੱਖ ਜਾਂ ਹੋਰ ਛਾਂਦਾਰ ਥਾਂ। ਮੌਸਮ ਅਨੁਸਾਰ ਫਲ-ਸਬਜ਼ੀਆਂ ਦੀ ਵੱਧ ਤੋਂ ਵੱਧ ਵਰਤੋਂ ਕਰੋ। ਨੰਗੇ ਪੈਰ ਬਾਹਰ ਨਾ ਜਾਓ। ਹਰ ਅੱਧੇ ਘੰਟੇ ਬਾਅਦ ਪਾਣੀ ਪੀਓ। ਧੁੱਪ 'ਚ ਜਾਣ ਵੇਲੇ ਪਾਣੀ ਨਾਲ ਲੈ ਕੇ ਜਾਓ। ਆਮ ਤੌਰ 'ਤੇ ਦੁਪਹਿਰ 12 ਵਜੇ ਤੋਂ ਦੁਪਹਿਰ ਬਾਅਦ 4 ਵਜੇ ਤੱਕ ਬਾਹਰ ਜਾਣ ਤੋਂ ਬਚੋ। ਰਸੋਈ ਦੇ ਖੇਤਰ ਨੂੰ ਹਵਾਦਾਰ ਰੱਖੋ। ਬੱਚਿਆਂ ਨੂੰ ਪਾਰਕ ਕੀਤੇ ਵਾਹਨ ਵਿਚ ਨਾ ਛੱਡੋ। ਗਰਮ ਪਦਾਰਥ ਚਾਹ, ਕੌਫ਼ੀ, ਮਸਾਲੇਦਾਰ ਤੇ ਬਾਸੀ ਖਾਣਾ ਨਾ ਖਾਓ।

# ਵਿਜੈਇੰਦਰ ਸਿੰਗਲਾ ਵੱਲੋਂ ਬੰਗਾ ਹਲਕੇ ਦਾ ਤੂਫ਼ਾਨੀ ਦੌਰਾ



**ਬੰਗਾ (ਅਵਤਾਰ ਕਲੇਰ)**- ਸ੍ਰੀ ਅਨੰਦਪੁਰ ਸਾਹਿਬ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਵਿਜੈਇੰਦਰ ਸਿੰਗਲਾ, ਚੌਧਰੀ ਤਰਲੋਚਨ ਸਿੰਘ ਸੂੰਢ ਸਾਬਕਾ ਵਿਧਾਇਕ ਬੰਗਾ, ਸਤਵੀਰ ਸਿੰਘ ਪੱਲੀ ਝਿੱਕੀ ਸਾਬਕਾ ਚੇਅਰਮੈਨ, ਕਮਲਜੀਤ ਬੰਗਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਅਤੇ ਬੰਗਾ ਹਲਕੇ ਦੀ ਸਾਰੀ ਟੀਮ ਵਲੋਂ ਸਕੋਹਪੁਰ, ਕਰਨਾਣਾ, ਰਟੈਂਡਾ, ਹਕੀਮਪੁਰ, ਲਾਲੋਮਜਾਰਾ, ਗੁਣਾਚੌਰ, ਪਠਲਾਵਾ, ਪੱਦੀ ਮੱਠਵਾਲੀ, ਕਲੇਰਾਂ, ਚੱਕ ਬਿਲਗਾ, ਖੋਥੜਾਂ, ਕੁਲਥਮ, ਬਹਿਰਾਮ ਅਤੇ ਬੰਗਾ ਸ਼ਹਿਰ ਦਾ ਤੂਫ਼ਾਨੀ ਦੌਰਾ ਕੀਤਾ।ਖੋਥੜਾਂ ਵਿਖੇ ਸੰਬੋਧਨ ਕਰਦਿਆਂ ਵਿਜੈਇੰਦਰ ਸਿੰਗਲਾ ਨੇ ਕਿਹਾ ਕਿ ਮੋਦੀ ਸਰਕਾਰ ਦੀਆਂ ਵਧੀਕੀਆਂ ਤੋਂ ਲੋਕ ਤੰਗ ਆ ਚੁੱਕੇ ਹਨ।ਇਹ ਸਰਕਾਰ ਕਾਰਪੋਰੇਟ ਘਰਾਣਿਆਂ ਦੀ ਸਰਕਾਰ ਹੈ। ਇਸ ਸਰਕਾਰ ਵੇਲੇ ਅਮੀਰੀ ਅਤੇ ਗਰੀਬੀ ਦਾ ਪਾੜਾ ਵਧਿਆ ਹੈ।ਜੇ ਕੇਂਦਰ 'ਚ ਭਾਜਪਾ ਸਰਕਾਰ ਤੀਸਰੀ ਵਾਰੀ ਸੱਤਾ 'ਚ ਅਉਂਦੀ ਹੈ ਤਾਂ ਇਹ ਸਰਕਾਰ ਬਾਬਾ ਸਾਹਿਬ ਡਾ. ਅੰਬੇਡਕਰ ਦਾ ਲਿਖਿਆ ਹੋਇਆ ਸੰਵਿਧਾਨ ਖਤਮ ਕਰ ਦੇਣਗੇ।ਇਸ ਲਈ ਕਾਂਗਰਸ ਪਾਰਟੀ ਨੂੰ ਵੋਟਾਂ ਪਾਓ। ਪੰਜਾਬ ਸਰਕਾਰ ਬਾਰੇ ਬੋਲਦਿਆਂ ਸਿੰਗਲਾ ਨੇ ਕਿਹਾ ਕਿ ਬਦਲਾਅ ਲਈ ਲੋਕਾਂ ਨੇ ਭਾਰੀ ਗਿਣਤੀ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਚੁਣੀ। ਆਪ ਸਰਕਾਰ ਨੇ ਲੋਕਾਂ ਨੂੰ ਸਿਰਫ ਲਾਰੇ ਹੀ ਲਾਏ ਹਨ। ਸਾਬਕਾ ਵਿਧਾਇਕ ਚੌਧਰੀ ਤਰਲੋਚਨ ਸਿੰਘ ਸੂੰਢ, ਸਤਵੀਰ ਸਿੰਘ ਪੱਲੀ ਝਿੱਕੀ, ਕਮਲਜੀਤ ਬੰਗਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਲੋਕਤੰਤਰ 'ਚ ਵਿਸ਼ਵਾਸ ਰੱਖਦੀ ਹੈ ਅਤੇ ਗਰੀਬ ਲੋਕਾਂ ਦੀ ਹਮਦਰਦ ਪਾਰਟੀ ਹੈ। ਉਨ੍ਹਾਂ ਕਿਹਾ ਕਿ ਕੇਂਦਰ 'ਚ ਕਾਂਗਰਸ ਪਾਰਟੀ ਦੀ ਅਗਵਾਈ 'ਚ ਇੰਡੀਆ ਗੱਠਜੋੜ ਦੀ ਸਰਕਾਰ ਬਣਨ ਜਾ ਰਹੀ ਹੈ। ਪਾਰਟੀ ਵਲੋਂ ਬਲਿਹਾਰ ਸਿੰਘ ਮੇਹਲੀ ਨੂੰ ਦੁਬਾਰਾ ਪਾਰਟੀ ਦਾ ਜ਼ਿਲ੍ਹਾ ਜਨਰਲ ਸਕੱਤਰ ਨਿਯੁਕਤ ਕੀਤਾ ਅਤੇ ਨਿਯੁਕਤੀ ਪੱਤਰ ਸੌਂਪਿਆ। ਮੇਹਲੀ ਨੇ ਪਾਰਟੀ ਆਗੂਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਪਾਰਟੀ ਉਮੀਦਵਾਰ ਨੂੰ ਭਾਰੀ ਗਿਣਤੀ 'ਚ ਜਤਾਵਾਂਗੇ। ਸੀ ਪੀ ਆਈ ਦੇ ਜ਼ਿਲ੍ਹਾ ਕਾਰਜਕਾਰੀ ਸਕੱਤਰ ਕਾਮਰੇਡ ਨਰੰਜਣ ਦਾਸ ਮੇਹਲੀ ਨੇ ਸੰਬੋਧਨ ਕਰਦਿਆਂ ਇੰਡੀਆ ਗੱਠਜੋੜ ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ। ਹਰਭਜਨ ਸਿੰਘ ਭਰੋਲੀ, ਡਾ. ਹਰਪ੍ਰੀਤ ਸਿੰਘ ਕੈਂਥ, ਕੁਲਵਰਨ ਸਿੰਘ ਥਾਂਦੀਆ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਜਗਤਾਰ ਸ਼ਰਮਾ, ਅਕਸ਼ੈ ਭਨੋਟ, ਅਮਨਦੀਪ ਸਿੰਘ ਮੇਹਲੀ, ਦਇਆ ਸਿੰਘ ਖੋਥੜਾਂ, ਗੁਰਦੀਪ ਸਿੰਘ ਖੋਥੜਾਂ, ਮਹਾਂਵੀਰ ਸਿੰਘ ਮੇਹਲੀ, ਮੇਜਰ ਹਲਵਾਈ ਆਦਿ ਹਾਜ਼ਰ ਸਨ।

# ਅੰਮ੍ਰਿਤਪਾਲ ਤੇ ਸਿਮਰਨਜੀਤ ਸਿੰਘ ਮਾਨ ਵਰਗੇ ਲੋਕ ਪੰਜਾਬ ਲਈ ਖ਼ਤਰਾ : ਡਾ. ਸੁਭਾਸ਼ ਸ਼ਰਮਾ

**ਮੋਹਾਲੀ (ਗੁਰਜੀਤ ਬਿੱਲਾ)**-ਭਾਰਤੀ ਜਨਤਾ ਪਾਰਟੀ ਦੇ ਸ੍ਰੀ ਆਨੰਦਪੁਰ ਸਾਹਿਬ ਤੋਂ ਉਮੀਦਵਾਰ ਡਾ: ਸੁਭਾਸ਼ ਸ਼ਰਮਾ ਨੇ ਸ਼ਨੀਵਾਰ ਨੂੰ ਚੋਣ ਪ੍ਰਚਾਰ ਦੌਰਾਨ ਖਾਲਿਸਤਾਨੀ ਆਗੂ ਅੰਮ੍ਰਿਤਪਾਲ ਸਿੰਘ ਅਤੇ ਸਿਮਰਨਜੀਤ ਸਿੰਘ ਮਾਨ 'ਤੇ ਤਿੱਖੇ ਹਮਲੇ ਕੀਤੇ। ਅੰਮ੍ਰਿਤਪਾਲ ਅਤੇ ਮਾਨ ਨੂੰ ਪੰਜਾਬ ਲਈ ਖ਼ਤਰਾ ਦੱਸਦਿਆਂ ਡਾ: ਸ਼ਰਮਾ ਨੇ ਕਿਹਾ ਕਿ ਇਨ੍ਹਾਂ ਦੋਵਾਂ ਨੇ ਹਮੇਸ਼ਾ ਪੰਜਾਬ ਨੂੰ ਦੇਸ਼ ਨਾਲੋਂ ਵੱਖ ਕਰਨ ਦੀ ਗੱਲ ਕੀਤੀ ਹੈ, ਜਿਸ ਨੂੰ ਇੱਕ ਸੱਚਾ ਪੰਜਾਬੀ ਕਦੇ ਵੀ ਪਸੰਦ ਨਹੀਂ ਕਰਦਾ। ਉਨ੍ਹਾਂ ਨੌਜਵਾਨਾਂ ਵਿੱਚ ਅੰਮ੍ਰਿਤਪਾਲ ਦੀ ਵੱਧ ਰਹੀ ਲੋਕਪ੍ਰਿਅਤਾ 'ਤੇ ਚਿੰਤਾ ਪ੍ਰਗਟ ਕਰਦਿਆਂ ਇਸ ਨੂੰ ਦੇਸ਼ ਲਈ ਘਾਤਕ ਕਰਾਰ ਦਿੱਤਾ। ਵੱਖ-ਵੱਖ ਜਨ ਸਭਾਵਾਂ ਨੂੰ ਸੰਬੋਧਨ ਕਰਦਿਆਂ ਡਾ: ਸੁਭਾਸ਼ ਸ਼ਰਮਾ ਨੇ ਕਿਹਾ ਕਿ ਪੰਜਾਬ ਦੇਸ਼ ਦਾ ਸਰਹੱਦੀ ਸੂਬਾ ਹੈ ਅਤੇ ਇਸ ਕਾਰਨ ਇਹ ਸਦੀਆਂ ਤੋਂ ਦੇਸ਼ ਵਿਰੋਧੀ ਸਾਜ਼ਿਸ਼ਾਂ ਦਾ ਸ਼ਿਕਾਰ ਰਿਹਾ ਹੈ। ਅਜਿਹੀਆਂ ਤਾਕਤਾਂ ਕਾਰਨ ਇਸ ਸੂਬੇ ਨੂੰ ਡੇਢ ਤੋਂ ਦੋ ਦਹਾਕਿਆਂ ਤੱਕ ਅੱਤਵਾਦ ਦੇ ਦੌਰ ਦਾ ਸਾਹਮਣਾ ਕਰਨਾ ਪਿਆ, ਜਿਸ ਵਿੱਚ ਹਜ਼ਾਰਾਂ ਨਿਰਦੋਸ਼ ਹਿੰਦੂ ਅਤੇ ਸਿੱਖ ਮਾਰੇ ਗਏ। ਅੱਜ ਫਿਰ ਉਹੀ ਤਾਕਤਾਂ ਆਪਣਾ ਖੇਡ ਖੇਡਣ ਦੀ ਤਿਆਰੀ ਵਿਚ ਨੇ ਜਿਸ ਨੂੰ ਪੰਜਾਬੀਆਂ ਨੇ ਰੋਕਣਾ ਹੈ।ਡਾ: ਸੁਭਾਸ਼ ਸ਼ਰਮਾ ਨੇ ਕਿਹਾ ਕਿ ਅੱਜ ਦੇਸ਼ ਵਿਰੋਧੀ ਤਾਕਤਾਂ ਦਾ ਟਾਕਰਾ ਕਰਨ ਲਈ ਨਰਿੰਦਰ ਮੋਦੀ ਵਰਗੀ ਮਜ਼ਬੂਤ ਲੀਡਰਸ਼ਿਪ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਮੋਦੀ ਵਰਗੇ ਮਜ਼ਬੂਤ ਨੇਤਾ ਨੇ ਕਦੇ ਵੀ ਦੇਸ਼ ਦੀ ਸੁਰੱਖਿਆ ਨਾਲ ਸਮਝੌਤਾ ਨਹੀਂ ਕੀਤਾ ਅਤੇ ਉਨ੍ਹਾਂ ਦੀ ਬਦੌਲਤ ਅੰਮ੍ਰਿਤਪਾਲ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਧਰਤੀ ਪ੍ਰਧਾਨ ਮੰਤਰੀ ਮੋਦੀ ਨੂੰ ਬਹੁਤ ਪਿਆਰੀ ਹੈ, ਇਸ ਦੇ ਵਿਕਾਸ ਅਤੇ ਸੁਰੱਖਿਆ ਲਈ ਮੋਦੀ ਵਰਗਾ ਪ੍ਰਧਾਨ ਮੰਤਰੀ ਜ਼ਰੂਰੀ ਹੈ। ਐਨਡੀਏ ਦੇਸ਼ ਵਿੱਚ 400 ਸੀਟਾਂ ਨੂੰ ਪਾਰ ਕਰਨ ਜਾ ਰਹੀ ਹੈ ਅਤੇ ਇਸ ਵਿੱਚ ਪੰਜਾਬ ਅਹਿਮ ਭੂਮਿਕਾ ਨਿਭਾਏਗਾ। ਸ਼ਰਮਾ ਨੇ ਸ੍ਰੀ ਆਨੰਦਪੁਰ ਦੇ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਦੇਸ਼ ਅਤੇ ਸੂਬੇ ਦੀ ਭਲਾਈ ਲਈ ਭਾਜਪਾ ਦੇ ਹੱਕ ਵਿੱਚ ਵੋਟਾਂ ਪਾਉਣ।ਭਾਜਪਾ ਉਮੀਦਵਾਰ ਡਾ: ਸੁਭਾਸ਼ ਸ਼ਰਮਾ ਨੇ ਮੁਹਾਲੀ ਦੇ ਫੇਜ਼ 1, 9, ਵੇਵ ਅਸਟੇਟ, ਜਗਤਪੁਰਾ ਆਦਿ ਖੇਤਰਾਂ ਵਿੱਚ ਦਰਜਨ ਤੋਂ ਵੱਧ ਪ੍ਰੋਗਰਾਮ ਅਤੇ ਜਨਤਕ ਮੀਟਿੰਗਾਂ ਕੀਤੀਆਂ ਅਤੇ ਇਨ੍ਹਾਂ ਖੇਤਰਾਂ ਦੇ ਵਿਕਾਸ ਲਈ ਵਿਆਪਕ ਯੋਜਨਾ ਤਿਆਰ ਕਰਨ ਦਾ ਵਾਅਦਾ ਕੀਤਾ। ਉਨ੍ਹਾਂ ਕਿਹਾ ਕਿ ਭਾਜਪਾ ਉਮੀਦਵਾਰ ਨੂੰ ਦਿੱਤੀ ਗਈ ਹਰ ਵੋਟ ਸੂਬੇ ਦੀ ਬਿਹਤਰੀ ਲਈ ਮੀਲ ਪੱਥਰ ਸਾਬਤ ਹੋਵੇਗੀ। ਇਸ ਦੌਰਾਨ ਉਨ੍ਹਾਂ ਨੇ ਫੌਜ, ਸੰਵਿਧਾਨ ਅਤੇ ਦਲਿਤ ਭਾਈਚਾਰੇ ਦੇ ਮੁੱਦਿਆਂ 'ਤੇ ਕਾਂਗਰਸ ਅਤੇ 'ਆਪ' ਨੂੰ ਵੀ ਘੇਰਿਆ।

# ਭਾਰਤ ਦੇ ਲੋਕ ਮੋਦੀ ਦੇ ਜੁਮਲਿਆਂ ਤੋਂ ਪੂਰੀ ਤਰ੍ਹਾਂ ਵਾਕਫ ਹੋ ਚੁੱਕੇ : ਬੇਗਮਪੁਰਾ ਟਾਈਗਰ ਫੋਰਸ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਬੇਗਮਪੁਰਾ ਟਾਈਗਰ ਫੋਰਸ ਦੇ ਕੌਮੀ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੇਗਮਪੁਰਾ ਟਾਈਗਰ ਫੋਰਸ ਦੀ ਇੱਕ ਮੀਟਿੰਗ ਫੋਰਸ ਦੇ ਸੂਬਾ ਪ੍ਰਧਾਨ ਬੀਰਪਾਲ ਠਰੋਲੀ ਦੀ ਪ੍ਰਧਾਨਗੀ ਹੇਠ ਫੋਰਸ ਦੇ ਸਬ-ਦਫਤਰ ਵਿਸ਼ਵਕਰਮਾ ਵੈਲਡਿੰਗ ਵਰਕਸ ਨੇੜੇ ਸੂਦ ਫਾਰਮ ਪੁਰਾਣੀ ਬਸੀ ਵਿਖੇ ਹੋਈ।ਮੀਟਿੰਗ ਵਿੱਚ ਫੋਰਸ ਦੇ ਦੋਆਬਾ ਪ੍ਰਧਾਨ ਨੇਕੂ ਅਜਨੋਹਾ ਅਤੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਆਗੂਆਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਪੰਜਾਬ ਨਾਲ ਹਮੇਸ਼ਾ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ, ਇਸ ਵਿੱਚ ਭਾਵੇਂ ਕਿਸਾਨੀ ਮੰਗਾਂ ਹੋਣ ਭਾਵੇਂ ਸੂਬੇ ਦੇ ਵਿਕਾਸ ਦੀ ਗੱਲ ਹੋਵੇ ਜਾਂ ਲੋੜਵੰਦ ਪਰਵਾਰਾਂ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ ਦੀ ਗੱਲ ਹੋਵੇ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਵਿੱਚ ਅਮਨ ਕਾਨੂੰਨ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਉਨ੍ਹਾਂ ਭਾਜਪਾ 'ਤੇ ਵਰ੍ਹਦਿਆਂ ਕਿਹਾ ਕਿ ਪੂਰੇ ਭਾਰਤ ਵਿੱਚ ਭਾਜਪਾ ਦਾ ਪ੍ਰਚਾਰ ਕਰ ਰਹੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਵਾਰ ਫਿਰ ਜੁਮਲਿਆਂ ਦੀ ਨਫਰਤ ਫੈਲਾਊ ਰਾਜਨੀਤੀ ਨਾਲ ਲੋਕਾਂ ਨੂੰ ਆਪਣੇ ਵੱਲ ਆਕਰਸ਼ਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਜਦ ਕਿ ਲੋਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜੁਮਲਿਆਂ ਤੋਂ ਪੂਰੀ ਤਰ੍ਹਾਂ ਵਾਕਫ ਹੋ ਚੁੱਕੇ ਹਨ। ਉਨ੍ਹਾ ਕਿਹਾ ਕਿ ਤੀਸਰੀ ਵਾਰ ਸਰਮਾਏਦਾਰੀ ਦੀ ਮੁਦਈ ਸਰਕਾਰ ਆਈ ਤਾਂ ਕਿਸੇ ਸੱਭਿਅਕ ਅਗਾਂਹਵਧੂ ਸਮਾਜ, ਦੇਸ਼ ਤੇ ਉਸ ਦੀ ਜਨਤਾ ਲਈ ਅਤਿ ਘਾਤਕ ਹੋਵੇਗਾ। ਉਨ੍ਹਾ ਅੰਤ ਵਿੱਚ ਕਿਹਾ ਕਿ ਬੇਗਮਪੁਰਾ ਟਾਈਗਰ ਫੋਰਸ ਇੱਕ ਰਜਿ. ਜਥੇਬੰਦੀ ਹੈ ਅਤੇ ਫੋਰਸ ਵਿੱਚੋਂ ਕੁਝ ਕੱਢੇ ਹੋਏ ਲੋਕ ਅਜੇ ਵੀ ਸ਼ਾਸਨ ਅਤੇ ਪ੍ਰਸ਼ਾਸਨ ਨੂੰ ਬੇਗਮਪੁਰਾ ਟਾਈਗਰ ਫੋਰਸ ਦਾ ਗੈਰ ਸੰਵਿਧਾਨਕ ਤੌਰ 'ਤੇ ਨਾਂ ਲੈ ਕੇ ਧਮਕਾ ਰਹੇ ਹਨ। ਉਨ੍ਹਾ ਕਿਹਾ ਕਿ ਅਸੀਂ ਸ਼ਾਸਨ ਪ੍ਰਸ਼ਾਸਨ ਨੂੰ ਅਪੀਲ ਕਰਦੇ ਹਾਂ ਕਿ ਇਹੋ ਜਿਹੇ ਸ਼ਰਾਰਤੀ ਅਨਸਰਾਂ 'ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ ਤਾਂ ਕਿ ਇਹੋ ਜਿਹੇ ਸ਼ਰਾਰਤੀ ਅਨਸਰ ਅੱਗੇ ਤੋਂ ਇਹੋ ਜਿਹੀਆ ਕੋਝੀਆਂ ਹਰਕਤਾਂ ਕਰਨ ਤੋਂ ਬਾਜ ਆਉਣ। ਫੋਰਸ



ਵਿੱਚੋਂ ਕੱਢੇ ਗਏ ਇਹ ਸ਼ਰਾਰਤੀ ਲੋਕਾਂ 'ਤੇ ਅਦਾਲਤ ਵਿੱਚ ਕੇਸ ਵੀ ਕੀਤਾ ਹੋਇਆ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੀਡੀਆ ਇੰਚਾਰਜ ਚੰਦਰ ਪਾਲ ਹੈਪੀ, ਸਤੀਸ਼ ਕੁਮਾਰ ਸ਼ੇਰਗੜ੍ਹ, ਅਮਨਦੀਪ, ਮੁਨੀਸ਼, ਚਰਨਜੀਤ ਡਾਡਾ, ਕਮਲਜੀਤ, ਰਾਮ ਜੀ, ਦਵਿੰਦਰ ਕੁਮਾਰ, ਪੰਮਾ ਡਾਡਾ, ਗੋਗਾ ਮਾਂਝੀ, ਪਵਨ ਕੁਮਾਰ ਬੱਧਣ,ਅਮਨਦੀਪ ਸਿੰਘ, ਚਰਨਜੀਤ ਸਿੰਘ, ਭੁਪਿੰਦਰ ਕੁਮਾਰ ਬੱਧਣ, ਕਮਲਜੀਤ ਸਿੰਘ, ਬਿਸ਼ਨਪਾਲ, ਗਿਆਨ ਚੰਦ, ਮੁਸਾਫ਼ਰ ਸਿੰਘ, ਸ਼ੇਰਾ ਸਿੰਘ, ਵਿਸ਼ਾਲ ਸਿੰਘ, ਸਨੀ ਸੀਣਾ, ਭਿੰਦਾ ਸੀਣਾ, ਹੈਪੀ ਫਤਹਿਗੜ੍ਹ, ਦਵਿੰਦਰ ਕੁਮਾਰ, ਰਾਕੇਸ਼ ਕੁਮਾਰ ਭੱਟੀ, ਵਿਜੇ ਕੁਮਾਰ ਜੱਲੋਵਾਲ ਖਨੂਰ, ਰਵਿ ਸੁੰਦਰ ਨਗਰ ਆਦਿ ਹਾਜ਼ਰ ਸਨ।

# ਐਡਵੋਕੇਟ ਬਲਵਿੰਦਰ ਦਾ ਨਕੋਦਰ ਰੋਡ ਸ਼ੋਅ ਵਿਰੋਧੀਆਂ ਦੀ ਨੀਂਦ ਉਡਾ ਕੇ ਰੱਖ ਦੇਵੇਗਾ : ਮਲਕੀਤ ਚੁੰਬਰ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਐਤਵਾਰ ਨਕੋਦਰ ਪਾਰਟੀ ਦਫਤਰ ਵਿੱਚ 27 ਮਈ ਨੂੰ ਐਡਵੋਕੇਟ ਬਲਵਿੰਦਰ ਕੁਮਾਰ ਦੇ ਰੋਡ ਸ਼ੋਅ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਂਦਿਆਂ ਮਲਕੀਤ ਚੁੰਬਰ ਸਾਬਕਾ ਪ੍ਰਧਾਨ ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਹਲਕਾ ਨਕੋਦਰ ਨੇ ਕਿਹਾ ਕਿ ਨਕੋਦਰ ਵਿਖੇ ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਐਡਵੋਕੇਟ ਬਲਵਿੰਦਰ ਕੁਮਾਰ ਦਾ ਰੋਡ ਸ਼ੋਅ ਵਿਰੋਧੀਆ ਦੀ ਨੀਂਦ ਉਡਾ ਕੇ ਰੱਖ ਦੇਵਾਂਗਾ। ਜਲੰਧਰ ਲੋਕ ਸਭਾ ਹਲਕੇ ਦੇ ਲੋਕ ਪੱਬਾਂ ਭਾਰ ਹੋਏ ਫਿਰਦੇ ਹਨ ਸਿਰਫ ਇੰਤਜ਼ਾਰ ਹੈ 1 ਜੂਨ ਦਾ ਹੈ ਜਿਸ ਦਿਨ ਹਾਥੀ ਹਾਥੀ ਹੋਵੇਗੀ ਅਤੇ 4 ਜੂਨ ਨੂੰ ਜਲੰਧਰ ਵਾਸੀ ਭੰਗੜੇ ਪਾ ਕੇ ਖ਼ੁਸ਼ੀ ਮਨਾਉਣਗੇ। ਇਸ ਵਾਰ ਜਲੰਧਰ ਦੀ ਸੀਟ ਜਿੱਤ ਕੇ ਐਡਵੋਕੇਟ ਬਲਵਿੰਦਰ ਕੁਮਾਰ ਨੂੰ ਸੰਸਦ ਵਿੱਚ ਭੇਜਾਂਗੇ। ਮੀਟਿੰਗ ਵਿੱਚ ਵਿਜੈ ਮਡਾਸ ਸ਼ਹਿਰੀ ਪ੍ਰਧਾਨ ਨਕੋਦਰ, ਮੰਗਤ ਸਿੰਘ ਮੈਟੀ, ਮਨਜੀਤ ਸਿੱਧਵਾਂ, ਚਰਨਜੀਤ ਬਜੂਹੇ ਬਲਾਕ ਸੰਮਤੀ ਮੈਂਬਰ, ਮਹਿੰਦਰ ਪਾਲ ਸਾਬਕਾ ਬਲਾਕ ਸੰਮਤੀ ਮੈਂਬਰ, ਹਰਮੇਸ਼ ਬੰਗੜ, ਕੁਲਦੀਪ ਝੱਲੀ ਰਾਮ ਸਰਪੰਚ ਮਾਹੂੰਵਾਲ, ਨਛੱਤਰ ਪਾਲ ਸਿੱਧਵਾਂ, ਬੱਬੂ ਬਾਠ ਯੂਥ ਪ੍ਰਧਾਨ ਨਕੋਦਰ ਦਿਹਾਤੀ, ਅਨੰਦ ਕੁਮਾਰ ਯੂਥ ਪ੍ਰਧਾਨ ਨਕੋਦਰ ਸ਼ਹਿਰੀ, ਨਛੱਤਰ ਥਾਪਰ ਸਾਬਕਾ ਪ੍ਰਧਾਨ, ਜਗਦੀਸ਼ ਕੌਲ, ਸੁਦੇਸ਼ ਚਾਹਲ, ਰਵੀ ਮੇਹਿਰਾ, ਸੋਨੂੰ ਕਲੇਰ, ਹਰਜਿੰਦਰ ਪੰਡੋਰੀ, ਸੁਰਿੰਦਰ ਰਿੰਕੂ, ਸੁਰਖ਼ਰੂ ਚੁੰਬਰ, ਰੋਸ਼ਨ, ਸਨਦੀਪ, ਗੁਰਦਿਆਲ, ਬੰਗੜ ਕਾਰ ਵਾਸ਼ ਅਤੇ ਭਾਰੀ ਗਿਣਤੀ ਵਿੱਚ ਹੋਰ ਸਾਥੀ ਸ਼ਾਮਲ ਸਨ।

# ਕਾਂਗਰਸ ਪਾਰਟੀ ਮੁੱਦਿਆਂ ਦੇ ਅਧਾਰ 'ਤੇ ਚੋਣ ਲੜ ਰਹੀ : ਰਾਣਾ ਇੰਦਰਪ੍ਰਤਾਪ



**ਕਾਲਾ ਸੰਘਿਆਂ (ਮਨਜੀਤ ਮਾਨ)**—ਸੁਲਤਾਨਪੁਰ ਲੋਧੀ ਦੇ ਵਿਧਾਇਕ ਰਾਣਾ ਇੰਦਰਪ੍ਰਤਾਪ ਸਿੰਘ ਨੇ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਦੇ ਹੱਕ ਵਿੱਚ ਚੋਣ ਮੀਟਿੰਗ ਕੀਤੀ ਜੋ ਰੈਲੀ ਦਾ ਰੂਪ ਧਾਰਨ ਕਰ ਗਈ। ਇਸ ਮੌਕੇ ਇਕੱਤਰ ਸੈਂਕੜੇ ਲੋਕਾਂ ਨੂੰ ਸੰਬੋਧਨ ਕਰਦਿਆਂ ਰਾਣਾ ਇੰਦਰਪ੍ਰਤਾਪ ਨੇ ਕਿਹਾ ਕਿ ਕਾਂਗਰਸ ਪਾਰਟੀ ਮੁਦਿਆਂ ਦੇ ਅਧਾਰ 'ਤੇ ਚੋਣ ਲੜ ਰਹੀ ਹੈ। ਇਸ ਸਮੇਂ ਦੇਸ਼ ਨੂੰ ਕਾਂਗਰਸ ਪਾਰਟੀ ਦੀ ਸਰਕਾਰ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜਦੋਂ ਵੀ ਕੇਂਦਰ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਆਈ ਉਸ ਸਮੇਂ ਹਮੇਸ਼ਾ ਕਿਸਾਨਾਂ, ਮਜ਼ਦੂਰਾਂ ਤੇ ਹੋਰ ਆਮ ਲੋਕਾਂ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦਿਆਂ ਫ਼ੈਸਲੇ ਲਏ । ਉਹਨਾਂ ਕਿਹਾ ਕਿ ਖਡੂਰ ਸਾਹਿਬ ਤੋਂ ਕਾਂਗਰਸ ਪਾਰਟੀ ਨੇ ਕੁਲਬੀਰ ਜ਼ੀਰਾ ਦੇ ਰੂਪ ਵਿੱਚ ਇਕ ਇਮਾਨਦਾਰ ਤੇ ਪੜ੍ਹਿਆ ਲਿਖਿਆ ਉਮੀਦਵਾਰ ਸਾਨੂੰ ਦਿੱਤਾ ਹੈ। ਰਾਣਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ 1 ਜੂਨ ਨੂੰ ਆਪਣਾ ਕੀਮਤੀ ਵੋਟ ਕਾਂਗਰਸ ਪਾਰਟੀ ਤੇ ਕੁਲਬੀਰ ਜ਼ੀਰਾ ਨੂੰ ਪਾ ਕੇ ਦੇਸ਼ ਦੀ ਪਾਰਲੀਮੈਂਟ ਵਿੱਚ ਭੇਜੀਏ ਤਾਂ ਕਿ ਉਹ ਆਪਣੇ ਇਲਾਕੇ ਦੀਆਂ ਮੁਸ਼ਕਿਲਾਂ ਦੀ ਗੱਲ ਉਥੇ ਕਰਕੇ ਉਹਨਾਂ ਦਾ ਹੱਲ ਕਰਵਾ ਸਕਣ। ਇਸ ਮੌਕੇ ਸੀਨੀਅਰ ਕਾਂਗਰਸੀ ਆਗੂ ਪਰਮਜੀਤ ਸਿੰਘ ਬੱਸਣ, , ਸਰਪੰਚ ਦਲਜੀਤ ਬਡਿਆਲ, ਬੂਟਾ ਗਿੱਲ ਮੈਂਬਰ ਬਲਾਕ ਸੰਮਤੀ , ਸਤੀਸ਼ ਕੁਮਾਰ ਘੋਨਾ, ਸਰਪੰਚ ਤਰਲੋਚਨ ਸਿੰਘ ਸੁੰਨੜਵਾਲ, ਸਾਬਕਾ ਸਰਪੰਚ ਅਵਤਾਰ ਸਿੰਘ ਮੱਲ੍ਹਕਾਦਰਾਬਾਦ,ਰਿੱਕੀ ਸਰਨਾ, ਸਰਪੰਚ ਮਨਿੰਦਰਪਾਲ ਸਿੰਘ ਮੰਨਾ , ਡਾ ਪਰਮਜੀਤ ਪੰਮਾ, ਜਸਪਾਲ ਸਿੰਘ ਬਿੱਲਖੂ ਪੰਚ, ਗੁਰਦਿਆਲ ਸਿੰਘ ਮਾਨ, ਪਲਵਿੰਦਰ ਸਿੰਘ ਪਿੰਦਾ ਸਰਪੰਚ ਨਵਾਂ ਪਿੰਡ, ਗੁਰਮੀਤ ਸਿੰਘ ਬੱਸਣ,ਡਾ.ਵੇਦ ਪ੍ਰਕਾਸ਼ ਵਾਸਦੇਵ , ਨਰਿੰਦਰ ਮਾਨ, ਸੁੱਖਾ ਫੌਜੀ, ਗੁਰਪ੍ਰੀਤ ਸਿੰਘ ਫੁੱਲ, ਸੁਰਿੰਦਰ ਸਿੰਘ ਬੱਸਣ,ਸਮੇਤ ਹੋਰ ਕਾਂਗਰਸੀ ਆਗੂ ਤੇ ਵਰਕਰ ਹਾਜ਼ਰ ਸਨ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਡਾਕਟਰ ਪਰਮਜੀਤ ਸਿੰਘ ਪੰਮੇ ਵੱਲੋਂ ਬਾਖੂਬੀ ਨਿਭਾਈ ਗਈ।

# ਰਿਆਤ ਬਾਹਰਾ 'ਵਰਸਿਟੀ ਵਿਖੇ ਐਲੂਮਨੀ ਮੀਟ-2024 ਕਰਵਾਈ



**ਮੋਹਾਲੀ (ਗੁਰਜੀਤ ਬਿੱਲਾ)** ਰਿਆਤ ਬਾਹਰਾ ਯੂਨੀਵਰਸਿਟੀ ਦੇ ਲਾਈਫ ਸਾਇੰਸਜ਼ ਵਿਭਾਗ ਵੱਲੋਂ ਐਲੂਮਨੀ ਮੀਟ-2024 ਦਾ ਆਯੋਜਨ ਕੀਤਾ ਗਿਆ, ਜਿਸ ਦੌਰਾਨ ਸਾਬਕਾ ਵਿਦਿਆਰਥੀਆਂ ਨੇ ਰਿਆਤ ਬਾਹਰਾ ਯੂਨੀਵਰਸਿਟੀ ਵਿੱਚ ਆਪਣੀਆਂ ਸਫਲਤਾ ਦੀਆਂ ਕਹਾਣੀਆਂ ਅਤੇ ਆਪਣੇ ਤਜ਼ਰਬਿਆਂ ਨੂੰ ਸਾਂਝਾ ਕੀਤਾ। ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਉਨ੍ਹਾਂ ਨੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਅਤੇ ਸਾਰੀਆਂ ਚੁਣੌਤੀਆਂ 'ਤੇ ਕਾਬੂ ਪਾ ਕੇ ਜੀਵਨ ਵਿੱਚ ਸਫ਼ਲਤਾ ਦਾ ਮੰਤਰ ਸਾਂਝਾ ਕੀਤਾ। ਉਹਨਾਂ ਸਾਬਕਾ ਵਿਦਿਆਰਥੀਆਂ ਨੂੰ ਉਹਨਾਂ ਦੇ ਪੇਸ਼ੇਵਰ ਜੀਵਨ ਵਿੱਚ ਯੋਗਦਾਨ ਲਈ ਪ੍ਰਸ਼ੰਸਾ ਪੱਤਰ ਵੀ ਪ੍ਰਦਾਨ ਕੀਤੇ। ਵਾਈਸ-ਚਾਂਸਲਰ ਡਾ: ਪਰਵਿੰਦਰ ਸਿੰਘ ਨੇ ਸਾਬਕਾ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੇ ਨਵੀਨਤਮ ਵਿਕਾਸ ਬਾਰੇ ਚਾਨਣਾ ਪਾਇਆ ਅਤੇ ਕਿਹਾ ਕਿ ਮਿਹਨਤ ਅਤੇ ਲਗਨ ਇੱਕ ਸਫਲ ਕੈਰੀਅਰ ਬਣਾਉਣ ਲਈ ਮੁੱਖ ਕਾਰਕ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਾਬਕਾ ਵਿਦਿਆਰਥੀਆਂ ਨੂੰ ਆਪਣੇ ਅਲਮਾ ਮੇਟਰ ਦੇ ਵਾਧੇ ਅਤੇ ਵਿਕਾਸ ਲਈ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਮੌਕੇ ਡੀਨ ਅਕਾਦਮਿਕ ਮਾਮਲੇ ਡਾ ਸਤੀਸ਼ ਕੁਮਾਰ ਬਾਂਸਲ, ਡਾ: ਮਨੋਜ ਬਾਲੀ, ਡਾ: ਪੁਲਕਸ, ਪਰਮਿੰਦਰ ਰੂਬਲ, ਡਾ: ਐਮ.ਐਸ. ਮਹਿਤਾ, ਮੇਜਰ ਏ.ਐਸ. ਚਾਹਲ ਆਦਿ ਹਾਜ਼ਰ ਸਨ।ਇਸ ਦੌਰਾਨ ਸਾਬਕਾ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦਾ ਜਸ਼ਨ ਮਨਾਉਣ ਲਈ ਸੱਭਿਆਚਾਰਕ ਆਈਟਮਾਂ ਵੀ ਪੇਸ਼ ਕੀਤੀਆਂ ਗਈਆਂ।

# ਲੋਕ ਆਮ ਆਦਮੀ ਪਾਰਟੀ ਦੇ ਚੰਗੇ ਕੰਮਾਂ ਨੂੰ ਵੋਟ ਦੇਣਗੇ : ਕੰਗ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** – ਲੋਕ ਸਭਾ ਚੋਣਾਂ ਨੂੰ ਮੁੱਖ ਰੱਖ ਦੀਆਂ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸਤਨਾਮ ਜਲਾਲਪੁਰ ਵੱਲੋਂ ਆਪਣੇ ਪਿੰਡ ਜਲਾਲਪੁਰ ਵਿਖੇ ਸ਼੍ਰੀ ਆਨੰਦਪੁਰ ਸਾਹਿਬ ਤੋਂ ਉਮੀਦਵਾਰ ਮਲਵਿੰਦਰ ਸਿੰਘ ਕੰਗ ਦੇ ਹੱਕ ਵਿੱਚ ਆਪਣੇ ਗ੍ਰਹਿ ਵਿਖੇ ਇੱਕ ਨੁੱਕੜ ਮੀਟਿੰਗ ਰੱਖੀ ਗਈ ਜਿਸ ਨੇ ਇੱਕ ਰੈਲੀ ਦਾ ਰੂਪ ਧਾਰਨ ਕੀਤਾ। ਇਸ ਮੌਕੇ 'ਤੇ ਵਰਕਰਾਂ ਤੇ ਲੋਕਾਂ ਨੂੰ ਸੰਬੋਧਨ ਕਰਦਿਆਂ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸਤਨਾਮ ਜਲਾਲਪੁਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਵਿੱਚ ਵਧੀਆ ਪ੍ਰਦਰਸ਼ਨ ਕਰੇਗੀ ਅਤੇ ਪੰਜਾਬ ਦੇ ਲੋਕ ਭਗਵੰਤ ਮਾਨ ਦੀ ਅਗਵਾਈ ਵਿੱਚ 13-0 ਦੇ ਮਿਸ਼ਨ ਨੂੰ ਕਾਮਯਾਬ ਕਰਨਗੇ ਅਤੇ ਆਮ ਆਦਮੀ ਪਾਰਟੀ ਹੋਰ ਮਜ਼ਬੂਤ ਹੋਵੇਗੀ। ਕੰਗ ਨੇ ਲੋਕਾਂ ਨੂੰ ਆਮ ਆਦਮੀ ਪਾਰਟੀ ਨੂੰ ਵੋਟ ਪਾਉਣ ਦੀ ਅਪੀਲ ਕਰਦਿਆਂ ਕਿਹਾ ਕਿ 1 ਜੂਨ ਨੂੰ ਝਾੜੂ ਦਾ ਬਟਨ ਦਬਾ ਕੇ ਉਨਾਂ ਨੂੰ ਕਾਮਯਾਬ ਕਰੋ ਅਤੇ ਫਿਰ ਤੁਹਾਡੀਆਂ ਮੁਸ਼ਕਲਾਂ ਨੂੰ ਹੱਲ ਕਰਕੇ ਸ੍ਰੀ ਅਨੰਦਪੁਰ ਸਾਹਿਬ ਦਾ ਵਿਕਾਸ ਕਰਨਾ ਸਾਡਾ ਫਰਜ਼ ਹੋਵੇਗਾ। ਜਲਾਲਪੁਰ ਨਿਵਾਸੀਆਂ ਨੇ ਮਲਵਿੰਦਰ ਸਿੰਘ ਕੰਗ ਨੂੰ ਭਾਰੀ ਵੋਟਾਂ ਨਾਲ ਜਿਤਾਉਣ ਦਾ ਭਰੋਸਾ ਦਿੱਤਾ। ਜਲਾਲਪੁਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਲੋਕਾਂ ਦੇ ਹਿੱਤਾਂ ਦੀ ਰਾਖੀ ਕਰਨ ਵਾਲੀ ਸਰਕਾਰ ਹੈ। ਇਸ ਮੌਕੇ ਐਮ ਐਲ ਏ ਸ਼੍ਰੀਮਤੀ ਸੰਤੋਸ਼ ਕਟਾਰੀਆ, ਸ਼ਿਵਕਰਨ ਚੇਚੀ ਬਲਜੀਤ ਸਿੰਘ ਭਾਰਾਪੁਰ,ਰਣਵੀਰ ਚੇਚੀ, ਅਸ਼ੋਕ ਕਟਾਰੀਆ, ਸੇਠੀ ਉਧਨੋਵਾਲ, ਜਤਿੰਦਰ ਕੁਮਾਰ ਬਿੱਟਾ ਰਾਣਾ, ਮੁਹੰਮਦ ਸਰਫਰਾਜ, ਬਲਵੀਰ ਸਿੰਘ,ਪਰਵੀਨ ਪੁਰੀ,ਮਜੀਤ ਬੇਦੀ, ਗੁਰਮੁੱਖ ਪਾਬਲਾ,ਜਸਵਿੰਦਰ ਬਛੂਆਂ, ਲਾਲ ਚੰਦ ਰੈਲਮਾਜਰਾ, ਜੈਮਲ ਜੌਹਰ, ਬਲਜੀਤ ਸਿੰਘ ਮਜਾਰੀ,ਰਣਵੀਰ ਸਿੰਘ, ਜਸਵੀਰ ਸਿੰਘ ਘੁੰਮਣ, ਦਲਜੀਤ ਕੁਲਾਰ, ਬਲਦੇਵ ਰਾਜ ਚੇਚੀ, ਸਤਨਾਮ ਸਿੰਘ, ਲਖਵਿੰਦਰ ਕੁਮਾਰ ਤੋਂ ਇਲਾਵਾ ਬਹੁਤ ਸਾਰੇ ਵਲੰਟੀਅਰ ਸਾਥੀ ਮੌਜੂਦ ਸਨ।ਮਲਵਿੰਦਰ ਸਿੰਘ ਕੈਂਡੀਡੇਟ ਆਮ ਆਦਮੀ ਪਾਰਟੀ ਸ਼੍ਰੀ ਅਨੰਦਪੁਰ ਸਾਹਿਬ, ਐਮ ਐਲ ਏ ਸ਼੍ਰੀਮਤੀ ਸੰਤੋਸ਼ ਕਟਾਰੀਆ, ਸ਼ਿਵਕਰਨ ਚੇਚੀ ਬਲਜੀਤ ਸਿੰਘ ਭਾਰਾਪੁਰ,ਰਣਵੀਰ ਚੇਚੀ, ਅਸ਼ੋਕ ਕਟਾਰੀਆ, ਸੇਠੀ ਉਧਨੋਵਾਲ, ਜਤਿੰਦਰ ਕੁਮਾਰ ਬਿੱਟਾ ਰਾਣਾ, ਮੁਹੰਮਦ ਸਰਫਰਾਜ, ਬਲਵੀਰ ਸਿੰਘ,ਪਰਵੀਨ ਪੁਰੀ,ਮਜੀਤ ਬੇਦੀ, ਗੁਰਮੁੱਖ ਪਾਬਲਾ,ਜਸਵਿੰਦਰ ਬਛੂਆਂ, ਲਾਲ ਚੰਦ ਰੈਲਮਾਜਰਾ, ਜੈਮਲ ਜੌਹਰ, ਬਲਜੀਤ ਸਿੰਘ ਮਜਾਰੀ,ਰਣਵੀਰ ਸਿੰਘ, ਜਸਵੀਰ ਸਿੰਘ ਘੁੰਮਣ, ਦਲਜੀਤ ਕੁਲਾਰ, ਬਲਦੇਵ ਰਾਜ ਚੇਚੀ, ਸਤਨਾਮ ਸਿੰਘ, ਲਖਵਿੰਦਰ ਕੁਮਾਰ ਤੋਂ ਇਲਾਵਾ ਬਹੁਤ ਸਾਰੇ ਵਲੰਟੀਅਰ ਸਾਥੀ ਮੌਜੂਦ ਸਨ।

# ਸਤਵੀਰ ਸਿੰਘ ਦਿਹਾਣਾ ਸਰਬਸੰਮਤੀ ਨਾਲ ਪ੍ਰਧਾਨ ਨਿਯੁਕਤ



ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ )—ਪਿੰਡ ਦਿਹਾਣਾ ਵਿਖੇ ਕਿਸਾਨ ਕਮੇਟੀ ਦੋਆਬਾ ਦੀ ਇੱਕ ਅਹਿਮ ਮੀਟਿੰਗ ਹਰਜੀਤ ਸਿੰਘ ਦਿਹਾਣਾ ਦੀ ਪ੍ਰਧਾਨਗੀ ਹੇਠ ਕੀਤੀ ਗਈ।ਹਰਜੀਤ ਸਿੰਘ ਦਿਹਾਣਾ ਨੇ ਦੱਸਿਆ ਕਿ ਮੀਟਿੰਗ ਦੌਰਾਨ ਵੱਖ ਵੱਖ ਇਲਾਕਿਆਂ ਤੋਂ ਆਏ ਕਿਸਾਨਾਂ ਨੇ ਆ ਰਹੀਆਂ ਸਮੱਸਿਆਵਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਤੇ ਸਰਬ ਸੰਮਤੀ ਨਾਲ ਸਤਵੀਰ ਸਿੰਘ ਦਿਹਾਣਾ ਨੂੰ ਪ੍ਰਧਾਨ ਨਿਯੁਕਤ ਕੀਤਾ। ਦਿਹਾਣਾ ਨੇ ਦੱਸਿਆ ਕਿ ਜੋ ਵੀ ਕਿਸਾਨ ਜਥੇਬੰਦੀ ਨੇ ਮੈਨੂੰ ਸੇਵਾ ਲਗਾਈ ਹੈ ਮੈਂ ਪੂਰੀ ਤਨ ਦੇਹੀ ਨਾਲ ਕਰਨ ਦੀ ਕੋਸ਼ਿਸ਼ ਕਰਾਂਗਾ। ਇਸ ਮੌਕੇ ਜਸਵੰਤ ਸਿੰਘ ਜੱਸਾ ਖੰਨੌੜਾ, ਚਰਨਜੀਤ ਸਿੰਘ ਮੋਨਾ ਕਲਾਂ ਮੀਤ ਪ੍ਰਧਾਨ, ਬਲਜੀਤ ਸਿੰਘ ਖਜਾਨਚੀ ਬੱਡੋ, ਅਜਮੇਹਰ ਸਿੰਘ ਮੋਨਾ ਕਲਾਂ, ਹਰਜਿੰਦਰ ਸਿੰਘ, ਜਸਵੀਰ ਸਿੰਘ ਸ਼ਿੰਦਾ, ਅਮਨਦੀਪ ਸਿੰਘ ਮੋਨਾ ਕਲਾਂ, ਹਰਜੀਤ ਸਿੰਘ, ਜਸਵੀਰ ਸਿੰਘ ਖਨੌੜਾ, ਇੰਦਰਜੀਤ ਸਿੰਘ ਮੋਨਾ ਕਲਾਂ, ਕੁਲਦੀਪ ਸਿੰਘ ਮੋਨਾ ਕਲਾਂ, ਜਸਵੀਰ ਸਿੰਘ, ਮਲਕੀਅਤ ਸਿੰਘ, ਅਮਨਦੀਪ ਸਿੰਘ ਦਿਹਾਣਾ, ਗੁਰਦੀਪ ਸਿੰਘ ਬੱਬਲੂ ਸਰੋਆ, ਗੁਰਜੀਤ ਸਿੰਘ ਗੋਲਡੀ, ਸੁਖਦੀਪ ਸਿੰਘ ਖਨੌੜਾ , ਬਲਵੀਰ ਸਿੰਘ, ਸੁਖਜੀਤ ਸਿੰਘ ਬੱਡੋ , ਸਰਬਜੀਤ ਸਿੰਘ ਬੱਡੋ, ਕੁਲਦੀਪ ਸਿੰਘ ਆਦਿ ਹਾਜ਼ਰ ਸਨ।

ਜੀਤ ਸਿੰਘ ਆਦਿ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ । ਇਸ ਮੌਕੇ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ ਵੱਲੋਂ ਸਹਿਯੋਗ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਰਾਹਗੀਰਾਂ ਨੂੰ ਠੰਢਾ ਮਿੱਠਾ ਜਲ ਛਕਾਇਆ ਗਿਆ।ਇਸ ਮੌਕੇ ਰਾਜੂ ਸਿੰਘ, ਬੱਬੀ ਸਿੰਘ, ਗੁਰਪ੍ਰੀਤ ਸਿੰਘ, ਮਨਜਿੰਦਰ ਸਿੰਘ ਲੰਗੇਰੀ, ਸੁਰਜੀਤ ਸਿੰਘ ਢੱਕੋਵਾਲ, ਕਰਨੈਲ ਸਿੰਘ ਸਾਰਗੋਵਾਲ, ਬਲਵੀਰ ਸਿੰਘ ਹੇੜੀਆ, ਹਰਜੀਤ ਸਿੰਘ ਲੁਧਿਆਣਾ, ਬਲਦੇਵ ਸਿੰਘ ਅਜੜਾਮ, ਕਰਨੈਲ ਸਿੰਘ ਪੱਟੀ, ਸੁਰਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਸੰਗਤਾਂ ਹਾਜ਼ਰ ਸਨ।

# ਐੱਨ ਸੀ ਸੀ ਅਫਸਰ ਰਣਜੀਤ ਸਿੰਘ ਧਾਰਨੀ ਹੋਏ ਪਦਉੱਨਤ



**ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**: ਸਥਾਨਕ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੇ ਐਨਸੀਸੀ ਅਫਸਰ ਰਣਜੀਤ ਸਿੰਘ ਧਾਰਨੀ ਪਦ ਉੱਨਤ ਹੋ ਕੇ ਚੀਫ ਅਫਸਰ ਬਣ ਗਏ ਹਨ । ਸਕੂਲ ਦੀ ਪ੍ਰਿੰਸੀਪਲ ਕਿਰਨਜੋਤ ਕੌਰ ਖੰਗੂੜਾ ਨੇ ਦੱਸਿਆ ਕਿ ਧਾਰਨੀ ਨੂੰ ਐਨਸੀਸੀ ਟ੍ਰੇਨਿੰਗ ਸਕੂਲ ਰੂਪਨਗਰ ਵਿਖੇ ਚੱਲ ਰਹੇ ਏਕ ਭਾਰਤ ਸ੍ਰੇਸ਼ਟ ਭਾਰਤ ਕੈਂਪ ਦੇ ਵਿੱਚ ਕੈਂਪ ਕਮਾਂਡੈਂਟ ਕਰਨਲ ਟੀ ਵਾਈ ਐਸ ਬੇਦੀ ਅਤੇ ਡਿਪਟੀ ਕੈਂਪ ਕਮਾਂਡੈਂਟ ਕਰਨਲ ਆਰ ਕੇ ਚੌਧਰੀ ਦੁਆਰਾ ਰੈਂਕ ਦੇ ਬੈਜ ਲਗਾਏ ਗਏ । ਜ਼ਿਕਰਯੋਗ ਹੈ ਕਿ ਐਨਸੀਸੀ ਅਫਸਰ ਰਣਜੀਤ ਸਿੰਘ ਧਾਰਨੀ ਨੇ ਸੰਨ 2008 ਦੇ ਵਿੱਚ ਐਨਸੀਸੀ ਦੇ ਵਿੱਚ ਕਮਿਸ਼ਨ ਪ੍ਰਾਪਤ ਕੀਤਾ ਸੀ। ਉਸ ਸਮੇਂ ਤੋਂ ਲਗਾਤਾਰਚ ਆਪਣੀਆਂ ਸੇਵਾਵਾਂ ਦੇ ਰਹੇ ਹਨ । ਉਨ੍ਹਾਂ ਵੱਲੋਂ ਹੁਣ ਤੱਕ ਕਈ ਰਾਸ਼ਟਰੀ ਪੱਧਰ ਦੇ ਕੈਂਪ ਲਗਾਏ ਜਾ ਚੁੱਕੇ ਹਨ ਅਤੇ ਉਨ੍ਹਾਂ ਦੇ ਬਹੁਤ ਸਾਰੇ ਕੈਡਿਟ ਫੌਜ ਦੇ ਵਿੱਚ ਭਰਤੀ ਹੋ ਕੇ ਦੇਸ਼ ਦੀ ਸੇਵਾ ਕਰ ਰਹੇ ਹਨ । ਇਸ ਮੌਕੇ ਕੈਪਟਨ ਰਕੇਸ਼ ਕੁਮਾਰ, ਕੈਪਟਨ ਪ੍ਰਸ਼ਾਂਤ ਕੁਮਾਰ ਬਹਿਰਾ, ਚੀਫ ਅਫਸਰ ਰਣਜੀਤ ਸਿੰਘ ਸੈਣੀ ,ਐਨਸੀਸੀ ਅਫਸਰ ਪ੍ਰਦੀਪ ਕੁਮਾਰ ਅਤੇ ਐਨਸੀਸੀ ਅਫਸਰ ਸਾਹਿਲ ਅਰੋੜਾ ਆਦਿ ਵੱਡੀ ਗਿਣਤੀ ਅਧਿਕਾਰੀ ਹਾਜ਼ਰ ਸਨ।

# ਸਿੱਖਿਆ, ਸਿਹਤ ਸਹੂਲਤਾਂ ਤੇ ਰੁਜ਼ਗਾਰ ਨਾਲ ਹੋਵੇਗਾ ਦੇਸ਼ ਖੁਸ਼ਹਾਲ : ਐਡਵੋਕੇਟ ਰਣਜੀਤ ਕੁਮਾਰ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ )** ਬਹੁਜਨ ਸਮਾਜ ਪਾਰਟੀ ਲੋਕ ਸਭਾ ਹੁਸ਼ਿਆਰਪੁਰ ਦੇ ਬਸਪਾ ਉਮੀਦਵਾਰ ਐਡਵੋਕੇਟ ਰਣਜੀਤ ਕੁਮਾਰ ਨੇ ਹਲਕਾ ਹੁਸ਼ਿਆਰਪੁਰ ਦੇ ਪਿੰਡ ਅਲਾਹਾਬਾਦ ਵਿਖੇ ਭਾਰੀ ਜਨ ਸਭਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਲੋਕਾਂ ਦਾ ਅਸਲ ਮੁੱਦਿਆਂ ਤੋਂ ਧਿਆਨ ਭਟਕਾਉਣ ਲਈ ਭਾਪਜਾ,ਕਾਂਗਰਸ ਅਤੇ ਆਪ ਪਾਰਟੀ ਘਟੀਆ, ਨਫਰਤ ਤੇ ਫੁੱਟ ਪਾਉਣ ਵਾਲੀ ਰਾਜਨੀਤੀ ਕਰਦੇ ਹਨ।ਉਨਾਂ ਕਿਹਾ ਦੇਸ਼ ਦੇ ਲੋਕਾਂ ਦੀ ਅਸਲ ਸਮੱਸਿਆ ਹੈ ਚੰਗੀ ਸਿੱਖਿਆ, ਸਿਹਤ ਸਹੂਲਤਾਂ ਅਤੇ ਰੁਜ਼ਗਾਰ। ਦੇਸ਼ ਦੇ ਹਰ ਨਾਗਰਿਕ ਨੂੰ ਮੁਫਤ ਅਤੇ ਵਧੀਆ ਸਿੱਖਿਆ, ਸਿਹਤ ਸਹੂਲਤਾਂ ਅਤੇ ਰੁਜ਼ਗਾਰ ਮਿਲੇ ਤਾਂ ਉਹ 1 ਜਾਂ 2 ਕਿਲੋ ਮੁਫਤ ਆਟੇ ਲਈ ਲਾਈਨ ਵਿਚ ਨਹੀਂ ਖੜੇ ਹੋਣਗੇ। ਉਨਾਂ ਕਿਹਾ ਕਿ ਸਰਕਾਰਾਂ ਅਜਾਦੀ ਦੇ 80 ਸਾਲਾਂ ਤੱਕ ਇਕ ਪਰਿਵਾਰ ਦੇ ਇਕ ਮੈਂਬਰ ਨੂੰ ਰੁਜ਼ਗਾਰ ਨਹੀਂ ਦੇ ਸਕੀਆਂ ਜਿਸ ਕਾਰਨ ਗਰੀਬੀ ਤੇ ਅਮੀਰੀ ਦਾ ਪਾੜਾ ਵਧਿਆ ਹੈ।ਰਾਜਨੀਤਕ ਪਾਰਟੀਆਂ ਨੇ ਵਿਕਾਸ ਦੇ ਨਾਂ ਤੇ ਵੋਟਾਂ ਵਟੋਰੀਆਂ ਪਰ ਲੋਕਾਂ ਦੇ ਜੀਵਨ ਅੰਦਰ ਵਿਕਾਸ ਕਿੱਧਰੇ ਨਜਰ ਨਹੀਂ ਆ ਰਿਹਾ। ਉਨਾਂ ਕਿਹਾ ਪੰਜਾਬ ਦੀ ਭਗਵੰਤ ਮਾਨ ਸਰਕਾਰ ਦਾ ਵਿਕਾਸ ਵੀ ਕਾਗਜਾਂ ਜਾਂ ਫਲੈਕਸ ਬੋਰਡਾਂ ਅਖਬਾਰਾਂ ਦੇ ਇਸ਼ਤਿਹਾਰਾਂ ਵਿਚ ਤਾਂ ਦਿਸਦਾ ਰਿਹਾ ਪਰ ਜ਼ਮੀਨੀ ਪੱਧਰ 'ਤੇ ਮੋਦੀ ਦੇ ਜੁਮਲੇ ਹੀ ਸਾਬਿਤ ਹੋਏ ਹਨ। ਐਡਵੋਕੇਟ ਰਣਜੀਤ ਕੁਮਾਰ ਨੇ ਕਿਹਾ ਕਿਸਾਨਾਂ,ਮਜ਼ਦੂਰਾਂ, ਬੇਰੁਜਗਾਰਾਂ ਲਈ ਉਹ ਪਾਰਲੀਮੈਂਟ ਵਿਚ ਅਵਾਜ ਬੁਲੰਦ ਕਰਨਗੇ ਅਤੇ ਨਸ਼ਿਆਂ ਦੇ ਖਾਤਮੇ ਲਈ ਸਰਕਾਰ ਤੇ ਦਵਾ ਬਣਾਉਣਗੇ । ਉਨਾਂ ਕਿਹਾ ਕਿ ਕਿਸਾਨਾਂ ਦੀਆਂ ਕਿਸਾਨੀ ਨੂੰ ਬਚਾਉਣ ਲਈ ਰੱਖੀਆਂ ਮੰਗਾਂ ਅਤੇ ਪੁਰਾਣੀ ਪੈਨਸ਼ਨ ਬਹਾਲੀ ਲਈ ਵੀ ਪਾਰਲੀਮੈਂਟ ਵਿਚ ਜ਼ੋਰਦਾਰ ਅਵਾਜ ਬੁਲੰਦ ਕਰਨਗੇ। ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਨੂੰ ਸਖਤੀ ਨਾਲ ਲਾਗੂ ਕਰਨ, ਟੈਕਨੀਕਲ ਕਾਲਿਜਾਂ ਵਲੋਂ ਡਿਗਰੀ ਹੋਲਡਰਾਂ ਦੇ ਸਰਟੀਫਕੇਟ ਲੈ ਕੇ ਦੇਣ ਲਈ ਵਿਸ਼ੇਸ਼ ਤੋਰ ਤੇ ਕੰਮ ਕਰਨਗੇ। ਉਨਾਂ ਕਿਹਾ ਕਿ ਲੋਕ ਸਭਾ ਹੁਸ਼ਿਆਰਪੁਰ ਦੇ ਲੋਕ ਇਕ ਜੂਨ ਨੂੰ ਹਾਥੀ ਨੂੰ ਵੋਟਾਂ ਪਾ ਕੇ ਬਸਪਾ ਨੂੰ ਜਿਤਾਉਣਗੇ ਮੈਂ ਕਿਸੇ ਨੂੰ ਵੀ ਨਿਰਾਸ਼ ਨਹੀਂ ਹੋਣ ਦੇਵਾਂਗਾ। ਇਸ ਮੌਕੇ ਠੇਕੇਦਾਰ ਭਗਵਾਨ ਦਾਸ ਸਿੱਧੂ, ਸਮਿਤਰ ਸਿੰਘ ਸੀਕਰੀ, ਐਡਵੋਕੇਟ ਧਰਮਿੰਦਰ ਦਾਦਰਾ, ਐਡਵੋਕੇਟ ਪਲਵਿੰਦਰ ਮਾਨਾ,ਮਦਨ ਸਿੰਘ ਬੈਂਸ ਵੀ ਹਾਜਰ ਸਨ।

# ਬੱਸਾਂ ਅੰਦਰ ਸਫਰ ਕਰਨ ਵਾਲੇ ਗਰੀਬ ਲੋਕਾਂ ਦੀ ਹੁੰਦੀ ਹੈ ਲੁੱਟ : ਧੀਮਾਨ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**–ਟਰਾਂਸਪੋਰਟ ਵਿਭਾਗ ਦਾ ਦੇਸ਼ ਦੇ ਵਿਕਾਸ ਅਤੇ ਲੋਕਾਂ ਦੇ ਕੰਮਾਂ ਵਿਚ ਸਹਾਈ ਹੋਣਾ ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ ਹੁੰਦਾ।ਇਸੇ ਕਰਕੇ ਪਬਲਿਕ ਟਰਾਂਪੋਰਟ ਬਣਾਈ ਗਈ ਸੀ।ਪਰ ਅੱਜ ਪੰਜਾਬ ਅੰਦਰ ਪਬਲਿਕ ਟਰਾਂਸਪੋਰਟ ਪੰਜਾਬ ਦੀ ਸਰਕਾਰ ਦੀਆਂ ਅੱਖਾਂ ਤੋਂ ਕੋਹਾਂ ਦੂਰੇ ਚਲੇ ਗਲੇ ਗਈ।ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਅਤੇ ਸੋਨੂ ਮਹਿਤਪੁਰੀ ਨੇ ਪਿੰਡ ਨਸਰਾਂ ਵਿਖੇ ਵੋਟਰਾਂ ਨੂੰ ਜਾਗਰੂਕ ਕੀਤਾ ਅਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਸੁਣੀਆਂ ਤੇ ਇਸ ਮੌਕੇ ਲੋਕਾਂ ਨੇ ਦਸਿਆ ਕਿ ਪਿਛਲੇ 15 ਸਾਲਾਂ ਤੋਂ ਉਨ੍ਹਾਂ ਦੇ ਪਿੰਡਾਂ ਨੂੰ ਆਉਂਦੀ ਸਰਕਾਰੀ ਬੱਸਾਂ ਦੇ ਰੂਟ ਬੰਦ ਪਏ ਹਨ ਤੇ ਚੱਬੇਵਾਲ ਤੋਂ ਨਸਰਾਂ ਦੀ ਦੂਰੀ ਲਗਭਗ 7 ਕਿਲੋ ਮੀਟਰ ਹੈ ਤੇ ਉਥੇ ਪ੍ਰਾਇਵੇਟ ਬੱਸਾਂ ਵਾਲੇ ਇਕ ਪਾਸੇ ਦਾ 25 ਰੁ: ਕਰਾਇਆ ਵਸੂਲ ਕਰ ਰਹੇ ਹਨ ਅਤੇ ਵਿਦਿਆਰਥੀਆਂ ਤੋਂ 15 ਰੁ: ਅਤੇ ਸਰਕਾਰੀ ਤੌਰ 'ਤੇ ਬੱਸ ਕਿਰਾਇਆ 1 ਰੁ: 22 ਪੈਸੇ ਪ੍ਰਤੀ ਕਿਲੋ ਮੀਟਰ ਤੈਅ ਹੈ ਤੇ ਆਮ ਆਦਮੀ ਪਾਰਟੀ ਦੀ ਅਗਵਾਈ ਵਿਚ ਬੱਸਾਂ ਅੰਦਰ ਸਫਰ ਕਰਨ ਵਾਲੇ ਗਰੀਬ ਲੋਕਾਂ ਦੀ ਹੁੰਦੀ ਲੁੱਟ ਦੀ ਉਨਾਂ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਅਪਣੇ ਢਾਈ ਸਾਲਾਂ ਦੇ ਸਫਰ ਦੁਰਾਨ ਪਬਲਿਕ ਟਰਾਂਸਪੋਰਟ ਨੂੰ ਸਥਿਰ ਕਰਨ ਦੇ ਨਾਲ ਬੱਸਾਂ ਵਿਚ ਹੁੰਦੀ ਲੁੱਟ ਨੂੰ ਵੀ ਬੰਦ ਨਹੀਂ ਕਰ ਸਕੀ ਅਤੇ ਨਾ ਹੀ ਕਿਸੇ ਵੀ ਹਲਕੇ ਦੇ ਵਧਾਇਕ ਨੇ ਇਸ ਲੁੱਟ ਦੇ ਵਿਰੁੱਧ ਅਵਾਜ ਬੁਲੰਦ ਕੀਤੀ।ਉਨ੍ਹਾਂ ਕਿਹਾ ਕਿ ਕਿਸੇ ਵੀ ਬੱਸ ਸ਼ੈਲਟਰ ਉਤੇ ਬੱਸਾਂ ਦੇ ਟਾਈਮ ਟੇਬਲ ,ਕਿਰਾਏ ਅਤੇ ਦੂਰੀ ਸਬੰਧੀ ਕੋਈ ਵੀ ਸੂਚਨਾ ਬੋਰਡ ਨਹੀਂ ਲਗਵਾਇਆ ਗਿਆ, ਅਗਰ ਬੋਰਡ ਹਨ ਤਾਂ ਗੱਪਾਂ ਅਤੇ ਝੂਠ ਦੇ ਪ੍ਰਚਾਰ ਦੇ ਹੀ ਹਨ।ਇਸ ਮੌਕੇ ਲੋਕਾਂ ਵੱਲੋਂ ਧੀਮਾਨ ਨੂੰ ਦਸਿਆ ਗਿਆ ਕਿ ਸਰਕਾਰੀ ਸਿਹਤ ਸਹੂਲਤਾਂ ਅਤੇ ਔਰਤਾਂ ਨੂੰ ਫ੍ਰੀ ਬੱਸ ਸਰਵਿਸ ਦਾ ਕੋਈ ਲਾਭ ਨਹੀਂ ਜੇ ਕਰ ਸਰਕਾਰੀ ਸਰਵਿਸ ਹੀ ਨਹੀਂ ਮਿਲਦੀ। ਪਿੰਡਾਂ ਵਿਚ ਰਹਿਣ ਵਾਲੇ ਲੋਕਾਂ ਨੂੰ ਲਗਭਗ ਹਰ ਕੰਮ ਲਈ ਸ਼ਹਿਰਾਂ ਵੱਲ ਆਉਂਣਾ ਜਾਣਾ ਪੈਂਦਾ ਹੈ।ਆਮ ਤੌਰ 'ਤੇ ਸਾਰੇ ਘਰਾਂ ਵਿਚ ਵਹੀਕਲ ਨਹੀਂ ਹਨ ਤੇ ਉਨ੍ਹਾਂ ਦਾ ਆਉਣਾ ਜਾਣਾ ਪਬਲਿਕ ਟਰਾਂਸਪੋਰਟ ਉਤੇ ਨਿਰਭਰ ਕਰਦਾ ਹੈ।

ਪਿੰਡਾਂ ਵਿਚੋਂ ਸ਼ਹਿਰਾਂ ਵੱਲ ਪੜ੍ਹਨ ਆਉਂਦੇ ਬੱਚਿਆਂ ਦਾ ਵੀ ਸੋਸ਼ਣ ਹੁੰਦਾ ਹੈ।ਉਨ੍ਹਾਂ ਮੰਗ ਕੀਤੀ ਕਿ ਹਰੇਕ ਬੱਸ ਅੱਡੇ ਉਤੇ ਕਿਰਾਇਆਂ ਸਬੰਧੀ ਸੂਚਨਾ ਬੋਰਡ ਲਗਣ।ਇਸ ਮੌਕੇ ਕਮਲਜੀਤ ਕੌਰ, ਪਰਮਜੀਤ ਕੌਰ, ਤਰਸੇਮ ਕੌਰ,ਪੁਸ਼ਪਾ ਦੇਵੀ, ਜਤਿੰਦਰ ਕੌਰ, ਜੋਗਿੰਦਰ ਪਾਲ, ਨਮੀਤਾ ਰਾਣੀ, ਜਗਦੀਸ਼ ਕੌਰ, ਕੇਸਰ ਕੌਰ ਆਦਿ ਹਾਜ਼ਰ ਸਨ।

# ਵੱਧ ਤੋਂ ਵੱਧ ਬੂਟੇ ਲਗਾ ਕੇ ਹੀ ਵਾਤਾਵਰਣ ਨੂੰ ਬਚਾਇਆ ਜਾ ਸਕਦੈ : ਲਖਵੀਰ ਸਿੰਘ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਸ਼ਿਵਾਲਿਕ ਨਿਊਜ਼ ਅਦਾਰੇ ਵਲੋਂ ਸਮਾਜ ਭਲਾਈ ਸੰਸਥਾਵਾਂ ਦੇ ਸਹਿਯੋਗ ਨਾਲ ਸਰਕਾਰੀ ਐਲੀਮੈਂਟਰੀ ਸਕੂਲ ਪਿੰਡ ਮੋਹਣਵਾਲ ਵਿਖੇ ਸਰਪੰਚ ਲਖਵੀਰ ਸਿੰਘ ਅਤੇ ਸਕੂਲ ਮੁੱਖੀ ਮੈਡਮ ਗੀਤਾਂਜ਼ਲੀ ਅਤੇ ਵਣ ਵਿਭਾਗ ਦੇ ਸਹਿਯੋਗ ਨਾਲ ਵੱਖ ਵੱਖ ਕਿਸਮਾਂ ਦੇ ਕਰੀਬ 40 ਬੂਟੇ ਲਗਾਏ ਗਏ ।ਮੈਡਮ ਗੀਤਾਂਜ਼ਲੀ ਨੇ ਕਿਹਾ ਕਿ ਦਿਨੋ ਦਿਨ ਵਧ ਰਹੇ ਤਾਪਮਾਨ ਦਾ ਮੁੱਖ ਕਾਰਨ ਦਰਖਤਾਂ ਦ ਘੱਟ ਹੋਣਾ ਹੈ ।ਲਖਵੀਰ ਸਿੰਘ ਨੇ ਕਿਹਾ ਕਿ ਬੂਟੇ ਲਗਾਉਣ ਨਾਲ ਬੂਟਿਆਂ ਦੀ ਸਾਭ ਸੰਭਾਲ ਵੀ ਅਤਿ ਜਰੂਰੀ ਹੈ ਅਤੇ ਦਿਨੋ ਦਿਨ ਵੱਧ ਰਹੇ ਤਾਪਮਾਨ ਤੋਂ ਵੱਧ ਤੋ ਵੱਧ ਬੂਟੇ ਲਗਾ ਕੇ ਹੀ ਵਾਤਾਵਰਣ ਨੂੰ ਸੰਭਾਲਿਆ ਜਾ ਸਕਦਾ ਹੈ ।ਵਿਸ਼ੇਸ ਤੌਰ 'ਤੇ ਪਿੰਡ ਮੋਹਣੋਵਾਲ ਵਿਖੇ ਪਹੁੰਚੇ ਸਮਾਜ਼ ਸੇਵੀ ਭੁਪਿੰਦਰ ਰਾਣਾ, ਪ੍ਰੋ ਬਿੱਕਰ ਸਿੰਘ,ਪ੍ਰੋ ਜਗਦੀਸ਼ ਰਾਏ, ਮਾ. ਹੰਸ ਰਾਜ ਨੇ ਵੱਖ ਵੱਖ ਕਿਸਮਾਂ ਦੇ ਬੂਟੇ ਲਗਾ ਕੇ ਫੂਲਾ ਸਿੰਘ ਬੀਰਮਪੁਰੀ ਵਲੋਂ ਕੀਤੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵੱਧ ਰਹੇ ਤਾਪਮਾਨ ਤੋਂ ਬਚਣ ਲਈ ਵੱਧ ਤੋਂ ਵੱਧ ਰੁੱਖ ਲਗਾਉਣੇ ਜਰੂਰੀ ਹਨ। ਇਸ ਮੌਕੇ ਪਿੰਡ ਮੋਹਣਵਾਲ ਤੋ ਸਰਪੰਚ ਲਖਵੀਰ ਸਿੰਘ ,ਸਕੂਲ ਮੁੱਖੀ ਮੈਡਮ ਗੀਤਾਜ਼ਲੀ, ਰਾਜ਼ ਰਾਣੀ, ਦਿਲਾਵਰ ਸਿੰਘ ,ਹੈਪੀ ਸਾਧੋਵਾਲ,ਪ੍ਰੀਤ ਪਾਰੋਵਾਲ,ਰਾਜਨ ਬੀਰਮਪੁਰ, ਸੈਡੀ ਭੱਜਲਾ ਵਣ ਵਿਭਾਗ ਤੋਂ ਮਨਪ੍ਰੀਤ ਸਿੰਘ ਤੇ ਹੋਰ ਹਾਜ਼ਰ ਸਨ।

## ਸਾਲਾਨਾ ਜੋੜ ਮੇਲਾ 4-5 ਨੂੰ ਮਨਾਇਆ ਜਾਵੇਗਾ : ਕਾਦਰੀ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ )**- ਹਜ਼ਰਤ ਦਰਬਾਰ ਪੰਜ ਪੀਰ ਬੰਗਾ ਰੋਡ ਵਿਖੇ ਸਾਲਾਨਾ ਜੋੜ ਮੇਲਾ 4 ਤੇ 5 ਜੂਨ ਨੂੰ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ ।ਦਰਬਾਰ ਦੇ ਗੱਦੀਨਸ਼ੀਨ ਬਾਬਾ ਮਹਿਤਾਬ ਅਹਿਮਦ ਕਾਦਰੀ ਨੇ ਦੱਸਿਆ ਹੈ ਕਿ 4 ਜੂਨ ਨੂੰ ਚਿਰਾਗ ਰੋਸ਼ਨ ਕੀਤੇ ਜਾਣਗੇ ਅਤੇ ਰਾਤ ਨੂੰ ਬੰਟੀ ਕਵਾਲ, ਇਸ਼ਰਤ ਅਲੀ, ਸਨਾ ਫਤਿਹ ਅਲੀ ਖਾਨ, ਆਬਿਦ ਅਲੀ, ਕਵਾਲੀਆ ਪੇਸ਼ ਕਰਨਗੇ। 5 ਜੂਨ ਨੂੰ ਸਵੇਰੇ ਝੰਡੇ ਦੀ ਰਸਮ ਕੀਤੀ ਜਾਵੇਗੀ, ਦਰਬਾਰ 'ਤੇ ਚਾਦਰ ਚੜ੍ਹਾਉਣ ਦੀ ਰਸਮ ਅਦਾ ਕੀਤੀ ਜਾਵੇਗੀ। ਗਾਇਕ ਸੁਲਤਾਨਾ ਨੂਰਾ ਮਹੇਸ਼ ਸਾਜਨ, ਅਮਿਤ ਅਨਵਰ, ਬਲਜਿੰਦਰ ਬੈਂਸ, ਮਨੀ ਗਿਲ, ਰਿਵਾਜ ਖਾਨ ਅਤੇ ਸਟੇਜ ਸੰਚਾਲਕ ਦੀ ਭੂਮਿਕਾ ਦੀਪਾ ਮਿਉਵਾਲ ਤੇ ਕੁਲਰਾਜ ਮੁੰਹਮਦ ਰਾਜੀ ਨਿਭਾਉਣਗੇ।

## ਠੰਢੇ ਮਿੱਠੇ ਜਲ ਦੀ ਛਬੀਲ ਲਗਾਈ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**-ਪਿੰਡ ਸੰਘੇ ਜਾਗੀਰ ਵਿਖੇ ਡਾ.ਬੀ.ਆਰ.ਅੰਬੇਡਕਰ ਮਿਸ਼ਨ ਸੋਸਾਇਟੀ ( ਰਜਿ.) ਸੰਘੇ ਜਾਗੀਰ ਵੱਲੋਂ ਕੌਮ ਦੇ ਅਮਰ ਸ਼ਹੀਦ 108 ਸੰਤ ਰਾਮਾ ਨੰਦ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਠੰਡੇ ਮਿੱਠੇ ਜਲ ਦੀ ਛਬੀਲ ਹਰੇਕ ਸਾਲ ਦੀ ਤਰ੍ਹਾਂ ਲਗਾਈ ਗਈ ਅਤੇ ਕੜਾਹ ਪਰਸਾਦ ਅਤੇ ਚਣਿਆਂ ਦੇ ਲੰਗਰ ਵੀ ਲਗਾਏ ਗਏ। ਸੰਤ ਰਾਮਾ ਜੀ ਦੇ ਕੌਮ ਨੂੰ ਸਮਰਪਿਤ ਕੰਮਾਂ ਬਾਰੇ ਸੰਗਤ ਨੂੰ ਜਾਣੂ ਕਰਵਾਇਆ ਗਿਆ ਤੇ ਉਨ੍ਹਾਂ ਦੀ ਸਮਾਜ ਪ੍ਰਤੀ ਲਗਨ ਅਤੇ ਸਮਾਜ ਨੂੰ ਬਰਾਬਰਤਾ ਦਾ ਦਰਜਾ ਦਿਵਾਉਣ ਲਈ ਕੀਤੇ ਸੰਘਰਸ਼ ਨੂੰ ਯਾਦ ਕੀਤਾ ਗਿਆ।ਬਸਪਾ ਨਕੋਦਰ ਲੀਡਰਸ਼ਿਪ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਗਵਾਈ।ਇਸ ਮੌਕੇ ਚੇਅਰਮੈਨ ਕਸ਼ਮੀਰੀ ਲਾਲ, ਪ੍ਰਧਾਨ ਪ੍ਰੇਮ ਲਾਲ, ਸੈਕਟਰੀ ਹਰਬੰਸ ਲਾਲ,ਤਰਸੇਮ ਲਾਲ,ਓਮ ਪ੍ਰਕਾਸ਼ ਮੰਗਾ,ਬਲਵੀਰ ਰਾਮ,ਪਾਠੀ ਹਰਬੰਸ ਲਾਲ ,ਹੰਸ ਰਾਜ,ਲਖਵਿੰਦਰ ਪਾਲ,ਜੋਗ ਰਾਜ , ਕੁਲਦੀਪ ਰਾਜ,ਜਸਕਰਨ ਸਿੰਘ,ਸੁੱਖਾ,ਸਨੀ,ਅਭੀ,ਲੱਭਾ, ਭਿੰਦੂ, ਸੋਮਾ, ਆਦਿ ਹਾਜ਼ਰ ਸਨ।

## 12 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਕਾਬੂ

**ਨਵਾਂਸ਼ਹਿਰ, (ਮਨੋਜ ਲਾਡੀ)** - ਸਿਟੀ ਥਾਣਾ ਨਵਾਂਸ਼ਹਿਰ ਦੀ ਪੁਲਸ ਨੇ ਇਕ ਵਿਅਕਤੀ ਨੂੰ 12 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਕੀਤਾ ਕਾਬੂ ।ਜਾਣਕਾਰੀ ਦਿੰਦੇ ਹੋਏ ਏ.ਐੱਸ.ਆਈ. ਹਰਜਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਨਵਾਂਸ਼ਹਿਰ ਦੇ ਗੜ੍ਹਸ਼ੰਕਰ ਰੋਡ 'ਤੇ ਮਹਿੰਦੀਪੁਰ ਚੌਂਕ ਦੇ ਕੋਲ ਮੌਜੂਦ ਸੀ ਤਾਂ ਇਕ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਕ੍ਰਿਸ਼ਨ ਕੁਮਾਰ ਵਾਸੀ ਮਹਿੰਦੀਪੁਰ ਜੋ ਕਿ ਸ਼ਰਾਬ ਵੇਚਣ ਦਾ ਨਜਾਇਜ਼ ਧੰਦਾ ਕਰਦਾ ਹੈ, ਉਹ ਇਸੇ ਸਿਲਸਿਲੇ ਵਿਚ ਪਿੰਡ ਗੁੱਜਰਪੁਰ ਨੇੜੇ ਖਾਲੀ ਪਏ ਪਲਾਟ ਵਿਚ ਰੱਖ ਕੇ ਗਾਹਕਾਂ ਦੀ ਉਡੀਕ ਕਰ ਰਿਹਾ ਹੈ। ਏ.ਐੱਸ.ਆਈ. ਨੇ ਦੱਸਿਆ ਕਿ ਉਕਤ ਸੂਚਨਾ ਦੇ ਆਧਾਰ 'ਤੇ ਕਾਰਵਾਈ ਕਰਦੇ ਹੋਏ ਪੁਲਸ ਨੇ ਕ੍ਰਿਸ਼ਨ ਕੁਮਾਰ ਨੂੰ ਕਾਬੂ ਕਰਕੇ 12 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਹੈ।ਉਸ ਖਿਲਾਫ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਐਡਵੋਕੇਟ ਰਾਜਪਾਲ ਚੌਹਾਨ ਨੇ ਕੀਤੀ ਸ਼ੇਖਾਵਤ ਨਾਲ ਮੁਲਾਕਾਤ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਲੋਕ ਸਭਾ ਹਲਕਾ ਆਨੰਦਪੁਰ ਸਾਹਿਬ ਤੋਂ ਭਾਜਪਾ ਦੇ ਆਗੂ ਬਲਾਚੌਰ ਸਪੋਰਟਸ ਕਲੱਬ ਦੇ ਸਰਪ੍ਰਸਤ ਐਡਵੋਕੇਟ ਰਾਜਪਾਲ ਚੌਹਾਨ ਦੇ ਵੱਲੋਂ ਭਾਰਤ ਸਰਕਾਰ ਦੇ ਕੇਂਦਰੀ ਮੰਤਰੀ ਗਜਿੰਦਰ ਸਿੰਘ ਸ਼ੇਖਾਵਤ ਨਾਲ ਮੁਲਾਕਾਤ ਕੀਤੀ ਗਈ ਅਤੇ ਲੋਕ ਸਭਾ ਹਲਕਾ ਸ਼੍ਰੀ ਆਨੰਦਪੁਰ ਸਾਹਿਬ ਤੇ ਹਲਕਾ ਬਲਾਚੌਰ ਦੇ ਅਧੂਰੇ ਪਏ ਵਿਕਾਸ ਕਾਰਜਾਂ ਬਾਰੇ ਵਿਚਾਰ ਚਰਚਾ ਕੀਤੀ। ਉਨ੍ਹਾਂ ਨੇ ਲੋਕ ਸਭਾ ਹਲਕਾ ਸ੍ਰੀ ਆਨੰਦਪੁਰ ਸਾਹਿਬ ਤੋਂ ਉਮੀਦਵਾਰ ਡਾਕਟਰ ਸ਼ੁਭਾਸ਼ ਸ਼ਰਮਾ ਨੂੰ ਵੱਧ ਤੋਂ ਵੱਧ ਵੋਟਾਂ ਪਵਾਉਣ ਦਾ ਵਿਸ਼ਵਾਸ ਦਿਵਾਇਆ ਤੇ ਕਿਹਾ ਕਿ ਦੇਸ਼ ਦੇ ਲੋਕ ਮੁੜ ਤੋਂ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ 'ਤੇ ਬੈਠਿਆਂ ਦੇਖਣਾ ਚਾਹੁੰਦੇ ਹਨ। ਭਾਜਪਾ ਦੇ ਸਮੂਹ ਵਰਕਰਾਂ ਦੇ ਵੱਲੋਂ ਹਲਕਾ ਡਾ. ਸ਼ੁਭਾਸ ਸ਼ਰਮਾ ਦੀ ਚੋਣ ਮੁਹਿੰਮ ਨੂੰ ਭਖਾਇਆ ਜਾ ਰਿਹਾ ਹੈ।

# ਐਡਵੋਕੇਟ ਰਣਜੀਤ ਕੁਮਾਰ ਨੇ ਲਿਆ ਡੇਰਾ ਸੱਚਖੰਡ ਬੱਲਾਂ ਤੋਂ ਅਸ਼ੀਰਵਾਦ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ,ਬਲਵੀਰ ਸਿੰਘ ਸੈਣੀ )** ਕੌਮ ਦੇ ਮਹਾਨ ਸ਼ਹੀਦ ਸੰਤ ਰਾਮਾ ਨੰਦ ਜੀ ਮਹਾਰਾਜ ਦੇ ਬਰਸੀ ਸਮਾਗਮ ਮੌਕੇ ਐਡਵੋਕੇਟ ਰਣਜੀਤ ਕੁਮਾਰ ਪ੍ਰਧਾਨ ਬਾਰ ਐਸ਼ੋਸ਼ੀਏਸ਼ਨ ਹੁਸ਼ਿਆਰਪੁਰ, ਉਮੀਦਵਾਰ ਬਸਪਾ ਲੋਕ ਸਭਾ ਹੁਸ਼ਿਆਰਪੁਰ, ਠੇਕੇਦਾਰ ਭਗਵਾਨ ਦਾਸ ਸਿੱਧੂ,ਐਡਵੋਕੇਟ ਧਰਮਿੰਦਰ ਦਾਦਰਾ, ਮੋਹਣ ਲਾਲ ਭਟੋਆ ਅਤੇ ਸਾਰੀ ਬਸਪਾ ਟੀਮ ਨੇ ਡੇਰਾ ਬੱਲਾਂ ਦੇ ਮੌਜੂਦਾ ਗੱਦੀ ਨਸ਼ੀਨ ਸੰਤ ਨਿਰੰਜਣ ਦਾਸ ਮਹਾਰਾਜ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ ਅਤੇ ਕੌਮ ਦੇ ਮਹਾਨ ਸ਼ਹੀਦ ਸੰਤ ਰਾਮਾ ਨੰਦ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ।

ਇਸ ਮੌਕੇ ਐਡਵੋਕੇਟ ਰਣਜੀਤ ਕੁਮਾਰ ਨੇ ਕਿਹਾ ਕਿ ਸੰਤ ਰਾਮਾ ਨੰਦ ਦੀ ਕੁਰਬਾਨੀ ਨੂੰ ਹਮੇਸ਼ਾਂ ਯਾਦ ਰੱਖਿਆ ਜਾਵੇਗਾ। ਮਹਾਂਪੁਰਸ਼ਾਂ ਦੀ ਮਹਾਨ ਕੁਰਬਾਨੀ ਤੋਂ ਬਾਅਦ ਕੌਮ ਅੰਦਰ ਕੁਰਬਾਨੀ ਤੇ ਸੰਘਰਸ਼ ਦਾ ਜਜ਼ਬਾ ਪੈਦਾ ਹੋਇਆ, ਜਿਸ ਨਾਲ ਕੌਮ ਨੂੰ ਇਕ ਪਲੇਟਫਾਰਮ ਤੇ ਇਕੱਠੇ ਹੋ ਕੇ ਬੇਗਮਪੁਰਾ ਸ਼ਹਿਰ ਜਿਥੇ ਹਰ ਕਿਸੇ ਨੂੰ ਬਿਨਾਂ ਭੇਦ ਭਾਵ ਜੀਵਨ ਜਿਉਣ ਦੇ ਮੌਕੇ ਮਿਲਣ,ਹਰ ਕਿਸੇ ਨੂੰ ਬਰਾਬਰ ਸਿੱਖਿਆ, ਸਿਹਤ ਸਹੂਲਤਾਂ,ਰੋਟੀ, ਕਪੜਾ,ਮਕਾਨ ਮਿਲੇ। ਉਨਾਂ ਕਿਹਾ ਸੰਤ ਰਾਮਾ ਨੰਦ ਜੀ ਕਿਹਾ ਕਰਦੇ ਸਨ ਕਿ ਜਦੋਂ ਪਰਮੇਸ਼ਰ ਮਨੁੱਖ ਨਾਲ ਕੋਈ ਵਿਤਕਰਾ ਨਹੀਂ ਕਰਦਾ,ਭਿੰਨ ਭੇਦ ਨਹੀਂ ਕਰਦਾ ਹਰ ਕਿਸੇ ਨੂੰ ਇਕਸਾਰ ਧੁੱਪ, ਛਾਂ,ਮੀਂਹ, ਹਵਾ ਦੀ ਬਖਸ਼ਿਸ਼ ਕਰਦਾ ਹੈ ਤਾਂ ਫਿਰ ਧਰਤੀ ਦੇ ਲੋਕਾਂ ਵਲੋਂ ਕਿਉਂ ਵੰਡੀਆਂ ਪਾਈਆਂ ਗਈਆਂ ਹਨ। ਉਨ੍ਹਾਂ ਕਿਹਾ ਸੰਤਾਂ, ਮਹਾਂਪੁਰਸ਼ਾਂ ਦੇ ਅਸ਼ੀਰਵਾਦ ਨਾਲ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਦਰਸਾਇਆ ਹੋਇਆ ਬੇਗਮਪੁਰਾ ਸ਼ਹਿਰ ਜਲਦ ਬਣਨ ਜਾ ਰਿਹਾ ਹੈ।

# ਅੱਜ ਬਚਾਵਾਂਗੇ ਜਲ, ਤਾਂ ਹੀ ਸੰਵਰੇਗਾ ਕੱਲ੍ਹ : ਸੰਜੀਵ ਅਰੋੜਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਭਾਰਤ ਵਿਕਾਸ ਪ੍ਰੀਸ਼ਦ ਦੀ ਬੈਠਕ ਪ੍ਰਧਾਨ ਅਤੇ ਪ੍ਰਮੁੱਖ ਸਮਾਜ ਸੇਵੀ ਸੰਜੀਵ ਅਰੋੜਾ ਦੀ ਪ੍ਰਧਾਨਗੀ ਵਿੱਚ ਜਲ ਬਚਾਅ ਦੇ ਸੰਬੰਧ ਵਿੱਚ ਹੋਈ।ਇਸ ਵਿੱਚ ਮੌਜੂਦ ਮੈਂਬਰਾਂ ਨੇ ਜਲ ਬਚਾਅ ਸੰਬੰਧੀ ਖੁਦ ਅਤੇ ਹੋਰਨਾਂ ਨੂੰ ਜਾਗਰੂਕ ਕਰਨ ਦੀ ਸਹੁੰ ਚੁੱਕੀ।ਇਸ ਮੌਕੇ ਪ੍ਰਧਾਨ ਸੰਜੀਵ ਅਰੋੜਾ ਨੇ ਕਿਹਾ ਕਿ ਜਿਸ ਤੇਜ਼ੀ ਨਾਲ ਧਰਤੀ ਦੇ ਨੀਚੇ ਦਾ ਸਾਫ-ਸੁਥਰਾ ਪਾਣੀ ਘੱਟ ਹੋ ਰਿਹਾ ਹੈ ਉਸ ਨੂੰ ਬਚਾਉਣ ਦੇ ਲਈ ਹੁਣ ਤੋਂ ਹੀ ਸੰਯੁਕਤ ਤੌਰ ਤੇ ਯਤਨ ਕਰਨੇ ਚਾਹੀਦੇ ਹਨ ਕਿਉਂਕਿ "ਅਜ ਬਚਾਵਾਂਗੇ ਜਲ ਤਾਂ ਹੀ ਸੰਵਰੇਗਾ ਕੱਲ੍ਹ।ਸ੍ਰੀ ਅਰੋੜਾ ਨੇ ਕਿਹਾ ਕਿ ਵਾਟਰ ਹਾਰਵੈਸਟਿੰਗ ਦੁਆਰਾ ਹੀ ਨਹੀਂ ਬਲਕਿ ਰੋਜ਼ਮਰਾ ਵਿੱਚ ਜਲ ਬਚਾਅ ਸੰਭਵ ਹੈ ਅਤੇ ਇਸ ਤਰ੍ਹਾਂ ਕਰਨ ਨਾਲ ਅਸੀਂ ਹਰ ਰੋਜ਼ ਹਜ਼ਾਰਾਂ ਲੀਟਰ ਪਾਣੀ ਦੀ ਬਚਤ ਕਰ ਸਕਦੇ ਹਾਂ ਜੋ ਸਾਡੇ ਭਵਿੱਖ ਲਈ ਲਾਭਕਾਰੀ ਹੋਵੇਗਾ।ਜੇ ਅਸੀਂ ਜਲ ਦੇ ਪ੍ਰਤੀ ਅੱਜ ਗੰਭੀਰ ਨਹੀਂ ਹੋਵਾਂਗੇ ਤਾਂ ਇਸ ਵਿੱਚ ਕੋਈ ਦੋ ਰਾਏ ਨਹੀਂ ਇਹ ਸਾਡਾ ਹਰਾ ਭਰਿਆ ਇਲਾਕਾ ਇਕ ਦਿਨ ਰੇਗੀਸਤਾਨ ਵਿੱਚ ਤਬਦੀਲ ਹੋ ਜਾਵੇਗਾ।ਸ੍ਰੀ ਅਰੋੜਾ ਨੇ ਦੱਸਿਆ ਕਿ ਪ੍ਰੀਸ਼ਦ ਦਾ ਹਰ ਮੈਂਬਰ ਆਪਣੇ-ਆਪਣੇ ਇਲਾਕੇ ਵਿੱਚ ਨੁੱਕੜ ਬੈਠਕਾਂ ਕਰਕੇ ਲੋਕਾਂ ਨੂੰ ਜਲ ਬਚਾਉਣ ਸਬੰਧੀ ਜਾਗਰੂਕ ਕਰੇਗਾ।ਇਸ ਮੌਕੇ ਸਕੱਤਰ ਰਾਜਿੰਦਰ ਮੋਦਗਿਲ ਅਤੇ ਦਵਿੰਦਰ ਅਰੋੜਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜਲ ਬਚਾਉਣ ਦੇ ਲਈ ਆਪਣੇ ਘਰ ਤੋਂ ਸ਼ੁਰੂਆਤ ਕਰੋ ਅਤੇ ਉਨ੍ਹਾਂ ਨੇ ਕਿਹਾ ਕਿ ਟੈਂਕੀ ਭਰਨ ਦੇ ਲਈ ਮੋਟਰ ਉਨ੍ਹੀ ਦੇਰ ਹੀ ਚਲਾਉ ਜਿੰਨੀ ਜ਼ਰੂਰਤ ਹੋਵੇ।ਕਈ ਵਾਰ ਦੇਖਿਆ ਗਿਆ ਹੈ ਕਿ ਲੋਕ ਮੋਟਰ ਚਲਾ ਕੇ ਭੁਲ ਜਾਂਦੇ ਹਨ ਅਤੇ ਸੈਂਕੜੇ ਹਜ਼ਾਰਾਂ ਲੀਟਰ ਪਾਣੀ ਬੇਕਾਰ ਬਹਿ ਜਾਂਦਾ ਹੈ ਅਤੇ ਸਾਨੂੰ ਸ਼ੇਵ ਕਰਦੇ ਸਮੇਂ ਅਤੇ ਬਰੱਸ਼ ਕਰਦੇ ਸਮੇਂ ਨਲ ਖੁਲਾ ਨਹੀਂ ਛੱਡਣਾ ਚਾਹੀਦਾ ਅਤੇ ਉਨਾਂ ਨੇ ਨਗਰ ਨਿਗਮ ਅਤੇ ਸਰਕਾਰ ਨੂੰ ਅਪੀਲ ਕੀਤੀ ਕਿ ਜਿੰਨੀਆਂ ਵੀ ਨਵੀਆਂ ਇਮਾਰਤਾਂ ਬਣ ਰਹੀਆਂ ਹਨ ਚਾਹੇ ਉਹ ਕਮਰਸ਼ੀਅਲ ਹੋਣ ਜਾਂ ਘਰੇਲੂ ਉਸ ਵਿੱਚ ਵਾਟਰ ਹਰਵੈਸਟਿੰਗ ਸਿਸਟਮ ਲਗਾਉਣ ਦਾ ਪ੍ਰਬੰਧ ਯਕੀਨੀ ਬਣਾਇਆ ਜਾਵੇ ਅਤੇ ਇਸ ਦੇ ਲਈ ਸਰਕਾਰੀ ਤੌਰ ਤੇ ਸਬਸਿਡੀ ਦਾ ਪ੍ਰਬੰਧ ਵੀ ਕੀਤਾ ਜਾਵੇ ਤਾਂਕਿ ਲੋਕ ਇਸ ਨੂੰ ਲਗਵਾਉਣ ਤੋਂ ਪਰਹੇਜ਼ ਨਾ ਕਰਨ ਅਤੇ ਪਾਣੀ ਦੀ ਪੂਰੀ ਤੌਰ ਤੇ ਬਚੱਤ ਕੀਤੀ ਜਾ ਸਕੇ ਤਾਂਕਿ ਭਵਿੱਖ ਵਿੱਚ ਆਉਣ ਵਾਲੀਆ ਪੀੜ੍ਹੀਆਂ ਨੂੰ ਕੋਈ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਏ। ਇਸ ਮੌਕੇ ਦਵਿੰਦਰ ਅਰੋੜਾ, ਵਿਜੈ ਅਰੋੜਾ, ਟਿੰਕੂ ਨਰੂਲਾ, ਵਿਨੋਦ ਪਾਸਾਨ, ਤਰਸੇਮ ਮੋਦਗਿਲ, ਦੀਪਕ ਮੇਂਹਦੀਰੱਤਾ, ਜਗਦੀਸ਼ ਅਗਰਵਾਲ, ਅਮਰਜੀਤ ਸ਼ਰਮਾ, ਰਾਜਕੁਮਾਰ ਮਲਿਕ, ਰਮੇਸ਼ ਭਾਟੀਆ, ਨੀਲ ਸ਼ਰਮਾ, ਰਵਿੰਣਰ ਭਾਟੀਆ, ਨਵੀਲ ਕੋਹਲੀ ਆਦਿ ਮੌਜੂਦ ਸਨ।

# ਹੱਡਾਰੋੜੀ ਦੇ ਸੰਚਾਲਕਾਂ ਨੂੰ ਨੋਟਿਸ ਜਾਰੀ



**ਫਗਵਾੜਾ ( ਡਾ. ਰਮਨ, ਢੱਡਾ )** ਨਜਦੀਕੀ ਪਿੰਡ ਖਾਟੀ ਵਿਖੇ ਗੈਰ ਕਾਨੂੰਨੀ ਹੱਡਾਂ ਰੋੜੀ ਕਾਰਖਾਨੇ ਨੂੰ ਬੰਦ ਕਰਵਾਉਣ ਲਈ ਹਿੰਦੂ ਸੰਗਠਨਾਂ ਵਲੋਂ ਦਿੱਤੇ ਅਲਟੀਮੇਟਮ ਅਤੇ ਐਸ.ਡੀ.ਐਮ. ਦਫਤਰ ਫਗਵਾੜਾ ਦੇ ਸਾਹਮਣੇ ਧਰਨੇ ਦੀ ਚਿਤਾਵਨੀ ਤੋਂ ਬਾਅਦ ਪ੍ਰਸ਼ਾਸਨ ਹਰਕਤ ਵਿਚ ਆਇਆ ਹੈ ਅਤੇ ਹੱਡਾਂ ਰੋੜੀ ਦੇ ਸੰਚਾਲਕਾਂ ਨੂੰ ਧਾਰਾ 133 ਸੀ.ਆਰ.ਪੀ.ਸੀ. ਤਹਿਤ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਗਿਆ ਹੈ। ਯੁਵਾ ਸੈਨਾ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਬਲਜੀਤ ਸਿੰਘ ਭੁੱਲਾਰਾਈ ਅਤੇ ਸ਼ਿਵ ਸੈਨਾ (ਯੂਬੀਟੀ) ਦੇ ਸੂਬਾ ਪ੍ਰੈਸ ਸਕੱਤਰ ਕਮਲ ਸਰੋਜ ਨੇ ਦੱਸਿਆ ਕਿ ਐਸ.ਡੀ.ਐਮ. ਫਗਵਾੜਾ ਵਲੋਂ ਉਹਨਾਂ ਨੂੰ ਨੋਟਿਸ ਦੀ ਕਾਪੀ ਦਿੱਤੀ ਗਈ ਹੈ ਅਤੇ ਕਾਰਵਾਈ ਦਾ ਭਰੋਸਾ ਮਿਲਿਆ ਹੈ। ਜਿਸ ਕਰਕੇ ਧਰਨੇ ਦਾ ਪ੍ਰੋਗਰਾਮ ਫਿਲਹਾਲ ਮੁਤਲਵੀ ਕਰ ਦਿੱਤਾ ਗਿਆ ਹੈ। ਉਹਨਾਂ ਨੋਟਿਸ ਜਾਰੀ ਹੋਣ ਨੂੰ ਲੈ ਕੇ ਸੰਤੁਸ਼ਟੀ ਦਾ ਇਜਹਾਰ ਕੀਤਾ ਅਤੇ ਨਾਲ ਹੀ ਕਿਹਾ ਕਿ ਪ੍ਰਸ਼ਾਸਨ ਵਲੋਂ ਕੀਤੀ ਜਾ ਰਹੀ ਕਾਰਵਾਈ 'ਤੇ ਉਹਨਾਂ ਦੀ ਨਜ਼ਰ ਹੈ। ਹਾਲਾਂਕਿ ਉਹਨਾਂ ਨੂੰ ਵਿਸ਼ਵਾਸ ਹੈ ਕਿ ਇਹ ਹੱਡਾਂ ਰੋੜੀ ਕਾਰਖਾਨਾ ਜਲਦੀ ਬੰਦ ਹੋ ਜਾਵੇਗਾ ਪਰ ਜੇਕਰ ਅਜਿਹਾ ਨਾ ਹੋਇਆ ਤਾਂ ਦੁਬਾਰਾ ਸੰਘਰਸ਼ ਬਾਰੇ ਵਿਚਾਰ ਕੀਤਾ ਜਾਵੇਗਾ। ਉਹਨਾਂ ਇਕ ਵਾਰ ਫਿਰ ਕਿਹਾ ਕਿ ਪੰਜਾਬ ਦੀ ਧਰਤੀ 'ਤੇ ਗਊ ਹੱਤਿਆ ਅਤੇ ਖਾਸ ਤੌਰ 'ਤੇ ਭਗਵਾਨ ਪਰਸ਼ੂਰਾਮ ਜੀ ਦੇ ਤੱਪ ਅਸਥਾਨ ਵਾਲੇ ਪਿੰਡ ਖਾਟੀ 'ਚ ਅਜਿਹਾ ਘੋਰ ਪਾਪ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ ਸ਼ਿਵ ਸੈਨਾ (ਯੂ.ਬੀ.ਟੀ.) ਦੇ ਸਾਬਕਾ ਸ਼ਹਿਰੀ ਪ੍ਰਧਾਨ ਮਨੋਜ ਸ਼ਰਮਾ, ਅਨੂਪ ਦੁੱਗਲ, ਸੰਨੀ ਰਾਜਪੂਤ ਆਦਿ ਹਾਜ਼ਰ ਸਨ।

# ਲੋਕ ਖੁਦ ਮਾਲਵਿੰਦਰ ਸਿੰਘ ਕੰਗ ਦੇ ਹੱਕ 'ਚ ਚੋਣ ਪ੍ਰਚਾਰ ਕਰਨ ਲਈ ਬਜ਼ਿੱਦ : ਕੁਲਵੰਤ ਸਿੰਘ



**ਮੋਹਾਲੀ (ਗੁਰਜੀਤ ਬਿੱਲਾ)**- ਹਲਕਾ ਸ੍ਰੀ ਅਨੰਦਪੁਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਮਾਲਵਿੰਦਰ ਸਿੰਘ ਕੰਗ ਦੇ ਹੱਕ ਵਿੱਚ ਮੀਟਿੰਗ ਫੇਜ਼ -6 ਆਰ.ਪੀ.ਸ਼ਰਮਾ ਪ੍ਰਧਾਨ ਵੈੱਲਫੇਅਰ ਐਕਸ਼ਨ ਕਮੇਟੀ ਫ਼ੇਜ਼-6 ਮੋਹਾਲੀ ਅਤੇ ਬਲਾਕ ਪ੍ਰਧਾਨ ਦੀ ਅਗਵਾਈ ਹੇਠ ਵਿਸ਼ਾਲ ਰੈਲੀ ਦਾ ਰੂਪ ਧਾਰਨ ਕਰ ਗਈ। ਇਸ ਮੌਕੇ ਵਿਧਾਇਕ ਮੋਹਾਲੀ ਕੁਲਵੰਤ ਸਿੰਘ ਨੇ ਕਿਹਾ ਕਿ ਮੋਹਾਲੀ ਸਮੇਤ ਸ੍ਰੀ ਅਨੰਦਪੁਰ ਸਾਹਿਬ ਦੇ ਲੋਕਾਂ ਨੇ ਮਾਲਵਿੰਦਰ ਸਿੰਘ ਕੰਗ ਨੂੰ ਜਿਤਾਉਣ ਦਾ ਮਨ ਬਣਾ ਲਿਆ ਹੈ। ਉਹਨਾਂ ਕਿਹਾ ਕਿ ਜਿੱਥੇ ਕੰਗ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਨ ਦੇ ਲਈ ਆਮ ਆਦਮੀ ਪਾਰਟੀ ਦੇ ਵਰਕਰ ਅਤੇ ਸਮਰਥਕਾਂ ਨੇ ਆਪੋ- ਆਪਣੀਆਂ ਜਿੰਮੇਦਾਰੀਆਂ ਸੰਭਾਲ ਰੱਖੀਆਂ ਹਨ , ਉੱਥੇ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਵੱਲੋਂ ਪੰਜਾਬ ਦੇ ਸਰਬਪੱਖੀ ਵਿਕਾਸ ਲਈ ਕੀਤੇ ਜਾ ਰਹੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਲੋਕ ਖੁਦ ਕੰਗ ਦੇ ਹੱਕ ਵਿੱਚ ਚੋਣ ਪ੍ਰਚਾਰ ਲਈ ਬਜ਼ਿੱਦ ਹਨ। ਕੰਗ ਆਪਣੇ ਵਿਰੋਧੀ ਉਮੀਦਵਾਰਾਂ ਨੂੰ ਵੱਡੇ ਅੰਤਰ ਨਾਲ ਹਰਾ ਕੇ ਦੇਸ਼ ਦੀ ਪਾਰਲੀਮੈਂਟ ਵਿੱਚ ਪਹੁੰਚਣਗੇ। ਉਮੀਦਵਾਰ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਉਹ ਪਿਛਲੇ ਕੁਝ ਦਿਨਾਂ ਤੋਂ ਮੋਹਾਲੀ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿੱਚ ਨੁੱਕੜ ਮੀਟਿੰਗਾਂ ਅਤੇ ਪਿੰਡਾਂ ਵਿੱਚ ਲੋਕਾਂ ਨੂੰ ਮਿਲ ਰਹੇ ਹਨ ਅਤੇ ਲੋਕਾਂ ਵੱਲੋਂ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਲੋਕ ਪੱਖੀ ਸਕੀਮਾਂ ਨੂੰ ਪ੍ਰਵਾਨ ਕਰਕੇ ਬਕਾਇਦਾ ਉਹਨਾਂ ਤੋਂ ਲਾਭ ਉਠਾ ਰਹੇ ਹਨ। ਆਮ ਆਦਮੀ ਪਾਰਟੀ ਦਾ ਹਰ ਵਰਕਰ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਦੇ ਲਈ ਹਰ ਵੇਲੇ ਲੋਕਾਂ ਦੀ ਕਚਹਿਰੀ ਵਿੱਚ ਹਾਜ਼ਰ ਰਹਿੰਦਾ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਲੋਕੀ ਆਮ ਆਦਮੀ ਪਾਰਟੀ ਦੇ 13 ਦੇ 13 ਉਮੀਦਵਾਰਾਂ ਨੂੰ ਵੱਡੇ ਫਰਕ ਨਾਲ ਜਿਤਾਉਣ ਜਾ ਰਹੇ ਹਨ। ਇਸ ਮੌਕੇ 'ਤੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਇੰਜੀਨੀਅਰ ਪ੍ਰਭਜੋਤ ਕੌਰ, ਸਾਬਕਾ ਕੌਂਸਲਰ ਅਤੇ ਸਟੇਟ ਐਵਾਰਡੀ- ਫੂਲਰਾਜ ਸਿੰਘ, ਜਸਮੇਰ ਸਿੰਘ ਬਾਠ ਸਾਬਕਾ ਪ੍ਰਧਾਨ ਵੈੱਲਫੇਅਰ ਐਕਸ਼ਨ ਕਮੇਟੀ ਫ਼ੇਜ਼-6 ਮੋਹਾਲੀ, ਜਸਪਾਲ ਸਿੰਘ ਸੰਧੂ ਸੀਨੀਅਰ ਮੀਤ ਪ੍ਰਧਾਨ ਮਨਜਿੰਦਰ ਸਿੰਘ ਮੀਤ ਪ੍ਰਧਾਨ, ਹਰਮਨਜੋਤ ਸਿੰਘ ਐਡਵੋਕੇਟ ਜਨਰਲ ਸਕੱਤਰ, ਹਰਜੀਤ ਸਿੰਘ ਸੰਯੁਕਤ ਸਕੱਤਰ ਮੁਹੱਲਾ ਕਮੇਟੀ, ਤਰਸੇਮ ਲਾਲ ਪ੍ਰਧਾਨ ਮੁਹੱਲਾ ਕਮੇਟੀ ਫ਼ੇਜ਼-6 ਮੋਹਾਲੀ, ਬਲਬੀਰ ਸਿੰਘ ਮੈਂਬਰ, ਜਸਵੀਰ ਸਿੰਘ ਵਕੀਲ, ਅਤੇ ਸੋਹਣ ਸਿੰਘ ਸੀਨੀਅਰ ਮੈਂਬਰ (ਆਪ) ਹਾਜ਼ਰ ਸਨ।

# ਲੋਕਤੰਤਰ ਦੀ ਮਜ਼ਬੂਤੀ ਲਈ 1 ਜੂਨ ਨੂੰ ਵੋਟ ਪਾਉਣਾ ਜ਼ਰੂਰੀ : ਡਾ. ਕਾਜਲ, ਡਾ . ਲਵਪ੍ਰੀਤ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ )**- ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਚੋਣ ਅਫ਼ਸਰ ਹੁਸ਼ਿਆਰਪੁਰ ਸ਼੍ਰੀਮਤੀ ਕੋਮਲ ਮਿੱਤਲ ਅਤੇ ਐਸ.ਡੀ.ਐਮ ਟਾਂਡਾ ਵਿਓਮ ਭਾਰਦਵਾਜ ਦੇ ਦਿਸ਼ਾ ਨਿਰਦੇਸ਼ ਦੀ ਪਾਲਣਾ ਕਰਦੇ ਹੋਏ ਸਵੀਪ ਆਈਕੋਨ ਰਿਟਾ: ਡਿਪਟੀ ਡਾਇਰੈਕਟਰ ਹੈਲਥ ਪੰਜਾਬ ਡਾ. ਕੇਵਲ ਸਿੰਘ ਕਾਜਲ, ਸਵੀਪ ਟੀਮ ਟਾਂਡਾ ਦੇ ਨੋਡਲ ਅਫਸਰ ਦਕਸ਼ ਸੋਹਲ ਅਤੇ ਅਸਿਸਟੈਂਟ ਨੋਡਲ ਅਫਸਰ ਭਰਤ ਤਲਵਾੜ ਵਲੋਂ ਹਲਕਾ ਟਾਂਡਾ ਉੜਮੁੜ ਵਿਚ ਵੋਟਰਾਂ ਨੂੰ 1 ਜੂਨ ਨੂੰ ਲੋਕ ਸਭਾ ਚੋਣਾਂ 'ਚ ਵੋਟਾਂ ਪਾਉਣ ਸਬੰਧੀ ਜਾਗ੍ਰਿਤ ਕਰਨ ਲਈ ਰੋਜ਼ਾਨਾਂ ਵੱਖ-ਵੱਖ ਥਾਵਾਂ 'ਤੇ ਸੈਮੀਨਾਰਾ ਦਾ ਆਯੋਜਨ ਕੀਤਾ ਜਾ ਰਿਹਾ ਹੈ ਜਿਸ ਵਿੱਚ ਵੇਵਜ ਹਸਪਤਾਲ ਟਾਂਡਾ ਦੇ ਐਮ.ਡੀ ਡਾਕਟਰ ਲਵਪ੍ਰੀਤ ਸਿੰਘ ਪਾਬਲਾ, ਡਾਕਟਰ ਅਮੋਲਕ ਮਰਵਾਹਾ ਤੋਂ ਇਲਾਵਾ ਹੋਰ ਕਈ ਸੰਸਥਾਵਾਂ ਦੇ ਆਗੂ ਸਵੀਪ ਟੀਮ ਨੂੰ ਆਪਣਾ ਪੂਰਾ ਪੂਰਾ ਸਹਿਯੋਗ ਦੇ ਕੇ ਦਿਨ ਰਾਤ ਮਿਹਨਤ ਕਰ ਰਹੇ ਹਨ।

ਵੱਖ ਵੱਖ ਥਾਵਾਂ 'ਤੇ ਲਗਾਏ ਜਾ ਰਹੇ ਸੈਮੀਨਾਰਾਂ ਸਬੰਧੀ ਜਾਣਕਾਰੀ ਦਿੰਦੇ ਹੋਏ ਸਵੀਪ ਆਈਕੋਨ ਰਿਟਾ: ਡਿਪਟੀ ਡਾਇਰੈਕਟਰ ਹੈਲਥ ਪੰਜਾਬ ਡਾ. ਕੇਵਲ ਸਿੰਘ ਕਾਜਲ ਨੇ ਦੱਸਿਆ ਕਿ ਇਨ੍ਹਾਂ ਸੈਮੀਨਾਰਾਂ ਦਾ ਅਸਲ ਮਕਸਦ ਵੋਟਰਾਂ ਨੂੰ ਜਾਗ੍ਰਿਤ ਕਰਨਾ ਹੁੰਦਾ ਹੈ ਕਿ ਉਨਾਂ ਦੀ ਵੋਟ ਕਿੰਨੀ ਮਹੱਤਵਤਾ ਰੱਖਦੀ ਹੈ। ਉਨ੍ਹਾਂ ਕਿਹਾ ਕਿ ਕਈ ਵਾਰ ਇੱਕ ਵੋਟ ਦਾ ਫਰਕ ਵੀ ਜਿੱਤ ਹਾਰ ਦਾ ਫੈਸਲਾ ਕਰਨ ਵਿੱਚ ਮਹੱਤਵਪੂਰਨ ਰੋਲ ਅਦਾ ਕਰਦਾ ਹੈ ਇਸ ਲਈ ਹਰ ਵੋਟਰ ਨੂੰ ਆਪਣਾ ਕੀਮਤੀ ਵੋਟ ਜਰੂਰ ਪਾਉਂਣਾ ਚਾਹੀਦਾ ਹੈ। ਮਾਤਾ ਸੀਤਾ ਦੇਵੀ ਮਹਿੰਗਾ ਸਿੰਘ ਯਾਦਗਾਰੀ ਸੋਸਾਇਟੀ ਟਾਂਡਾ ਉੜਮੁੜ ਦੇ ਪ੍ਰਧਾਨ ਡਾ. ਲਵਪ੍ਰੀਤ ਸਿੰਘ ਪਾਵਲਾ ਨੇ ਕਿਹਾ ਕਿ 18 ਸਾਲ ਤੋਂ ਉੱਪਰ ਦੇ ਹਰ ਵੋਟਰ ਨੂੰ ਆਪਣੀ ਵੋਟ ਦਾ ਇਸਤੇਮਾਲ ਜਰੂਰ ਕਰਨਾ ਚਾਹੀਦਾ ਹੈ ਕਿਉਂਕਿ ਤੁਹਾਡੇ ਵੱਲੋਂ ਦਿੱਤੀ ਗਈ ਇੱਕ ਵੋਟ ਨਾਲ ਹੀ ਸਰਕਾਰ ਬਣਨ ਦਾ ਫੈਸਲਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਵੋਟਰ ਜਾਗਰੂਕਤਾ ਦੇ ਹਰ ਸੈਮੀਨਾਰ ਵਿੱਚ ਸਾਨੂੰ ਆਮ ਪਬਲਿਕ ਦਾ ਪੂਰਾ ਪੂਰਾ ਸਹਿਯੋਗ ਮਿਲ ਰਿਹਾ ਹੈ ਪਰ ਅਸੀਂ ਇਨ੍ਹਾਂ ਸੈਮੀਨਾਰਾਂ ਨੂੰ ਉਸ ਵੇਲੇ ਸਫਲ ਸਮਝਾਂਗੇ ਜਦੋਂ 18 ਸਾਲ ਤੋਂ ਉੱਪਰ ਦਾ ਹਰ ਨਾਗਰਿਕ ਆਪਣੀ ਵੋਟ ਬਣਾਉਣ ਤੇ ਵੋਟ ਪਾਉਣ ਨੂੰ ਯਕੀਨੀ ਬਣਾਵੇਗਾ ਅਤੇ ਹਲਕਾ ਟਾਂਡਾ ਉੜਮੁੜ ਵਿੱਚ 100% ਵੋਟ ਪਾ ਕੇ ਹਲਕਾ ਟਾਂਡਾ ਨੂੰ ਪੰਜਾਬ ਦਾ ਨੰਬਰ ਵਨ ਹਲਕਾ ਬਣਾਏਗਾ।

# ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਕੇਂਦਰ ਤੇ ਸੂਬਾ ਸਰਕਾਰ ਖ਼ਿਲਾਫ਼ ਰੈਲੀ



**ਲਹਿਰਾਗਾਗਾ (ਪੱਤਰ ਪ੍ਰੇਰਕ)**

ਇੱਥੇ ਪੰਜਾਬ, ਯੂ ਟੀ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ, ਪੰਜਾਬ ਬਲਾਕ ਲਹਿਰਾਗਾਗਾ ਦੀ ਅਗਵਾਈ ਵਿੱਚ ਵੱਖ-ਵੱਖ ਵਿਭਾਗਾਂ ਦੇ ਸੈਂਕੜੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਪੁਰਾਣਾ ਬੱਸ ਸਟੈਂਡ ਸਥਿਤ ਮਿਊਂਸਪਲ ਪਾਰਕ ਵਿੱਚ ਇੱਕ ਵਿਸ਼ਾਲ ਰੈਲੀ ਕੀਤੀ ਅਤੇ ਕੇਂਦਰ ਦੀ ਫਿਰਕੂ-ਫ਼ਾਸ਼ੀ ਭਾਜਪਾ ਸਰਕਾਰ ਤੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਖਿਲਾਫ਼ ਭਾਰੀ ਨਾਅਰੇਬਾਜ਼ੀ ਕੀਤੀ।ਰੈਲੀ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਜਨਤਕ ਅਦਾਰਿਆਂ ਨੂੰ ਖਤਮ ਕਰਕੇ, ਸਰਕਾਰੀ ਵਿਭਾਗਾਂ ਵਿੱਚ ਲੱਖਾਂ ਪੋਸਟਾਂ ਖਤਮ ਕਰਕੇ ਤੇ ਖਾਲੀ ਰੱਖ ਕੇ, ਪੁਰਾਣੀ ਪੈਨਸ਼ਨ ਸਕੀਮ ਖਤਮ ਕਰਕੇ, ਆਊਟਸੋਰਸਿੰਗ ਤੇ ਮਾਣਭੱਤਾ ਵਰਕਰ ਨੂੰ ਨਿਗੂਣੀਆਂ ਤਨਖਾਹਾਂ ਤੇ ਭੱਤੇ ਦੇ ਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਹਿੱਤਾਂ ਨੂੰ ਲਗਾਤਾਰ ਖੋਰਾ ਲਾ ਕੇ ਅਡਾਨੀ, ਅੰਬਾਨੀ ਵਰਗੇ ਕਾਰਪੋਰੇਟ ਘਰਾਣਿਆਂ ਨੂੰ ਨੰਗੀ ਚਿੱਟੀ ਸੱਟ ਮਾਰਨ ਦੀ ਖੁੱਲ੍ਹ ਦਿੱਤੀ ਗਈ ਹੈ। ਦੇਸ਼ ਭਰ ਵਿੱਚ ਘੱਟ-ਗਿਣਤੀਆਂ, ਭਾਈਚਾਰਿਆਂ ਖਿਲਾਫ਼ ਨਫ਼ਰਤ ਫੈਲਾ ਕੇ ਭਰਾ ਮਾਰੂ ਜੰਗ ਵਿੱਚ ਝੋਕਣ ਦੀ ਕੋਈ ਕਸਰ ਨਹੀਂ ਛੱਡੀ ਗਈ।ਆਗੂਆਂ ਨੇ ਲੋਕਾਂ ਸਭਾ ਚੋਣਾਂ ਵਿੱਚ ਭਾਜਪਾ ਨੂੰ ਹਰਾਉਣ ਤੇ ਵਾਅਦਿਆਂ ਤੋਂ ਮੁੱਕਰਨ ਵਾਲੀ ਮਾਨ ਸਰਕਾਰ ਨੂੰ ਵੀ ਸਬਕ ਸਿਖਾਉਣ ਦੀ ਗੱਲ ਕੀਤੀ। ਉਨ੍ਹਾਂ ਮਾਨ ਸਰਕਾਰ ਵੱਲੋਂ ਲਹਿਰਾਗਾਗਾ ਦੀ ਇੱਕੋ ਇੱਕ ਉੱਚ ਤਕਨੀਕੀ ਸਿੱਖਿਆ ਕਾਲਜ ਨੂੰ ਬੰਦ ਕਰਕੇ ਸੈਂਕੜੇ ਮੁਲਾਜ਼ਮਾਂ ਤੇ ਉਨ੍ਹਾਂ ਦੇ ਪਰਵਾਰਾਂ ਨੂੰ ਰੋਲਣ ਦਾ ਵੀ ਡੱਟਵਾਂ ਵਿਰੋਧ ਕੀਤਾ।ਰੈਲੀ ਉਪਰੰਤ ਮੁਲਾਜ਼ਮਾਂ ਕੇ ਪੈਨਸ਼ਨਰਾਂ ਨੇ ਅੱਤ ਦੀ ਗਰਮੀ ਤੇ ਧੁੱਪ ਵਿੱਚ ਪਾਰਕ ਤੋਂ ਰੇਲਵੇ ਸਟੇਸ਼ਨ ਤੱਕ ਜ਼ੋਰਦਾਰ ਮੁਜ਼ਾਹਰਾ ਕਰਕੇ ਆਪਣੇ ਗੁੱਸੇ ਤੇ ਰੋਹ ਦਾ ਪ੍ਰਗਟਾਵਾ ਕੀਤਾ।ਇਸ ਰੈਲੀ ਤੇ ਮੁਜ਼ਾਹਰੇ ਨੂੰ ਪੰਜਾਬ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਮਾਸਟਰ ਰਘਬੀਰ ਭੁਟਾਲ, ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਦੇ ਛੱਜੂ ਰਾਮ ਮਨਿਆਣਾ, ਪਾਵਰਕਾਮ ਪੈਨਸ਼ਨਰਜ਼ ਐਸੋਸੀਏਸ਼ਨ ਦੇ ਗੁਰਚਰਨ ਸਿੰਘ, ਬਿਜਲੀ ਮੁਲਾਜ਼ਮ ਏਕਤਾ ਮੰਚ ਦੇ ਪੂਰਨ ਸਿੰਘ ਖਾਈ, ਡੀ ਟੀ ਐੱਫ ਦੇ ਆਗੂ ਮਾਸਟਰ ਸੁਖਵਿੰਦਰ ਗਿਰ, ਪਾਵਰਕਾਮ ਪੈਨਸ਼ਨਰ ਯੂਨੀਅਨ ਦੇ ਮਹਿੰਦਰ ਸਿੰਘ, ਪੁਰਾਣੀ ਪੈਨਸ਼ਨ ਬਹਾਲੀ ਐਕਸ਼ਨ ਕਮੇਟੀ ਦੇ ਦਵਿੰਦਰ ਸਿੰਘ ਤੇ ਡੀਟੀਐੱਫ ਆਗੂ ਹਰਭਗਵਾਨ ਗੁਰਨੇ, ਪੰਜਾਬ ਪੁਲਸ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਤੇ ਆਈ ਟੀ ਆਈ ਇੰਪਲਾਈਜ਼ ਯੂਨੀਅਨ ਦੇ ਆਗੂਆਂ ਨੇ ਸੰਬੋਧਨ ਕੀਤਾ।

# ਦਿੱਲੀ ਦੀਆਂ ਪਾਰਟੀਆਂ ਨੂੰ ਚੋਣਾਂ ਸਮੇਂ ਪੰਜਾਬ ਆਇਆ ਯਾਦ : ਹਰਸਿਮਰਤ ਬਾਦਲ



**ਲੰਬੀ/ਮਲੋਟ (ਗੁਰਮੀਤ ਸਿੰਘ ਮੱਕੜ)**

ਲੋਕ ਸਭਾ ਹਲਕਾ ਬਠਿੰਡਾ ਤੋਂ ਅਕਾਲੀ ਦਲ ਬਾਦਲ ਦੇ ਉਮੀਦਵਾਰ ਬੀਬਾ ਹਰਸਿਮਰਤ ਕੌਰ ਬਾਦਲ ਨੇ ਹਲਕਾ ਲੰਬੀ ਦੇ ਅੱਜ ਦੋ ਦਰਜਨ ਦੇ ਕਰੀਬ ਪਿੰਡਾਂ ਵਿੱਚ ਚੋਣ ਜਲਸੇ ਕੀਤੇ, ਜਿਸ ਦੀ ਸ਼ੁਰੂਆਤ ਉਨ੍ਹਾ ਅੱਜ ਸਵੇਰ ਤੋਂ ਹੀ ਆਪ ਦੇ ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਦੇ ਪਿੰਡ ਖੁੱਡੀਆਂ ਮਹਾਂ ਸਿੰਘ, ਖੁੱਡੀਆਂ ਗੁਲਾਬ ਸਿੰਘ ਤੋਂ ਕੀਤੀ। ਇਸ ਤੋਂ ਇਲਾਵਾ ਮਾਹੂਆਣਾ, ਪੰਜਾਵਾ, ਸਹਿਣਾ ਖੇੜਾ, ਆਧਨੀਆਂ ਆਦਿ ਪਿੰਡਾਂ ਵਿੱਚ ਵੀ ਚੋਣ ਜਲਸੇ ਕੀਤੇ। ਇਸ ਮੌਕੇ ਪਿੰਡ ਆਧਨੀਆਂ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਬੀਬਾ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਅੱਜ ਆਪ ਦੇ ਉਮੀਦਵਾਰ ਤੇ ਪੰਜਾਬ ਦੇ ਮੰਤਰੀ ਦੇ ਪਿੰਡ ਖੁੱਡੀਆਂ ਦਾ ਹਾਲ ਪਿੰਡ ਵਾਸੀਆਂ ਨੇ ਬਿਆਨ ਕੀਤਾ ਕਿ ਉਸ ਦੇ ਖੁਦ ਦੇ ਪਿੰਡ ਦੇ ਲੋਕ ਸਹੂਲਤਾਂ ਤੋਂ ਵਾਂਝੇ ਹਨ, ਇਸ ਲਈ ਪਿੰਡ ਵਾਸੀਆਂ ਵਿੱਚ ਭਾਰੀ ਰੋਸ ਹੈ ਅਤੇ ਇਸ ਵਾਰ ਮੰਤਰੀ ਦਾ ਉਨ੍ਹਾਂ ਦੇ ਪਿੰਡ ਵਾਸੀ ਚੰਗਾ ਮਾਂਜਾ ਫੇਰਨਗੇ।ਉਨ੍ਹਾਂ ਆਮ ਆਦਮੀ ਪਾਰਟੀ, ਕਾਂਗਰਸ ਤੇ ਭਾਜਪਾ 'ਤੇ ਸ਼ਬਦੀ ਹਮਲੇ ਕਰਦੇ ਕਿਹਾ ਕਿ ਅੱਜ ਦਿੱਲੀ ਦੀਆਂ ਪਾਰਟੀਆਂ ਨੂੰ ਪੰਜਾਬ ਦੀ ਯਾਦ ਆ ਗਈ। ਭਾਜਪਾ ਨੇ ਕਿਸਾਨਾਂ 'ਤੇ ਅੱਤਿਆਚਾਰ ਕੀਤਾ ਹੈ ਤੇ ਸਾਡੇ ਸੈਂਕੜੇ ਕਿਸਾਨ ਸ਼ਹੀਦ ਹੋ ਗਏ, ਜਿਨ੍ਹਾਂ ਦਾ ਪਿੰਡ ਪਿੰਡ ਵਿਰੋਧ ਹੈ ਅਤੇ ਇਨ੍ਹਾਂ ਨੂੰ ਵੋਟ ਪਾਉਣੀ ਤਾਂ ਖੂਹ ਵਿੱਚ ਸੁੱਟਣ ਵਾਲੀ ਗੱਲ ਹੋਵੇਗੀ।

# ਮੁਲਾਜ਼ਮ ਤੇ ਪੈਨਸ਼ਨ ਸਾਂਝਾ ਫਰੰਟ ਵੱਲੋਂ ਸਰਕਾਰ ਦੀ ਮੰਗਾਂ ਪ੍ਰਤੀ ਬੇਰੁਖੀ ਖ਼ਿਲਾਫ਼ ਮੀਟਿੰਗ

■ 28 ਨੂੰ ਪੰਜਾਬ ਸਰਕਾਰ ਖਿਲਾਫ ਕੀਤਾ ਜਾਵੇਗਾ ਰੋਸ ਮਾਰਚ : ਸੁਬੇਗ ਸਿੰਘ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਪੰਜਾਬ ਮੁਲਾਜ਼ਮ ਤੇ ਪੈਨਸ਼ਨ ਸਾਂਝਾ ਫਰੰਟ ਦੀ ਮੀਟਿੰਗ ਜ਼ਿਲ੍ਹਾ ਕੋਆਰਡੀਨੇਟਰ ਸੁਬੇਗ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਰਕਾਰ ਦੀਆਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਪ੍ਰਤੀ ਵਰਤੀ ਜਾਂਦੀ ਬੇਰੁਖੀ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ। ਮੀਟਿੰਗ ਵਿੱਚ 28 ਮਈ 2024 ਨੂੰ ਕੱਢੇ ਜਾਣ ਵਾਲੇ ਰੋਸ ਮਾਰਚ ਦੀ ਰੂਪ ਰੇਖਾ ਉਲੀਕੀ ਗਈ।ਸੁਬੇਗ ਸਿੰਘ ਨੇ ਦੱਸਿਆ ਕਿ ਅਗਲਾ ਰੋਸ ਮਾਰਚ 28 ਮਈ 2024 ਨੂੰ ਟਾਊਨ ਹਾਲ ਫਿਰੋਜ਼ਪੁਰ ਤੋਂ ਸ਼ੁਰੂ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਸਾਰੀਆਂ ਸਬੰਧੀ ਧਿਰਾਂ ਦੇ ਬੁਲਾਰੇ ਸਵੇਰੇ 10 ਵਜੇ ਪਹੁੰਚ ਕੇ ਆਪੋ ਆਪਣੇ ਵਿਚਾਰ ਰੱਖਣਗੇ ਤੇ ਉਸ ਤੋਂ ਬਾਅਦ ਜਲੂਸ ਦੀ ਸ਼ਕਲ ਵਿੱਚ ਪੰਜਾਬ ਮੁਲਾਜ਼ਮਾਂ ਤੇ ਪੈਨਸ਼ਨਰ ਸਾਂਝਾ ਫਰੰਟ ਫਿਰੋਜ਼ਪੁਰ ਦੇ ਬੈਨਰ ਹੇਠ ਦਿੱਲੀ ਗੇਟ ਫਿਰੋਜ਼ਪੁਰ ਸ਼ਹਿਰ ਝਟਕਾਈਆਂ ਵਾਲਾ ਬਾਜ਼ਾਰ ਤੋਂ ਮੋਰੀ ਗੇਟ ਤੇ ਮੋਰੀ ਗੇਟ ਤੋਂ ਬਗਦਾਦੀ ਗੇਟ ਤੋਂ ਹੁੰਦਾ ਹੋਇਆ ਸ਼ਹੀਦ ਊਧਮ ਸਿੰਘ ਚੌਕ ਪਹੁੰਚੇਗਾ, ਉਥੋਂ ਟਾਊਨ ਹਾਲ ਪਹੁੰਚ ਕੇ ਸਮਾਪਤੀ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਜਿਵੇਂ ਕਿ ਪੁਰਾਣੀ ਪੈਨਸ਼ਨ ਬਹਾਲੀ, ਪੈਨਸ਼ਨਰਾਂ ਲਈ 2.59 ਦਾ ਫਾਰਮੂਲਾ ਲਾਗੂ ਕਰਨ, ਡੀ ਏ ਦੀਆਂ ਬਕਾਇਆਂ ਕਿਸ਼ਤਾਂ, ਕੱਚੇ ਮੁਲਾਜ਼ਮ ਪੱਕੇ ਕਰਨ, ਮਿਡ ਡੇ ਮੀਲ, ਆਸ਼ਾ ਵਰਕਰ ਤੇ ਆਂਗਣਵਾੜੀ ਵਰਕਰਾਂ ਨੂੰ ਪੱਕਾ ਕਰਨ ਅਤੇ ਮਾਣਭੱਤੇ ਵਿਚ ਵਾਧਾ ਕਰਨ, 1-1-2016 ਤੋਂ 30-06-2021 ਤੱਕ ਦਾ ਪੇ-ਕਮਿਸ਼ਨ ਦਾ ਬਕਾਇਆ ਰਿਲੀਜ਼ ਕਰਨਾ ਆਦਿ ਮੰਗਾਂ ਮੰਨਣ ਤੋਂ ਪੰਜਾਬ ਸਰਕਾਰ ਟਾਲ ਮਟੋਲ ਦੀ ਨੀਤੀ ਅਪਣਾ ਰਹੀ ਹੈ, ਜਿਸ ਦੇ ਸਬੰਧ ਵਿੱਚ 28 ਮਈ ਨੂੰ ਰੋਸ ਮਾਰਚ ਕੀਤਾ ਜਾਵੇਗਾ।ਮੀਟਿੰਗ ਵਿੱਚ ਅਜੀਤ ਸਿੰਘ ਸੋਢੀ, ਕਸ਼ਮੀਰ ਸਿੰਘ ਜੇਲ੍ਹ ਵਿਭਾਗ, ਖਜ਼ਾਨ ਸਿੰਘ ਪ੍ਰਧਾਨ ਪੈਨਸ਼ਨਰ ਯੂਨੀਅਨ, ਨਰੇਸ਼ ਕੁਮਾਰ ਸੈਣੀ ਐਗਰੀਕਲਚਰ ਵਿਭਾਗ, ਸੁਰਿੰਦਰ ਸ਼ਰਮਾ ਪੀ ਐੱਸ ਪੀ ਸੀ ਐੱਲ, ਸਿਆਮ ਸਿੰਘ ਪੈਨਸ਼ਨਰ ਪੀ ਐੱਸ ਪੀ ਸੀ ਐੱਲ, ਬਲਵੀਰ ਸਿੰਘ ਪ੍ਰਧਾਨ ਏਟਕ, ਰਿਟਾਇਰ ਡੀ ਐੱਸ ਪੀ ਜਸਪਾਲ ਸਿੰਘ ਪੁਲਸ ਵੈੱਲਫੇਅਰ ਐਸੋਸੀਏਸ਼ਨ, ਮੁਖਤਿਆਰ ਸਿੰਘ ਜਨਰਲ ਸਕੱਤਰ ਪੁਲਸ ਵੈੱਲਫੇਅਰ ਐਸੋਸੀਏਸ਼ਨ, ਮਹਿੰਦਰ ਸਿੰਘ ਪ੍ਰਧਾਨ ਵਣ ਵਿਭਾਗ, ਜਗਦੀਪ ਸਿੰਘ ਮਾਂਗਟ ਜਨਰਲ ਸਕੱਤਰ ਪੀ ਐੱਸ ਐੱਫ, ਓਮ ਪ੍ਰਕਾਸ਼ ਤੇ ਮਲਕੀਤ ਸਿੰਘ ਪਾਸੀ ਪੰਜਾਬ ਪੈਨਸ਼ਨ ਯੂਨੀਅਨ, ਜਗਤਾਰ ਸਿੰਘ ਜਨਰਲ ਸਕੱਤਰ ਪੀ ਐੱਸ ਪੀ ਸੀ ਐੱਲ ਯੂਨੀਅਨ, ਅਮਨਦੀਪ ਸਿੰਘ ਟੀ ਐੱਸ ਯੂ ਡਵੀਜ਼ਨ ਪ੍ਰਧਾਨ, ਤਾਰਾ ਸਿੰਘ ਪੁਲਸ ਪੈਨਸ਼ਨ ਆਦਿ ਆਗੂ ਹਾਜ਼ਰ ਹੋਏ।

## ਕਾਤਰਾਂ

### ਲੋਕਤੰਤਰ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਨੌਜਵਾਨ ਵੋਟ ਦੇਣ : ਬਬਲੀ ਭੀਖੀ



**ਭੀਖੀ (ਧਰਮਵੀਰ ਸ਼ਰਮਾ)**-ਲੋਕਤੰਤਰ ਦੀ ਮਜ਼ਬੂਤੀ ਲਈ ਸਾਨੂੰ ਸੁਚੇਤ ਹੋ ਕੇ ਬਿਨਾਂ ਕਿਸੇ ਡਰ ਜਾਂ ਲਾਲਚ ਤੋਂ ਆਪਣੀ ਵੋਟ ਦਾ ਇਸਤੇਮਾਲ ਕਰਨਾ ਚਾਹੀਦਾ ਹੈ ਤਾਂ ਕਿ ਅਸੀਂ ਲੋਕਤੰਤਰ ਦੇ ਇਸ ਮਹਾਂਪਰਵ ਵਿੱਚ ਹਿੱਸਾ ਲੈ ਕੇ ਮਨਪਸੰਦ ਸਰਕਾਰ ਚੁਣ ਸਕੀਏ।ਇਹ ਪ੍ਰਗਟਾਵਾ ਸਮਾਜ ਸੇਵੀ ਅਤੇ ਸਹਾਰਾ ਕਲੱਬ ਦੇ ਜਨਰਲ ਸਕੱਤਰ ਗੁਰਵਿੰਦਰ ਸਿੰਘ ਬਬਲੀ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਵੋਟ ਦੇ ਸਹੀ ਇਸਤੇਮਾਲ ਕਰਕੇ ਸਾਨੂੰ ਲੋਕਤੰਤਰ ਦੇ ਇਸ ਵੱਡੇ ਤਿਉਹਾਰ ਦਾ ਹਿੱਸਾ ਬਣਨਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਲੋਕਤੰਤਰ ਦੀ ਮਜ਼ਬੂਤੀ ਲਈ ਸਾਡਾ ਵੋਟ ਇੱਕ ਵੱਡਾ ਅਧਾਰ ਹੈ।ਉਨ੍ਹਾਂ ਕਿਹਾ ਕਿ 1 ਜੂਨ ਨੂੰ ਆ ਰਹੇ ਇਸ ਵੋਟ ਮਹਾਂਪਰਵ ਵਿੱਚ ਲੋਕ ਵੱਧ ਚੜ੍ਹ ਕੇ ਭਾਗ ਲੈਣ ਅਤੇ ਇੱਕ ਚੰਗਾ ਨਾਗਰਿਕ ਹੋਣ ਦੇ ਨਾਤੇ ਵੋਟ ਦੀ ਵਰਤੋਂ ਕਰਨ।ਉਨ੍ਹਾਂ ਕਿਹਾ ਕਿ ਵੋਟ ਦਾ ਸਹੀ ਇਸਤੇਮਾਲ ਕਰਨ ਨਾਲ ਅਸੀਂ ਆਪਣੀ ਪਸੰਦੀਦਾ ਸਰਕਾਰ ਚੁਣ ਸਕਦੇ ਹਾਂ।ਉਨ੍ਹਾਂ ਨੌਜਵਾਨ ਵਰਗ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੀ ਵੋਟ ਬਣਵਾ ਕੇ ਇਸ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਅੱਗੇ ਆਉਣ। ਉਨ੍ਹਾਂ ਲੋਕਾਂ ਨੂੰ ਇਸ ਲੋਕਤੰਤਰਿਕ ਪ੍ਰਣਾਲੀ ਵਿੱਚ ਵੱਡੇ ਪੱਧਰ 'ਤੇ ਭਾਗ ਲੈਣ ਦੀ ਅਪੀਲ ਕੀਤੀ।

### ਆਂਗਣਵਾੜੀ ਵਰਕਰਾਂ ਤੇ ਹੈਲਪਰਾਂ 'ਆਪ' ਵਿਧਾਇਕਾਂ ਦੇ ਘਰਾਂ ਦਾ ਕਰਨਗੀਆਂ ਘਿਰਾਓ



**ਮੱਖੂ (ਰਛਪਾਲ ਸਿੰਘ ਸੰਧੂ)**-ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਯੂਨੀਅਨ ਦੇ ਸੂਬਾ ਕਮੇਟੀ ਦੇ ਫ਼ੈਸਲੇ ਅਨੁਸਾਰ 27 ਮਈ ਨੂੰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਪੰਜਾਬ ਭਰ ਵਿੱਚ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੇ ਘਰਾਂ ਦਾ ਘਿਰਾਓ ਕਰਨ ਬਾਰੇ ਯੂਨੀਅਨ ਦੀ ਬਲਾਕ ਪ੍ਰਧਾਨ ਜੀਵਨ ਸ਼ਰਮਾ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਤੇ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਆਂਗਣਵਾੜੀ ਵਰਕਰਾਂ ਦੀਆਂ ਛੁੱਟੀਆਂ ਬੰਦ ਕਰ ਦਿੱਤੀਆਂ ਗਈਆਂ ਹਨ।ਇਸੇ ਤਰ੍ਹਾਂ ਵਿਭਾਗ ਦੇ ਉੱਚ ਅਧਿਕਾਰੀਆਂ ਵੱਲੋਂ ਚਿੱਠੀ ਜਾਰੀ ਕੀਤੀ ਗਈ ਹੈ ਕਿ ਇੱਕ ਆਂਗਣਵਾੜੀ ਸੈਂਟਰ ਵਿੱਚ ਦੋ ਵਰਕਰਾਂ ਨਹੀਂ ਬੈਠ ਸਕਣਗੀਆਂ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਲਗਭਗ 27 ਹਜ਼ਾਰ ਆਂਗਣਵਾੜੀ ਵਰਕਰਾਂ ਹਨ, ਪਰ ਸਰਕਾਰੀ ਇਮਾਰਤਾਂ ਸਿਰਫ 8 ਕੁ ਹਜ਼ਾਰ ਹੀ ਹਨ ਤੇ 19 ਹਜ਼ਾਰ ਆਂਗਣਵਾੜੀ ਸੈਂਟਰਾਂ ਦੀਆਂ ਸਰਕਾਰੀ ਇਮਾਰਤਾਂ ਹੀ ਨਹੀਂ ਹਨ, ਹੋਰ ਆਂਗਣਵਾੜੀ ਸੈਂਟਰ ਲਗਾਉਣ ਲਈ ਕਿਧਰੇ ਥਾਂ ਹੀ ਨਹੀਂ ਹੈ।ਪਹਿਲਾਂ ਵਾਲੇ ਸੈਂਟਰ ਵੀ ਕੰਡਮ ਹੋ ਚੁੱਕੀਆਂ ਧਰਮਸ਼ਾਲਾਵਾਂ ਵਿੱਚ ਚੱਲ ਰਹੇ ਹਨ ਤੇ ਇੱਕ ਆਂਗਣਵਾੜੀ ਸੈਂਟਰ ਵਿੱਚ ਕਈ ਵਰਕਰਾਂ ਤੇ ਹੈਲਪਰਾਂ ਬੈਠਦੀਆਂ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਿਭਾਗ ਛੁੱਟੀਆਂ ਬੰਦ ਕਰਨ ਵਾਲਾ ਤੇ ਆਂਗਣਵਾੜੀ ਸੈਂਟਰਾਂ ਵਿੱਚ ਹੋਰ ਵਰਕਰਾਂ ਨੂੰ ਨਾ ਬਿਠਾਏ ਜਾਣ ਵਾਲਾ ਆਪਣਾ ਫੈਸਲਾ ਵਾਪਸ ਲਵੇ।ਜਿੰਨਾ ਚਿਰ ਇਹ ਚਿੱਠੀਆਂ ਵਾਪਸ ਨਹੀਂ ਲਈਆਂ ਜਾਂਦੀਆਂ, ਜਥੇਬੰਦੀ ਵੱਲੋਂ ਇਸ ਦੇ ਖਿਲਾਫ ਸੰਘਰਸ਼ ਕੀਤਾ ਜਾਵੇਗਾ।

### ਔਰਤ ਦੀ ਕੁੱਟਮਾਰ ਤੇ ਛੇੜਛਾੜ ਦੇ ਦੋਸ਼ 'ਚ ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਪਿੰਡ ਚੱਕ ਮੰਨੇਵਾਲਾ ਉਰਫ ਸ਼ਹੀਦ ਭਗਤ ਸਿੰਘ ਨਗਰ ਵਿਖੇ ਹੋਈ ਲੜਾਈ ਦੇ ਸਬੰਧ ਵਿੱਚ ਇੱਕੋ ਪਰਿਵਾਰ ਦੇ 4 ਮੈਂਬਰਾਂ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੀੜਤ ਔਰਤ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਹਨ ਕਿ 16 ਮਈ 2024 ਨੂੰ ਉਹ ਦੇਰ ਰਾਤ ਕਰੀਬ 10 ਵਜੇ ਆਪਣੇ ਘਰ ਵਿੱਚ ਮੌਜੂਦ ਸੀ ਤਾਂ ਜਸਵੰਤ ਸਿੰਘ ਉਰਫ ਸੰਤਾ ਵਗੈਰਾ ਨੇ ਉਸ ਦੇ ਘਰ ਵਿੱਚ ਆ ਕੇ ਹਥਿਆਰਾਂ ਨਾਲ ਉਸ ਨੂੰ ਸੱਟਾਂ ਮਾਰੀਆਂ, ਉਸ ਦੇ ਕੱਪੜੇ ਪਾੜੇ ਤੇ ਉਸ ਨਾਲ ਛੇੜਛਾੜ ਕੀਤੀ ਗਈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਜਗਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਪੀੜਤਾ ਦੇ ਬਿਆਨਾਂ 'ਤੇ ਜਸਵੰਤ ਸਿੰਘ ਉਰਫ ਸੰਤਾ ਪੁੱਤਰ ਜੰਗੀਰ ਸਿੰਘ, ਊਸ਼ਾ ਰਾਣੀ ਪਤਨੀ ਜਸਵੰਤ ਸਿੰਘ ਉਰਫ ਸੰਤਾ, ਚਾਂਦ ਦੀਪ ਸਿੰਘ ਪੁੱਤਰ ਜਸਵੰਤ ਸਿੰਘ ਉਰਫ ਸੰਤਾ ਤੇ ਸੋਨਾ ਸਿੰਘ ਪੁੱਤਰ ਜਸਵੰਤ ਸਿੰਘ ਉਰਫ ਸੰਤਾ ਵਾਸੀਆਨ ਸ਼ਹੀਦ ਭਗਤ ਸਿੰਘ ਨਗਰ (ਚੱਕ ਮੰਨੇਵਾਲਾ) ਖਿਲਾਫ ਮੁਕੱਦਮਾ ਦਰਜ ਕੀਤਾ ਹੈ ਤੇ ਨਾਮਜਦ ਵਿਅਕਤੀਆਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# ਭਾਜਪਾ ਉਮੀਦਵਾਰ ਦੇ ਫਰਜ਼ੀ ਇਕੱਠ 'ਤੇ ਭੜਕੇ ਡਾ. ਬਲਵੀਰ



**ਪਟਿਆਲਾ (ਅਵਤਾਰ ਜਟਾਣਾ)**-ਲੋਕ ਸਭਾ ਪਟਿਆਲਾ ਉਮੀਦਵਾਰ ਡਾ. ਬਲਬੀਰ ਸਿੰਘ ਨੇ 23 ਮਈ ਦੀ ਨਰਿੰਦਰ ਮੋਦੀ ਦੀ ਪਟਿਆਲਾ ਫੇਰੀ 'ਤੇ ਕਿਰਾਏ ਦੇ ਬੰਦੇ ਲਿਆ ਕੇ ਭਾਜਪਾ ਉਮੀਦਵਾਰ ਵੱਲੋਂ ਕੀਤੇ ਵੱਡੇ ਇਕੱਠ ਨੂੰ ਸਰਾਸਰ ਲੋਕਾਂ ਨਾਲ ਵਿਸ਼ਵਾਸਘਾਤ ਦੱਸਿਆ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦੇ ਝੂਠੇ ਜੁਮਲਿਆਂ ਦੀ ਤਰ੍ਹਾਂ ਪਟਿਆਲਾ ਦੀ ਭਾਜਪਾ ਉਮੀਦਵਾਰ ਵੱਲੋਂ ਲੋਕਾਂ ਨੂੰ ਭਾਜਪਾ ਦੀ ਝੂਠੀ ਸ਼ਕਲ ਦਿਖਾ ਕੇ ਵੋਟਾਂ ਲਈ ਭਰਮਾਇਆ ਜਾ ਰਿਹਾ ਹੈ। ਇਹ ਪ੍ਰਗਟਾਵਾ ਡਾ. ਬਲਬੀਰ ਨੇ ਹਲਕਾ ਪਟਿਆਲਾ ਵਿੱਚ ਵੱਖ ਵੱਖ ਪਿੰਡਾਂ 'ਚ ਰੱਖੇ ਲੋਕ ਮਿਲਣੀ ਪ੍ਰੋਗਰਾਮਾਂ ਦੌਰਾਨ ਕੀਤਾ।ਡਾ. ਬਲਬੀਰ ਨੇ ਪਿੰਡ ਬਾਰਨ, ਲੰਗ, ਚਲੈਲਾ, ਦੰਦਰਾਲਾ ਖਰੌੜ, ਅਜਨੌਦਾ ਕਲਾਂ, ਲੁਬਾਣਾ ਟੇਕ, ਮੰਡੋਰ, ਵਿਕਾਸ ਨਗਰ ਆਦਿ ਪਿੰਡਾਂ ਦੇ ਲੋਕਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਨਰਿੰਦਰ ਮੋਦੀ ਨੇ ਇੰਡੀਆ ਗੱਠਜੋੜ 'ਤੇ ਵੱਡਾ ਇਲਜ਼ਾਮ ਲਗਾਇਆ ਕਿ ਇਸ ਗੱਠਜੋੜ ਕੋਲ ਪ੍ਰਧਾਨ ਮੰਤਰੀ ਲਈ ਕੋਈ ਚਿਹਰਾ ਨਹੀਂ ਹੈ। ਪਰ ਇਹ ਗੱਲ ਕਹਿਣ ਤੋਂ ਪਹਿਲਾਂ ਮੋਦੀ ਸਰਕਾਰ ਆਪਣੇ ਅੰਦਰ ਝਾਤ ਮਾਰ ਕੇ ਦੇਖੇ ਕਿ ਉਨ੍ਹਾਂ ਦੇ ਉਮੀਦਵਾਰ ਮੇਅਰ ਤੱਕ ਦੀਆਂ ਚੋਣਾਂ ਵੀ ਮੋਦੀ ਦੇ ਨਾਂ 'ਤੇ ਲੜਦੇ ਹਨ। ਜਦੋਂ ਕਿ ਲੋਕ ਸਭਾ ਚੋਣਾਂ ਜਿੱਤਣ ਮਗਰੋਂ ਇੰਡੀਆਂ ਗੱਠਜੋੜ ਕੋਲ ਪ੍ਰਧਾਨ ਮੰਤਰੀ ਅਤੇ ਇਸ ਤੋਂ ਇਲਾਵਾ ਹੋਰ ਅਹੁਦਿਆਂ 'ਤੇ ਸੁਚੱਜੇ ਢੰਗ ਨਾਲ ਕਾਰਜ ਕਰਨ ਲਈ ਪੂਰੀ ਟੀਮ ਤਿਆਰ ਬਰ ਤਿਆਰ ਹੈ।ਉਨਾਂ ਕਿਹਾ ਕਿ ਭਾਜਪਾ ਵੱਲੋਂ ਲਾਰੇ ਤੇ ਨਾਅਰਿਆਂ ਦੀ ਘੜੀ ਰਾਜਨੀਤੀ ਜੱਗ ਜ਼ਾਹਰ ਹੋ ਚੁੱਕੀ ਹੈ ਅਤੇ ਹੁਣ ਲੋਕ ਸਭਾ ਚੋਣਾਂ 'ਚ ਉਨ੍ਹਾਂ ਨੂੰ ਲੋਕਾਂ ਦੇ ਸਵਾਲਾਂ ਦੇ ਜਵਾਬ ਦੇਣੇ ਔਖੇ ਹੋ ਰਹੇ ਹਨ। ਇਸ ਮੌਕੇ ਇਸ ਮੌਕੇ ਹੋਰਨਾਂ ਤੋਂ ਇਲਾਵਾ ਇੰਦਰਜੀਤ ਸੰਧੂ, ਜਗਦੀਪ ਜੱਗਾ, ਕਰਨਲ ਜੇ ਵੀ ਸਿੰਘ, ਜਸਬੀਰ ਗਾਂਧੀ ਆਫਿਸ ਇੰਚਾਰਜ, ਕਰਮਜੀਤ ਸਿੰਘ ਬਸੀ ਬਲਾਕ ਇੰਚਾਰਜ, ਲਾਲ ਸਿੰਘ ਬਲਾਕ ਇੰਚਾਰਜ, ਮੋਹਿਤ ਕੁਮਾਰ ਬਲਾਕ ਇੰਚਾਰਜ, ਜਸਵਿੰਦਰ ਬੱਸੀ ਬਲਾਕ ਇੰਚਾਰਜ, ਗੁਰਕਿਰਪਾਲ ਸਿੰਘ ਬਲਾਕ ਇੰਚਾਰਜ, ਗੱਜਣ ਸਿੰਘ, ਗੁਰਚਰਨ ਸਿੰਘ ਭੰਗੂ ਅਤੇ ਹੋਰ ਕਈ ਆਪ ਵਰਕਰ ਤੇ ਸਥਾਨਕ ਲੋਕ ਮੌਜੂਦ ਰਹੇ।

# ਮੂਸੇਵਾਲਾ ਦੀ ਯਾਦ 'ਚ ਛਬੀਲ ਲਗਾਈ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਪੁਰਾਣੀ ਗਊਸ਼ਾਲਾ ਨੇੜੇ ਛੋਟੇ-ਛੋਟੇ ਬੱਚਿਆਂ ਵੱਲੋਂ ਪ੍ਰਸਿੱਧ ਗਾਇਕ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਦੀ ਯਾਦ ਵਿੱਚ ਰਾਹਗੀਰਾਂ ਲਈ ਠੰਢੇ-ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਮੌਕੇ ਸੇਵਾ ਕਰਨ ਵਾਲਿਆਂ 'ਚ ਅੱਛਰ ਰਾਮ, ਕੁਲਵੰਤ ਕੌਰ ਨੀਲੋਂ, ਜਗਦੇਵ ਸਿੰਘ, ਸਵਰਨ ਸਿੰਘ ਸੰਨੀ, ਦੀਪਕ ਢੋਲੀ, ਤਰਸੇਮ ਸਿੰਘ, ਗੁਰਜੋਤ ਸਿੰਘ, ਲਵਪ੍ਰੀਤ ਸਿੰਘ, ਹਨੀ ਮਾਨ, ਮਨੀ ਮਾਨ, ਨਿਸ਼ੂ ਮਾਨ, ਕੈਵਿਕ ਮਾਨ, ਅੰਮ੍ਰਿਤ ਕੌਰ, ਪਰਮਜੀਤ ਸਿੰਘ ਨੀਲੋਂ ਆਦਿ ਮੌਜੂਦ ਸਨ।

# ਹਰਿੰਦਰ ਸਿੰਘ ਜੋਸ਼ਨ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ (ਅ) 'ਚ ਸ਼ਾਮਲ



**ਸੰਗਰੂਰ (ਪ੍ਰਵੀਨ ਸਿੰਘ)**-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਤੇ ਲੋਕ ਸਭਾ ਹਲਕਾ ਸੰਗਰੂਰ ਤੋਂ ਪਾਰਟੀ ਦੇ ਉਮੀਦਵਾਰ ਸ੍. ਸਿਮਰਨਜੀਤ ਸਿੰਘ ਮਾਨ ਦੀ ਚੋਣ ਮੁਹਿੰਮ ਨੂੰ ਉਸ ਸਮੇਂ ਭਰਵਾਂ ਹੁੰਗਾਰਾ ਮਿਲਿਆ, ਜਦੋਂ ਅਕਾਲੀ ਦਲ (ਬਾਦਲ) ਦੇ ਸੀਨੀਅਰ ਆਗੂ ਜਥੇਦਾਰ ਹਰਿੰਦਰ ਸਿੰਘ ਜੋਸ਼ਨ ਨੇ ਆਪਣੇ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ।ਪਾਰਟੀ ਵਿੱਚ ਸ਼ਾਮਲ ਹੋਏ ਆਗੂਆਂ ਦਾ ਸਵਾਗਤ ਕਰਦੇ ਹੋਏ ਪਾਰਟੀ ਦੇ ਜਥੇਬੰਦਕ ਸਕੱਤਰ ਸ੍. ਗੋਵਿੰਦ ਸਿੰਘ ਸੰਧੂ ਨੇ ਕਿਹਾ ਕਿ ਪਾਰਟੀ ਪ੍ਰਧਾਨ ਸ੍. ਸਿਮਰਨਜੀਤ ਸਿੰਘ ਮਾਨ ਵੱਲੋਂ ਲੋਕ ਹੱਕਾਂ ਦੀ ਰਾਖੀ, ਲੋਕਾਂ ਉੱਪਰ ਹੋਣ ਵਾਲੇ ਜ਼ੁਲਮਾਂ ਵਿਰੁੱਧ ਪਾਰਲੀਮੈਂਟ ਵਿੱਚ ਚੁੱਕੇ ਮੁੱਦਿਆਂ ਤੇ ਲੋਕ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਲੋਕ ਪੱਖੀ ਸੋਚ ਦੇ ਆਗੂ ਲਗਾਤਾਰ ਹੋਰਨਾਂ ਪਾਰਟੀਆਂ ਨੂੰ ਛੱਡ ਕੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨਾਲ ਜੁੜ ਰਹੇ ਹਨ।ਸ੍. ਸੰਧੂ ਨੇ ਕਿਹਾ ਕਿ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਸਾਰੇ ਸਾਥੀਆਂ ਨੂੰ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ।ਪਾਰਟੀ ਵਿੱਚ ਸ਼ਾਮਲ ਹੋਏ ਜਥੇਦਾਰ ਹਰਿੰਦਰ ਸਿੰਘ ਜੋਸ਼ਨ ਨੇ ਪਾਰਟੀ ਪ੍ਰਧਾਨ ਸ੍. ਸਿਮਰਨਜੀਤ ਸਿੰਘ ਮਾਨ, ਗੋਵਿੰਦ ਸਿੰਘ ਸੰਧੂ ਸਮੇਤ ਸਮੁੱਚੀ ਸੀਨੀਅਰ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਭਰੋਸਾ ਦੁਆਇਆ ਕਿ ਉਹ ਪੂਰੀ ਤਨਦੇਹੀ ਨਾਲ ਪਾਰਟੀ ਦੀ ਚੜ੍ਹਦੀ ਕਲਾ ਲਈ ਕੰਮ ਕਰਨਗੇ ਤੇ ਪਾਰਟੀ ਦੀ ਲੋਕ ਪੱਖੀ ਸੋਚ ਨੂੰ ਘਰ-ਘਰ ਤੱਕ ਪਹੁੰਚਾਉਣਗੇ। ਇਸ ਮੌਕੇ ਜਥੇਦਾਰ ਗੁਰਪ੍ਰੀਤ ਸਿੰਘ ਲਖਮੀਰਵਾਲਾ, ਮਨਜੀਤ ਸਿੰਘ ਕੁੱਕੂ ਦਫ਼ਤਰ ਇੰਚਾਰਜ ਸੁਨਾਮ, ਮਲਕੀਤ ਸਿੰਘ ਬੇਲਾ ਇੰਚਾਰਜ ਸੋਸ਼ਲ ਵੈੱਲਫੇਅਰ ਸਕੀਮਾਂ, ਸੀਨੀਅਰ ਆਗੂ ਅਜੈ ਕੁਮਾਰ ਗੋਇਲ, ਜੁਝਾਰ ਸਿੰਘ ਮਾੜੂ ਯੂਥ ਵਿੰਗ ਪ੍ਰਧਾਨ ਸੁਨਾਮ, ਬੀਬੀ ਸੁਖਵੀਰ ਕੌਰ, ਬੀਬੀ ਚਰਨਜੀਤ ਕੌਰ, ਭਗਵੰਤ ਸਿੰਘ ਚੰਦੜ, ਗੁਰਪਿਆਰ ਸਿੰਘ, ਡਾ. ਮਨਿੰਦਰ ਸਿੰਘ, ਬੀਬੀ ਪਰਮਜੀਤ ਕੌਰ, ਧਰਮਿੰਦਰ ਸਿੰਘ, ਸਤਿਨਾਮ ਸਿੰਘ ਰੱਤੋਕੇ ਮੀਡੀਆ ਇੰਚਾਰਜ ਜ਼ਿਲ੍ਹਾ ਸੰਗਰੂਰ ਸਮੇਤ ਹੋਰ ਆਗੂ ਤੇ ਵਰਕਰ ਹਾਜ਼ਰ ਸਨ।

# ਸਿਹਤ ਵਿਭਾਗ ਨੇ ਡ੍ਰਾਈ ਡੇ ਮੌਕੇ ਲੋਕਾਂ ਨੂੰ ਕੀਤਾ ਜਾਗਰੂਕ

**ਭੀਖੀ (ਧਰਮਵੀਰ ਸ਼ਰਮਾ)**-ਸਿਹਤ ਵਿਭਾਗ ਵੱਲੋਂ ਐਸ ਐਮ ਓ ਡਾ. ਇੰਦੂ ਬਾਂਸਲ ਦੀ ਅਗਵਾਈ ਹੇਠ ਸਿਹਤ ਸੁਪਰਵਾਈਜ਼ਰ ਗੁਰਦੀਪ ਸਿੰਘ ਰੱਲਾ ਵੱਲੋਂ ਸ਼ੁੱਕਰਵਾਰ ਨੂੰ ਡ੍ਰਾਈ ਡੇ ਮਨਾ ਕੇ ਆਪਣੇ ਆਲੇ ਦੁਆਲੇ ਦੀ ਸਫਾਈ ਕਰਕੇ ਡੇਂਗੂ ਅਤੇ ਹੋਰ ਬਿਮਾਰੀਆ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ। ਉਨ੍ਹਾਂ ਕਿਹਾ ਕਿ ਲੋਕ ਆਪਣੇ ਆਲੇ ਦੁਆਲੇ ਖੜ੍ਹੇ ਪਾਣੀ ਨੂੰ ਸਾਫ ਕਰਕੇ, ਕੂਲਰ ਅਤੇ ਫਰਿੱਜਾਂ ਵਿੱਚ ਇਕੱਤਰ ਪਾਣੀ ਦੀ ਸਫਾਈ ਕਰਕੇ ਲੋਕਾਂ ਨੂੰ ਵੱਖ ਵੱਖ ਬਿਮਾਰੀਆਂ ਤੋਂ ਜਾਗਰੂਕ ਕਰਕੇ ਉਨ੍ਹਾਂ ਦੀ ਸਿਹਤ ਸੰਭਾਲ ਵਿੱਚ ਵੱਡਾ ਯੋਗਦਾਨ ਪਾ ਸਕਦੇ ਹਨ।

ਉਨ੍ਹਾਂ ਕਿਹਾ ਕਿ ਲੋਕ ਇਸ ਦਿਨ ਨੂੰ ਡ੍ਰਾਈ ਡੇਅ ਵਜੋਂ ਮਨਾ ਕੇ ਆਪਣੇ ਆਲੇ ਦੁਆਲੇ ਦੀ ਸਫਾਈ ਕਰਕੇ ਸਿਹਤ ਵਿਭਾਗ ਦੇ ਨਾਲ ਨਾਲ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰ ਸਕਦੇ ਹਨ।ਉਨ੍ਹਾਂ ਕਿਹਾ ਕਿ ਪੈ ਰਹੀ ਭਿਆਨਕ ਗਰਮੀ ਵਿੱਚ ਲੂ ਤੋਂ ਬਚਣ ਲਈ ਵੀ ਜਾਗਰੂਕਤਾ ਅਤਿ ਜ਼ਰੂਰੀ ਹੈ। ਉਨ੍ਹਾਂ ਲੋਕਾਂ ਨੂੰ ਦੁਪਹਿਰ ਸਮੇਂ ਘਰ ਅੰਦਰ ਹੀ ਰਹਿਣ ਦੀ ਸਲਾਹ ਦਿੱਤੀ।ਇਸ ਮੌਕੇ ਹੈਲਥ ਸੁਪਰਵਾਈਜ਼ਰ ਲਖਵਿੰਦਰ ਸਿੰਘ, ਕੰਵਲਜੀਤ ਸਿੰਘ ਤੇ ਜਰਨੈਲ ਸਿੰਘ ਵੀ ਹਾਜ਼ਰ ਸਨ।

# ਸ਼ਹੀਦ ਅਵਤਾਰ ਸਿੰਘ ਨੂੰ ਦਿੱਤੀਆਂ ਸ਼ਰਧਾਂਜਲੀਆਂ



**ਮੋਗਾ (ਇਕਬਾਲ ਸਿੰਘ ਖਹਿਰਾ)**-ਜੰਮੂ ਕਸ਼ਮੀਰ ਦੇ ਉਧਮਪੁਰ ਜ਼ਿਲ੍ਹੇ ਵਿੱਚ ਦੁਸ਼ਮਣਾਂ ਨਾਲ ਲੋਹਾ ਲੈਂਦੇ ਹੋਏ ਸ਼ਹਾਦਤ ਦਾ ਜਾਮ ਪੀਣ ਵਾਲੇ ਪਿੰਡ ਕਪੂਰੇ ਦੇ ਸ਼ਹੀਦ ਹੌਲਦਾਰ ਅਵਤਾਰ ਸਿੰਘ ਦੀ 23ਵੀਂ ਸਾਲਾਨਾ ਬਰਸੀ ਤੇ ਸ਼ਰਧਾਂਜਲੀ ਸਮਾਗਮ ਸਮੂਹ ਪਰਿਵਾਰ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਕਰਵਾਇਆ ਗਿਆ। ਪਰਿਵਾਰ ਵੱਲੋਂ 17 ਮਈ ਤੋਂ ਰੱਖੇ ਗਏ ਸ੍ਰੀ ਸਹਿਜ ਪਾਠ ਦੇ ਭੋਗ 25 ਮਈ ਨੂੰ ਗੁਰਦੁਆਰਾ ਗੋਬਿੰਦਗੜ੍ਹ ਸਾਹਿਬ ਵਿਖੇ ਪਾਏ ਗਏ। ਉਪਰੰਤ ਸ਼ਹੀਦ ਹੌਲਦਾਰ ਅਵਤਾਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਲੱਗੇ ਸ਼ਹੀਦ ਦੇ ਆਦਮ ਕਦ ਬੁੱਤ 'ਤੇ ਫੁੱਲ ਮਲਾਵਾਂ ਭੇਟ ਕਰ ਸ਼ਰਧਾਂਜਲੀ ਅਰਪਿਤ ਕੀਤੀ ਗਈ। ਇਸ ਮੌਕੇ ਸੀ ਆਰ ਪੀ ਐੱਫ ਜਲੰਧਰ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਐੱਸ ਆਈ ਰਾਜਵਿੰਦਰ ਸਿੰਘ ਸਾਬਕਾ ਵਿਧਾਇਕ ਡਾਕਟਰ ਹਰਜੋਤ ਕਮਲ ਸਿੰਘ ਦੀ ਪਤਨੀ ਡਾ. ਰਜਿੰਦਰ ਕੌਰ, ਪਿੰਡ ਦੇ ਸਮੂਹ ਸਾਬਕਾ ਸੈਨਿਕ, ਅਮਰ ਸਿੰਘ ਵੈੱਲਫੇਅਰ ਕਲੱਬ ਕਪੂਰੇ, ਸ਼ਹੀਦ ਦੇ ਰਿਸ਼ਤੇਦਾਰ ਤੇ ਸਮੂਹ ਨਗਰ ਨਿਵਾਸੀਆਂ ਨੇ ਸ਼ਹੀਦ ਅਵਤਾਰ ਸਿੰਘ ਦੇ ਆਦਮ ਕਦ ਬੁੱਤ 'ਤੇ ਫੁੱਲ ਮਾਲਾਵਾਂ ਭੇਟ ਕਰ ਸ਼ਰਧਾਂਜਲੀ ਅਰਪਿਤ ਕੀਤੀ। ਇਸ ਦੌਰਾਨ ਸ਼ਹੀਦ ਦੇ ਸਪੁੱਤਰ ਮਨਪ੍ਰੀਤ ਸਿੰਘ, ਨੂੰਹ ਕਿਰਨਪ੍ਰੀਤ ਕੌਰ, ਪੋਤਰਾ ਅਵਨਿੰਦਰ ਸਿੰਘ ਤੇ ਸਮੂਹ ਪਰਿਵਾਰ ਨੇ ਨਗਰ ਨਿਵਾਸੀਆਂ, ਅਮਰ ਸਿੰਘ ਵੈੱਲਫੇਅਰ ਕਲੱਬ, ਗੁਰਦੁਆਰਾ ਕਮੇਟੀ, ਸਕੂਲ ਸਟਾਫ਼, ਸਾਬਕਾ ਸੈਨਿਕਾਂ, ਸਰਪੰਚ, ਮੈਂਬਰਾਂ ਤੇ ਬਾਹਰੋਂ ਆਏ ਸਮੂਹ ਪਤਵੰਤਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਸਟੇਜ ਸੰਚਾਲਨ ਦੀ ਭੂਮਿਕਾ ਸਤਨਾਮ ਸਿੰਘ ਵੱਲੋਂ ਬਖੂਬੀ ਨਿਭਾਈ ਗਈ ਤੇ ਗੁਰਦੁਆਰਾ ਸਾਹਿਬ ਵਿੱਚ ਬਾਬਾ ਮਨਦੀਪ ਸਿੰਘ ਵੱਲੋਂ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਸਮਾਗਮ 'ਚ ਮਨਜੀਤ ਸਿੰਘ ਕੁੱਸਾ, ਗੁਰਮੀਤ ਸਿੰਘ ਕੋਕਰੀ, ਰਾਮ ਸਰੂਪ ਮੱਦੋਕੇ, ਨਿਰਮਲ ਮੀਨੀਆ, ਸਕੂਲ ਪ੍ਰਿੰਸੀਪਲ ਤੇ ਸਟਾਫ, ਸਤਨਾਮ ਸਿੰਘ ਸੇਵੀਆ, ਹੌਲਦਾਰ ਪਰਗਟ ਸਿੰਘ, ਜਗਸੀਰ ਸਿੰਘ ਚਕਰ ਆਦਿ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਨਗਰ ਨਿਵਾਸੀ ਹਾਜ਼ਰ ਸਨ।

# ਸੁਪਰੀਮ ਕੋਰਟ ਵੱਲੋਂ 29 ਜੁਲਾਈ ਤੋਂ 3 ਅਗਸਤ ਦਰਮਿਆਨ ਸਪੈਸ਼ਲ ਲੋਕ ਅਦਾਲਤਾਂ

**ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ, ਪ੍ਰਦੀਪ ਸ਼ਰਮਾ)**-ਮਾਣਯੋਗ ਸੁਪਰੀਮ ਕੋਰਟ ਆਫ ਇੰਡੀਆ, ਨਵੀਂ ਦਿੱਲੀ ਵੱਲੋਂ 29 ਜੁਲਾਈ ਤੋਂ 03 ਅਗਸਤ 2024 ਦਰਮਿਆਨ ਸੁਪਰੀਮ ਕੋਰਟ ਆਫ ਇੰਡੀਆ ਨਵੀਂ ਦਿੱਲੀ ਵਿਖੇ ਸਪੈਸ਼ਲ ਲੋਕ ਅਦਾਲਤ ਦਾ ਆਯੋਜਨ ਕਰਵਾਇਆ ਜਾ ਰਿਹਾ ਹੈ।ਇਸ ਸਬੰਧੀ ਮੈਡਮ ਹਰਪ੍ਰੀਤ ਕੌਰ ਰੰਧਾਵਾ ਮਾਨਯੋਗ ਜ਼ਿਲ੍ਹਾ ਤੇ ਸੈਸ਼ਨਜ਼ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਲੁਧਿਆਣਾ ਨੇ ਦੱਸਿਆ ਕਿ ਇਸ ਸਪੈਸ਼ਲ ਲੋਕ ਅਦਾਲਤ ਵਿੱਚ ਲੇਬਰ ਸਬੰਧੀ ਮਾਮਲੇ, ਮੌਰਟਗੇਜ਼ ਨਾਲ ਸਬੰਧਤ ਮਾਮਲੇ, ਚੈੱਕ ਨਾਲ ਸਬੰਧਤ ਮਾਮਲੇ (138 ਐੱਨ.ਆਈ.ਐਕਟ), ਖਪਤਕਾਰ ਸੁਰੱਖਿਆ ਦੇ ਮਾਮਲੇ, ਐਕਸੀਡੈਂਟ ਕਲੇਮ ਕੇਸ (ਮੋਟਰ ਐਕਸੀਡੈਂਟ ਕਲੇਮ), ਤਬਾਦਲਾ ਪਟੀਸ਼ਨਾਂ (ਦੀਵਾਨੀ ਤੇ ਫੌਜਦਾਰੀ), ਹੋਰ ਮੁਆਵਜ਼ੇ ਦੇ ਮਾਮਲੇ, ਰਕਮ ਵਸੂਲੀ ਮਾਮਲੇ, ਪਰਿਵਾਰਕ ਕਾਨੂੰਨ ਦੇ ਮਾਮਲੇ, ਕ੍ਰਿਮੀਨਲ ਕੰਪਾਉਂਡੇਬਲ ਮਾਮਲੇ, ਸਰਵਿਸਜ਼ ਸਬੰਧੀ ਮਾਮਲੇ, ਜ਼ਮੀਨੀ ਵਿਵਾਦਾਂ ਦੇ ਨਾਲ ਸਬੰਧਤ ਮਾਮਲੇ, ਰੈਂਟ ਸਬੰਧੀ ਮਾਮਲੇ, ਹੋਰ ਸਿਵਲ ਮਾਮਲੇ, ਅਕਾਦਮਿਕ ਮਾਮਲੇ ਆਦਿ ਵਿਸ਼ੇਸ਼ ਤੌਰ 'ਤੇ ਸੁਣਵਾਈ ਲਈ ਰੱਖੇ ਜਾਣਗੇ।ਇਸ ਸਬੰਧੀ ਮਾਨਯੋਗ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਲੁਧਿਆਣਾ ਨੇ ਆਮ ਲੋਕਾਂ ਨੂੰ ਵਿਸ਼ੇਸ਼ ਅਪੀਲ ਕਰਦਿਆਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਦਾ ਕੇਸ ਸੁਪਰੀਮ ਕੋਰਟ ਆਫ ਇੰਡੀਆ ਵਿੱਚ ਲੰਬਿਤ ਹੈ ਤਾਂ ਇਸ ਸਪੈਸ਼ਲ ਲੋਕ ਅਦਾਲਤ ਦਾ ਲਾਹਾ ਲੈਂਦੇ ਹੋਏ ਆਪਣੇ ਕੇਸਾਂ ਦਾ ਵੱਧ ਤੋਂ ਵੱਧ ਨਿਪਟਾਰਾ ਇਸ ਸਪੈਸ਼ਲ ਲੋਕ ਅਦਾਲਤ ਰਾਹੀਂ ਕਰਵਾਇਆ ਜਾਵੇ।ਇਸ ਸਬੰਧੀ ਉਨ੍ਹਾਂ ਇਹ ਵੀ ਦੱਸਿਆ ਕਿ ਜੇਕਰ ਕਿਸੇ ਵਿਅਕਤੀ ਦਾ ਕੇਸ ਸੁਪਰੀਮ ਕੋਰਟ ਆਫ ਇੰਡੀਆ ਵਿੱਚ ਲੰਬਿਤ ਹੈ ਤੇ ਉਹ ਆਪਣੇ ਕੇਸ ਦਾ ਨਿਪਟਾਰਾ ਇਸ ਸਪੈਸ਼ਲ ਲੋਕ ਅਦਾਲਤ ਵਿੱਚ ਸੁਣਵਾਈ ਦੇ ਲਈ ਰੱਖਣਾ ਚਾਹੁੰਦੇ ਹਨ ਤਾਂ ਇਸ ਸਬੰਧੀ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਦੇ ਦਫ਼ਤਰ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ।ਇਸ ਤੋਂ ਇਲਾਵਾ ਸੂਬਾ ਪੱਧਰ 'ਤੇ ਮਾਣਯੋਗ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ. ਨਗਰ ਦੇ ਦਫ਼ਤਰ ਵਿਖੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

# ਰਵਨੀਤ ਬਿੱਟੂ ਦਾ ਰੋਡ ਸ਼ੋਅ ਦੌਰਾਨ ਲੋਕਾਂ ਵੱਲੋਂ ਨਿੱਘਾ ਸਵਾਗਤ



**ਜਗਰਾਉਂ (ਅਮਿਤ ਖੰਨਾ)**-ਲੁਧਿਆਣਾ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਰਵਨੀਤ ਸਿੰਘ ਬਿੱਟੂ ਨੇ ਹਲਕਾ ਗਿੱਲ ਦੇ ਵੱਖ-ਵੱਖ ਪਿੰਡਾਂ 'ਚ ਰੋਡ ਸ਼ੋਅ ਕੱਢਿਆ, ਜਿੱਥੇ ਉਨ੍ਹਾਂ ਨੂੰ ਲੋਕਾਂ ਦਾ ਭਰਪੂਰ ਹੁੰਗਾਰਾ ਮਿਲਿਆ। ਇਸ ਮੌਕੇ ਉਨ੍ਹਾਂ ਨਾਲ ਦਿਹਾਤੀ ਭਾਜਪਾ ਪ੍ਰਧਾਨ ਰਮਿੰਦਰ ਸਿੰਘ ਸੰਗੋਵਾਲ ਸਮੇਤ ਹੋਰ ਆਗੂ ਹਾਜ਼ਰ ਸਨ।ਇਹ ਰੋਡ ਸ਼ੋਅ ਭੱਟੀਆਂ, ਲਾਢੋਵਾਲ, ਪ੍ਰਤਾਪ ਸਿੰਘ ਵਾਲਾ, ਇਆਲੀ ਖੁਰਦ, ਇਆਲੀ ਕਲਾਂ, ਥਰੀਕੇ, ਦਾਦ, ਕਿਰਨ ਵਿਹਾਰ ਤੋਂ ਹੁੰਦਾ ਹੋਇਆ ਫੁੱਲਾਂਵਾਲ ਵਿਖੇ ਸਮਾਪਤ ਹੋਇਆ, ਜਿੱਥੇ ਤੋਂ ਰਾਜੂ ਰਾਏ, ਜੈ ਕੁਮਾਰ ਸ਼ਰਮਾ, ਕੁਲਵਿੰਦਰ ਸਿੰਘ, ਹਰਸ਼ਦੀਪ ਕਪੂਰ ਮੰਡਲ ਪ੍ਰਧਾਨ, ਰੋਹਿਤ ਪਮਾਲ, ਦੀਪ ਚੌਧਰੀ ਵੱਲੋਂ ਸਵਾਗਤ ਕੀਤਾ ਗਿਆ।ਇਸ ਮੌਕੇ ਰਵਨੀਤ ਬਿੱਟੂ ਨੇ ਬੋਲਦਿਆਂ ਕਿਹਾ ਅੱਜ ਦੇ ਰੋਡ ਸ਼ੋਅ 'ਚ ਪਿੰਡ-ਪਿੰਡ ਮਿਲਿਆ ਸਮੱਰਥਨ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਲੁਧਿਆਣਾ ਤੋਂ ਭਾਜਪਾ ਨੂੰ ਜਿੱਤਣ ਤੋਂ ਕੋਈ ਨਹੀਂ ਰੋਕ ਸਕਦਾ।ਉਨ੍ਹਾਂ ਕਿਹਾ ਕਿ ਉਹ ਸ਼ਹੀਦ ਬੇਅੰਤ ਸਿੰਘ ਦੇ ਪੋਤੇ ਹਨ, ਜਿਨ੍ਹਾਂ ਨੇ ਦੇਸ਼ ਦੀ ਏਕਤਾ ਅਖੰਡਤਾ ਲਈ ਆਪਣੇ ਪ੍ਰਾਣ ਦਿੱਤੇ। ਉਨ੍ਹਾਂ ਕਿਹਾ ਕਿ ਅੱਜ ਪ੍ਰਧਾਨ ਮੰਤਰੀ ਦੀ ਚੋਣ ਹੋਣ ਜਾ ਰਹੀ ਹੈ, ਭਾਜਪਾ ਕੋਲ ਜਿੱਥੇ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਦੇ ਅਹੁਦੇਦਾਰ ਹਨ ਤਾਂ ਵਿਰੋਧੀਆਂ ਕੋਲ ਕੋਈ ਯੋਗ ਉਮੀਦਵਾਰ ਨਹੀਂ ਹੈ, ਸਭ ਕੁਰਸੀ ਦੀ ਲੜਾਈ ਲੜ ਰਹੇ ਹਨ, ਇਸ ਲਈ ਅਸੀਂ ਆਪ, ਕਾਂਗਰਸ ਜਾਂ ਅਕਾਲੀ ਦਲ ਨੂੰ ਵੋਟਾਂ ਪਾ ਕੇ ਆਪਣੀ ਵੋਟ ਖਰਾਬ ਨਾ ਕਰੀਏ, ਵਿਕਾਸ, ਤਰੱਕੀ ਤੇ ਖੁਸ਼ਹਾਲੀ ਦੇ ਨਾਮ 'ਤੇ ਭਾਜਪਾ ਨੂੰ ਵੋਟਾਂ ਦੇ ਕੇ ਭਾਜਪਾ ਦੇ ਹੱਥ ਮਜ਼ਬੂਤ ਕਰੀਏ।ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਨੋਦ ਕੁਮਾਰ, ਸੋਨੂੰ, ਸੰਜੇ ਪਾਲ, ਰਾਕੇਸ਼, ਵਤਨ ਸਿੰਘ, ਸੀਮਾ, ਰਾਜ ਰਾਏ, ਰਾਜੀਵ, ਸੁਰਜੀਤ, ਬੀਰਪਾਲ, ਵਿਕਾਸ ਮਿੱਤਲ, ਪਰਮਿੰਦਰ ਗੁਪਤਾ, ਅੰਕੁਸ਼ ਖੇੜਾ, ਰਾਜੂ ਸ਼ਾਹ, ਸ਼ਿਵ ਸਿੰਘ, ਸੰਨੀ ਚੌਹਾਨ ਆਦਿ ਹਾਜ਼ਰ ਸਨ।

# ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ 8 ਲੱਖ ਠੱਗੇ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ 'ਚ ਇਕ ਲੜਕੀ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਉਸ ਨਾਲ 8 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿੱਚ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਇਕ ਵਿਅਕਤੀ ਖਿਲਾਫ 420 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਬਲਦੇਵ ਰਾਜ ਨੇ ਦੱਸਿਆ ਕਿ ਦਰਖਾਸਤ ਨੰਬਰ 2775 ਪੀਸੀ ਰਾਹੀਂ ਮੋੜਾ ਸਿੰਘ ਪੁੱਤਰ ਦਰਬਾਰਾ ਸਿੰਘ ਵਾਸੀ ਪਿੰਡ ਖਾਈ ਫੇਮੇ ਕੀ ਨੇ ਦੱਸਿਆ ਕਿ ਮੁਲਜ਼ਮ ਅਮਨਦੀਪ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀ ਪਿੰਡ ਰੋੜਾਂ ਵਾਲੀ ਤਹਿਸੀਲ ਵਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਨੇ ਉਸ ਦੀ ਨੂੰਹ ਗੁਰਪਿੰਦਰ ਕੌਰ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ 8 ਲੱਖ ਰੁਪਏ ਦੀ ਠੱਗੀ ਮਾਰੀ ਹੈ। ਜਾਂਚਕਰਤਾ ਬਲਦੇਵ ਰਾਜ ਨੇ ਦੱਸਿਆ ਕਿ ਪੁਲਸ ਨੇ ਉਕਤ ਮੁਲਜ਼ਮ ਖਿਲਾਫ ਬਾਅਦ ਪੜਤਾਲ ਮੁਕੱਦਮਾ ਦਰਜ ਕਰ ਲਿਆ ਹੈ।

# ਜ਼ਿਲ੍ਹਾ ਚੋਣ ਅਫਸਰਾਂ ਦੀ ਮਨਮਾਨੀ ਤੋਂ ਛੋਟੇ ਬੱਚਿਆਂ ਵਾਲੀਆਂ ਔਰਤ ਮੁਲਾਜ਼ਮਾਂ ਪ੍ਰੇਸ਼ਾਨ

**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ 'ਚ ਅਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਚੋਣ ਡਿਊਟੀਆਂ ਲਗਾਉਣ 'ਚ ਜ਼ਿਲ੍ਹਾ ਚੋਣ ਅਫ਼ਸਰਾਂ ਵੱਲੋਂ ਕੀਤੀ ਜਾ ਰਹੀ ਮਨਮਾਨੀ ਛੋਟੇ ਬੱਚਿਆਂ ਨੂੰ ਦੁੱਧ ਪਿਆਉਣ ਵਾਲੀਆਂ ਇਸਤਰੀ ਮੁਲਾਜ਼ਮਾਂ ਅਤੇ ਉਨ੍ਹਾਂ ਦੇ ਛੋਟੇ ਬੱਚਿਆਂ ਲਈ ਕਾਫੀ ਪ੍ਰੇਸ਼ਾਨੀ ਦਾ ਸਬੱਬ ਬਣਿਆ ਹੋਇਆ ਹੈ। ਇਸ ਸਬੰਧੀ ਪ੍ਰੈਸ ਦੇ ਨਾਂ ਬਿਆਨ ਜਾਰੀ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਅਤੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਦੀ ਅਗਵਾਈ ਵਿੱਚ ਡੀ ਟੀ ਐਫ਼ ਦੇ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਅਤੇ ਹਰਜਿੰਦਰ ਅਨੂਪਗੜ੍ਹ ਨੇ ਕਿਹਾ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਵਿੱਚ ਸਪੱਸ਼ਟ ਲਿਖਿਆ ਹੈ ਕਿ ਛੋਟੇ ਬੱਚਿਆਂ ਨੂੰ ਦੁੱਧ ਪਿਆਉਂਦੀਆਂ ਇਸਤਰੀ ਮੁਲਾਜ਼ਮਾਂ ਨੂੰ ਚੋਣ ਡਿਊਟੀ ਤੋਂ ਛੋਟ ਦਿੱਤੀ ਜਾਵੇ ਪ੍ਰੰਤੂ ਇਸ ਸਬੰਧੀ ਗੈਰ-ਵਿਗਿਆਨਕ ਅਤੇ ਤਾਨਾਸ਼ਾਹੀ ਪਹੁੰਚ ਅਪਨਾਉਂਦਿਆਂ ਕੁਝ ਜ਼ਿਲ੍ਹਾ ਚੋਣ ਅਫਸਰਾਂ ਨੇ ਮਨਮਾਨੇ ਢੰਗ ਨਾਲ ਸਿਰਫ ਉਨ੍ਹਾਂ ਇਸਤਰੀ ਮੁਲਾਜ਼ਮਾਂ ਨੂੰ ਹੀ ਛੋਟ ਦਿੱਤੀ ਹੈ ਜਿਨ੍ਹਾਂ ਦੇ ਬੱਚਿਆਂ ਦੀ ਉਮਰ 1 ਸਾਲ ਜਾਂ ਉਸ ਤੋਂ ਘੱਟ ਹੈ। ਆਗੂਆਂ ਕਿਹਾ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਵਿੱਚ ਕਿਤੇ ਵੀ ਬੱਚੇ ਦੀ ਉਮਰ ਦੀ ਸੀਮਾ ਦੀ ਗੱਲ ਨਹੀਂ ਕੀਤੀ ਗਈ। ਸੰਸਾਰ ਦੀ ਸਭ ਤੋਂ ਵੱਡੀ ਸਿਹਤ ਸੰਸਥਾ ਡਬਲਯੂ. ਐਚ. ਓ. ਨੇ 2002 ਵਿੱਚ ਇਸ ਸਬੰਧੀ ਜਾਰੀ ਕੀਤੀਆਂ ਹਦਾਇਤਾਂ ਵਿੱਚ ਸਪੱਸ਼ਟ ਲਿਖਿਆ ਹੈ ਕਿ ਦੋ ਸਾਲ ਦੀ ਉਮਰ ਅਤੇ ਉਸ ਤੋਂ ਵੀ ਵੱਧ ਜੇਕਰ ਬੱਚਾ ਦੁੱਧ ਪੀਂਦਾ ਹੈ, ਤਾਂ ਉਸ ਨੂੰ ਮਾਂ ਦਾ ਦੁੱਧ ਪਿਆਇਆ ਜਾਵੇ। ਆਗੂਆਂ ਕਿਹਾ ਕਿ ਕਈ ਜ਼ਿਲ੍ਹਿਆਂ ਵਿੱਚ ਜ਼ਿਲ੍ਹਾ ਚੋਣ ਅਫ਼ਸਰ ਦਾ ਦਫ਼ਤਰ ਮੈਡੀਕਲ ਬੋਰਡ 'ਤੇ ਗੱਲ ਸੁੱਟ ਰਿਹਾ ਹੈ ਜਦਕਿ ਮੈਡੀਕਲ ਬੋਰਡ ਨੂੰ ਪੁੱਛਣ 'ਤੇ ਉਹ ਜ਼ਿਲ੍ਹਾ ਚੋਣ ਅਫਸਰ 'ਤੇ ਗੱਲ ਸੁੱਟ ਰਿਹਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਚੋਣ ਅਫਸਰਾਂ ਵੱਲੋਂ ਬਣਾਏ ਮੈਡੀਕਲ ਬੋਰਡ ਵਿੱਚ ਬੱਚਿਆਂ ਦੇ ਡਾਕਟਰ ਨੂੰ ਸ਼ਾਮਲ ਨਹੀਂ ਕੀਤਾ ਗਿਆ ਜੋ ਇਸ ਸਬੰਧੀ ਸਹੀ ਸੇਧ ਦੇ ਸਕੇ। ਡੀ ਟੀ ਐਫ਼ ਦੇ ਸੀਨੀਅਰ ਆਗੂਆਂ ਗੁਰਤੇਜ ਉਭਾ, ਰਾਜਵਿੰਦਰ ਸਿੰਘ ਬੈਹਣੀਵਾਲ, ਨਵਜੋਸ਼ ਸਪੋਲੀਆ, ਗੁਰਪ੍ਰੀਤ ਭੀਖੀ ਨੇ ਕਿਹਾ ਕਿ ਵਿੱਚ ਇਸ ਤਰ੍ਹਾਂ ਦੇ ਗੈਰ-ਵਿਗਿਆਨਕ ਫੈਸਲਿਆਂ ਕਾਰਨ ਔਰਤ ਮੁਲਾਜ਼ਮਾਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਜੇਕਰ ਉਨ੍ਹਾਂ ਨੂੰ ਚੋਣ ਡਿਊਟੀ ਤੋਂ ਛੋਟ ਮਿਲਦੀ ਤਾਂ ਚੋਣਾਂ ਵਾਲੇ ਦਿਨ ਦੁੱਧ ਪੀਂਦੇ ਬੱਚਿਆਂ ਨੂੰ 18-20 ਘੰਟੇ ਆਪਣੀ ਮਾਂ ਤੋਂ ਦੂਰ ਰਹਿਣਾ ਪੈ ਸਕਦਾ ਹੈ ਜੋ ਕਿ ਛੋਟੇ ਬੱਚੇ 'ਤੇ ਜ਼ੁਲਮ ਹੋਵੇਗਾ। ਆਗੂਆਂ ਮੰਗ ਕੀਤੀ ਕਿ ਸਰਕਾਰ ਦੇ ਇਸਤਰੀ ਅਤੇ ਬਾਲ ਵਿਭਾਗ ਨੂੰ ਇਸ ਦਾ ਨੋਟਿਸ ਲੈਣਾ ਚਾਹੀਦਾ ਹੈ ਕਿਉਂਕਿ ਇਹ ਇਸਤਰੀ ਅਤੇ ਬਾਲ ਅਧਿਕਾਰਾਂ ਦੀ ਸ਼ਰੇਆਮ ਉਲੰਘਣਾ ਹੈ।ਜਥੇਬੰਦੀ ਦੇ ਆਗੂਆਂ ਨਿਧਾਨ ਸਿੰਘ, ਸ਼ਿੰਗਾਰਾ ਸਿੰਘ, ਤਰਸੇਮ ਬੋੜਾਵਾਲ, ਹਰਫੂਲ ਸਿੰਘ, ਰਾਜਿੰਦਰ ਸਿੰਘ ਨੇ ਚੋਣ ਕਮਿਸ਼ਨ ਤੋਂ ਮੰਗ ਕੀਤੀ ਕਿ ਵਿਸ਼ਵ ਸਿਹਤ ਸੰਸਥਾ ਦੀਆਂ ਹਦਾਇਤਾਂ ਨੂੰ ਧਿਆਨ ਵਿੱਚ ਰੱਖ ਕੇ ਉਨ੍ਹਾਂ ਨੂੰ ਚੋਣ ਡਿਊਟੀ ਤੋਂ ਛੋਟ ਦਿੱਤੀ ਜਾਵੇ।ਇਸ ਮੌਕੇ ਗੁਰਬਚਨ ਹੀਰੇਵਾਲਾ, ਚਰਨਪਾਲ ਸਿੰਘ, ਜਸਵਿੰਦਰ ਹਾਕਮਵਾਲਾ, ਗੁਰਦੀਪ ਝੰਡੂਕੇ, ਸੁਖਚੈਨ ਸੇਖੋਂ, ਜਗਦੇਵ ਸਿੰਘ, ਮੱਘਰ ਸਿੰਘ, ਜਗਪਾਲ ਸਿੰਘ, ਅੰਮ੍ਰਿਤਪਾਲ ਸਿੰਘ, ਕੁਲਵਿੰਦਰ ਜੋਗਾ, ਅਮਨਦੀਪ ਕੌਰ, ਬੇਅੰਤ ਕੌਰ, ਰੇਨੂੰ ਬਾਲਾ, ਅਮਰਪ੍ਰੀਤ ਕੌਰ, ਮਨਵੀਰ ਕੌਰ, ਗੁਰਜੀਤ ਮਾਨਸਾ, ਸੁਖਵਿੰਦਰ ਗਾਮੀਵਾਲਾ, ਰੋਹਿਤ ਕੁਮਾਰ, ਮਨਦੀਪ ਕੁਮਾਰ, ਹਰਵਿੰਦਰ ਸਿੰਘ ਆਦਿ ਅਧਿਆਪਕ ਆਗੂ ਹਾਜ਼ਰ ਸਨ।

# ਨਿਊਟਨ ਵਰਲਡ ਸਕੂਲ 'ਚ ਧੀਆਂ ਦੇ ਨਾਂਅ ਛਾਂਦਾਰ ਪੌਦੇ ਲਗਾਏ



**ਮਲੋਟ (ਗੁਰਮੀਤ ਸਿੰਘ ਮੱਕੜ)**

ਮਲੋਟ-ਸ਼੍ਰੀ ਮੁਕਤਸਰ ਰੋਡ 'ਤੇ ਸਥਿਤ ਅੰਤਰਰਾਸ਼ਟਰੀ ਪੱਧਰ ਦੇ ਸਕੂਲ ਨਿਊਟਨ ਵਰਲਡ ਸਕੂਲ ਵਿਖੇ ਅੱਜ ਆਰ.ਟੀ.ਆਈ. ਐਂਡ ਹਿਊਮਨ ਰਾਈਟਸ ਸੰਸਥਾ ਦੇ ਅਹੁਦੇਦਾਰਾਂ ਵੱਲੋਂ ਆਪਣੀਆਂ ਪਰਿਵਾਰਕ ਖੁਸ਼ੀਆਂ ਮੌਕੇ ਧੀਆਂ ਦੇ ਨਾਮ ਛਾਂਦਾਰ ਪੌਦੇ ਲਗਾਏ ਗਏ। ਸੰਸਥਾ ਦੇ ਨੌਜਵਾਨ ਆਗੂ ਤੇ ਪੀ.ਏ. ਟੂ ਰਾਸ਼ਟਰੀ ਪ੍ਰਧਾਨ ਅੰਮ੍ਰਿਤਪਾਲ ਨੇ ਆਪਣੀ ਬੇਟੀ ਤਕਸ਼ਵੀ ਦਾ ਸਕੂਲ ਵਿਖੇ ਦਾਖਲਾ ਵੀ ਕਰਵਾਇਆ ਤੇ ਉਸ ਦੇ ਨਾਮ ਦਾ ਪੌਦਾ ਵੀ ਲਗਾਇਆ। ਇਸੇ ਤਰ੍ਹਾਂ ਸੰਸਥਾ ਦੇ ਚੇਅਰਮੈਨ ਜੋਨੀ ਸੋਨੀ ਨੇ ਆਪਣੀਆਂ ਦੋਹਾਂ ਧੀਆਂ ਦੇ ਨਾਮ ਦੇ ਪੌਦੇ ਲਗਾਏ। ਰਿਟਾ. ਏ.ਡੀ.ਓ. ਜਸਬੀਰ ਸਿੰਘ ਨੇ ਵੀ ਆਪਣੇ ਬੇਟੇ ਦੀ ਸ਼ਾਦੀ ਉਪਰੰਤ ਨੂੰਹ ਦੇ ਨਾਮ ਦਾ ਪੌਦਾ ਲਗਾਇਆ। ਰਿਟਾ. ਵਰੰਟ ਅਫਸਰ ਹਰਪ੍ਰੀਤ ਸਿੰਘ ਨੇ ਵੀ ਆਪਣੀ ਨਵਜਨਮੀ ਪੋਤਰੀ ਸਹਿਬਾਨੀ ਕੌਰ ਦੇ ਨਾਮ ਦਾ ਪੌਦਾ ਲਗਾਇਆ। ਇਸ ਮੌਕੇ ਸਕੂਲ ਦੇ ਚੇਅਰਮੈਨ ਸ੍. ਅਮਰੀਸ਼ ਬਰਾੜ, ਸਕੂਲ ਪ੍ਰਿੰਸੀਪਲ ਮੈਡਮ ਮੱਧੂ ਗੁਪਤਾ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਜ਼ਿਕਰਯੋਗ ਹੈ ਕਿ ਏ.ਡੀ.ਓ. ਜਸਬੀਰ ਸਿੰਘ ਮਲੋਟ ਸ਼ਹਿਰ ਅੰਦਰ ਪੌਦੇ ਲਗਾਉਣ ਵਿੱਚ ਬਹੁਤ ਅਹਿਮ ਸੇਵਾ ਨਿਭਾਅ ਰਹੇ ਹਨ ਅਤੇ ਪੌਦੇ ਲਗਾਉਣ ਲਈ ਉਨ੍ਹਾਂ ਪੂਰੀ ਟੂਲ ਕਿੱਟ ਵੀ ਤਿਆਰ ਕੀਤੀ ਹੋਈ ਹੈ ਅਤੇ ਸ਼ਹਿਰ ਵਾਸੀਆਂ ਨੂੰ ਪ੍ਰੇਰਿਤ ਕਰਕੇ ਲਗਾਤਾਰ ਸ਼ਹਿਰ ਦੀਆਂ ਸਾਂਝੀਆਂ ਥਾਵਾਂ 'ਤੇ ਪੌਦੇ ਲਗਵਾਉਂਦੇ ਰਹਿੰਦੇ ਹਨ। ਚੇਅਰਮੈਨ ਸ੍. ਅਮਰੀਸ਼ ਬਰਾੜ ਨੇ ਸਮੂਹ ਸਮਾਜਸੇਵੀਆਂ ਦਾ ਸਕੂਲ ਪੁੱਜਣ ਤੇ ਪੌਦੇ ਲਗਾਉਣ ਲਈ ਧੰਨਵਾਦ ਕੀਤਾ। ਵਰੰਟ ਅਫਸਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਅੱਜ ਮਨੁੱਖਤਾ ਨੂੰ ਆਉਣ ਵਾਲੇ ਕੁਦਰਤ ਰੂਪੀ ਬਰਬਾਦੀ ਦੇ ਖਤਰਨਾਕ ਮੰਜ਼ਰ ਤੋਂ ਬਚਾਉਣ ਲਈ ਕਰੋੜਾਂ ਪੌਦੇ ਲਗਾਉਣ ਦੀ ਜ਼ਰੂਰਤ ਹੈ, ਜਿਸ ਲਈ ਹਰ ਜਾਗਰੂਕ ਇਨਸਾਨ ਨੂੰ ਆਪਣੇ-ਆਪਣੇ ਪੱਧਰ 'ਤੇ ਲਗਾਤਾਰ ਪੌਦੇ ਲਗਾਉਣ ਦਾ ਇਹ ਉਪਰਾਲਾ ਕਰਨਾ ਚਾਹੀਦਾ ਹੈ। ਅੰਤ ਵਿੱਚ ਚੇਅਰਮੈਨ ਜੋਨੀ ਸੋਨੀ ਨੇ ਆਰ.ਟੀ.ਆਈ. ਸੰਸਥਾ ਦੇ ਅਹੁਦੇਦਾਰਾਂ ਤੇ ਸਕੂਲ ਪ੍ਰਬੰਧਨ ਦਾ ਧੰਨਵਾਦ ਕੀਤਾ।

# ਸਪੋਰਟਸ ਤਾਈਕਵਾਂਡੋ ਐਸੋਸੀਏਸ਼ਨ ਵੱਲੋਂ ਦੂਜਾ ਓਪਨ ਜ਼ਿਲ੍ਹਾ ਟੂਰਨਾਮੈਂਟ ਸੰਪੰਨ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਸਪੋਰਟਸ ਤਾਈਕਵਾਂਡੋ ਐਸੋਸੀਏਸ਼ਨ ਜ਼ਿਲ੍ਹਾ ਫ਼ਿਰੋਜ਼ਪੁਰ ਵੱਲੋਂ ਦੂਜਾ ਓਪਨ ਜ਼ਿਲ੍ਹਾ ਟੂਰਨਾਮੈਂਟ ਐਸੋਸੀਏਸ਼ਨ ਦੇ ਪ੍ਰਧਾਨ ਈਸ਼ਵਰ ਦਾਸ ਤੇ ਜਨਰਲ ਸਕੱਤਰ ਸ਼ਿਵਾਨੀ ਸਹੋਤਾ ਦੀ ਅਗਵਾਈ ਹੇਠ ਸਥਾਨਕ ਸ਼ਹਿਰ ਦੇ ਸ਼ਹੀਦ ਭਗਤ ਸਿੰਘ ਸਟੇਡੀਅਮ ਵਿਖੇ ਕਰਵਾਇਆ ਗਿਆ।ਇਸ ਮੌਕੇ ਮੁੱਖ ਮਹਿਮਾਨ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਅਮਰੀਕ ਸਿੰਘ ਬੱਚਿਆਂ ਨੂੰ ਅਸ਼ੀਰਵਾਦ ਦੇਣ ਪੁੱਜੇ।ਇਸ ਮੌਕੇ ਮੁੱਖ ਮਹਿਮਾਨ ਅਮਰੀਕ ਸਿੰਘ ਨੇ ਜੇਤੂ ਬੱਚਿਆਂ ਨੂੰ ਮੈਡਲ ਦੇ ਕੇ ਸਨਮਾਨਤ ਕੀਤਾ ਤੇ ਉਨ੍ਹਾਂ ਦੀ ਇਸ ਜਿੱਤ ਦੀ ਵਧਾਈ ਦਿੱਤੀ ਅਤੇ ਬੱਚਿਆਂ ਨੂੰ ਆਪਣੀ ਮਿਹਨਤ ਜਾਰੀ ਰੱਖਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਇਸ ਤੋਂ ਅੱਗੇ ਹੋਰ ਵੱਡੀਆਂ ਜਿੱਤਾਂ ਪ੍ਰਾਪਤ ਕਰੋ ਤਾਂ ਜੋ ਤੁਸੀਂ ਆਪਣੇ ਮਾਤਾ ਪਿਤਾ ਤੋਂ ਇਲਾਵਾ ਜ਼ਿਲ੍ਹਾ ਫਿਰੋਜ਼ਪੁਰ ਦਾ ਨਾਂ ਪੂਰੀ ਦੁਨੀਆ ਵਿੱਚ ਰੌਸ਼ਨ ਕਰੋ।

ਇਸ ਮੌਕੇ ਐਸੋਸੀਏਸ਼ਨ ਦੇ ਪ੍ਰਧਾਨ ਈਸ਼ਵਰ ਦਾਸ ਤੇ ਜਨਰਲ ਸਕੱਤਰ ਸ਼ਿਵਾਨੀ ਸਹੋਤਾ ਨੇ ਕਿਹਾ ਕਿ ਇਹ ਖੇਡ ਲੜਕੀਆਂ ਲਈ ਬਹੁਤ ਹੀ ਮਹੱਤਵਪੂਰਨ ਹੈ, ਇਸ ਨਾਲ ਸਵੈ-ਰੱਖਿਆ ਕੀਤੀ ਜਾ ਸਕਦੀ ਹੈ ਤੇ ਸਮਾਜ ਵਿੱਚ ਔਰਤਾਂ ਨਾਲ ਹੁੰਦੀਆਂ ਘਟਨਾਵਾਂ ਤੋਂ ਬਚਿਆ ਜਾ ਸਕਦਾ ਹੈ ਅਤੇ ਲੜਕੀਆਂ ਆਤਮ ਨਿਰਭਰ ਬਣ ਸਕਦੀਆਂ ਹਨ। ਟੂਰਨਾਮੈਂਟ ਵਿੱਚ ਵੱਖ-ਵੱਖ ਵਰਗ ਉਮਰ (ਲੜਕੇ /ਲੜਕੀਆਂ) ਦੇ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਵੱਖ-ਵੱਖ ਸਕੂਲਾਂ ਤੇ ਅਕੈਡਮੀਆਂ ਦੇ 200 ਦੇ ਕਰੀਬ ਬੱਚਿਆਂ ਨੇ ਭਾਗ ਲਿਆ। ਇਸ ਟੂਰਨਾਮੈਂਟ ਵਿੱਚ ਓਵਰਆਲ ਟਰਾਫੀ ਵਿੱਚ ਪਹਿਲਾ ਸਥਾਨ ਅਬਦੁਲ ਹਾਮਿਦ ਅਕੈਡਮੀ, ਦੂਸਰਾ ਸਥਾਨ ਐੱਚ ਐੱਮ ਡੀਏਵੀ ਸਕੂਲ ਤੇ ਤੀਸਰਾ ਸਥਾਨ ਅਕਾਲ ਅਕੈਡਮੀ ਨੇ ਹਾਸਲ ਕੀਤਾ।ਇਸ ਟੂਰਨਾਮੈਂਟ ਵਿੱਚ ਖਜ਼ਾਨਚੀ ਗੁਰਸਾਹਬ ਸਿੰਘ, ਸੀਨੀਅਰ ਵਾਇਸ ਪ੍ਰਧਾਨ ਸੁਰਿੰਦਰ ਮਲਿਕ ਤੇ ਕੁਲਬੀਰ ਸਿੰਘ ਸੰਧੂ, ਜੁਆਇੰਟ ਸਕੱਤਰ ਬੀਪੀਈਓ ਭੁਪਿੰਦਰ ਸਿੰਘ, ਪ੍ਰੈੱਸ ਸਕੱਤਰ ਸਰਬਜੀਤ ਸਿੰਘ ਭਾਵੜਾ, ਏਸ਼ੀਆਈ ਗੋਲਡ ਮੈਡਲਿਸਟ ਪ੍ਰਗਟ ਸਿੰਘ, ਗੁਰਬਚਨ ਸਿੰਘ ਭੁੱਲਰ, ਸ਼ਹੀਦ ਭਗਤ ਸਿੰਘ ਰਾਜਗੁਰੂ ਸੁਖਦੇਵ ਮੈਮੋਰੀਅਲ ਸੁਸਾਇਟੀ ਵੱਲੋਂ ਜਸਵਿੰਦਰ ਸਿੰਘ ਸੰਧੂ, ਅਕਸ਼ ਕੁਮਾਰ, ਅੰਸ਼ ਮਲਹੋਤਰਾ, ਸਚਿਨ ਵਰਮਾ, ਅੰਕੁਸ਼ ਸ਼ਰਮਾ, ਅਭਿਸ਼ੇਕ ਤੇ ਸਾਹਿਲ ਹਾਜ਼ਰ ਸਨ।

# ਗੁਰਵਿੰਦਰ ਸਿੰਘ ਸ਼ਾਨ ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਨਾਭਾ ਦੇ ਸ਼ਹਿਰੀ ਪ੍ਰਧਾਨ ਬਣੇ



**ਨਾਭਾ (ਵਰਿੰਦਰ ਵਰਮਾ)**-ਸ਼੍ਰੋਮਣੀ ਅਕਾਲੀ ਦਲ ਪ੍ਰਤੀ ਵਧੀਆ ਸੇਵਾਵਾਂ ਨਿਭਾਉਣ ਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਹਮੇਸ਼ਾ ਹੀ ਆਗੂਆਂ ਤੇ ਵਰਕਰਾਂ ਨੂੰ ਬਣਦਾ ਮਾਣ ਸਨਮਾਨ ਦਿੱਤਾ ਜਾਂਦਾ ਹੈ। ਇਸ ਲੜੀ ਤਹਿਤ ਹਲਕਾ ਨਾਭਾ ਤੋਂ ਪਾਰਟੀ ਪ੍ਰਤੀ ਵਧੀਆ ਸੇਵਾਵਾਂ ਨੂੰ ਵੇਖਦੇ ਹੋਏ ਗੁਰਵਿੰਦਰ ਸਿੰਘ ਸ਼ਾਨ ਨੂੰ ਸ਼੍ਰੋਮਣੀ ਅਕਾਲੀ ਦਲ ਨਾਭਾ ਦਾ ਸ਼ਹਿਰੀ ਯੂਥ ਵਿੰਗ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਜਿਸ ਨੂੰ ਲੈ ਕੇ ਸ਼ਨੀਵਾਰ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ ਭੋਜੋਮਾਜਰੀ ਵੱਲੋਂ ਨਵ ਨਿਯੁਕਤ ਸ਼ਹਿਰੀ ਯੂਥ ਪ੍ਰਧਾਨ ਗੁਰਵਿੰਦਰ ਸਿੰਘ ਸ਼ਾਨ ਨੂੰ ਨਿਯੁਕਤੀ ਪੱਤਰ ਦਿੱਤਾ ਗਿਆ। ਨਿਯੁਕਤੀ ਪੱਤਰ ਲੈਣ ਉਪਰੰਤ ਗੁਰਵਿੰਦਰ ਸਿੰਘ ਸ਼ਾਨ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਮੈਂਬਰ ਪਾਰਲੀਮੈਂਟ ਹਰਸਿਮਰਨ ਕੌਰ ਬਾਦਲ, ਸਾਬਕਾ ਕੈਬਨਿਟ ਮੰਤਰੀ ਬਿਕਰਮਜੀਤ ਸਿੰਘ ਮਜੀਠੀਆ ਅਤੇ ਸੁਰਜੀਤ ਸਿੰਘ ਰੱਖੜਾ, ਲੋਕ ਸਭਾ ਪਟਿਆਲਾ ਤੋਂ ਉਮੀਦਵਾਰ ਐਨ ਕੇ ਸ਼ਰਮਾ, ਪੰਜਾਬ ਦੇ ਯੂਥ ਪ੍ਰਧਾਨ ਸਰਬਜੀਤ ਸਿੰਘ ਝਿੰਜਰ, ਹਲਕਾ ਇੰਚਾਰਜ ਨਾਭਾ ਮੱਖਣ ਸਿੰਘ ਲਾਲਕਾ ਅਤੇ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ ਭੋਜੋਮਾਜਰੀ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਪਾਰਟੀ ਦੀ ਚੜ੍ਹਦੀ ਕਲਾ ਲਈ ਦਿਨ ਰਾਤ ਮਿਹਨਤ ਕਰਾਂਗਾ। ਉਨ੍ਹਾਂ ਕਿਹਾ ਕਿ ਇੱਕ ਜੂਨ ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਉਮੀਦਵਾਰ ਐਨ ਕੇ ਸ਼ਰਮਾ ਦੇ ਹੱਕ 'ਚ ਦਿਨ ਰਾਤ ਮਿਹਨਤ ਕਰਾਂਗਾ ਅਤੇ ਉਨ੍ਹਾਂ ਨੂੰ ਵੱਡੀ ਲੀਡ ਨਾਲ ਹਲਕੇ ਵਿੱਚੋਂ ਜਿਤਾ ਕੇ ਲੋਕ ਸਭਾ ਵਿੱਚ ਭੇਜਾਂਗੇ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ ਭੋਜੋਮਾਜਰੀ ਨੇ ਆਸ ਪ੍ਰਗਟਾਈ ਕਿ ਨਵ-ਨਿਯੁਕਤ ਯੂਥ ਪ੍ਰਧਾਨ ਸ਼ਾਨ ਹਮੇਸ਼ਾ ਹੀ ਪਾਰਟੀ ਲਈ ਦਿਨ ਰਾਤ ਮਿਹਨਤ ਕਰਨਗੇ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ ਭੋਜੋਮਾਜਰੀ, ਦਿਹਾਤੀ ਪ੍ਰਧਾਨ ਗੁਰਮੀਤ ਸਿੰਘ ਕੋਟ, ਸੀਨੀਅਰ ਆਗੂ ਅਨਿਲ ਗੁਪਤਾ ਅਤੇ ਐਡਵੋਕੇਟ ਅਰਸ਼ਦੀਪ ਸਿੰਘ ਅਨੰਦ ਨੇ ਨਵ ਨਿਯੁਕਤ ਯੂਥ ਸ਼ਹਿਰੀ ਪ੍ਰਧਾਨ ਸ਼ਾਨ ਨੂੰ ਸਿਰੋਪਾ ਪਾ ਕੇ ਸਨਮਾਨਤ ਕੀਤਾ।

# ਆੜ੍ਹਤੀਏ ਵੱਲੋਂ ਟਰੱਕ ਡਰਾਈਵਰ ਦਾ ਗੋਲੀ ਮਾਰ ਕੇ ਕਤਲ

**ਗੁਰਦਾਸਪੁਰ (ਜਨਕ ਮਹਾਜਨ)**-ਚੋਣ ਜ਼ਾਬਤੇ ਦੌਰਾਨ ਇੱਕ ਹੋਰ ਵੱਡੀ ਵਾਰਦਾਤ ਹੋਈ ਹੈ।ਗੁਰਦਾਸਪੁਰ ਦੇ ਐੱਫਸੀਆਈ ਗੋਦਾਮਾਂ ਵਿੱਚ ਕਣਕ ਉਤਾਰਨ ਦੌਰਾਨ ਟਰੱਕ ਲਗਾਉਣ ਦੀ ਜਗ੍ਹਾ ਨੂੰ ਲੈ ਕੇ ਟਰੱਕ ਡਰਾਈਵਰਾਂ ਦਾ ਆਪਸ ਵਿੱਚ ਝਗੜਾ ਹੋ ਗਿਆ।ਜਾਣਕਾਰੀ ਅਨੁਸਾਰ ਝੜਪ ਦੌਰਾਨ ਇੱਕ ਧਿਰ ਵੱਲੋਂ ਆੜ੍ਹਤੀ ਨੂੰ ਬੁਲਾ ਲਿਆਂਦਾ ਗਿਆ ਜਿਨ੍ਹਾਂ ਨੇ ਮੌਕੇ 'ਤੇ ਪਹੁੰਚ ਕੇ ਦੂਜੀ ਧਿਰ ਦੇ ਡਰਾਈਵਰ 'ਤੇ ਗੋਲੀਆਂ ਚਲਾ ਦਿੱਤੀਆਂ ਜਿਸ ਕਾਰਨ ਡਰਾਈਵਰ ਦੀ ਮੌਤ ਹੋਣ ਦੀ ਖਬਰ ਹੈ।

ਮੌਕੇ 'ਤੇ ਇਕੱਠੀ ਕੀਤੀ ਗਈ ਜਾਣਕਾਰੀ ਅਨੁਸਾਰ ਮੱਖਣ ਪੁੱਤਰ ਬਾਊ ਮਸੀਹ ਵਾਸੀ ਪਿੰਡ ਅਲੂਣਾ ਆਪਣੇ ਟਰੱਕ ਤੇ ਕਣਕ ਲੱਦ ਕੇ ਪਠਾਨਕੋਟ ਰੋਡ ਤੇ ਮਿਲਕ ਪਲਾਂਟ ਨੇੜੇ ਸਥਿਤ ਐੱਫਸੀਆਈ ਦੇ ਗੁਦਾਮਾਂ ਵਿੱਚ ਆਇਆ ਸੀ।ਇਸ ਦੌਰਾਨ ਉਸਦੇ ਟਰੱਕ ਦੇ ਨਾਲ ਇੱਕ ਹੋਰ ਡਰਾਈਵਰ ਦਾ ਟਰੱਕ ਲੱਗ ਗਿਆ ਜਿਸ ਨੂੰ ਲੈ ਕੇ ਹੋਈ ਮਾਮੂਲੀ ਝੜਪ ਤੋਂ ਬਾਅਦ ਦੋਵਾਂ ਡਰਾਈਵਰਾਂ ਨੇ ਆਪਸੀ ਸਹਿਮਤੀ ਨਾਲ ਗੱਡੀਆਂ ਪਰ੍ਹੇ ਕਰ ਲਈਆਂ ਪਰ ਇੱਕ ਧਿਰ ਦੇ ਡਰਾਈਵਰ ਵੱਲੋਂ ਆਪਣੇ ਆੜ੍ਹਤੀ ਹਰਪਾਲ ਸਿੰਘ ਉਰਫ ਸਾਜਨ ਨੂੰ ਫੋਨ ਕਰ ਦਿੱਤਾ ਗਿਆ




ਸੀ ਜੋ ਦੋ ਗੱਡੀਆਂ ਤੇ ਆਏ ਅਤੇ ਮੱਖਣ ਨਾਲ ਬਹਿਸਬਾਜ਼ੀ ਸ਼ੁਰੂ ਕਰ ਦਿੱਤੀ। ਦੱਸਿਆ ਜਾ ਰਿਹਾ ਹੈ ਇਸ ਦੌਰਾਨ ਹਰਪਾਲ ਸਿੰਘ ਉਰਫ ਸਾਜਨ ਨੇ ਟਰੱਕ ਡਰਾਈਵਰ ਮੱਖਣ ਮਸੀਹ 'ਤੇ ਗੋਲੀ ਚਲਾ ਦਿੱਤੀ ਜੋ ਮੱਖਣ ਦੇ ਪੇਟ ਵਿੱਚ ਲੱਗੀ ਅਤੇ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ।

ਮੱਖਣ ਦੀ ਮੌਤ ਦੀ ਖਬਰ ਸੁਣ ਕੇ ਉਸਦੇ ਰਿਸ਼ਤੇਦਾਰ ਮੌਕੇ 'ਤੇ ਪਹੁੰਚੇ ਅਤੇ ਗੁੱਸਾਏ ਮ੍ਰਿਤਕ ਦੇ ਪਰਿਵਾਰਾਂਕ ਮੈਂਬਰਾਂ ਨੇ ਆੜ੍ਹਤੀਆਂ ਦੀਆਂ ਦੋਹਾਂ ਗੱਡੀਆਂ ਦੀ ਭੰਨ-ਤੋੜ ਕਰਦਿਆਂ ਐੱਫਸੀਆਈ ਗੋਦਾਮ ਦੇ ਬਾਹਰ ਧਰਨਾ ਲਗਾ ਦਿੱਤਾ।

ਮੌਕੇ 'ਤੇ ਪਹੁੰਚੇ ਪੁਲਸ ਅਧਿਕਾਰੀਆਂ ਨੇ ਨੌਜਵਾਨ ਮੱਖਣ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।ਆੜ੍ਹਤੀਆਂ ਦੀਆਂ ਗੱਡੀਆਂ ਨੂੰ ਵੀ ਕਬਜ਼ੇ ਵਿੱਚ ਲੈ ਲਿਆ ਗਿਆ ਹੈ।ਡੀਐੱਸਪੀ ਮੋਹਨ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ 'ਤੇ ਮਾਮਲਾ ਦਰਜ ਕਰ ਲਿਆ ਗਿਆ ਹੈ ਤੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।ਮਾਮਲੇ ਵਿੱਚ ਫਿਲਹਾਲ ਕਿਸੇ ਦੀ ਗ੍ਰਿਫਤਾਰੀ ਨਹੀਂ ਹੋਈ ਹੈ।

# ਅਸੀਂ ਤੁਹਾਡੇ ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਲੜ ਰਹੇ ਹਾਂ: ਭਗਵੰਤ ਮਾਨ

ਖਡੂਰ ਸਾਹਿਬ/ਚੰਡੀਗੜ੍ਹ()-ਮੁੱਖ ਮੰਤਰੀ ਭਗਵੰਤ ਮਾਨ ਨੇ ਐਤਵਾਰ ਨੂੰ ਖਡੂਰ ਸਾਹਿਬ ਲੋਕ ਸਭਾ ਹਲਕੇ ਵਿੱਚ 'ਆਪ' ਉਮੀਦਵਾਰ ਲਾਲਜੀਤ ਸਿੰਘ ਭੁੱਲਰ ਲਈ ਚੋਣ ਪ੍ਰਚਾਰ ਕੀਤਾ। ਮਾਨ ਨੇ ਖਡੂਰ ਸਾਹਿਬ, ਕਪੂਰਥਲਾ ਅਤੇ ਸੁਲਤਾਨਪੁਰ ਲੋਧੀ ਵਿੱਚ ਤਿੰਨ ਵਿਸ਼ਾਲ ਜਨਤਕ ਰੈਲੀਆਂ ਨੂੰ ਸੰਬੋਧਨ ਕੀਤਾ ਅਤੇ 'ਆਪ' ਦੇ ਉਮੀਦਵਾਰਾਂ ਨੂੰ ਉਤਸ਼ਾਹਿਤ ਕਰਨ ਲਈ ਵੱਡੀ ਗਿਣਤੀ 'ਚ ਆਉਣ 'ਤੇ ਲੋਕਾਂ ਦਾ ਧੰਨਵਾਦ ਕੀਤਾ।ਕੜਾਕੇ ਦੀ ਗਰਮੀ ਵਿੱਚ 'ਆਪ' ਦੇ ਪ੍ਰਚਾਰ ਪ੍ਰਤੀ ਲੋਕਾਂ ਦਾ ਉਤਸ਼ਾਹ ਇਸ ਗੱਲ ਦਾ ਸਬੂਤ ਹੈ ਕਿ ਪੰਜਾਬ ਵਿੱਚ ਕੋਈ ਹੋਰ ਪਾਰਟੀ 'ਆਪ' ਦੇ ਨੇੜੇ ਵੀ ਨਹੀਂ ਹੈ।ਉਨ੍ਹਾਂ ਕਿਹਾ ਕਿ ਲੋਕਾਂ ਵੱਲੋਂ ਮੇਰਾ ਫੁੱਲਾਂ ਦੇ ਹਾਰਾਂ ਅਤੇ ਆਮ ਆਦਮੀ ਪਾਰਟੀ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਸੁਆਗਤ ਕੀਤਾ ਜਾਂਦਾ ਹੈ, ਜਦਕਿ ਲੋਕ ਦੂਜੇ ਸਿਆਸਤਦਾਨਾਂ ਨਾਲ ਹੱਥ ਮਿਲਾਉਣ ਤੋਂ ਬਾਅਦ ਆਪਣੀਆਂ ਉਂਗਲਾਂ ਗਿਣਦੇ ਹਨ।ਖਡੂਰ ਸਾਹਿਬ ਵਿਖੇ ਆਪਣੀ ਪਹਿਲੀ ਰੈਲੀ ਨੂੰ ਸੰਬੋਧਨ ਕਰਦਿਆਂ ਮਾਨ ਨੇ ਕਿਹਾ ਕਿ ਇਹ ਬਦਲਾਅ ਦਾ ਸਮਾਂ ਹੈ, ਕਿਉਂਕਿ ਰੁੱਖ ਵੀ ਆਪਣੇ ਪੁਰਾਣੇ ਪੱਤੇ ਝਾੜ ਕੇ ਨਵਿਆਂ ਨੂੰ ਥਾਂ ਦਿੰਦੇ ਹਨ।ਪੰਜਾਬ ਦੇ ਵਿਰੋਧੀ ਧਿਰ ਦੇ ਆਗੂਆਂ ਨੂੰ ਘੇਰਦਿਆਂ ਸੀਐੱਮ ਮਾਨ ਨੇ ਕਿਹਾ ਕਿ ਉਨ੍ਹਾਂ ਨੇ 1 ਨਵੰਬਰ ਨੂੰ ਲੁਧਿਆਣਾ ਵਿਖੇ ਬਹਿਸ (ਡਿਬੇਟ) ਕਰਵਾਈ, ਪਰ ਕੋਈ ਵਿਰੋਧੀ ਨੇਤਾ ਨਹੀਂ ਆਇਆ। ਉਹ ਇਸ ਲਈ ਨਹੀਂ ਆਏ ਕਿਉਂਕਿ ਉਹ ਸਾਰੇ ਭ੍ਰਿਸ਼ਟ ਅਤੇ ਝੂਠੇ ਹਨ। ਉਨ੍ਹਾਂ ਕਿਹਾ ਕਿ ਰਿਪੋਰਟਾਂ ਅਨੁਸਾਰ ਅਸੀਂ ਖਡੂਰ ਸਾਹਿਬ ਹਲਕੇ ਤੋਂ 25,000 ਵੋਟਾਂ ਨਾਲ ਜਿੱਤ ਰਹੇ ਹਾਂ, ਉਨ੍ਹਾਂ ਲੋਕਾਂ ਨੂੰ ਇਸ ਫ਼ਰਕ ਨੂੰ ਵਧਾ ਕੇ 35,000 ਵੋਟਾਂ ਨਾਲ ਜਿਤਾਉਣ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਪਹਿਲਾਂ ਹੀ ਘਰ-ਘਰ ਬਿਜਲੀ ਮੁਫ਼ਤ ਦੇ ਰਹੀ ਹੈ।ਜਲਦੀ ਹੀ ਵਪਾਰਕ (ਕਮਰਸ਼ੀਅਲ) ਬਿਜਲੀ ਵੀ





ਸਸਤੀ ਹੋ ਜਾਵੇਗੀ।ਪੰਜਾਬ ਵਿੱਚ ਉਦਯੋਗ ਆਉਣਗੇ, ਤੁਹਾਡੇ ਬੱਚਿਆਂ ਨੂੰ ਨੌਕਰੀਆਂ ਮਿਲਣਗੀਆਂ।ਉਨ੍ਹਾਂ ਨੂੰ ਆਪਣੇ ਕਰੀਅਰ ਲਈ ਘਰ-ਬਾਰ ਛੱਡ ਕੇ ਵਿਦੇਸ਼ ਨਹੀਂ ਜਾਣਾ ਪਵੇਗਾ।ਮਾਨ ਨੇ ਪੰਜਾਬ ਦੀਆਂ ਹੋਰਨਾਂ ਪਾਰਟੀਆਂ ਤੇ ਚੁਟਕੀ ਲੈਂਦਿਆਂ ਕਿਹਾ ਕਿ ਕਾਂਗਰਸ ਅਤੇ ਅਕਾਲੀ ਦਲ ਦੀ ਹਾਲਤ ਸਭ ਦੇ ਸਾਹਮਣੇ ਹੈ।ਪੰਜਾਬ ਦੀ ਸਿਆਸਤ ਵਿੱਚ ਅਕਾਲੀ ਦਲ ਬਾਦਲ ਖ਼ਤਮ ਹੋ ਚੁੱਕਾ ਹੈ ਅਤੇ ਕਾਂਗਰਸ ਪੰਜਾਬ ਵਿੱਚ ਉਲਝੀ ਹੋਈ ਹੈ। ਉਨ੍ਹਾਂ ਕਿਹਾ ਕਿ ਸੁਖਪਾਲ ਖਹਿਰਾ ਭੁੱਲਥ ਨੂੰ ਛੱਡ ਕੇ ਸੰਗਰੂਰ ਤੋਂ ਚੋਣ ਲੜਨ ਲਈ ਗਏ ਹਨ, ਪਿਛਲੀ ਵਾਰ ਉਹ ਬਠਿੰਡਾ ਗਏ ਸਨ ਪਰ ਹਾਰ ਗਏ, ਇਸ ਵਾਰ ਫਿਰ ਉਨ੍ਹਾਂ ਨੂੰ ਬੁਰੀ ਤਰ੍ਹਾਂ ਹਾਰ ਦਾ ਸੁਆਦ ਚੱਖਣਾ ਪਵੇਗਾ।ਸਾਡੀ ਏਕਤਾ ਹੀ ਸਾਡੀ ਤਾਕਤ ਹੈ, ਪੰਜਾਬ 'ਚ ਬਾਕੀ ਸਾਰੀਆਂ ਪਾਰਟੀਆਂ ਆਪਸ 'ਚ ਲੜ ਰਹੀਆਂ ਹਨ। ਆਪ ਤੁਹਾਡੇ ਬੱਚਿਆਂ ਦੇ ਭਵਿੱਖ ਲਈ ਲੜ ਰਹੀ ਹੈ।ਉਨ੍ਹਾਂ ਲੋਕਾਂ ਨੂੰ ਇੱਕਜੁੱਟ ਹੋ ਕੇ ਆਪਣੀ ਵੋਟ ਬਰਬਾਦ ਨਾ ਕਰਨ ਦੀ ਅਪੀਲ ਕੀਤੀ।ਭਾਜਪਾ ਅਤੇ ਨਰਿੰਦਰ ਮੋਦੀ 'ਤੇ ਹਮਲਾ ਬੋਲਦਿਆਂ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਸਾਡੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਜੇਲ 'ਚ ਪਾ ਦਿੱਤਾ, ਸਿੱਖਿਆ ਕ੍ਰਾਂਤੀਕਾਰੀ ਮਨੀਸ਼ ਸਿਸੋਦੀਆ ਨੂੰ ਜੇਲ 'ਚ ਪਾ ਦਿੱਤਾ, ਸਿਹਤ ਦੇ ਖੇਤਰ 'ਚ ਕ੍ਰਾਂਤੀ ਲਿਆਉਣ ਵਾਲੇ ਸਤੇਂਦਰ ਜੈਨ ਨੂੰ ਵੀ ਜੇਲ 'ਚ ਪਾ ਦਿੱਤਾ ਅਤੇ ਸੰਜੇ ਸਿੰਘ ਨੂੰ ਵੀ ।ਸੁਲਤਾਨਪੁਰ ਲੋਧੀ ਵਿੱਚ ਮਾਨ ਨੇ ਲੋਕਾਂ ਨੂੰ ਕਿਹਾ ਕਿ 1 ਜੂਨ ਨੂੰ ਤੁਸੀਂ ਆਪਣੀ ਜ਼ਿੰਮੇਵਾਰੀ ਨਿਭਾਓ, 4 ਜੂਨ ਤੋਂ ਬਾਅਦ ਸਾਰੀ ਜ਼ਿੰਮੇਵਾਰੀ ਲਾਲਜੀਤ ਭੁੱਲਰ ਅਤੇ ਮੇਰੀ ਹੋਵੇਗੀ। ਆਪ ਦੇ ਖਡੂਰ ਸਾਹਿਬ ਤੋਂ ਉਮੀਦਵਾਰ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਇਹ ਚੋਣ ਲਾਲਜੀਤ ਸਿੰਘ ਭੁੱਲਰ ਅਤੇ ਭਗਵੰਤ ਮਾਨ ਦੀ ਨਹੀਂ ਹੈ, ਇਹ ਚੋਣ ਸਾਡੇ ਬੱਚਿਆਂ ਅਤੇ ਸਾਡੇ ਨੌਜਵਾਨਾਂ ਦੀ ਹੈ, ਉਨ੍ਹਾਂ ਦੇ ਭਵਿੱਖ ਦੀ ਹੈ, ਇਹ ਸਾਡੇ ਦੇਸ਼, ਸਾਡੇ ਬਜ਼ੁਰਗਾਂ ਅਤੇ ਸਾਡੇ ਨੌਜਵਾਨਾਂ ਦੀ ਹੈ।ਹਰ ਕੋਈ ਪੰਥਕ ਹੋਣ ਦਾ ਦਾਅਵਾ ਕਰ ਰਿਹਾ ਹੈ ਪਰ ਖਡੂਰ ਸਾਹਿਬ ਦੀ ਸੰਗਤ ਹੀ ਪੰਥਕ ਹੈ। ਉਨ੍ਹਾਂ ਕਿਹਾ ਕਿ ਲੋਕਤੰਤਰ ਵਿੱਚ ਲੋਕਾਂ ਕੋਲ ਸਾਰੀ ਤਾਕਤ ਹੁੰਦੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਦੇ ਵਿਕਾਸ ਲਈ ਆਪਣੀ ਵੋਟ ਦਾ ਇਸਤੇਮਾਲ ਕਰਨ।

# ਆਮ ਆਦਮੀ ਪਾਰਟੀ ਨੇ ਦਿੱਲੀ ਤੇ ਪੰਜਾਬੀਆਂ ਦਾ ਦਿਲ ਜਿੱਤਿਆ: ਕਟਾਰੂਚੱਕ

ਪਠਾਨਕੋਟ (ਦਵਿੰਦਰ ਸਿੰਘ)-ਆਮ ਆਦਮੀ ਪਾਰਟੀ ਦੂਜੀਆਂ ਪਾਰਟੀਆਂ ਵਾਂਗ ਫੋਕੇ ਹਵਾ ਵਿੱਚ ਫਾਇਰ ਨਹੀਂ ਮਾਰਦੀ ਬਲਕਿ ਮਤਭੇਦ ਨੂੰ ਖਤਮ ਕਰਕੇ ਦੇਸ਼ ਦੇ ਵਿਕਾਸ ਅਤੇ ਜਨਹਿਤ ਲਈ ਕੰਮ ਕਰਦੀ ਹੈ।ਇਹੀ ਕਾਰਨ ਹੈ ਕਿ ਆਮ ਆਦਮੀ ਪਾਰਟੀ ਦਿੱਲੀ ਅਤੇ ਪੰਜਾਬੀਆਂ ਦੇ ਨਾਲ ਕੀਤੇ ਹੋਏ ਵਾਅਦਿਆਂ 'ਤੇ ਪੂਰਾ ਉਤਰ ਕੇ ਉਨ੍ਹਾਂ ਦਾ ਦਿਲ ਜਿੱਤ ਚੁੱਕੀ ਹੈ।ਉਕਤ ਸ਼ਬਦ ਕੈਬਿਨਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਵਿਧਾਨ ਸਭਾ ਹਲਕਾ ਭੋਆ ਵਿੱਚ ਐਤਵਾਰ ਨੂੰ ਕੀਤੇ ਗਏ ਚੋਣ ਪ੍ਰਚਾਰ ਦੌਰਾਨ ਪਿੰਡ ਨਾਜੋ ਚੱਕ ਵਿਖੇ ਹਜ਼ਾਰਾਂ ਲੋਕਾਂ ਨੂੰ ਸੰਬੋਧਨ ਕਰਦਿਆਂ ਕਹੇ।

ਦੱਸਣਯੋਗ ਹੈ ਕਿ ਹਲਕਾ ਭੋਆ ਵਿਖੇ ਇਹ ਚੋਣ ਪ੍ਰਚਾਰ ਪਿੰਡ ਨਾਜੋਚੱਕ ਤੋਂ ਸ਼ੁਰੂ ਹੋ ਕੇ ਨਾਲਾ, ਗੜ੍ਹਮਲ, ਭੀਮਪੁਰ, ਚੌਹਾਣਾ, ਘਰੋਟਾ ਅਤੇ ਭੋਆ ਵਿੱਚ ਜਾ ਕੇ ਖਤਮ ਹੋਇਆ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦਾ ਸਭ ਤੋਂ ਪਹਿਲਾ ਕੰਮ ਭਰਿਸ਼ਟਾਚਾਰ ਨੂੰ ਖਤਮ ਕਰਕੇ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾਉਣਾ ਹੈ।

ਉਨਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਅੰਬਾਨੀ ਅਡਾਨੀਆਂ ਨੂੰ ਹੋਰ ਅਮੀਰ ਕਰਨ ਤੋਂ ਇਲਾਵਾ ਜਨਤਾ ਦੀ ਭਲਾਈ ਲਈ ਕੋਈ ਕੰਮ ਨਹੀਂ ਕੀਤਾ ਜਿਸ ਦੇ ਸਿੱਟੇ ਵਜੋਂ ਕਿਸਾਨ, ਨੌਜਵਾਨ ਅਤੇ ਵਪਾਰੀ ਵਰਗ ਕੇਂਦਰ ਤੇ ਮਾਰੂ ਨੀਤੀਆਂ ਤੋਂ ਬੇਹੱਦ ਪਰੇਸ਼ਾਨ ਹਨ।

ਉਨ੍ਹਾਂ ਆਖਿਆ ਕਿ ਕਿਸਾਨ ਭਾਈਚਾਰਾ ਐੱਮਐੱਸਪੀ ਨੂੰ ਲੈ ਕੇ ਕਈ ਸਾਲਾਂ ਤੋਂ ਆਪਣਾ ਰੋਣਾ ਕੇਂਦਰ ਅੱਗੇ ਰੋ ਰਿਹਾ ਹੈ ਪਰ



ਇਨ੍ਹਾਂ ਅੰਨਦਾਤਿਆਂ ਦੀਆਂ ਸਮੱਸਿਆਵਾਂ ਨੂੰ ਸੁਣਨ ਦੀ ਬਜਾਏ ਪ੍ਰਧਾਨ ਮੰਤਰੀ ਚੋਣ ਪ੍ਰਚਾਰ ਵਿੱਚ ਬਿਜ਼ੀ ਨੇ।ਉਨ੍ਹਾਂ ਨੇ ਕਿਹਾ ਕਿ ਇਸ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਦੇਸ਼ ਦੇ ਕਿਸਾਨ, ਨੌਜਵਾਨ ਪਾਰਟੀ ਤੋਂ ਵੱਧ ਕੇ ਉਹਨਾਂ ਲਈ ਕੁਝ ਵੀ ਨਹੀਂ ਹਨ।

ਕੈਬਿਨੇਟ ਮੰਤਰੀ ਨੇ ਪਿੰਡ ਗੜ੍ਹਮਲ ਵਿਖੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੇਸ਼ ਦੇ ਹਿੱਤ ਅਤੇ ਵਿਕਾਸ ਲਈ ਘਰ-ਘਰ ਸਿੱਖਿਆ ਦੀ ਰੌਸ਼ਨੀ ਪਹੁੰਚਾਉਣ ਦੇ ਨਾਲ ਨਾਲ ਗਲੀ-ਗਲੀ ਵਿੱਚ ਮੁਹੱਲਾ ਕਲੀਨਿਕਾਂ ਨੂੰ ਖੋਲ੍ਹ ਕੇ ਲੋਕਾਂ ਦੀ ਜ਼ਿੰਦਗੀ ਨੂੰ ਸੁਖੱਲਾ ਬਣਾ ਰਹੀ ਹੈ ਜਦਕਿ ਕੇਂਦਰ ਦੀ ਭਾਜਪਾ ਸਰਕਾਰ ਸਿਰਫ ਲੋਕਾਂ ਨੂੰ ਧਾਰਮਿਕ ਆਸਥਾ ਨਾਲ ਰਾਜਨੀਤੀ ਕਰਕੇ ਦੇਸ਼ ਦੇ ਮਾਹੌਲ ਨੂੰ ਵੀ ਖਰਾਬ ਕਰ ਰਹੀ ਹੈ।

**ਬਲਾਕ ਸਿੱਖਿਆ ਅਫਸਰ (ਐਲੀ:) ਖਿਲਾਫ ਛਪੀ ਖਬਰ ਦਾ ਤੁਰੰਤ ਅਸਰ**

# ਕਸੂਰਵਾਰ ਅਫ਼ਸਰ ਖਿਲਾਫ ਕਰਾਂਗੇ ਸਖਤ ਕਾਰਵਾਈ: ਡੀ ਈ ਓ (ਐਲੀ:)

ਵੇਰਕਾ (ਰਾਣਾ)-ਰੋਜ਼ਾਨਾ 'ਨਵਾਂ ਜ਼ਮਾਨਾ' ਅਖਬਾਰ ਵਿੱਚ ਪ੍ਰਕਾਸ਼ਿਤ ਹੋਈ 'ਬੀਪੀਓ (ਐਲੀ:) ਨੇ ਮਾਫੀ ਮੰਗ ਕੇ ਖਹਿੜਾ ਛੁਡਾਇਆ' ਸਿਰਲੇਖ ਅਧੀਨ ਖਬਰ ਦਾ ਅਸਰ ਉਸ ਵਕਤ ਵੇਖਣ ਨੂੰ ਮਿਲਿਆ, ਜਦੋਂ ਜ਼ਿਲਾ ਸਿੱਖਿਆ ਅਫ਼ਸਰ (ਐਲੀ:) ਅੰਮ੍ਰਿਤਸਰ ਵੱਲੋਂ ਬਲਾਕ ਅਧਿਕਾਰੀ ਖਿਲਾਫ ਸਖ਼ਤ ਕਾਰਵਾਈ ਕਰਨ ਅਤੇ ਅਧਿਆਪਕ ਵਰਗ ਨੇ ਵਿਗੜੇ ਹੋਏ ਅਫ਼ਸਰ ਦੇ ਕਾਰਨਾਮੇ ਦੀ ਖਬਰ ਛਪਣ 'ਤੇ ਅਥਾਹ ਖੁਸ਼ੀ ਦਾ ਇਜ਼ਹਾਰ ਕੀਤਾ ।ਖਬਰ ਨੂੰ ਸਮੂਹ ਅਧਿਆਪਕ ਵਰਗ ਨੇ ਅੱਗੇ ਤੋਂ ਅੱਗੇ ਟੀਚਰ ਗਰੁੱਪਾਂ 'ਚ ਸਾਂਝੀ ਕਰਦੇ ਹੋਏ ਬੜੀ ਰੌਚਿਕਤਾ ਨਾਲ ਆਪੋ-ਆਪਣੀ ਪ੍ਰਤੀਕਿਰਿਆ ਜ਼ਾਹਿਰ ਕੀਤੀ।ਭਾਵੇਂ ਕਿ ਉਕਤ ਸਿਰਲੇਖ ਅਧੀਨ ਛਪੀ ਖਬਰ ਵਿੱਚ ਬੀਪੀਓ (ਐਲੀ:) ਅਤੇ ਬਲਾਕ ਸਿੱਖਿਆ ਦਫ਼ਤਰ ਦਾ ਨਾਮ ਨਹੀਂ ਲਿਖਿਆ ਹੋਇਆ ਸੀ ਪ੍ਰੰਤੂ ਬਹੁਤੇ ਅਧਿਆਪਕ ਬਲਾਕ ਸਿੱਖਿਆ ਅਫ਼ਸਰ (ਐਲੀ:) ਅੰਮ੍ਰਿਤਸਰ ਦੇ ਕਾਰਨਾਮਿਆਂ ਤੋਂ ਪਹਿਲਾਂ ਹੀ ਚੰਗੇ ਵਾਕਿਫ ਸਨ।ਖਬਰ ਲੱਗਣ ਸਾਰ ਹੀ ਸਥਿਤੀ ਹੋਰ ਵੀ ਬੜੀ ਦਿਲਚਸਪ ਅਤੇ ਰੌਚਿਕ ਬਣ ਗਈ। ਇਸ ਦੌਰਾਨ ਜ਼ਿਲਾ ਸਿੱਖਿਆ ਅਫ਼ਸਰ (ਐਲੀ:) ਅੰਮ੍ਰਿਤਸਰ ਸੁਸ਼ੀਲ ਨਾਥ ਨੇ ਉਕਤ ਪ੍ਰਤੀਨਿਧ ਨਾਲ ਸੰਪਰਕ ਕਰਕੇ ਬੀਪੀਓ (ਐਲੀ:) ਅੰਮ੍ਰਿਤਸਰ ਅਤੇ ਬਲਾਕ ਸਿੱਖਿਆ ਦਫ਼ਤਰ ਬਾਰੇ ਵੇਰਵਾ ਲੈਂਦੇ ਹੋਏ, ਬਲਾਕ ਅਧਿਕਾਰੀ ਵਿਰੁੱਧ ਸਖ਼ਤ ਕਾਰਵਾਈ ਕਰਨ ਦਾ ਭਰੋਸਾ ਦਿਵਾਇਆ।ਇੱਥੇ ਦੱਸਣਯੋਗ ਹੈ ਕਿ ਬੀਪੀਓ ਆਪਣੇ ਅਨੇਕਾਂ ਕਾਰਨਾਮਿਆਂ ਦੀ ਵਜ੍ਹਾ ਕਰਕੇ ਸਿੱਖਿਆ ਵਿਭਾਗ ਵਿੱਚ ਬੜਾ ਚਰਚਿਤ ਹੋਇਆ ਹੈ ਜਿਸ ਦੇ ਕਾਰਨ ਅਧਿਆਪਕ ਤੰਗ ਤੇ ਪ੍ਰੇਸ਼ਾਨ ਹਨ।ਇਸ ਬਾਬਤ ਸਮਾਜਿਕ ਨਿਆਂ, ਸਸ਼ਕਤੀਕਰਨ ਵੈੱਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ ਦੇ ਜ਼ਿਲਾ ਜਨਰਲ ਸਕੱਤਰ ਕੁਲਜੀਤ ਸਿੰਘ ਵੇਰਕਾ, ਸੀਨੀ: ਮੀਤ ਪ੍ਰਧਾਨ ਜਗਜੀਤ ਕੁਮਾਰ ਹਰੀਪੁਰਾ, ਡਾ. ਗੁਰਪ੍ਰੀਤ ਸਿੰਘ ਸਫ਼ਰੀ ਨੇ ਉਪਰੋਕਤ ਘਟਨਾਕ੍ਰਮ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਅਸੱਭਿਅਕ, ਮਾੜੀ ਮਾਨਸਿਕਤਾ ਰੱਖਣ ਵਾਲੇ ਅਤੇ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕਰਨ ਵਾਲੇ ਬੀਪੀਓ (ਐਲੀ:) ਅੰਮ੍ਰਿਤਸਰ ਵਿਰੁੱਧ ਸਾਸ਼ਨ-ਪ੍ਰਸ਼ਾਸਨ ਪਾਸੋਂ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।ਇਸ ਮੌਕੇ ਜਥੇਬੰਦਕ ਆਗੂਆਂ ਨੇ ਹੱਕ, ਸੱਚ, ਮਹਿਲਾ ਸਸ਼ਕਤੀਕਰਨ ਅਤੇ ਇਨਸਾਫ ਦੀ ਆਵਾਜ਼ ਬੁਲੰਦ ਕਰਨ ਵਾਲੇ 'ਨਵਾਂ ਜ਼ਮਾਨਾ' ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਗੁਰਦੁਆਰਾ ਮੱਲ ਅਖਾੜਾ ਸਾਹਿਬ ਪਾ: ਛੇਵੀਂ ਵਿਖੇ ਗੁਰਮਤਿ ਸਮਾਗਮ ਆਯੋਜਿਤ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼ਬਦ ਕੀਰਤਨ ਨਾਮ ਸਿਮਰਨ ਸਤਿਸੰਗ ਅੰਮ੍ਰਿਤਸਰ ਵੱਲੋਂ ਸਪਤਾਹਿਕ ਸਮਾਗਮ ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਖਾਲਸਾਈ ਜਾਹੋ ਜਲਾਲ ਨਾਲ ਨਾਮ ਸਿਮਰਨ ਦਾ ਪ੍ਰਵਾਹ ਚਲਿਆ।ਸੁਖਮਨੀ ਸਾਹਿਬ ਦੇ



ਸੰਗਤੀ ਪਾਠ ਉਪਰੰਤ ਭਾਈ ਜਸਬੀਰ ਸਿੰਘ ਪੰਜਾਬ ਐਂਡ ਸਿੰਧ ਬੈਂਕ ਵਾਲਿਆਂ ਦੇ ਰਾਗੀ ਜਥੇ ਨੇ ਗੁਰਬਾਣੀ ਦੇ ਮਨੋਹਰ ਰਸਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸਮਾਗਮ ਦੀ ਸੰਪੂਰਨਤਾ ਸਬੰਧੀ ਰਾਜਿੰਦਰ ਸਿੰਘ ਮੁੱਖ ਸੇਵਾਦਾਰ ਨੇ ਅਰਦਾਸ ਕੀਤੀ ਅਤੇ ਭਾਈ ਸਤਿੰਦਰ ਸਿੰਘ ਚਾਵਲਾ ਨੇ ਗੁਰੂ ਮਹਾਰਾਜ ਦਾ ਹੁਕਮਨਾਮਾ ਸੰਗਤਾਂ ਨੂੰ ਸਰਵਣ ਕਰਵਾਇਆ।

ਇਸ ਮੌਕੇ ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਪੁੱਜੀਆਂ ਸੰਗਤਾਂ ਨੂੰ ਜੀ ਆਇਆਂ ਅਤੇ ਆਪਣੇ ਧੰਨਵਾਦੀ ਸ਼ਬਦਾਂ 'ਚ ਕਿਹਾ ਕਿ 28 ਮਈ ਮੰਗਲਵਾਰ ਨੂੰ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਵੱਲੋਂ ਅਕਾਲ ਪੁਰਖ ਜੀ ਦੇ ਓਟ ਆਸਰੇ ਨਾਲ ਚਲਾਈ ਗਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 201 ਅਖੰਡ ਪਾਠਾਂ ਦੀ ਲੜੀ ਦੀ ਸੰਪੂਰਨਤਾ ਹੋਵੇਗੀ, ਸੰਗਤੀ ਰੂਪ 'ਚ ਸ਼ੁਕਰਾਨੇ ਦੀ ਅਰਦਾਸ ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਹੋਵੇਗੀ।ਉਪਰੰਤ ਗੁ: ਮੱਲ ਅਖਾੜਾ ਸਾਹਿਬ ਪਾ: ਛੇਵੀਂ ਵਿਖੇ ਪੰਥ ਪ੍ਰਸਿੱਧ ਢਾਡੀ, ਕੀਰਤਨੀ, ਪ੍ਰਚਾਰਕ ਜਥੇ ਅਤੇ ਸੁਖਮਨੀ ਸਾਹਿਬ ਸੇਵਾ ਸੁਸਾਇਟੀਆਂ ਸ਼ਬਦ ਕੀਰਤਨ ਰਾਹੀਂ ਹਾਜ਼ਰੀ ਭਰਨਗੀਆਂ।

ਠੰਡੇ ਮਿੱਠੇ ਜਲ ਦੀਆਂ ਛਬੀਲਾਂ ਅਤੇ ਲੰਗਰ ਅਤੁੱਟ ਵਰਤਣਗੇ।ਇਸ ਮੌਕੇ ਬੁੱਢਾ ਦਲ ਵੱਲੋਂ ਸ਼ਬਦ ਕੀਰਤਨ ਨਾਮ ਸਿਮਰਨ ਸਤਿਸੰਗ ਦੇ ਮੁਖੀ ਸਤਿੰਦਰ ਸਿੰਘ ਚਾਵਲਾ, ਭਾਈ ਰਾਜਿੰਦਰ ਸਿੰਘ, ਭਾਈ ਜਸਬੀਰ ਸਿੰਘ ਬੈਂਕ ਵਾਲਿਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬਾਬਾ ਭਗਤ ਸਿੰਘ, ਬਾਬਾ ਅਮਰੀਕ ਸਿੰਘ, ਬਾਬਾ ਗੁਰਲਾਲ ਸਿੰਘ, ਸ. ਪਰਮਜੀਤ ਸਿੰਘ ਬਾਜਵਾ ਆਦਿ ਹਾਜ਼ਰ ਸਨ।

# ਸ਼ਸ਼ੀ ਥਰੂਰ ਤੇ ਗੁਰਜੀਤ ਔਜਲਾ ਨੇ ਸ਼ਹਿਰੀ ਪਤਵੰਤਿਆਂ ਨਾਲ ਕੀਤੀ ਖਾਸ ਮੁਲਾਕਾਤ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸਾਬਕਾ ਕੇਂਦਰੀ ਮੰਤਰੀ ਸ਼ਸ਼ੀ ਥਰੂਰ ਨੇ ਅੱਜ ਅੰਮ੍ਰਿਤਸਰ ਦੇ ਵਪਾਰੀਆਂ ਨਾਲ ਵਾਅਦਾ ਕੀਤਾ ਕਿ ਕੇਂਦਰ ਵਿੱਚ ਕਾਂਗਰਸ ਦੀ ਸਰਕਾਰ ਬਣਦਿਆਂ ਹੀ ਵਪਾਰ ਗਲਿਆਰਾ ਖੋਲ੍ਹਿਆ ਜਾਵੇਗਾ, ਕਸਟਮ ਡਿਊਟੀ ਜੋ 200 ਫੀਸਦੀ ਹੈ, ਨੂੰ ਸੋਧਿਆ ਜਾਵੇਗਾ ਅਤੇ ਛੋਟੇ ਕਾਰੋਬਾਰੀਆਂ ਨੂੰ ਪੈਕੇਜ ਦਿੱਤੇ ਜਾਣਗੇ। ਸ਼ਸ਼ੀ ਥਰੂਰ ਹੋਟਲ ਹਾਲੀਡੇ ਇਨ ਵਿਖੇ ਕਾਂਗਰਸ ਦੇ ਲੋਕ ਸਭਾ ਉਮੀਦਵਾਰ ਗੁਰਜੀਤ ਸਿੰਘ ਔਜਲਾ ਨਾਲ ਵਪਾਰਕ ਸੰਮੇਲਨ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਸ਼ਹਿਰ ਦੇ ਪਤਵੰਤਿਆਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਪਿਛਲੇ ਦਸ ਸਾਲਾਂ ਤੋਂ ਭਾਜਪਾ ਦੇ ਰਾਜ ਦੌਰਾਨ ਉਨ੍ਹਾਂ ਨੂੰ ਆ ਰਹੀਆਂ ਮੁਸ਼ਕਿਲਾਂ ਬਾਰੇ ਚਰਚਾ ਕੀਤੀ।

ਸੀ ਆਈ ਆਈ, ਵਾਇਸ ਆਫ ਅੰਮ੍ਰਿਤਸਰ, ਫਿੱਕੀ, ਫੁਲਕਾਰੀ, ਇੰਡੋ-ਪਾਕਿ ਟਰੇਡ, ਟੈਕਸਟਾਈਲ ਮੈਨੂਫੈਕਚਰਿੰਗ, ਡਾਕਟਰਜ਼ ਅਤੇ ਰੀਅਲ ਅਸਟੇਟ ਦੇ ਨੁਮਾਇੰਦਿਆਂ ਨੇ ਵਪਾਰਕ ਕਾਨਫਰੰਸ ਵਿੱਚ ਸ਼ਿਰਕਤ ਕੀਤੀ, ਜਿਨ੍ਹਾਂ ਨੇ ਸ਼ਸ਼ੀ ਥਰੂਰ ਅਤੇ ਗੁਰਜੀਤ ਸਿੰਘ ਔਜਲਾ ਦੇ ਸਾਹਮਣੇ ਸ਼ਹਿਰ ਦੀਆਂ ਮੁੱਖ ਸਮੱਸਿਆਵਾਂ ਪੇਸ਼ ਕੀਤੀਆਂ। ਸਭ ਤੋਂ ਪਹਿਲਾਂ ਸ਼ਸ਼ੀ ਥਰੂਰ ਨੇ ਕਿਹਾ ਕਿ ਇਸ ਸਮੇਂ ਲੋਕ ਬਦਲਾਅ ਚਾਹੁੰਦੇ ਹਨ ਅਤੇ ਇੰਨੇ ਸਾਲਾਂ 'ਚ ਜੋ ਬਦਲਾਅ ਆਇਆ ਹੈ, ਉਹ ਹਿੰਦੂਤਵ ਨਹੀਂ ਸਗੋਂ ਮੋਦੀਤਵ ਹੈ।ਹਰ ਜਗ੍ਹਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫੋਟੋ ਹੁਣ ਕਈ ਥਾਵਾਂ ਤੇ ਉਨ੍ਹਾਂ ਨੂੰ ਸ਼ਰਮਿੰਦਾ ਕਰ ਰਹੀ ਹੈ।ਇਸ ਤੋਂ ਬਾਅਦ ਸ਼ਸ਼ੀ



ਥਰੂਰ ਨੇ ਗੁਰਜੀਤ ਸਿੰਘ ਔਜਲਾ ਦੀ ਤਾਰੀਫ ਕਰਦਿਆਂ ਕਿਹਾ ਕਿ ਅੰਮ੍ਰਿਤਸਰ ਵਾਸੀ ਬਹੁਤ ਖੁਸ਼ਕਿਸਮਤ ਹਨ ਕਿ ਅਜਿਹੇ ਮਿਹਨਤੀ ਨੇਤਾ ਹਨ ਜਿਨ੍ਹਾਂ ਨੇ ਸੰਸਦ ਮੈਂਬਰ ਤੇ ਹਮਲੇ ਦੌਰਾਨ ਆਪਣੀ ਪ੍ਰਵਾਹ ਨਾ ਕੀਤੀ ਅਤੇ ਲੋਕਾਂ ਦੀ ਜਾਨ ਬਚਾਈ, ਜਿਸ ਲਈ ਉਨ੍ਹਾਂ ਨੂੰ ਪੁਰਸਕਾਰ ਵੀ ਦਿੱਤਾ ਜਾਣਾ ਸੀ। ਇਸ ਤੋਂ ਬਾਅਦ ਸਵਾਲ-ਜਵਾਬ ਦਾ ਦੌਰ ਸ਼ੁਰੂ ਹੋਇਆ ਜਿਸ ਵਿੱਚ ਸਭ ਤੋਂ ਪਹਿਲਾਂ ਸ਼ਹਿਰ ਦੇ ਵਪਾਰੀਆਂ ਨੇ ਪੇਰਿਸ਼ੇਬਲ ਗੁਡਸ ਕਾਰਗੋ, ਡਰਾਈ ਪੋਰਟ ਆਦਿ ਦੀ ਮੰਗ ਰੱਖ ਜਿਸ ਤੇ ਗੁਰਜੀਤ ਸਿੰਘ ਔਜਲਾ ਨੇ ਜਵਾਬ ਦਿੱਤਾ ਕਿ ਇਹ ਮੰਗ ਪਹਿਲਾਂ ਤੋਂ ਹੀ ਉਨ੍ਹਾਂ ਦੇ ਏਜੰਡੇ 'ਚ ਹੈ ਅਤੇ ਉਹ ਇਸ ਨੂੰ ਪੂਰਾ ਕਰਨਗੇ, ਬੱਸ ਲੋੜ ਹੈ ਲੋਕਾਂ ਦੇ ਸਹਿਯੋਗ ਦੀ। ਇਸ ਤੋਂ ਬਾਅਦ ਲਗਾਤਾਰ ਸਵਾਲਾਂ ਦੇ ਜਵਾਬ ਦਿੰਦੇ ਹੋਏ ਸ਼ਸ਼ੀ ਥਰੂਰ ਅਤੇ ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਅੰਮ੍ਰਿਤਸਰ 'ਚ ਕਨਵੈਨਸ਼ਨ ਸੈਂਟਰ ਬਣਾਇਆ ਜਾਵੇ ਪਰ ਇਹ ਅਜਿਹੀ ਜਗ੍ਹਾ ਤੇ ਹੋਣਾ ਚਾਹੀਦਾ ਹੈ, ਜਿੱਥੇ ਪਾਰਕਿੰਗ ਦੀ ਸਹੂਲਤ ਹੋਵੇ ਅਤੇ ਆਵਾਜਾਈ ਆਸਾਨ ਹੋਵੇ।ਇਸ ਤੋਂ ਬਾਅਦ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ਼ਸ਼ੀ ਥਰੂਰ ਅਤੇ ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਵਪਾਰਕ ਮੀਟਿੰਗ ਵਿੱਚ ਅਜਿਹੇ ਕਈ ਸਵਾਲ ਸਾਹਮਣੇ ਆਏ ਹਨ ਜੋ ਪੰਜਾਬ ਅਤੇ ਅੰਮ੍ਰਿਤਸਰ ਦੇ ਵਪਾਰ ਲਈ ਬਹੁਤ ਜ਼ਰੂਰੀ ਹਨ।ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਉਹ ਸ਼ਸ਼ੀ ਥਰੂਰ ਨਾਲ ਪਹਿਲਾਂ ਵੀ ਕੰਮ ਕਰ ਚੁੱਕੇ ਹਨ ਅਤੇ ਭਵਿੱਖ ਵਿੱਚ ਵੀ ਕਰਨਗੇ।ਉਹ ਚਾਹੁੰਦੇ ਸਨ ਕਿ ਥਰੂਰ ਖੁਦ ਆ ਕੇ ਅੰਮ੍ਰਿਤਸਰ ਦੇ ਵਪਾਰ ਬਾਰੇ ਜਾਣ ਲੈਣ ਤਾਂ ਜੋ ਜਦੋਂ ਉਹ ਦੁਬਾਰਾ ਐਮ.ਪੀ ਬਣ ਕੇ ਇਹ ਸਮੱਸਿਆਵਾਂ ਉਨ੍ਹਾਂ ਦੇ ਸਾਹਮਣੇ ਰੱਖਣ ਤਾਂ ਜਲਦੀ ਤੋਂ ਜਲਦੀ ਹੱਲ ਕੱਢਿਆ ਜਾ ਸਕੇ।ਉਨ੍ਹਾਂ ਕਿਹਾ ਕਿ ਉਹ ਨਵੀਆਂ ਯੋਜਨਾਵਾਂ ਬਣਾਉਣਗੇ ਪਰ ਪੁਰਾਣੀਆਂ ਯੋਜਨਾਵਾਂ ਤੇ ਵੀ ਕੰਮ ਜਾਰੀ ਰਹੇਗਾ ਤਾਂ ਜੋ ਪੁਰਾਣਾ ਕਾਰੋਬਾਰ ਵੀ ਖਤਮ ਨਾ ਹੋਵੇ। ਰਿਵਾਇਤੀ ਉਦਯੋਗ ਨੂੰ ਵੀ ਦੁਬਾਰਾ ਉਜਾਗਰ ਕੀਤਾ ਜਾਵੇਗਾ। ਗੁਰਜੀਤ ਸਿੰਘ ਔਜਲਾ ਨੂੰ ਮੰਤਰੀ ਅਹੁਦਾ ਦੇਣ ਦੇ ਸਵਾਲ ਤੇ ਸ਼ਸ਼ੀ ਥਰੂਰ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਇਹ ਅਹੁਦਾ ਜ਼ਰੂਰ ਮਿਲਣਾ ਚਾਹੀਦਾ ਹੈ ਕਿਉਂਕਿ ਗੁਰਜੀਤ ਸਿੰਘ ਔਜਲਾ ਇਸ ਦੇ ਹੱਕਦਾਰ ਹਨ।

# ਬਾਬਾ ਟੋਭਾ ਸਾਹਿਬ ਦੇ ਲੰਗਰ ਹਾਲ ਦਾ ਲੈਂਟਰ ਪਾਇਆ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਪਿੰਡ ਮੰਗੀਆਂ ਦੇ ਗੁਰਦੁਆਰਾ ਧੰਨ-ਧੰਨ ਬਾਬਾ ਟੋਭਾ ਸਾਹਿਬ ਦੇ ਪਾਵਨ ਅਸਥਾਨ ਪਿੰਡ ਮੰਗੀਆਂ ਦੀ ਸਮੂਹ ਸੰਗਤ ਵੱਲੋਂ ਲੰਗਰ ਹਾਲ ਦਾ ਲੈਂਟਰ ਪਾਇਆਂ ਗਿਆ।

ਇਸ ਮੌਕੇ ਬਾਬਾ ਸਤਨਾਮ ਸਿੰਘ, ਦਿਲਬਾਗ ਸਿੰਘ ਮੰਗੀਆਂ, ਮਗਵਿੰਦਰ ਸਿੰਘ ਮੰਗੀਆਂ ਪ੍ਰਧਾਨ ਆਈ ਟੀ ਵਿੰਗ ਸ਼੍ਰੋਮਣੀ ਅਕਾਲੀ ਦਲ, ਰਣਜੀਤ ਸਿੰਘ ਫੌਜੀ, ਪਰਸ਼ੋਤਮ ਸਿੰਘ, ਕਵਲਜੀਤ ਸਿੰਘ, ਜਗਰਾਜ ਸਿੰਘ, ਸੁਖਵਿੰਦਰ ਸਿੰਘ, ਲਵਪ੍ਰੀਤ ਸਿੰਘ, ਹਰਮਨ ਫੌਜੀ, ਜਸਕਰਨ ਸਿੰਘ, ਪ੍ਰੀਤਮ ਸਿੰਘ, ਜੋਬਨਪ੍ਰੀਤ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ ।

# ਪ੍ਰਗਤੀਸ਼ੀਲ ਲੇਖਕ ਸੰਘ ਤੇ ਫੋਕਲੋਰ ਰਿਸਰਚ ਅਕਾਦਮੀ ਦਾ ਵਫਦ ਕਰਤਾਰਪੁਰ ਸਾਹਿਬ ਵਿਖੇ ਪਹੁੰਚਿਆ

## * ਦੋਹਾਂ ਮੁਲਕਾਂ ਦੀ ਭਾਈਚਾਰਕ ਸਾਂਝ ਵਧਾਉਣ ਲਈ ਕੀਤੀ ਅਰਦਾਸ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਪ੍ਰਗਤੀਸ਼ੀਲ ਲੇਖਕ ਸੰਘ ਭਾਰਤ ਦੇ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ ਅਤੇ ਫੋਕਲੋਰ ਰਿਸਰਚ ਅਕਾਦਮੀ ਅੰਮ੍ਰਿਤਸਰ ਦੇ ਪ੍ਰਧਾਨ ਰਮੇਸ਼ ਯਾਦਵ ਦੀ ਅਗਵਾਈ ਹੇਠ ਲੇਖਕਾਂ ਦਾ ਇੱਕ ਵਫਦ ਡੇਰਾ ਬਾਬਾ ਨਾਨਕ ਦੇ ਰਸਤੇ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਪਹੁੰਚਿਆ, ਜਿੱਥੇ ਗੁਰਦੁਆਰਾ ਸਾਹਿਬ ਵਿਖੇ ਸਮੂਹ ਲੇਖਕ ਨਤਮਸਤਕ ਹੋਏ, ਉੱਥੇ ਉਨ੍ਹਾਂ ਦੋਹਾਂ ਮੁਲਕਾਂ ਵਿੱਚ ਭਾਈਚਾਰਕ ਸਾਂਝ ਵਧਾਉਣ ਲਈ ਅਰਦਾਸ ਵੀ ਕੀਤੀ।ਇਸ ਵਫ਼ਦ ਵਿੱਚ ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੇ ਪ੍ਰਧਾਨ ਪ੍ਰੋ. ਸੁਰਜੀਤ ਜੱਜ, ਜਨਰਲ ਸਕੱਤਰ ਡਾ. ਕੁਲਦੀਪ ਸਿੰਘ ਦੀਪ, ਜ਼ਿਲ੍ਹਾ ਅੰਮ੍ਰਿਤਸਰ ਦੇ ਜਨਰਲ ਸਕੱਤਰ ਧਰਵਿੰਦਰ ਸਿੰਘ ਔਲਖ, ਡਾ. ਹਰਜਿੰਦਰਪਾਲ ਕੌਰ ਕੰਗ, ਫੋਕਲੋਰ ਰਿਸਰਚ ਅਕਾਦਮੀ ਦੇ ਜਨਰਲ ਸਕੱਤਰ ਸਤੀਸ਼ ਝੀਗਣ, ਕਰਮਜੀਤ ਕੌਰ ਜੱਸਲ, ਗੋਬਿੰਦ ਕੁਮਾਰ, ਹਰਜੀਤ ਸਿੰਘ ਸਰਕਾਰੀਆ, ਮੈਗਜ਼ੀਨ 'ਤਾਸਮਨ' ਦੇ ਸੰਪਾਦਕ ਸਤਪਾਲ ਭੀਖੀ, ਲਖਵੀਰ ਸਿੰਘ ਸਿੱਧੂ, ਪਰਮਪਾਲ ਸਿੰਘ ਪੰਨੂੰ, ਪ੍ਰਿੰ. ਗੁਰਪ੍ਰੀਤ ਕੌਰ ਸੰਧੂ ਸ਼ਾਮਲ ਸਨ।ਵਫਦ ਨੇ ਗੁਰਦੁਆਰਾ ਸਾਹਿਬ ਵਿਖੇ ਵਿਸ਼ੇਸ਼ ਤੌਰ 'ਤੇ ਆਏ ਪਾਕਿਸਤਾਨ ਦੇ ਪ੍ਰਸਿੱਧ ਪੱਤਰਕਾਰ ਅਤੇ ਕਾਲਮ ਨਵੀਸ ਇਮਤਿਆਜ਼ ਆਲਮ, ਇਮਤਿਆਜ਼ੁਲ ਹੱਕ ਅਤੇ ਤਸਲੀਮ ਰਿਜ਼ਵੀ ਨਾਲ ਵੀ ਮੁਲਾਕਾਤ ਕੀਤੀ ਅਤੇ ਦੋਹਾਂ ਦੇਸ਼ਾਂ ਦੀ ਸਲਾਮਤੀ ਵਾਸਤੇ ਵਿਚਾਰ-ਵਟਾਂਦਰਾ ਕੀਤਾ। ਇਮਤਿਆਜ਼ ਆਲਮ ਨੇ ਕਿਹਾ ਕਿ ਹਿੰਦ ਪਾਕਿ ਸਰਹੱਦ ਤੇ



ਸਾਂਝੀ ਹੱਬ ਬਣਨੀ ਚਾਹੀਦੀ ਹੈ ਤਾਂ ਕਿ ਵਪਾਰ ਖੁੱਲ੍ਹ ਸਕੇ ਅਤੇ ਦੋਹਾਂ ਮੁਲਕਾਂ ਦੇ ਕਿਸਾਨ ਅਤੇ ਆਮ ਲੋਕ ਖੁਸ਼ਹਾਲ ਹੋ ਸਕਣ। ਆਪਣੇ ਮੁਲਕ ਦੇ ਹਾਲਾਤ ਤੋਂ ਜਾਣੂ ਕਰਵਾਉਂਦੇ ਹੋਏ ਸ਼੍ਰੀ ਆਲਮ ਨੇ ਕਿਹਾ ਕਿ ਪਾਕਿਸਤਾਨ ਵਿੱਚ ਅੱਤ ਦੀ ਮਹਿੰਗਾਈ ਹੋਣ ਕਰਕੇ ਆਮ ਆਦਮੀ ਦਾ ਜਿਊਣਾ ਵੀ ਔਖਾ ਹੈ।ਉਨ੍ਹਾਂ ਅੱਗੇ ਕਿਹਾ ਕਿ ਦੋਹਾਂ ਮੁਲਕਾਂ ਵਿੱਚ ਵਪਾਰ ਦੇ ਨਾਲ-ਨਾਲ ਕਿਤਾਬਾਂ ਦਾ ਆਦਾਨ ਪ੍ਰਦਾਨ ਹੋਣਾ ਚਾਹੀਦਾ ਹੈ, ਮੁਸ਼ਾਇਰੇ ਹੋਣੇ ਚਾਹੀਦੇ ਹਨ ਅਤੇ ਚੰਗੀਆਂ ਕਿਤਾਬਾਂ ਦਾ ਗੁਰਮੁਖੀ, ਸ਼ਾਹਮੁਖੀ, ਉਰਦੂ ਭਾਸ਼ਾਵਾਂ ਵਿੱਚ ਤਰਜਮਾ ਕਰਨ ਦੀ ਵੀ ਲੋੜ ਹੈ ਅਤੇ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਵਿਸ਼ਾਲ ਲਾਇਬਰੇਰੀ ਬਣਾਉਣ ਦੀ ਵੀ ਬਹੁਤ ਜ਼ਰੂਰਤ ਹੈ ਤਾਂ ਕਿ ਇਹ ਪਵਿੱਤਰ ਅਸਥਾਨ ਸਾਹਿਤਕ ਤੇ ਸੱਭਿਆਚਾਰਕ ਗਤੀਵਿਧੀਆਂ ਦਾ ਵੀ ਕੇਂਦਰ ਬਣ ਸਕੇ।

# ਘਰਾਂ ਤੇ ਦੁਕਾਨਾਂ ਅੱਗੇ ਬਣੇ ਨਾਲੇ 'ਚ ਭਰੀ ਗੰਦਗੀ, ਪ੍ਰਸ਼ਾਸਨ ਬੇਖਬਰ !

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਸਥਾਨਕ ਸ਼ਹਿਰ ਅਜਨਾਲਾ ਦੇ ਫਤਿਹਗੜ੍ਹ ਚੂੜੀਆਂ ਰੋਡ ਸਿਵਲ ਹਸਪਤਾਲ ਤੋਂ ਲੈ ਕੇ ਕਾਨਵੈਂਟ ਸਕੂਲ ਗਿਰਜਾ ਘਰ, ਮਾਹਲਾਂ ਦੇ ਮੋੜ ਤੱਕ ਸੜਕ ਦੇ ਦੋਵੇਂ ਪਾਸੇ



ਦੁਕਾਨਾਂ ਅਤੇ ਘਰਾਂ ਦੇ ਅੱਗੇ ਬਣਿਆ ਨਾਲਾ ਕੂੜਾ ਕਰਕਟ ਨਾਲ ਭਰਿਆ ਹੋਇਆ ।ਇਹ ਨਾਲਾ ਘੱਟੋ-ਘੱਟ ਤਿੰਨ ਸਾਢੇ ਤਿੰਨ ਫੁੱਟ ਡੂੰਘਾ ਹੈ ਜਿਸ ਦੀ ਚੰਗੀ ਤਰਾਂ ਸਫ਼ਾਈ ਹੋਈ ਨੂੰ ਸਦੀਆਂ ਬੀਤ ਗਈਆਂ ਹਨ।

ਪਹਿਲੀ ਗੱਲ ਤੇ ਕੋਈ ਸਫ਼ਾਈ ਮੁਲਾਜ਼ਮ ਸਫ਼ਾਈ ਕਰਨ ਹੀ ਨਹੀਂ ਆਉਂਦਾ ।ਅਗਰ ਕੋਈ ਭੁੱਲ ਭੁਲੇਖੇ ਆ ਵੀ ਜਾਣ ਤਾਂ ਗੋਂਗਲੂਆਂ ਤੋਂ ਮਿੱਟੀ ਝਾੜ ਕੇ ਚਲੇ ਜਾਂਦੇ ਹਨ

।ਇਸ ਸਬੰਧ ਵਿੱਚ ਸਮੂਹ ਦੁਕਾਨਦਾਰਾਂ ਤੇ ਵਾਰਡ ਨੰਬਰ ਸੱਤ ਦੇ ਵਾਸੀ ਜੋਗਿੰਦਰ ਸਿੰਘ, ਸੁਰਜੀਤ ਸਿੰਘ, ਬਬਲੂ ਸ਼ਾਹ ਅਜਨਾਲਾ, ਦਵਿੰਦਰ ਸਿੰਘ, ਸੰਦੀਪ ਕੁਮਾਰ, ਹਰਜੀਤ ਸਿੰਘ, ਰਿਆਂਸ ਕੁਮਾਰ, ਵਿਕਾਸ ਕੁਮਾਰ, ਰਮੇਸ਼ ਕੁਮਾਰ ਮੇਸ਼ਾ, ਬਲਦੇਵ ਸੁਆਮੀ, ਚੰਚਲ ਸਿੰਘ, ਟਵਿੰਕਲ ਸਿੰਘ, ਕ੍ਰਿਸ਼ਨ ਕੁਮਾਰ, ਅਜੈ ਕੁਮਾਰ, ਪਰਸ਼ੋਤਮ ਸ਼ਰਮਾ, ਬਲਵਿੰਦਰ ਸਿੰਘ, ਅਰੁਣ ਕੁਮਾਰ ਆਦਿ ਨੇ ਨਗਰ ਪੰਚਾਇਤ ਅਜਨਾਲਾ ਦੇ ਉਚ ਅਧਿਕਾਰੀਆਂ ਨੂੰ ਪੁਰਜ਼ੋਰ ਮੰਗ ਕੀਤੀ ਹੈ ਕਿ ਇਸ ਨਾਲੇ ਦੀ ਸਾਫ ਸਫਾਈ ਸਹੀ ਢੰਗ ਦੇ ਨਾਲ ਕਰਵਾਈ ਜਾਵੇ ਤਾਂ ਜੋ ਪਾਣੀ ਦਾ ਨਿਕਾਸ ਸਹੀ ਢੰਗ ਦੇ ਨਾਲ ਹੋ ਸਕੇ।

# ਕਾਂਗਰਸ ਉਮੀਦਵਾਰ ਦੀ ਕਥਨੀ ਤੇ ਕਰਨੀ 'ਚ ਵੱਡਾ ਫਰਕ : ਗੁਰਚਰਨ ਸਿੰਘ ਚੰਨੀ

ਜਲੰਧਰ (ਸ਼ੈਲੀ ਐਲਬਰਟ)-ਕਾਂਗਰਸ ਵੱਲੋਂ ਨਸ਼ਿਆਂ ਖਿਲਾਫ ਬਿਆਨਬਾਜ਼ੀ ਸਿਰਫ ਮੱਗਰਮੱਛ ਦੇ ਹੰਝੂ ਹਨ, ਅਸਲੀਅਤ ਇਹ ਹੈ ਕਿ ਕਾਂਗਰਸ ਦਾ ਅਤੇ ਨਸ਼ਾ ਤਸਕਰਾਂ, ਅਪਰਾਧਕ ਲੋਕਾਂ ਦਾ ਇਕ ਅਟੁੱਟ ਗਠਜੋੜ ਹੈ। ਉਕਤ ਦੋਸ਼ ਆਮ ਆਦਮੀ ਪਾਰਟੀ ਦੇ ਦਫਤਰ ਵਿੱਚ ਆਪ ਦੇ ਸੀਨੀਅਰ ਆਗੂ ਗੁਰਚਰਨ ਸਿੰਘ ਚੰਨੀ ਨੇ ਲਗਾਏ। ਚੰਨੀ ਨੇ ਦੱਸਿਆ ਕਿ ਸੂਰਜ ਲਾਹੌਰੀਆ ਤੇ ਬੌਬੀ ਬਾਰੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਲੋਕਾਂ ਵਿੱਚ ਆਪਣੀ ਪੁਜ਼ੀਸ਼ਨ ਸਪੱਸ਼ਟ ਕਰਨ। ਚਰਨਜੀਤ ਚੰਨੀ ਵਰਗੇ ਲੀਡਰਾਂ ਕਾਰਨ ਹੀ ਪੰਜਾਬ ਵਿੱਚ ਨਸ਼ਿਆਂ ਤੇ ਅਪਰਾਧਕ ਕਾਰਵਾਈਆਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ ਪਰ ਪੰਜਾਬ ਦੀ ਭਗਵੰਤ ਸਿੰਘ ਮਾਨ ਸਰਕਾਰ ਛੇਤੀ ਹੀ ਅਜਿਹੇ ਲੋਕਾਂ ਨੂੰ ਸਲਾਖਾਂ ਪਿਛੇ ਡੱਕੇਗੀ ਭਾਵੇਂ ਉਹ ਕਿੰਨੇ ਵੀ ਪ੍ਰਭਾਵਸ਼ਾਲੀ ਕਿਉਂ ਨਾ ਹੋਣ।




ਚੰਨੀ ਪਹਿਲਾ ਐਸਾ ਮੁੱਖ ਮੰਤਰੀ ਸੀ ਜੋ ਅਸੰਬਲੀ ਦੀਆਂ 2 ਸੀਟਾਂ ਤੋਂ ਬੁਰੀ ਤਰ੍ਹਾਂ ਇਸੇ ਕਾਰਨ ਹਾਰ ਚੁੱਕਾ ਹੈ ਕਿਉਂਕਿ ਇਸ ਕਾਂਗਰਸ ਉਮੀਦਵਾਰ ਦੀਆਂ ਕਹਿਣੀਆਂ ਤੇ ਕਰਨੀਆਂ ਵਿੱਚ ਵੱਡਾ ਫਰਕ ਹੈ। ਦੂਜੇ ਪਾਸੇ ਜਲੰਧਰ ਤੋਂ ਕਾਂਗਰਸ ਦੇ ਉਮੀਦਵਾਰ ਚਰਨਜੀਤ ਸਿੰਘ ਚੰਨੀ ਦੇ ਨਸ਼ਾ ਤਸਕਰਾਂ ਦੇ ਨਾਲ ਚੋਣ ਪ੍ਰਚਾਰ ਕਰਨ ਦੀਆਂ ਫੋਟੋਆਂ ਜਨਤਕ ਹੋਣ ਨਾਲ ਵੱਡੇ ਪੱਧਰ 'ਤੇ ਲੋਕਾਂ ਵਿੱਚ ਚੁੰਜ ਚਰਚਾ ਸ਼ੁਰੂ ਹੋ ਚੁੱਕੀ ਹੈ। ਚੇਤੇ ਰਹੇ ਕਿ ਚਰਨਜੀਤ ਚੰਨੀ ਦੇ ਖਿਲਾਫ ਮੰਤਰੀ ਹੁੰਦਿਆਂ ਵੀਡੀਓ ਰਿਕਾਰਡਿੰਗ ਦਾ ਜਾਰੀ ਹੋਣਾ, ਫੇਰ ਉਸ ਵੱਲੋਂ ਮੁਆਫੀ ਮੰਗਣਾ, ਨਜਾਇਜ਼ ਮਾਈਨਿੰਗ ਸਬੰਧੀ ਨਜ਼ਦੀਕੀ ਰਿਸ਼ਤੇਦਾਰ ਦੇ ਘਰੋਂ 10 ਕਰੋੜ ਰੁਪਿਆ ਬਰਾਮਦ ਹੋਣਾ ਘਟਨਾਵਾਂ ਨੂੰ ਲੈ ਕੇ ਚਰਚਾ ਕਰਦੇ ਦਿਖਾਈ ਦਿੰਦੇ ਹਨ।




**ਬੁਤਾਲਾ : ਹਲਕਾ ਖਡੂਰ ਸਾਹਿਬ ਤੋਂ ਸੀ ਪੀ ਆਈ ਤੇ ਸੀ ਪੀ ਆਈ ਐੱਮ ਦੇ ਸਾਂਝੇ ਉਮੀਦਵਾਰ ਕਾਮਰੇਡ ਗੁਰਦਿਆਲ ਸਿੰਘ ਪਿੰਡ ਬੁਤਾਲਾ ਵਿਖੇ ਆਪਣੇ ਸਾਥੀਆਂ ਨਾਲ ਚੋਣ ਪ੍ਰਚਾਰ ਕਰਦੇ ਹੋਏ।(ਤਸਵੀਰ: ਨਿਰਮਲ ਸਿੰਘ ਸੰਘਾ ਬੁਤਾਲਾ)**

# ਜੇ ਐੱਸ ਡਬਲਯੂ ਪੇਂਟਸ ਵੱਲੋਂ ਵਿੱਤੀ ਵਰ੍ਹਾ ਮੁਕੰਮਲ ਹੋਣ 'ਤੇ ਸਾਲਾਨਾ ਮੁਨਾਫਾ ਪੇਸ਼

ਜਲੰਧਰ:ਭਾਰਤ ਦੀ ਮੋਹਰੀ ਈਕੋ-ਫਰੈਂਡਲੀ ਪੇਂਟ ਕੰਪਨੀ ਅਤੇ 24 ਬਿਲੀਅਨ ਅਮਰੀਕੀ ਡਾਲਰ ਵਾਲੇ ਜੇਐੱਸਡਬਲਯੂ ਗਰੁੱਪ ਦਾ ਹਿੱਸਾ ਜੇਐੱਸਡਬਲਯੂ ਪੇਂਟਸ ਨੇ 31 ਮਾਰਚ, 2024 ਨੂੰ ਖਤਮ ਹੋਏ ਵਿੱਤੀ ਸਾਲ ਲਈ 3% (ਲਗਭਗ 67 ਕਰੋੜ ਰੁਪਏ) ਤੋਂ ਵੱਧ ਦੇ ਈਬੀਆਈਟੀਡੀਏ ਮਾਰਜਿਨ 'ਤੇ ਆਪਣਾ ਪਹਿਲਾ ਪੂਰੇ ਸਾਲ ਦਾ ਸੰਚਾਲਨ ਮੁਨਾਫਾ ਪੇਸ਼ ਕੀਤਾ ਹੈ।ਕੰਪਨੀ ਨੇ ਆਪਣੇ ਡੈਕੋਰੇਟਿਵ ਪੇਂਟਸ ਬਿਜ਼ਨੈੱਸ ਵਿੱਚ ਪਰਿਵਰਤਨ ਅਤੇ ਵਿਕਾਸ ਦੀ ਅਗਵਾਈ ਕਰਨ ਲਈ ਸ਼੍ਰੀ ਆਸ਼ੀਸ਼ ਰਾਏ ਨੂੰ ਚੀਫ ਬਿਜ਼ਨਸ ਅਫਸਰ ਡੈਕੋਰੇਟਿਵ ਨਿਯੁਕਤ ਕੀਤਾ ਹੈ।ਮੈਨੇਜਿੰਗ ਡਾਇਰੈਕਟਰ ਪਾਰਥ ਜਿੰਦਲ ਦੇ ਅਨੁਸਾਰ ਸਭ ਤੋਂ ਘੱਟ ਸਮੇਂ ਵਿੱਚ ਵੱਧ ਮੁਨਾਫਾ ਕਮਾਉਣ ਵਾਲੀ ਸਭ ਤੋਂ ਜੰਗ ਪੇਂਟ ਕੰਪਨੀ ਜੇਐੱਸਡਬਲਯੂ ਪੇਂਟਸ ਦਾ ਮਾਰਗਦਰਸ਼ਨ ਕਰਨ ਲਈ ਇਹ ਪੰਜ ਸਾਲ ਇੱਕ ਦਿਲਚਸਪ ਅਤੇ ਘਟਨਾਪੂਰਨ ਰਹੇ ਹਨ।

# ਅਰਵਿੰਦ ਕੇਜਰੀਵਾਲ ਨੇ ਡਾ. ਰਾਜ ਕੁਮਾਰ ਚੱਬੇਵਾਲ ਦੇ ਹੱਕ ਕੀਤਾ ਚੋਣ ਪ੍ਰਚਾਰ

## * ਤੁਸੀਂ ਅਜਿਹਾ ਬਟਨ ਦਬਾਓ ਕਿ ਮੋਦੀ ਦਿੱਲੀ 'ਚ ਸੱਤਾ ਤੋਂ ਬਾਹਰ ਹੋ ਜਾਣ: ਕੇਜਰੀਵਾਲ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-'ਆਪ' ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਐਤਵਾਰ ਨੂੰ ਹੁਸ਼ਿਆਰਪੁਰ ਤੋਂ 'ਆਪ' ਉਮੀਦਵਾਰ ਡਾ. ਰਾਜ ਕੁਮਾਰ ਚੱਬੇਵਾਲ ਲਈ ਚੋਣ ਪ੍ਰਚਾਰ ਕੀਤਾ। ਉਨ੍ਹਾਂ 'ਆਪ' ਉਮੀਦਵਾਰ ਨਾਲ ਵੱਡਾ ਰੋਡ ਸ਼ੋਅ ਕੀਤਾ ਅਤੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ 1 ਜੂਨ ਨੂੰ ਝਾੜੂ ਦਾ ਬਟਨ ਦਬਾ ਕੇ ਚੱਬੇਵਾਲ ਨੂੰ ਭਾਰੀ ਵੋਟਾਂ ਨਾਲ ਜਿਤਾਉਣ। ਕੇਜਰੀਵਾਲ ਨੇ ਲੋਕਾਂ ਨੂੰ ਕਿਹਾ ਕਿ ਈਵੀਐਮ 'ਚ ਝਾੜੂ ਦਾ ਬਟਨ ਪੰਜਵੇਂ ਨੰਬਰ 'ਤੇ ਹੈ।ਇਸ ਲਈ 1 ਜੂਨ ਨੂੰ ਸਿਰਫ਼ ਨੰਬਰ ਪੰਜ ਬਟਨ ਦਬਾਓ।ਲੋਕਾਂ ਨੂੰ ਸੰਬੋਧਨ ਕਰਦਿਆਂ ਕੇਜਰੀਵਾਲ ਨੇ ਕਿਹਾ ਕਿ ਇਹ ਚੋਣ ਦੇਸ਼ ਦੇ ਲੋਕਤੰਤਰ ਅਤੇ ਸੰਵਿਧਾਨ ਨੂੰ ਬਚਾਉਣ ਦੀ ਚੋਣ ਹੈ।ਇਹ ਤਾਨਾਸ਼ਾਹੀ ਨੂੰ ਖ਼ਤਮ ਕਰਨ ਦੀ ਚੋਣ ਹੈ।ਉਨ੍ਹਾਂ ਕਿਹਾ ਕਿ 2020 ਵਿੱਚ ਕਿਸਾਨ ਅੰਦੋਲਨ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਦੇ ਕਿਸਾਨਾਂ ਨੂੰ ਦਿੱਲੀ ਵਿੱਚ ਵੜਨ ਨਹੀਂ ਦਿੱਤਾ।ਇਸ ਵਾਰ ਅਜਿਹਾ ਬਟਨ ਦਬਾਓ ਕਿ ਮੋਦੀ ਦਿੱਲੀ ਦੀ ਸੱਤਾ ਤੋਂ ਹੀ ਬਾਹਰ ਹੋ ਜਾਣ।ਇਸ ਚੋਣ ਵਿੱਚ ਤੁਸੀਂ ਨਰਿੰਦਰ ਮੋਦੀ ਤੋਂ ਕਿਸਾਨ ਅੰਦੋਲਨ ਦਾ ਬਦਲਾ ਲਵੋ।ਦੇਖੋ ਮੈਨੂੰ ਗ੍ਰਿਫ਼ਤਾਰ ਕਰਵਾ ਦਿੱਤਾ ਤਾਂ ਜੋ ਮੈਂ ਪ੍ਰਚਾਰ ਨਾ ਕਰ ਸਕਾਂ। ਉਨ੍ਹਾਂ ਨੂੰ ਡਰ ਸੀ ਕਿ ਜੇਕਰ ਕੇਜਰੀਵਾਲ ਬਾਹਰ ਰਿਹਾ ਤਾਂ ਭਾਜਪਾ ਨੂੰ ਦਿੱਲੀ, ਪੰਜਾਬ, ਹਰਿਆਣਾ ਅਤੇ ਦੇਸ਼ ਦੇ ਕਈ ਰਾਜਾਂ ਵਿੱਚ ਭਾਰੀ ਨੁਕਸਾਨ ਹੋਵੇਗਾ ਪਰ ਪ੍ਰਮਾਤਮਾ ਨੇ ਮੇਰੀ ਆਵਾਜ਼ ਸੁਣੀ ਅਤੇ ਭਾਜਪਾ ਦੀ ਤਾਨਾਸ਼ਾਹੀ ਨੂੰ ਖ਼ਤਮ ਕਰਨ ਲਈ ਮੈਨੂੰ 20 ਦਿਨਾਂ ਲਈ ਜੇਲ੍ਹ ਤੋਂ ਬਾਹਰ ਕੱਢਿਆ।ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਤੁਸੀਂ ਪੰਜਾਬ ਵਿਚ ਆਮ ਆਦਮੀ



ਪਾਰਟੀ ਨੂੰ 92 ਵਿਧਾਇਕ ਦੇ ਕੇ ਮਜ਼ਬੂਤ ਕੀਤਾ ਸੀ, ਉਸੇ ਤਰ੍ਹਾਂ ਇਸ ਵਾਰ ਕੇਂਦਰ ਵਿਚ 13 ਸੰਸਦ ਮੈਂਬਰ ਦੇ ਕੇ ਸਾਨੂੰ ਮਜ਼ਬੂਤ ਕਰੋ।ਫਿਰ ਪੰਜਾਬ ਦੇ ਫੰਡਾਂ ਨੂੰ ਕੋਈ ਨਹੀਂ ਰੋਕ ਸਕੇਗਾ ਅਤੇ ਰਾਜਪਾਲ ਵੀ ਪੰਜਾਬ ਦਾ ਕੋਈ ਬਿੱਲ ਨਹੀਂ ਰੋਕ ਸਕੇਗਾ।ਇਸ ਸਮੇਂ ਕੇਂਦਰ ਸਰਕਾਰ ਨੇ ਪੰਜਾਬ ਦੇ ਕਰੀਬ 8.5 ਹਜ਼ਾਰ ਕਰੋੜ ਰੁਪਏ ਰੋਕ ਲਏ ਹਨ।ਉਹ ਪੈਸਾ ਪੰਜਾਬ ਦੇ ਪਿੰਡਾਂ ਵਿੱਚ ਸੜਕਾਂ ਬਣਾਉਣ ਅਤੇ ਹੋਰ ਵਿਕਾਸ ਕਾਰਜਾਂ ਲਈ ਵਰਤਿਆ ਜਾਣਾ ਸੀ।ਕੇਜਰੀਵਾਲ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਕੇਂਦਰ ਸਰਕਾਰ ਅਤੇ ਰਾਜਪਾਲ ਨਾਲ ਇਕੱਲਿਆਂ ਹੀ ਲੜਨਾ ਪੈ ਰਿਹਾ ਹੈ।ਜਦੋਂ ਪੰਜਾਬ ਤੋਂ ਸਾਡੇ 13 ਸੰਸਦ ਮੈਂਬਰ ਜਿੱਤਣਗੇ ਤਾਂ ਉਹ ਸਾਰੇ ਭਗਵੰਤ ਮਾਨ ਦੇ ਹੱਥ ਅਤੇ ਆਵਾਜ਼ ਬਣ ਕੇ ਪੰਜਾਬ ਦੇ ਹੱਕਾਂ ਲਈ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਲ ਕੇਂਦਰ ਸਰਕਾਰ ਅਤੇ ਰਾਜਪਾਲ ਨਾਲ ਲੜਨਗੇ।

# ਚੋਣ ਰਿਹਰਸਲ 'ਚ ਗੈਰ-ਹਾਜ਼ਰ ਰਹਿਣ ਵਾਲੇ ਕਰਮਚਾਰੀਆਂ ਵਿਰੁੱਧ ਹੋਵੇਗੀ ਐੱਫ ਆਈ ਆਰ ਦਰਜ

**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**-ਲੋਕ ਸਭਾ ਚੋਣਾ 2024 ਦੇ ਮੱਦੇਨਜ਼ਰ ਜ਼ਿਲ੍ਹੇ ਵਿਚ ਪੈਂਦੇ 11 ਵਿਧਾਨ ਸਭਾ ਹਲਕਿਆਂ ਵਿਚ ਬਣਾਏ ਗਏ ਪੋਲਿੰਗ ਸਟੇਸ਼ਨਾਂ ਅਤੇ ਗਿਣਤੀ ਕੇਦਰਾਂ ਵਿਖੇ ਪੋਲਿੰਗ ਸਟਾਫ ਦੀ ਵੱਖ-ਵੱਖ ਥਾਵਾਂ ਤੇ ਆਖਿਰੀ ਰਿਹਰਸਲ ਕਰਵਾਈ ਗਈ ਅਤੇ ਜ਼ਿਲ੍ਹਾ ਚੋਣ ਅਧਿਕਾਰੀ ਘਨਸ਼ਾਮ ਥੋਰੀ ਵੱਲੋਂ ਰਿਹਰਸਲਾਂ ਦਾ ਖੁਦ ਜਾਇਜ਼ਾ ਲੈਣ ਉਪਰੰਤ ਕਿਹਾ ਕਿ ਚੋਣ ਰਿਹਰਸਲ 'ਚ ਗੈਰ-ਹਾਜ਼ਰ ਰਹਿਣ ਵਾਲੇ ਕਰਮਚਾਰੀਆਂ ਵਿਰੁੱਧ ਐਫਆਈਆਰ ਦਰਜ ਕਰਵਾਈ ਜਾਵੇਗੀ।

ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਕਰਮਚਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਕਿ ਉਹ ਰਿਹਰਸਲਾਂ ਵਾਲੇ ਦਿਨ ਸਮੇਂ ਸਿਰ ਆਪਣੀ ਡਿਊਟੀ ਤੇ ਰਿਪੋਰਟ ਕਰਨ ਅਤੇ ਜਿਹੜੇ ਕਰਮਚਾਰੀ ਆਪਣੇ ਚੋਣ ਰਿਹਸਲ ਵਿੱਚ ਨਹੀਂ ਪਹੁੰਚੇ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਅਮਲ ਵਿੱਚ ਲਿਆਉਣੀ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਬੀਤੇ ਦਿਨ ਵੀ ਕੁਝ ਕਰਮਚਾਰੀਆਂ ਵਿਰੁੱਧ ਐੱਫਆਈਆਰ ਦਰਜ ਕਰਵਾਉਣ ਲਈ ਲਿਖਿਆ ਗਿਆ ਹੈ।

ਜ਼ਿਲਾ ਚੋਣ ਅਧਿਕਾਰੀ ਨੇ ਦੱਸਿਆ ਕਿ 19 ਅੰਮ੍ਰਿਤਸਰ ਦੱਖਣੀ ਹਲਕੇ ਦੀ ਵੋਟਾਂ ਦੀ ਗਿਣਤੀ ਸਰੂਪ ਰਾਣੀ ਸਰਕਾਰੀ ਕਾਲਜ ਇਸਤਰੀਆਂ, 20-ਅਟਾਰੀ ਦੀ ਗਿਣਤੀ ਬੀਬੀਕੇ ਡੀਏਵੀ ਕਾਲਜ ਅੰਮ੍ਰਿਤਸਰ, 012-ਰਾਜਾਸਾਂਸੀ ਹਲਕੇ ਦੀ ਗਿਣਤੀ ਸਰਕਾਰੀ ਨਰਸਿੰਗ ਕਾਲਜ ਫਾਰ ਗਰਲਜ਼ ਮੈਡੀਕਲ ਐਨਕਲੇਵ, 013-ਮਜੀਠਾ ਦੀ ਗਿਣਤੀ ਮਾਈ ਭਾਗੋ ਸਰਕਾਰੀ ਪਾਲੀਟੈਕਨਿਕ ਕਾਲਜ ਮਜੀਠਾ ਰੋਡ, 015-ਅੰਮ੍ਰਿਤਸਰ ਉੱਤਰੀ ਦੀ ਗਿਣਤੀ ਸਰਕਾਰੀ



ਇੰਸਟੀਚਿਊਟ ਆਫ ਗੌਰਮਿੰਟ ਟੈਕਨਾਲੋਜੀ ਇਨਸਾਈਡ ਮਾਈ ਭਾਗੋ ਸਰਕਾਰੀ ਪਾਲੀਟੈਕਨਿਕ ਕਾਲਜ ਮਜੀਠਾ ਰੋਡ, 017-ਅੰਮ੍ਰਿਤਸਰ ਕੇਂਦਰੀ ਦੀ ਗਿਣਤੀ ਸਰਕਾਰੀ ਆਈਟੀਆਈ ਬੀ ਬਲਾਕ ਰਣਜੀਤ ਐਵੀਨਿਊ, 16-ਅੰਮ੍ਰਿਤਸਰ ਪੱਛਮੀ ਦੀ ਗਿਣਤੀ ਸਰਕਾਰੀ ਪਾਲੀਟੈਕਨਿਕ ਕਾਲਜ ਛੇਹਰਟਾ, 18-ਅੰਮ੍ਰਿਤਸਰ ਪੂਰਬੀ ਦੀ ਗਿਣਤੀ ਸਾਰਾਗੜ੍ਹੀ ਮੈਮੋਰੀਅਲ ਸਕੂਲ ਆਫ ਐਮੀਨੈਂਸ ਮਾਲ ਮੰਡੀ ਅਤੇ 11-ਅਜਨਾਲਾ ਹਲਕੇ ਦੀ ਗਿਣਤੀ ਸਰਕਾਰੀ ਕਾਲਜ ਅਜਨਾਲਾ ਵਿਖੇ ਹੋਵੇਗੀ ਅਤੇ 3-ਖਡੂਰ ਸਾਹਿਬ ਹਲਕਾ 14-ਜੰਡਿਆਲਾ ਦੀ ਗਿਣਤੀ ਕਾਮਨ ਰੂਮ ਮੈਸ ਸੀਨੀਅਰ ਸੈਕੰਡਰੀ ਰੈਜੀਡੈਂਸ਼ੀਅਲ ਸਕੂਲ ਫਾਰ ਮੈਰੀਟੋਰੀਅਸ ਅੰਮ੍ਰਿਤਸਰ , 03 ਖਡੂਰ ਸਾਹਿਬ ਹਲਕਾ 25-ਬਾਬਾ ਬਕਾਲਾ ਦੀ ਗਿਣਤੀ ਬੇਸਮੈਂਟ ਹਾਲ ਸ਼੍ਰੀ ਮਾਤਾ ਗੰਗਾ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਬਾਬਾ ਬਕਾਲਾ ਵਿਖੇ ਹੋਵੇਗੀ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਕੇਂਦਰਾਂ ਤੋਂ ਹੀ ਪੋਲਿੰਗ ਪਾਰਟੀਆਂ ਨੂੰ ਰਵਾਨਾ ਕੀਤਾ ਜਾਵੇਗਾ ਅਤੇ ਇਨ੍ਹਾਂ ਸਥਾਨਾਂ 'ਤੇ ਪੋਲਿੰਗ ਉਪਰੰਤ ਈਵੀਐੱਮ ਨੂੰ ਸਟਰਾਂਗ ਰੂਮਾਂ ਵਿੱਚ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਰੱਖਿਆ ਜਾਵੇਗਾ ।ਉਨ੍ਹਾਂ ਦੱਸਿਆ ਕਿ ਲੋਕਸਭਾ ਚੋਣਾਂ ਦੌਰਾਨ ਜ਼ਿਲ੍ਹੇ ਦੇ 11 ਵਿਧਾਨ ਸਭਾ ਹਲਕਿਆਂ ਵਿੱਚ 2134 ਚੋਣ ਬੂਥ ਬਣਾਏ ਗਏ ਹਨ, ਜਿਨ੍ਹਾਂ 'ਤੇ ਇਲੈਕਟ੍ਰਾਨਿਕ ਵੋਟਿੰਗ ਮਸ਼ੀਨ ਦੇ ਨਾਲ-ਨਾਲ ਵੀਵੀਪੈਟ ਵੀ ਜੋੜਿਆ ਗਿਆ ਹੈ।ਉਨ੍ਹਾਂ ਦੱਸਿਆ ਕਿ ਅੱਜ ਦੀ ਰਿਹਰਸਲ ਵਿੱਚ ਪੋਲਿੰਗ ਬੂਥਾਂ ਦੀ ਗਿਣਤੀ ਦੇ ਹਿਸਾਬ ਨਾਲ 16860 ਚੋਣ ਕਰਮਚਾਰੀਆਂ ਦੀ ਡਿਊਟੀ ਲਗਾਈ ਗਈ ਸੀ।ਉਨ੍ਹਾਂ ਦੱਸਿਆ ਕਿ ਅਜਨਾਲਾ ਹਲਕੇ ਲਈ 188, ਰਾਜਾਸਾਂਸੀ ਲਈ 222, ਮਜੀਠਾ ਲਈ 187, ਜੰਡਿਆਲਾ ਲਈ 216, ਅੰਮ੍ਰਿਤਸਰ ਉੱਤਰੀ ਲਈ 204, ਅੰਮ੍ਰਿਤਸਰ ਪੱਛਮੀ ਲਈ 208, ਅੰਮ੍ਰਿਤਸਰ ਕੇਂਦਰੀ ਲਈ 138, ਅੰਮ੍ਰਿਤਸਰ ਪੂਰਬੀ ਲਈ 170, ਅੰਮ੍ਰਿਤਸਰ ਦੱਖਣੀ ਲਈ 169, ਅਟਾਰੀ ਲਈ 198 ਅਤੇ ਬਾਬਾ ਬਕਾਲਾ ਲਈ 234 ਪੋਲਿੰਗ ਬੂਥ ਬਣਾਏ ਗਏ ਹਨ ।

27-MAY-PAGE-12.qxd 5/26/2024 10:34 PM Page 1



## ਜਨਮ ਦਿਨ ਮੁਬਾਰਕ


ਸਿਮਰਜੀਤ ਕੌਰ, ਸ੍ਰੀ ਮੁਕਤਸਰ ਸਾਹਿਬ


ਮਾਧਵ ਢੋਸੀਵਾਲ, ਸ੍ਰੀ ਮੁਕਤਸਰ ਸਾਹਿਬ


ਹਰਮਿਹਰ ਕੌਰ, ਬੁਤਾਲਾ


ਹਿਯਾਨਾ, ਨਾਭਾ

## ਤੀਸਰੀ ਵਾਰ ਸੱਤਾ ਸੰਭਾਲਣ ਲਈ ਭਾਜਪਾ ਦੀਆਂ ਸਿਆਸੀ ਆਸਾਂ ਨੂੰ ਬੂਰ ਨਹੀਂ ਪਵੇਗਾ : ਸ਼ਸ਼ੀ ਥਰੂਰ

ਜਲੰਧਰ (ਗਿਆਨ ਸੈਦਪੁਰੀ) ਥਰਿਵੰਤਾਪੁਰਮ (ਕਰੇਲਾ) ਤੋਂ ਮੈਂਬਰ ਪਾਰਲੀਮੈਂਟ ਅਤੇ ਕਾਂਗਰਸ ਪਾਰਟੀ ਦੇ ਵੱਡੇ ਆਗੂ ਡਾ. ਸ਼ਸ਼ੀ ਥਰੂਰ ਨੇ ਕਿਹਾ ਤੀਸਰੀ ਵਾਰ ਸੱਤਾ ਸੰਭਾਲਣ ਦੀਆਂ ਭਾਜਪਾ ਦੀਆਂ ਆਸਾ ਨੂੰ ਬੂਰ ਨਹੀਂ ਪਵੇਗਾ, ਕਿਉਂਕਿ ਦੇਸ਼ ਬਦਲਾਅ ਲਈ ਤਿਆਰ ਹੈ। ਸ਼ਹਿਰ ਦੇ ਬਲੂਮ ਹੋਟਲ 'ਚ ਸ਼ਸ਼ੀ ਥਰੂਰ ਨੇ ਸ਼ਹਿਰ ਦੇ ਸਿਆਸਤਦਾਨਾਂ, ਬੁੱਧੀਜੀਵੀਆਂ, ਵਕੀਲਾਂ, ਡਾਕਟਰਾਂ ਅਤੇ ਪੱਤਰਕਾਰਾਂ ਨਾਲ ਖੁੱਲ੍ਹ ਕੇ ਗੱਲਾਂ ਕੀਤੀਆਂ। ਉਹ ਪੂਰੇ ਦੇਸ਼ ਵਿੱਚ ਕਾਂਗਰਸ ਪਾਰਟੀ ਦੀ ਚੋਣ ਮੁਹਿੰਮ ਨੂੰ ਹੁਲਾਰਾ ਦੇਣ ਲਈ ਦੌਰੇ 'ਤੇ ਹਨ।ਇਸੇ ਸਿਲਸਲੇ ਤਹਿਤ ਉਹ ਸ਼ਨੀਵਾਰ ਨੂੰ ਜਲੰਧਰ ਆਏ ਸਨ।ਡਾ. ਨਵਜੋਤ ਸਿੰਘ ਦਾਹੀਆ ਹਲਕਾ ਇੰਚਾਰਜ ਕਾਂਗਰਸ ਪਾਰਟੀ ਨਕੋਦਰ ਦੀ ਅਗਵਾਈ 'ਚ ਹੋਈ 'ਪ੍ਰੋਫੈਸ਼ਨਲਜ਼ ਕਾਨਫਰੰਸ' 'ਚ ਜਲੰਧਰ ਛਾਉਣੀ ਤੋਂ ਕਾਂਗਰਸੀ ਵਿਧਾਇਕ ਪ੍ਰਗਟ ਸਿੰਘ ਨੇ ਸਭ ਨੂੰ ਜੀ ਆਇਆ ਆਖਿਆ। ਡਾ. ਸੁਮਿਤ ਨੇ ਸ਼ਸ਼ੀ ਥਰੂਰ ਦੇ ਵਿਅਕਤੀਤਵ ਬਾਰੇ ਜਾਣਕਾਰੀ ਦਿੱਤੀ।



ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਸ਼ਸ਼ੀ ਥਰੂਰ ਨਾਲ ਬੈਠੇ ਡਾ. ਦਾਹੀਆ, ਪ੍ਰਗਟ ਸਿੰਘ ਤੇ ਹੋਰ।

ਸ਼ਸ਼ੀ ਥਰੂਰ ਨੇ ਕਿਹਾ ਕਿ ਦੇਸ਼ ਦੇ ਬਹੁਤੇ ਲੋਕ ਮੋਦੀ ਸਰਕਾਰ ਦੀ ਕਾਰਗੁਜ਼ਾਰੀ ਤੋਂ ਮਾਯੂਸ ਹਨ।ਉਹ ਇੱਕ ਵਿਸ਼ੇਸ਼ ਭਾਈਚਾਰੇ ਬਾਰੇ ਪ੍ਰਧਾਨ ਮੰਤਰੀ ਵੱਲੋਂ ਵਰਤੀ ਜਾ ਰਹੀ ਨਫਰਤੀ ਭਾਸ਼ਾ ਤੋਂ ਵੀ ਨਾਰਾਜ਼ ਹਨ।ਉਨ੍ਹਾਂ ਕਿਹਾ ਕਿ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਭਾਜਪਾ ਦੇ ਹਿੰਦੂਤਵਾ ਨਾਹਰੇ ਤੋਂ ਪ੍ਰਭਾਵਤ ਵੋਟਰਾਂ ਦਾ ਇੱਕ ਹਿੱਸਾ ਉਨ੍ਹਾਂ ਦਾ ਪੱਕਾ ਹੈ, ਪਰ ਉਸ ਦੀ ਗਿਣਤੀ ਭਾਜਪਾ ਦੀ ਸੱਤਾ 'ਚ ਤੀਸਰੀ ਵਾਰ ਕਾਮਯਾਬੀ ਲਈ ਕਾਫੀ ਨਹੀ ਹੈ।ਸ਼ਸ਼ੀ ਥਰੂਰ ਨੇ ਕਾਂਗਰਸ ਪਾਰਟੀ ਵਿੱਚ ਪ੍ਰਧਾਨ ਮੰਤਰੀ ਦੇ ਚਿਹਰੇ ਬਾਰੇ ਪੁੱਛੇ ਗਏ ਇੱਕ ਸਵਾਲ ਦੇ ਜਵਾਬ 'ਚ ਕਿਹਾ ਕਿ ਸਾਡੇ ਦੇਸ਼ ਵਿੱਚ ਪਾਰਲੀਮਾਨੀ ਸਿਸਟਮ ਹੈ ਨਾ ਕਿ ਪ੍ਰਧਾਨਗੀ ਵਾਲਾ।ਸੋ ਨਤੀਜੇ ਆਉਣ ਤੋਂ ਬਾਅਦ ਮੀਟਿੰਗ ਹੋਵੇਗੀ ਤੇ ਇੰਡੀਆ ਗੱਠਜੋੜ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਫੈਸਲਾ ਕਰੇਗਾ। ਪੰਜਾਬ ਵਿੱਚ ਕਾਂਗਰਸ ਪਾਰਟੀ ਅਤੇ ਆਮ ਆਦਮੀ ਪਾਰਟੀ ਵੱਲੋਂ ਆਹਮਣੇ- ਸਾਹਮਣੇ ਹੋਣਾ ਤੇ ਦਿੱਲੀ ਵਿੱਚ ਹਮਜੋਲੀ ਹੋਣ ਵਰਗੇ ਦੋਹਰੇ ਮਾਪਦੰਡਾਂ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਡਾ. ਥਰੂਰ ਨੇ ਇਸ ਸਿਆਸੀ ਵਰਤਾਰੇ ਨੂੰ ਵਾਜਿਬ ਠਹਿਰਾਉਣ ਲਈ ਕੇਰਲਾ ਅਤੇ ਤਾਮਿਲਨਾਡੂ ਦੀ ਮਿਸਾਲ ਦਿੱਤੀ।ਉਨ੍ਹਾਂ ਇਸ ਨੂੰ ਹੋਰ ਸਪੱਸ਼ਟ ਕਰਨ ਲਈ ਕਿਹਾ ਕਿ ਹਰ ਸੂਬੇ ਦਾ ਆਪਣਾ ਇਤਿਹਾਸ, ਧਰਤੀ ਨਾਲ ਜੁੜੇ ਤੱਥ ਅਤੇ ਸਿਆਸਤ ਹੁੰਦੀ ਹੈ।ਡਾ. ਥਰੂਰ ਨੇ ਦੱਸਿਆ ਕਿ ਕੇਰਲਾ ਵਿੱਚ ਦੋ ਮੁੱਖ ਪਾਰਟੀਆਂ ਕਾਂਗਰਸ ਅਤੇ ਸੀ ਪੀ ਆਈ (ਐਮ) ਹਨ।ਇਹ ਦੋਵੇਂ ਇੱਕ ਦੂਸਰੇ ਦੇ ਵਿਰੁੱਧ ਚੋਣ ਲੜਦੀਆਂ ਹਨ।ਕੇਰਲਾ ਦਾ ਗੁਆਂਢੀ ਸੂਬਾ ਤਾਮਿਲਨਾਡੂ ਹੈ।ਇਸ ਵਿੱਚ ਵੱਖਰੀ ਤਰ੍ਹਾਂ ਦਾ ਗੱਠਜੋੜ ਹੈ।ਇੱਥੇ ਕਾਂਗਰਸ, ਦਰਾਵੜ ਮੁਨੇਤਰ ਕੜਗਮ ਅਤੇ ਕਮਿਊਨਿਸਟਾਂ ਦਾ ਗੱਠਜੋੜ ਹੈ।ਉਨ੍ਹਾਂ ਕਿਹਾ ਕਿ ਦੱਖਣ ਦੇ ਗੁਆਂਢੀ ਰਾਜਾਂ ਵਿੱਚ ਉਕਤ ਸਿਆਸੀ ਵਰਤਾਰਾ ਚੱਲਦਾ ਹੈ ਤਾਂ ਦਿੱਲੀ ਅਤੇ ਪੰਜਾਬ ਵਿੱਚ ਇਹ ਅਲੋਕਾਰਾ ਨਹੀ ਹੈ।ਇਸ ਤੋਂ ਪਹਿਲਾ ਥਰੂਰ ਨੇ ਚਰਨਜੀਤ ਸਿੰਘ ਚੰਨੀ ਦੀ ਪਤਨੀ ਡਾਕਟਰ ਕਮਲਜੀਤ ਕੌਰ ਤੇ ਹੋਰ ਪਰਵਾਰ ਇੱਕ ਮੈਂਬਰਾਂ ਨਾਲ ਵੱਖਰੇ ਤੌਰ 'ਤੇ ਗੱਲਬਾਤ ਕੀਤੀ।ਪ੍ਰੈੱਸ ਕਾਨਫਰੰਸ ਵਿੱਚ ਵਿਧਾਇਕ ਬਾਵਾ ਹੈਨਰੀ ਤੇ ਕਾਂਗਰਸੀ ਆਗੂ ਰਜਿੰਦਰ ਬੇਰੀ ਵੀ ਹਾਜ਼ਰ ਸਨ।

## ਬੇਗਮਪੁਰਾ, ਡਾ. ਅੰਬੇਡਕਰ ਸਭਾਵਾਂ ਨੇ ਐਡਵੋਕੇਟ ਰਣਜੀਤ ਕੁਮਾਰ ਨੂੰ ਦਿੱਤਾ ਜਿੱਤ ਲਈ ਸਮਰਥਨ

ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ ) ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਬਸਪਾ ਉਮੀਦਵਾਰ ਐਡਵੋਕੇਟ ਰਣਜੀਤ ਕੁਮਾਰ ਦੀ ਚੋਣ ਮੁਹਿੰਮ ਨੂੰ ਉਸ ਵੇਲੇ ਭਰਵਾਂ ਹੁੰਗਾਰਾ ਮਿਲਿਆ ਜਦੋ ਬੇਗਮਪੁਰਾ, ਡਾ. ਅੰਬੇਡਕਰ ਸਭਾਵਾਂ ਨੇ ਬਹੁਜਨ ਸਮਾਜ ਪਾਰਟੀ ਨੂੰ ਜਿਤਾਉਣ ਲਈ ਤਨ, ਮਨ, ਧੰਨ ਨਾਲ ਖੁੱਲ੍ਹਾ ਸਮਰਥਨ ਦੇਣ ਦਾ ਐਲਾਨ ਕੀਤਾ।ਪਿੰਡ ਮੱਲ ਮਜਾਰਾ ਵਿਖੇ ਭਾਰੀ ਇਕੱਠ ਵਿਚ ਕੌਮੀ ਚੇਅਰਮੈਨ ਬਿੱਲਾ ਦਿਓਵਾਲ, ਕੌਮੀ ਪ੍ਰਧਾਨ ਅਸ਼ੋਕ ਸੱਲਣ, ਕੌਮੀ ਜਨਰਲ ਸੈਕਟਰੀ ਅਵਤਾਰ ਬਸੀ ਖਵਾਜੂ, ਪੰਜਾਬ ਪ੍ਰਧਾਨ ਤਾਰਾ ਚੰਦ ਨੇ ਸਾਂਝੇ ਤੌਰ 'ਤੇ ਇਹ ਐਲਾਨ ਕਰਦਿਆਂ ਕਿਹਾ ਕਿ ਇਸ ਬਾਰ ਸਤਿਗੁਰੂ ਰਵਿਦਾਸ ਮਹਾਰਾਜ, ਡਾ. ਅੰਬੇਡਕਰ ਸਭਾਵਾਂ ਵੱਲੋਂ ਬਸਪਾ ਉਮੀਦਵਾਰ ਐਡਵੋਕੇਟ ਰਣਜੀਤ ਕੁਮਾਰ ਨੂੰ ਪੂਰਨ ਸਮਰਥਨ ਕੀਤਾ ਗਿਆ ਹੈ। ਪਿੰਡ ਮੱਲ ਮਜਾਰਾ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਸ਼ਾਮਲ ਹੋਏ ਨੌਜਵਾਨ, ਬੀਬੀਆਂ ਭੈਣਾਂ ਨੇ ਐਡਵੋਕੇਟ ਰਣਜੀਤ ਕੁਮਾਰ ਦੇ ਹੱਕ ਵਿੱਚ ਹਾਂ ਦਾ ਨਾਅਰਾ ਮਾਰਿਆ ਅਤੇ ਇਹ ਵਾਅਦਾ ਕੀਤਾ ਕਿ ਅਸੀਂ ਬਸਪਾ ਦੇ ਨੀਲੇ ਝੰਡੇ ਹੇਠ ਇਕੱਠੇ ਹੋ ਕੇ ਐਡਵੋਕੇਟ ਰਣਜੀਤ ਕੁਮਾਰ ਨੂੰ ਜਿਤਾਉਣ ਲਈ ਦਿਨ ਰਾਤ ਇੱਕ ਕਰ ਦਿਆਂਗੇ ਅਤੇ ਉਨ੍ਹਾਂ ਨੇ 1 ਜੂਨ ਨੂੰ ਹਾਥੀ ਨੂੰ ਵੋਟ ਪਾਉਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਐਡਵੋਕੇਟ ਰਣਜੀਤ ਕੁਮਾਰ, ਠੇਕੇਦਾਰ ਭਗਵਾਨ ਦਾਸ ਸਿੱਧੂ, ਐਡਵੋਕੇਟ ਧਰਮਿੰਦਰ ਦਾਦਰਾ, ਮੋਹਨ ਲਾਲ ਭਟੋਆ, ਸੂਬੇਦਾਰ ਕਾਬਲ ਸਿੰਘ ਨੇ ਜਥੇਬੰਦੀਆਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਦਾ ਵਾਅਦਾ ਕੀਤਾ।ਇਸ ਮੌਕੇ ਪੰਜਾਬ ਸਲਾਹਕਾਰ ਮੱਖਣ ਵਿਰਦੀ ਪੰਜਾਬ ਸਲਾਹਕਾਰ ਸਤਨਾਮ ਬਜਵਾੜਾ ਦੋਆਬਾ ਇੰਚਾਰਜ ਸੋਮਦੇਵ ਸੰਧੀ, ਦੋਆਬਾ ਜਰਨਲ ਸੈਕਟਰੀ ਓਕਾਰ ਬਜਰਾਵਰ ਜਿਲ੍ਹਾ ਪ੍ਰਧਾਨ ਮੋਨੂ ਡਵਿੱਡਾ ਅਹਿਰਾਣਾ, ਜਿਲ੍ਹਾ ਸਕੱਤਰ ਈਸ਼ ਕੁਮਾਰ ਸ਼ੇਰਗੜ੍ਹ, ਸਿਟੀ ਪ੍ਰਧਾਨ ਗੌਰਵ, ਜਿਲ੍ਹਾ ਵਾਇਸ ਪ੍ਰਧਾਨ ਰੋਸ਼ਨ ਲਾਲ ਰੋਸ਼ੀ ਸਾਹਰੀ, ਇੰਦਰਜੀਤ ਸਿੰਘ, ਦਲਜੀਤ ਲਾਲ, ਮਨਪ੍ਰੀਤ ਸਿੰਘ, ਮਨੀਸ਼ ਕੁਮਾਰ, ਜਸਪਾਲ ਸਿੰਘ, ਵਿਜੇ ਕੁਮਾਰ, ਹੀਰਾ ਮੱਲ, ਅਨੂ ਮੱਲ, ਹਰਦੀਪ ਸਿੰਘ, ਹਿਰਦੀਨਾਥ ਸਾਗਰ, ਹਰਪ੍ਰੀਤ, ਦਲਜੀਤ ਸਿੰਘ, ਕੁਲਵਿੰਦਰ, ਅਜੇ ਕੁਮਾਰ, ਸੂਬੇਦਾਰ ਕਾਬਲ ਸਿੰਘ, ਮੀਨਾ ਕੁਮਾਰੀ, ਆਕਾਸ਼ ਆਦਿ ਮੌਜੂਦ ਸਨ।



## ਸੁਸ਼ੀਲ ਕੁਮਾਰ ਰਿੰਕੂ ਦੇ ਹੱਕ 'ਚ ਆਗੂਆਂ ਵੱਲੋਂ ਮੀਟਿੰਗ

ਆਦਮਪੁਰ (ਪਰਮਜੀਤ ਸਿੰਘ)- ਆਉਂਦੀਆਂ ਲੋਕ ਸਭਾ ਚੋਣਾਂ ਦੀ ਮੱਦੇ ਨਜ਼ਰ ਜਲੰਧਰ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੇ ਹੱਕ ਵਿੱਚ ਆਦਮਪੁਰ ਦੇ ਆਗੂਆਂ ਵੱਲੋਂ ਆਦਮਪੁਰ ਚੋਣ ਦਫਤਰ ਵਿੱਚ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ।ਇਸ ਮੌਕੇ ਹਰਵਿੰਦਰ ਸਿੰਘ ਡੱਲੀ ਲੋਕ ਸਭਾ ਇਲੈਕਸ਼ਨ ਇੰਚਾਰਜ ਅਤੇ ਆਦਮਪੁਰ ਤੋਂ ਕਾਰਜਕਾਰੀ ਮੰਡਲ ਪ੍ਰਧਾਨ ਰਾਜੀਵ ਸਿੰਘਲਾ ਵੱਲੋਂ ਹਾਜ਼ਰ ਵਰਕਰਾਂ ਨੂੰ ਭਾਰਤੀ ਜਨਤਾ ਪਾਰਟੀ ਦੀਆਂ ਲੋਕਾਂ ਨੂੰ ਦਿੱਤੀਆਂ ਸਕੀਮਾਂ ਬਾਰੇ ਜਾਣੂ ਕਰਵਾਇਆ ਗਿਆ।ਇਸ ਮੌਕੇ ਉਨ੍ਹਾਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਜੋ ਜਲੰਧਰ ਵਿਖੇ ਚੋਣ ਰੈਲੀ ਕੀਤੀ ਗਈ ਹੈ ਉਸ ਨੇ ਆਮ ਵਰਕਰਾਂ ਅਤੇ ਪੰਜਾਬ ਦੇ ਲੋਕਾਂ ਦਾ ਦਿਲ ਜਿੱਤ ਲਿਆ ਹੈ। ਉਹਨਾਂ ਕਿਹਾ ਕਿ ਕੇਂਦਰ ਦੀ ਸਰਕਾਰ ਵੱਲੋਂ ਆਮ ਲੋਕਾਂ ਲਈ ਬਹੁਤ ਹੀ ਵਧੀਆ ਸਕੀਮਾਂ ਚਲਾਈਆਂ ਗਈਆਂ ਹਨ।ਜਿਨ੍ਹਾਂ ਦਾ ਲਾਭ ਸਾਰਿਆਂ ਨੂੰ ਲੈਣਾ ਚਾਹੀਦਾ ਹੈ।ਉਹਨਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂਆ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅੱਜ ਸਮੂਹ ਵਰਕਰਾਂ ਅਤੇ ਆਗੂਆਂ ਵੱਲੋਂ ਆਦਮਪੁਰ ਚੋਣ ਦਫਤਰ ਵਿਖੇ ਮੀਟਿੰਗ ਕੀਤੀ ਗਈ। ਉਹਨਾਂ ਕਿਹਾ ਕਿ ਸਮੂਹ ਆਗੂ ਅਤੇ ਵਰਕਰ ਜਲਦ ਹੀ ਹੁਣ ਪਿੰਡਾਂ ਦੇ ਵਿੱਚ ਵੀ ਦੌਰਾ ਕਰਨਗੇ। ਇਸ ਮੌਕੇ ਉਨ੍ਹਾਂ ਦੇ ਨਾਲ ਜਗਦੀਸ਼ ਕੁਮਾਰ ਜੱਸਲ ਵਿਧਾਨ ਸਭਾ ਹਲਕਾ ਇੰਚਾਰਜ/ ਕਨਵੀਨਰ, ਹਰੀਸ਼ ਚੰਦਰ ਜਿਲਾ ਸਪੋਕਸਮੈਨ, ਜੋਗੀ ਤਲਨ ਮੰਡਲ ਪ੍ਰਧਾਨ, ਸਰਬਜੀਤ ਸਿੰਘ ਗਿੱਲ ਮੰਡਲ ਪ੍ਰਧਾਨ, ਰੁਬਿਤਾ ਮਹਿਲਾ ਮੋਰਚਾ ਪ੍ਰਧਾਨ ਜਲੰਧਰ, ਪੂਜਾ ਮਹਿਲਾਂ ਮੋਰਚਾ ਮੰਡਲ ਪ੍ਰਧਾਨ ਆਦਮਪੁਰ, ਬਲਵੀਰ ਸਿੰਘ ਬਾਬਾ, ਪਰਮਿੰਦਰ ਕੁਮਾਰ ਰਾਣਾ, ਅਮਿਤ ਭੱਲਾ, ਪਾਰਸ ਸ਼ਰਮਾ, ਕੁਲਦੀਪ ਸਿੰਘ, ਦਿਨੇਸ਼ ਗਾਂਧੀ ਅਤੇ ਹੋਰ ਆਗੂ ਅਤੇ ਵਰਕਰ ਹਾਜ਼ਰ ਸਨ।



## ਚੰਨੀ ਦੇ ਹੱਕ 'ਚ ਪਿੰਡ ਮੇਦਾ 'ਚ ਮੀਟਿੰਗ

ਸ਼ਾਹਕੋਟ(ਗਿਆਨ ਸੈਦਪੁਰੀ)-ਜਲੰਧਰ ਤੋਂ ਕਾਂਗਰਸ ਦੇ ਉਮੀਦਵਾਰ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਹੱਕ ਵਿਚ ਪਿੰਡ ਮੇਦਾ ਵਿਖੇ ਹਲਕਾ ਸ਼ਾਹਕੋਟ ਦੇ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦੀ ਅਗਵਾਈ ਹੇਠ ਮੀਟਿੰਗ ਹੋਈ। ਮੀਟਿੰਗ ਦੌਰਾਨ ਪਿੰਡ ਨਿਵਾਸੀਆਂ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਕਾਂਗਰਸ ਪ੍ਰਧਾਨ ਤੇ ਸ਼ਾਹਕੋਟ ਦੇ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਹਰ ਫਰੰਟ 'ਤੇ ਫੇਲ੍ਹ ਹੋ ਚੁੱਕੀ ਹੈ। ਉਨ੍ਹਾਂ ਭਾਜਪਾ ਸਰਕਾਰ ਬਾਰੇ ਕਿਹਾ ਕਿ ਇਸ ਸਰਕਾਰ ਨੇ ਕਿਸਾਨਾਂ ਤੇ ਮਜ਼ਦੂਰਾਂ ਦੀ ਦੁਸ਼ਮਣ ਸਰਕਾਰ ਵਜੋਂ ਆਪਣਾ 10 ਸਾਲ ਦਾ ਕਾਰਜਕਾਲ ਪੂਰਾ ਕੀਤਾ ਹੈ। ਇਸ ਲਈ ਕਿਸਾਨਾਂ ਤੇ ਮਜ਼ਦੂਰਾਂ ਦੇ ਹਮਦਰਦ ਬਣੇ ਰਹੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਵੱਧ ਤੋਂ ਵੱਧ ਵੋਟਾਂ ਨਾਲ ਜਿਤਾ ਕੇ ਪਾਰਲੀਮੈਂਟ ਵਿੱਚ ਭੇਜੋ।ਇਸ ਮੌਕੇ ਪਿੰਡ ਦੇ ਸਰਪੰਚ ਮਨਜਿੰਦਰ ਸਿੰਘ ਰਿੰਕੂ ਨੇ ਸਭ ਨੂੰ ਜੀ ਆਇਆਂ ਆਖਿਆ ਤੇ ਵਿਸ਼ਵਾਸ ਦਿਵਾਇਆ ਕਿ ਪਿੰਡ ਮੇਦਾ ਤੋਂ ਸਾਬਕਾ ਮੁੱਖ ਮੰਤਰੀ ਚੰਨੀ ਨੂੰ ਵੱਧ ਤੋਂ ਵੱਧ ਵੋਟਾਂ ਨਾਲ ਜਿਤਾਵਾਂਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨਜਿੰਦਰ ਸਿੰਘ ਰਿੰਕੂ ਸਰਪੰਚ, ਸੰਤੋਖ ਸਿੰਘ, ਨਿਰੰਜਨ ਸਿੰਘ, ਹਰਭਜਨ ਸਿੰਘ ਨੰਬਰਦਾਰ, ਅਸ਼ੋਕ ਕੁਮਾਰ, ਪਰਮਜੀਤ ਸਿੰਘ, ਬਿਕਰਮ ਸਿੰਘ, ਮੇਜਰ ਸਿੰਘ, ਗੁਲਵੰਤ ਸਿੰਘ ਸਾਬਕਾ ਸਰਪੰਚ, ਲਿਸ਼ਕਾਰਾ ਸਿੰਘ, ਕਰਨੈਲ ਸਿੰਘ, ਅਮਰਜੀਤ ਸਿੰਘ, ਸੁਖਦੇਵ ਸਿੰਘ, ਹਰਨੇਕ ਸਿੰਘ, ਕੇਵਲ ਸਿੰਘ ਚੌਕੀਦਾਰ, ਦਰਸ਼ਨ ਸਿੰਘ ਆਦਿ ਮੌਜੂਦ ਸਨ।

## ਪੋਲਿੰਗ ਸਟਾਫ ਚੋਣਾਂ ਦੌਰਾਨ ਡਿਊਟੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਏ : ਐੱਸ ਡੀ ਐੱਮ

ਬੰਗਾ (ਅਵਤਾਰ ਕਲੇਰ)-1 ਜੂਨ ਨੂੰ ਪੰਜਾਬ ਵਿੱਚ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਦੇ ਤਹਿਤ ਗੁਰੂ ਨਾਨਕ ਕਾਲਜ ਬੰਗਾ ਵਿਖੇ ਅਬਜ਼ਰਵਰ ਜਨਰਲ ਹੀਰਾ ਲਾਲ ਅਤੇ ਡਿਪਟੀ ਕਮਿਸ਼ਨਰ ਅਤੇ ਜ਼ਿਲ੍ਹਾ ਚੋਣਕਾਰ ਅਫਸਰ ਨਵਜੋਤ ਪਾਲ ਸਿੰਘ ਰੰਧਾਵਾ ਦੇ ਹੁਕਮਾਂ ਤਹਿਤ ਪੋਲਿੰਗ ਸਟਾਫ ਦੀ ਤੀਸਰੀ ਰਿਹਰਸਲ ਉਪ ਮੰਡਲ ਮੈਜਿਸਟਰੇਟ ਕਮ ਸਹਾਇਕ ਰਿਟਰਨਿੰਗ ਅਫਸਰ ਵਿਕਰਮਜੀਤ ਸਿੰਘ ਪਾਂਥੇ ਦੀ ਅਗਵਾਈ ਹੇਠ ਹੋਈ ।ਰਿਹਰਸਲ ਦੌਰਾਨ ਪੋਲਿੰਗ ਸਟਾਫ ਨੂੰ ਚੋਣ ਕਰਵਾਉਣ ਦੀਆਂ ਸਾਰੀਆਂ ਤਕਨੀਕਾਂ ਸਬੰਧੀ ਟ੍ਰੇਨਿੰਗ ਦਿੱਤੀ ਗਈ। ਐਸ ਡੀ ਐਮ ਬੰਗਾ ਵੱਲੋਂ ਸਮੁੱਚੇ ਪੋਲਿੰਗ ਸਟਾਫ ਨੂੰ ਗਰੀਨ ਇਲੈਕਸ਼ਨ ਕਰਵਾਉਣ ਦੀ ਸਹੁੰ ਚੁਕਾਈ ਗਈ ਅਤੇ ਸਮੁੱਚੇ ਪੋਲਿੰਗ ਸਟਾਫ ਨੂੰ ਬੂਟੇ ਵੀ ਵੰਡੇ ਗਏ। ਕੁਝ ਬੂਟੇ ਉਨ੍ਹਾਂ ਗੁਰੂ ਨਾਨਕ ਕਾਲਜ ਬੰਗਾ ਵਿਖੇ ਵੀ ਲਗਵਾਏ ।ਉਨ੍ਹਾਂ ਕਿਹਾ ਕਿ ਸਾਰੇ ਪੋਲਿੰਗ ਅਧਿਕਾਰੀ ਇੱਕ ਜੂਨ ਨੂੰ ਮਨਾਏ ਜਾ ਰਹੇ ਲੋਕਤੰਤਰ ਦੇ ਚੋਣਾਂ ਦੇ ਤਿਉਹਾਰ ਦੌਰਾਨ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਉਣ। ਉਨ੍ਹਾਂ ਕਿਹਾ ਕਿ ਬੂਥਾਂ 'ਤੇ ਪੌਦੇ ਲਗਾਏ ਜਾ ਰਹੇ ਹਨ। ਸਾਰੇ ਬੂਥਾਂ ਉੱਪਰ ਬਾਇਓਡੀ ਗ੍ਰੇਡੇਬਲ ਵਸਤਾਂ ਦਾ ਹੀ ਇਸਤੇਮਾਲ ਕੀਤਾ ਜਾਵੇ ਅਤੇ ਜਨਤਾ ਨੂੰ ਵੀ ਗਰੀਨ ਇਲੈਕਸ਼ਨ ਸਬੰਧੀ ਜਾਗਰੂਕ ਕੀਤਾ ਜਾਵੇ। ਇਸ ਮੌਕੇ ਤਹਿਸੀਲਦਾਰ ਹਰਮਿੰਦਰ ਸਿੰਘ, ਨਾਇਬ ਤਹਿਸੀਲਦਾਰ ਮਨੀ ਮਹਾਜਨ, ਸੁਪਰਡੈਂਟ ਬਲਦੇਵ ਸਿੰਘ ਸੈਣੀ, ਅਮਨਦੀਪ ਸਿੰਘ ਚੋਣ ਕਲਰਕ, ਡਾਕਟਰ ਸੁਰਿੰਦਰ ਕੁਮਾਰ ਬਲਾਕ ਨੋਡਲ ਅਫਸਰ, ਮਾਸਟਰ ਰਾਮਜੀਤ, ਅਵਤਾਰ ਸਿੰਘ ਡੀਪੀ, ਪ੍ਰੇਮਪਾਲ ਸਿੰਘ, ਰਵੀ ਸਬਰਵਾਲ, ਅੰਮ੍ਰਿਤ ਪਾਲ ਸਿੰਘ, ਸਚਿਨ ਸ਼ਰਮਾ, ਰਾਜ ਕੁਮਾਰ, ਦਲਜੀਤ ਸਿੰਘ, ਜਤਿੰਦਰ ਸ਼ਰਮਾ, ਮਨਜੀਤ ਕੁਮਾਰ, ਮਨਦੀਪ ਸਿੰਘ, ਗੁਰਵਿੰਦਰ ਸਿੰਘ ਵੀ ਹਾਜ਼ਰ ਸਨ।




## ਭਬਿਆਣਾ 'ਚ ਸੰਤ ਰਾਮਾਨੰਦ ਦੀ ਯਾਦ 'ਚ ਛਬੀਲ ਲਗਾਈ



ਫਗਵਾੜਾ (ਜਸਵਿੰਦਰ ਢੱਡਾ)- ਡਾ. ਬੀ. ਆਰ. ਅੰਬੇਡਕਰ ਨੌਜਵਾਨ ਸਭਾ ਭਬਿਆਣਾ ਵਲੋਂ ਸਮੂਹ ਨਗਰ ਦੇ ਸਹਿਯੋਗ ਨਾਲ ਅਮਰ ਸ਼ਹੀਦ ਸੰਤ ਰਾਮਾਨੰਦ ਦੀ ਮਹਾਨ ਸ਼ਹਾਦਤ ਨੂੰ ਸਮਰਪਤ ਪਿੰਡ ਭਬਿਆਣਾ ਵਿੱਖੇ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਸਾਰਾ ਦਿਨ ਸੰਤ ਰਾਮਾਨੰਦ ਦੇ ਰਸਭਿੰਨੇ ਸ਼ਬਦਾਂ ਦਾ ਜਾਪ ਚਲਦਾ ਰਿਹਾ। ਇਸ ਸਮੇਂ ਰਾਜੇਸ਼ ਭਬਿਆਣਾ, ਰਾਕੇਸ਼ ਮਹੇ, ਮਾਸਟਰ ਮਨਜੀਤ ਲਾਲ, ਅਜੇ ਘੇੜਾ, ਹੈਰੀ ਘੇੜਾ, ਜੋਨੀ ਘੇੜਾ, ਨਰਿੰਦਰ ਘੇੜਾ, ਅਮਨਦੀਪ, ਅਬੀ ਘੇੜਾ, ਸਾਬੂ ਕੈਂਥ, ਰਵਿੰਦਰ ਕੈਂਥ, ਰਿੰਕੂ ਮਹੇ, ਨੀਰਜ, ਹਰੀ ਰਾਮ ਆਦਿ ਹਾਜ਼ਰ ਸਨ।

## ਗੁਰਦੁਆਰਾ ਸਿੰਘ ਸਭਾ ਨਲਹੋਟੀ ਦੇ ਸੇਵਾਦਾਰਾਂ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ



ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)-ਗ਼ਰਮੀ ਦੇ ਪ੍ਰਕੋਪ ਤੋਂ ਰਾਹਗੀਰਾਂ ਨੂੰ ਨਿਜਾਤ ਦਿਵਾਉਣ ਲਈ ਗੁਰਦੁਆਰਾ ਸਿੰਘ ਸਭਾ ਨਲਹੋਟੀ ਦੇ ਸੇਵਾਦਾਰਾਂ ਵਲੋਂ ਕਹਾਨਪੁਰ ਖੂਹੀ- ਸ੍ਰੀ ਅਨੰਦਪੁਰ ਸਾਹਿਬ ਮੁੱਖ ਮਾਰਗ 'ਤੇ ਪਿੰਡ ਹੇਠਲੀ ਨਲਹੋਟੀ ਵਿਖੇ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ ਜਿਸ ਨਾਲ ਰਾਹਗੀਰਾਂ ਨੂੰ ਪੈ ਰਹੀ ਗਰਮੀ ਤੋਂ ਕੁਝ ਰਾਹਤ ਮਿਲੀ। ਇਸ ਮੌਕੇ ਦਰਸ਼ਨ ਸਿੰਘ ਕਾਹਲੋਂ, ਮਨਜਿੰਦਰ ਸਿੰਘ ਕਾਹਲੋਂ, ਚਰਨਜੀਤ ਸਿੰਘ, ਭਗਤ ਸਿੰਘ, ਸੁਰਿੰਦਰ ਸਿੰਘ, ਡਾਕਟਰ ਗੋਲਡੀ, ਹਰਜਿੰਦਰ ਸਿੰਘ, ਅਮਰੀਕ ਸਿੰਘ, ਗਗਨਦੀਪ ਸਿੰਘ, ਮਨਦੀਪ ਸਿੰਘ, ਅਰਸ਼ਦੀਪ, ਭਾਗ ਸਿੰਘ ਆਦਿ ਨੇ ਸੇਵਾ ਨਿਭਾਈ ।

## ਚਲਦੀ ਟ੍ਰੇਨ 'ਚੋਂ ਡਿੱਗਣ ਕਾਰਨ ਲੜਕੀ ਗੰਭੀਰ ਜ਼ਖਮੀ



ਫਿਲੌਰ ( ਹੈਰੀ )- ਅੱਜ ਫਿਲੌਰ ਬੱਸ ਸਟੈਂਡ ਦੇ ਨਜ਼ਦੀਕ ਇੱਕ ਟਰੇਨ ਛੱਤੀਸਗੜ੍ਹ ਜੋ ਕਿ ਜਲੰਧਰ ਤੋਂ ਲੁਧਿਆਣਾ ਵੱਲ ਨੂੰ ਆ ਰਹੀ ਸੀ ਜਿਸ ਵਿੱਚ ਸਵਾਰ ਇੱਕ 18 ਸਾਲਾ ਲੜਕੀ ਜੋ ਖਿੜਕੀ ਵਿੱਚ ਬੈਠੀ ਹੋਈ ਸੀ 'ਚੋਂ ਅਚਾਨਕ ਬਾਹਰ ਡਿੱਗ ਪਈ ਜਿਸ ਕਾਰਨ ਉਸ ਨੂੰ ਗੰਭੀਰ ਸੱਟਾਂ ਲੱਗੀਆਂ। ਦੂਜੇ ਪਾਸਿਓਂ ਬੰਦੇ ਭਾਰਤ ਟ੍ਰੇਨ ਆ ਰਹੀ ਸੀ। ਟਰੇਨ ਦੇ ਡਰਾਈਵਰ ਨੇ ਲੜਕੀ ਨੂੰ ਡਿੱਗਦੀ ਨੂੰ ਵੇਖ ਕੇ ਟਰੇਨ ਰੋਕ ਲਈ ਤੇ ਉਸ ਨੂੰ ਜ਼ਖਮੀ ਹਾਲਤ ਵਿੱਚ ਚੁੱਕ ਕੇ ਰੇਲਵੇ ਸਟੇਸ਼ਨ ਗੁਰਾਇਆ ਪਹੁੰਚਾਇਆ ਜਿੱਥੋਂ 108 ਦੀ ਮਦਦ ਨਾਲ ਐਂਬੂਲੈਂਸ ਰਾਹੀਂ ਸਿਵਲ ਹਸਪਤਾਲ ਫਿਲੌਰ ਲਿਆਂਦਾ ਗਿਆ ਜਿੱਥੇ ਡਾਕਟਰਾਂ ਨੇ ਮੁਢਲੀ ਸਹਾਇਤਾ ਦੇ ਕੇ ਲੜਕੀ ਨੂੰ ਸਿਵਲ ਹਸਪਤਾਲ ਜਲੰਧਰ ਰੈਫਰ ਕਰ ਦਿੱਤਾ। ਇਸ ਸਬੰਧ ਜਦੋਂ ਡਿਊਟੀ ਡਾਕਟਰ ਗੁਰਪ੍ਰੀਤ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਲੜਕੀ ਦੇ ਆਧਾਰ ਕਾਰਡ ਤੋਂ ਪਤਾ ਲੱਗਾ ਕਿ ਲੜਕੀ ਦਾ ਨਾਂ ਸੁਨੈਨਾ ਤੇ ਪਿਤਾ ਦਾ ਨਾਂ ਬਲਜੀਤ ਜੋ ਜ਼ਿਲ੍ਹਾ ਮੋਗਾ ਦੀ ਰਹਿਣ ਵਾਲੀ ਹੈ। ਫਿਲੌਰ ਰੇਲਵੇ ਸਟੇਸ਼ਨ ਦੇ ਜੀ ਆਰ ਪੀ ਕਰਮਚਾਰੀ ਕਮਲਜੀਤ ਨੇ ਦੱਸਿਆ ਕਿ ਲੜਕੀ ਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਉਸ ਨੂੰ ਜਲੰਧਰ ਰੈਫਰ ਕਰਵਾ ਦਿੱਤਾ ਤੇ ਉਸ ਦੇ ਘਰਦਿਆਂ ਨੂੰ ਸੂਚਨਾ ਦਿੱਤੀ ਜਾ ਰਹੀ ਹੈ।

## ਆਈ ਟੀ ਆਈ ਨੰਗਲ 'ਚ ਕਰਵਾਏ ਸਕਿੱਲ ਪ੍ਰੋਜੈਕਟ ਮੁਕਾਬਲੇ

ਭਲਾਣ (ਹਰਭਜਨ ਢਿੱਲੋਂ)- ਡਾਇਰੈਕਟਰ ਤਕਨੀਕੀ ਸਿੱਖਿਆਂ ਅਤੇ ਉਦਯੋਗਿਕ ਸਿਖਲਾਈ ਵਿਭਾਗ ਦੀਆਂ ਹਦਾਇਤਾ ਅਨੁਸਾਰ ਸਥਾਨਕ ਉਦਯੋਗਿਕ ਸਿਖਲਾਈ ਸੰਸਥਾਂ ਨੰਗਲ ਲੜਕੇ ਅਤੇ ਇਸਤਰੀਆਂ ਵਿਖੇ ਸਕਿੱਲ ਪ੍ਰੋਜੈਕਟ ਮੁਕਾਬਲੇ ਕਰਵਾਏ ਗਏ।ਪ੍ਰਿੰਸੀਪਲ ਗੁਰਨਾਮ ਸਿੰਘ ਭੱਲੜੀ ਦੀ ਅਗਵਾਈ ਹੇਠ ਕਰਵਾਏ ਗਏ ਇਨ੍ਹਾਂ ਮੁਕਾਬਲਿਆਂ ਵਿੱਚ ਵੱਖ - ਵੱਖ ਟਰੇਡਾਂ ਦੇ ਸਿੱਖਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਨਾਲ ਭਾਗ ਲਿਆ।ਇਸ ਮੌਕੇ ਜਾਣਕਾਰੀ ਦਿੰਦਿਆਂ ਆਈਟੀਆਈ ਦੇ ਪ੍ਰਿੰਸੀਪਲ ਗੁਰਨਾਮ ਸਿੰਘ ਭੱਲੜੀ ਨੇ ਦੱਸਿਆਂ ਕਿ ਇਨਾਂ ਮੁਕਾਬਲਿਆਂ ਨੂੰ ਕਰਵਾਉਣ ਦਾ ਮੁੱਖ ਮਕਸਦ ਸਿੱਖਿਆਰਥੀਆਂ ਅੰਦਰ ਛੁਪੀ ਹੋਈ ਪ੍ਰਿਭਤਾ ਵਿੱਚ ਨਿਖਾਰ ਲਿਆਉਣਾ ਅਤੇ ਉਨਾਂ ਵਿੱਚ ਮੁਕਾਬਲੇਬਾਜ਼ੀ ਦੀ ਭਾਵਨਾ ਪੈਦਾ ਕਰਨਾ ਹੈ।ਉਨ੍ਹਾਂ ਦੱਸਿਆਂ ਵਿਭਾਗ ਦੀਆਂ ਹਦਾਇਤਾ ਅਨੁਸਾਰ ਇਹ ਮੁਕਾਬਲੇ ਸੰਸਥਾਂ ਪੱਧਰ ਤੇ ਕਰਵਾਏ ਗਏ ਹਨ।ਇਨ੍ਹਾਂ ਮੁਕਾਬਲਿਆਂ 'ਚ ਅੱਵਲ ਰਹਿਣ ਵਾਲੇ ਸਿੱਖਿਆਰਥੀ ਜ਼ਿਲ੍ਹਾ ਪੱਧਰ, ਸੂਬਾ ਪੱਧਰ, ਨੈਸ਼ਨਲ ਪੱਧਰ ਦੇ ਮੁਕਾਬਲਿਆਂ ਵਿੱਚ ਵੀ ਭਾਗ ਲੈਣਗੇ।ਇਸ ਮੌਕੇ ਕਰਵਾਏ ਗਏ ਮੁਕਾਬਲਿਆਂ ਵਿੱਚ ਇਲੈਕਟ੍ਰੀਸ਼ਨ ਅਤੇ ਮੋਟਰ ਵਹੀਕਲ ਟਰੇਡ ਦੇ ਸਿੱਖਿਆਰਥੀਆਂ ਨੇ ਪਹਿਲਾ, ਵੈਲਡਰ ਅਤੇ ਪਲੰਬਰ ਟਰੇਡ ਦੇ ਸਿੱਖਿਆਰਥੀਆਂ ਨੇ ਦੂਜਾ ਅਤੇ ਇਲੈਕਟ੍ਰੀਸ਼ਨ ਅਤੇ ਮੋਟਰ ਵਹੀਕਲ ਟਰੇਡ ਦੇ ਸਿੱਖਿਆਰਥੀਆਂ ਨੇ ਤੀਜਾ ਪ੍ਰਾਪਤ ਕੀਤਾ।ਇਸ ਮੌਕੇ ਟਰੇਨਿੰਗ ਅਫ਼ਸਰ ਰਾਕੇਸ਼ ਧੀਮਾਨ, ਟਰੇਨਿੰਗ ਅਫਸਰ ਅਸ਼ਵਨੀ ਕੁਮਾਰ, ਟਰੇਨਿੰਗ ਅਫਸਰ ਸੰਜੀਵ ਕੁਮਾਰ ਮੱਲੀ, ਟਰੇਨਿੰਗ ਅਫਸਰ ਗੁਰਮੇਲ ਸਿੰਘ, ਗੁਰਦੀਪ ਕੁਮਾਰ, ਵਰਿੰਦਰ ਸਿੰਘ, ਅਕਾਸ਼ਦੀਪ, ਮਨਪ੍ਰੀਤ ਸਿੰਘ, ਵਰਿੰਦਰ ਸਿੰਘ, ਬਲਜੀਤ ਸਿੰਘ, ਮਨੋਜ ਕੁਮਾਰ, ਅਸ਼ੋਕ ਕੁਮਾਰ, ਬਲਿੰਦਰ ਕੁਮਾਰ, ਦਲਜੀਤ ਸਿੰਘ , ਅਸ਼ਵਨੀ ਕੁਮਾਰ ਸੀਨੀਅਰ ਸਹਾਇਕ, ਰਵਨੀਤ ਕੌਰ ਭੰਗਲ, ਅੰਜੂ ਕਪਿਲਾ, ਅਮਨਦੀਪ ਸਿੰਘ, ਮਨਿੰਦਰ ਸਿੰਘ, ਹਰਪ੍ਰੀਤ ਸਿੰਘ, ਰਿਸ਼ੀਪਾਲ,ਸੁਮਿਤ ਕੁਮਾਰ, ਗਿਤਾਜਲੀ ਸ਼ਰਮਾ ਅਨੀਲਮ ਸ਼ਰਮਾ, ਗੁਰਨਾਮ ਕੌਰ, ਮਾਇਆਂ ਦੇਵੀ ਆਦਿ ਤੋਂ ਇਲਾਵਾ ਸਮੂਹ ਸਟਾਫ ਮੈਂਬਰ ਹਾਜ਼ਰ ਸਨ।



## ਸੰਘ ਮਿਤਰਾ ਬੁੱਧ ਵਿਹਾਰ ਵਿਖੇ ਕਰਵਾਇਆ ਬੁੱਧ ਪੂਰਨਿਮਾ ਨੂੰ ਸਮਰਪਤ ਸਮਾਗਮ

ਫਗਵਾੜਾ ( ਡਾ. ਰਮਨ, ਜਸਵਿੰਦਰ ਢੱਡਾ) ਸੰਘ ਮਿਤਰਾ ਬੁੱਧ ਵਿਹਾਰ ਫਗਵਾੜਾ ਵਿਖੇ ਬੁੱਧ ਪੂਰਨਿਮਾ ਨੂੰ ਸਮਰਪਿਤ ਸਮਾਗਮ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਇਆ ਗਿਆ। ਸਮਾਗਮ ਦੌਰਾਨ ਭੰਤੇ ਪ੍ਰਗਿਆ ਬੋਧੀ, ਭੰਤੇ ਸੁਮਿਤ ਰਤਨ, ਭੰਤੇ ਬੋਧੀ ਰਤਨ ਅਤੇ ਭੰਤੇ ਦਰਸ਼ਨਦੀਪ ਪ੍ਰਮੁੱਖ ਬੁਲਾਰਿਆਂ ਵਜੋਂ ਸ਼ਾਮਲ ਹੋਏ। ਉਹਨਾਂ ਨੇ ਆਪਣੇ ਪ੍ਰਵਚਨਾਂ ਰਾਹੀਂ ਦੱਸਿਆ ਕਿ ਤਥਾਗਤ ਬੁੱਧ ਨੇ ਸੱਚਾਈ, ਅਹਿੰਸਾ, ਚਾਰ ਆਰੀਆ ਸੱਚ, ਤ੍ਰੀਸ਼ਰਨ, ਪੰਚਸ਼ੀਲ ਅਤੇ ਅਸ਼ਟਾਂਗਿਕ ਮਾਰਗ ਦਾ ਸਿਧਾਂਤ ਇਸ ਮਨੁੱਖਤਾ ਨੂੰ ਦਿੱਤਾ।ਸਮਾਗਮ ਦੌਰਾਨ ਹਰਬੰਸ ਵਿਰਦੀ ਯੂ.ਕੇ., ਸੋਹਨ ਸਹਿਜਲ, ਐਡਵੋਕੇਟ ਐਸ.ਐਲ. ਵਿਰਦੀ, ਹਰਭਜਨ ਸੁਮਨ, ਸਤੀਸ਼ ਕੁਮਾਰ, ਰਜਿੰਦਰ ਕੁਮਾਰ ਅਤੇ ਸਟੇਜ ਦੀ ਸੇਵਾ ਨਿਭਾਉਂਦੇ ਹੋਏ ਹਰਭਜਨ ਲਾਲ ਨੇ ਵੀ ਆਪਣੇ ਵਢਮੁੱਲੇ ਵਿਚਾਰ ਪੇਸ਼ ਕੀਤੇ। ਸਮਾਗਮ ਦੇ ਅਖੀਰ ਵਿਚ ਕਮੇਟੀ ਪ੍ਰਧਾਨ ਲੱਜਾ ਰਾਮ ਨੇ ਸਮੂਹ ਪਤਵੰਤਿਆਂ ਅਤੇ ਹਾਜ਼ਰੀਨ ਦਾ ਪਹੁੰਚਣ ਲਈ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਸ਼ੋਕ ਸੰਧੂ, ਰਾਜੀਵ ਕੁਮਾਰ, ਚੇਤ ਰਾਮ, ਪਿਆਰੇ ਲਾਲ ਚੱਕ ਹਕੀਮ, ਬੰਸੋ ਦੇਵੀ, ਸੁਰਿੰਦਰ ਕੁਮਾਰ, ਨੈਨਦੀਪ, ਮਹਿੰਦਰ ਸਿੰਘ, ਡਾ. ਸਤਪਾਲ ਆਦਿ ਹਾਜ਼ਰ ਸਨ।

## ਚਰਨਜੀਤ ਚੰਨੀ ਲਈ ਵੋਟਾਂ ਮੰਗੀਆਂ



ਸ਼ਾਹਕੋਟ (ਗਿਆਨ ਸੈਦਪੁਰੀ)-ਜਿਵੇਂ ਜਿਵੇਂ ਚੋਣਾਂ ਦਾ ਦਿਨ ਨੇੜੇ ਆ ਰਿਹਾ ਉਵੇਂ ਉਵੇਂ ਹੀ ਲੋਕ ਸਭਾ ਜਲੰਧਰ ਦੇ ਹਲਕਾ ਸ਼ਾਹਕੋਟ ਵਿੱਚ ਚੋਣ ਮੁਹਿੰਮ ਨੇ ਤੇਜ਼ੀ ਫੜ ਲਈ ਹੈ। ਸ਼ਾਹਕੋਟ ਦੇ ਵਾਰਡ ਨੰਬਰ 10 ਦੇ ਕਾਂਗਰਸੀ ਵਰਕਰਾਂ ਤੇ ਅਹੁਦੇਦਾਰਾਂ ਨੇ ਐਤਵਾਰ ਨੂੰ ਘਰ ਘਰ ਜਾ ਕੇ ਕਾਂਗਰਸ ਪਾਰਟੀ ਦੇ ਉਮੀਦਵਾਰ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਲਈ ਵੋਟਾਂ ਮੰਗੀਆਂ। ਇਸ ਮੌਕੇ ਸੁਖਦੀਪ ਸਿੰਘ ਕੰਗ ਪੀ ਏ, ਕੁਲਬੀਰ ਸਿੰਘ ਧੰਜੂ, ਤਾਰੀ ਨੰਬਰਦਾਰ, ਪ੍ਰੀਤਮ ਦਾਸ ਸਾਬਕਾ ਏ. ਐਸ. ਆਈ., ਖੁਸ਼ਦੀਪ ਸਿੰਘ ਧੰਜੂ, ਜਸਵਿੰਦਰ ਢੁੰਮਣ, ਸਾਭਾ ਪੰਡਿਤ, ਰੋਮੀ ਗਿੱਲ ਸਾਬਕਾ ਐਮ ਸੀ, ਬੰਟੀ ਬੱਠਲਾ ਪ੍ਰਧਾਨ ਅਰੋੜਾ ਮਹਾਂ ਸਭਾ ਸ਼ਾਹਕੋਟ, ਗੁਰਪ੍ਰੀਤ ਬੱਬੂ, ਬੌਬੀ ਪਠਾਣੀਆ, ਮਨਜੀਤ ਸਿੰਘ ਸੱਤਾ ਟਰਾਂਸਪੋਰਟਰ, ਸਾਬੀ ਗਿੱਲ, ਮਜੀਦਾ ਪਹਿਲਵਾਨ, ਸੋਨੂ ਗਿੱਲ, ਹੀਰਾ ਗਿੱਲ, ਲੱਕੀ ਘਈ ਆਦਿ ਹਾਜ਼ਰ ਸਨ।

## ਐਲ ਪੀ ਯੂ ਵੱਲੋਂ ਡਿਸਟੈਂਸ ਤੇ ਆਨਲਾਈਨ ਵਿਦਿਆਰਥੀਆਂ ਲਈ ਆਨਲਾਈਨ ਫਰੈਸ਼ਮੈਨ ਇੰਡਕਸ਼ਨ ਪ੍ਰੋਗਰਾਮ

ਜਲੰਧਰ (ਸ਼ੈਲੀ ਐਲਬਰਟ)-ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਸੈਂਟਰ ਫਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ ਨੇ ਆਨਲਾਈਨ ਪਲੇਟਫਾਰਮ ਰਾਹੀਂ ਫਰਵਰੀ 2024 ਬੈਚ ਦੇ ਆਨਲਾਈਨ ਅਤੇ ਡਿਸਟੈਂਸ ਮੋਡ ਪ੍ਰੋਗਰਾਮਾਂ ਦੇ ਨਵੇਂ ਦਾਖਲ ਹੋਏ ਵਿਦਿਆਰਥੀਆਂ ਲਈ ਸਟੂਡੈਂਟ ਇੰਡਕਸ਼ਨ ਪ੍ਰੋਗਰਾਮ ਦਾ ਆਯੋਜਨ ਕੀਤਾ। ਇੰਡਕਸ਼ਨ ਪ੍ਰੋਗਰਾਮ ਨੂੰ ਐਲ ਪੀ ਯੂ ਆਨਲਾਈਨ ਅਤੇ ਡਿਸਟੈਂਸ ਐਜੂਕੇਸ਼ਨ ਦੇ ਸਿੱਖਿਅਨ ਮੋਡਾਂ ਦੇ ਅਧਿਕਾਰਤ ਯੂ ਟਿਊਬ ਚੈਨਲਾਂ ਅਤੇ ਫੇਸਬੁੱਕ ਪੇਜਾਂ 'ਤੇ ਵੀ ਲਾਈਵ ਸਟ੍ਰੀਮ ਕੀਤਾ । ਮੈਨਜਮੈਂਟ, ਕੰਪਿਊਟਰ ਐਪਲੀਕੇਸ਼ਨ, ਸੂਚਨਾ ਤਕਨਾਲੋਜੀ, ਵਿਗਿਆਨ, ਕਾਮਰਸ, ਆਰਟਮ ਅਤੇ ਲਾਇਬ੍ਰੇਰੀ ਅਤੇ ਇਨਫੋਰਮੇਸ਼ਨ ਵਿਗਿਆਨ ਵਰਗੇ ਵਿਸ਼ਿਆਂ ਦੇ ਹਜ਼ਾਰਾਂ ਵਿਦਿਆਰਥੀਆਂ ਨੇ ਇੰਡਕਸ਼ਨ ਪ੍ਰੋਗਰਾਮਾਂ ਵਿੱਚ ਹਿੱਸਾ ਲਿਆ ਅਤੇ ਯੂਨੀਵਰਸਿਟੀ ਦੇ ਡਿਸਟੈਂਸ ਅਤੇ ਆਨਲਾਈਨ ਸਿਖਲਾਈ ਪ੍ਰੋਗਰਾਮਾਂ ਦੀਆਂ ਪ੍ਰਣਾਲੀਆਂ ਅਤੇ ਪ੍ਰਕਿਰਿਆਵਾਂ ਬਾਰੇ ਗਿਆਨ ਪ੍ਰਾਪਤ ਕੀਤਾ।ਪ੍ਰੋਗਰਾਮਾਂ ਵਿੱਚ ਯੂਨੀਵਰਸਿਟੀ ਦਾ ਓਪਨ ਐਂਡ ਡਿਸਟੈਂਸ ਲਰਨਿੰਗ ਅਤੇ ਔਨਲਾਈਨ ਲਰਨਿੰਗ ਪ੍ਰੋਗਰਾਮਾਂ 'ਤੇ ਯੂ ਜੀ ਸੀ ਨਿਯਮਾਂ ਦੀਆਂ ਹਾਈਲਾਈਟਸ, ਯੂਨੀਵਰਸਿਟੀ ਦਾ ਵਰਚੁਅਲ ਟੂਰ, ਲਰਨਿੰਗ ਮੈਨੇਜਮੈਂਟ ਸਿਸਟਮ, ਅਕਾਦਮਿਕ ਡਿਲੀਵਰੀ, ਅਸੈਸਮੈਂਟ ਸਿਸਟਮ ਅਤੇ ਵਿਦਿਆਰਥੀਆਂ ਨੂੰ ਸ਼ਾਮਲ ਕਰਨ ਵਾਲੇ ਵੱਖ-ਵੱਖ ਇੰਟਰਐਕਟਿਵ ਸੈਸ਼ਨ ਸ਼ਾਮਲ ਸਨ। ਪ੍ਰੋਗਰਾਮਾਂ ਨੂੰ ਵਿਸ਼ੇਸ਼ ਤੌਰ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੁਆਰਾ ਨਿਰਧਾਰਤ ਟੈਪਲੇਟ ਨੂੰ ਧਿਆਨ ਵਿੱਚ ਰੱਖਦੇ ਹੋਏ ਤਿਆਰ ਕੀਤਾ ਗਿਆ ਸੀ।ਵਿਦਿਆਰਥੀਆਂ ਨੂੰ ਸੈਂਟਰ ਫਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ ਅਤੇ ਐਲ ਪੀ ਯੂ ਦੇ ਰਜਿਸਟਰਾਰ ਡ. ਮੋਨਿਕਾ ਗੁਲਾਟੀ, ਪ੍ਰੋ-ਵਾਈਸ-ਚਾਂਸਲਰ ਡਾ. ਲੋਵੀ ਰਾਜ ਗੁਪਤਾ, ਡਾਇਰੈਕਟਰ ਡਾ. ਪਵਿੱਤਰ ਪ੍ਰਕਾਸ਼ ਸਿੰਘ, ਵਿੰਗ ਦੇ ਮੁਖੀ ਗਿਨਨੀ ਨਿਝਾਵਨ ਅਤੇ ਸਟਾਫ਼ ਸੀਨੀਅਰ ਅਧਿਕਾਰੀ ਸ਼ਾਮਲ ਸਨ। ਹਥਿਆਰਬੰਦ ਬਲਾਂ, ਕਾਰਪੋਰੇਟਸ, ਖੇਡ ਸ਼ਖਸੀਅਤਾਂ, ਅਧਿਆਪਕਾਂ ਅਤੇ ਪ੍ਰਸ਼ਾਸਨਿਕ ਪੇਸ਼ੇਵਰਾਂ ਦੇ ਉੱਚ-ਰੈਂਕਿੰਗ ਅਫਸਰਾਂ ਸਮੇਤ ਵੱਖ-ਵੱਖ ਪੇਸ਼ੇਵਰ ਵਾਲੇ ਵਿਅਕਤੀਆਂ ਨੇ ਆਪਣੀਆਂ ਵਿਦਿਅਕ ਯੋਗਤਾਵਾਂ ਅਤੇ ਹੁਨਰਾਂ ਨੂੰ ਵਧਾਉਣ ਲਈ ਐਲ ਪੀ ਯੂ ਦੇ ਆਨਲਾਈਨ ਪ੍ਰੋਗਰਾਮਾਂ ਦੀ ਚੋਣ ਕੀਤੀ ਹੈ।



## ਸਟੂਡੈਂਟਸ ਯੂਨੀਅਨ ਵੱਲੋਂ ਗਾਜ਼ਾ ਪੱਟੀ ਫਲਸਤੀਨੀਆਂ ਦੇ ਹੱਕ 'ਚ ਰੈਲੀ



ਬੰਗਾ (ਅਵਤਾਰ ਕਲੇਰ)-ਸ਼ਹੀਦ ਏ ਆਜ਼ਮ ਭਗਤ ਸਿੰਘ ਆਈ ਟੀ ਆਈ (ਲੜਕੀਆਂ) ਨਵਾਂਸ਼ਹਿਰ ਵਿਖੇ ਪੰਜਾਬ ਸਟੂਡੈਂਟਸ ਯੂਨੀਅਨ ਬਲੂ ਗਾਜ਼ਾ ਪੱਟੀ ਫਲਸਤੀਨੀਆਂ ਦੇ ਪੱਖ ਦੇ ਵਿੱਚ ਰੈਲੀ ਕੀਤੀ ਗਈ।ਪੰਜਾਬ ਸਟੂਡੈਂਟਸ ਯੂਨੀਅਨ ਦੇ ਆਈ ਟੀ ਆਈ ਇਕਾਈ ਦੇ ਪ੍ਰਧਾਨ ਅਸ਼ਵਨੀ ਕੁਮਾਰ ਅਤੇ ਸੈਕਟਰੀ ਗੁਰਸਿਮਰਨਜੀਤ ਸਿੰਘ ਨੇ ਕਿਹਾ ਕਿ ਅਮਰੀਕੀ ਸਾਮਰਾਜ ਦੀ ਸ਼ਹਿ 'ਤੇ ਇਜ਼ਰਾਇਲ ਵੱਲੋਂ ਕੀਤਾ ਗਿਆ ਹਮਲਾ ਅਤੀ ਨਿੰਦਣਯੋਗ ਹੈ, ਜਿਸ ਵਿੱਚ ਹਜ਼ਾਰਾਂ ਹੀ ਫਲਸਤੀਨ ਮਾਰੇ ਗਏ ਹਨ, ਜਿਨਾਂ ਵਿੱਚ ਆਮ ਨਾਗਰਿਕ, ਡਾਕਟਰ, ਵਿਦਿਆਰਥੀ ਤੇ ਛੋਟੇ-ਛੋਟੇ ਬੱਚਿਆਂ ਦੀ ਨਸਲਕੁਸ਼ੀ ਵੀ ਕੀਤੀ ਜਾ ਰਹੀ ਹੈ ।ਇਜ਼ਰਾਇਲ ਵੱਲੋਂ ਕੀਤੇ ਗਏ ਹਮਲੇ 'ਚ ਹਸਪਤਾਲ ਅਤੇ ਯੂਨੀਵਰਸਿਟੀਆਂ ਵੀ ਢੇਹ ਢੇਰੀ ਕਰ ਦਿੱਤੀਆਂ ਗਈਆਂ।ਉਨ੍ਹਾ ਕਿਹਾ ਕਿ ਫਾਲਸਦਤੀਨ ਫਾਲਸਤੀਨੀ ਲੋਕਾਂ ਦਾ ਹੈ ਜੋ ਕਿ ਸ਼ੁਰੂ 'ਚ ਉੱਥੋਂ ਦੇ ਬਸ਼ਿੰਦੇ ਹਨ ਜਦ ਕਿ ਇਜ਼ਰਾਇਲ ਬਾਹਰੋਂ ਆਏ ਸ਼ਰਣਾਰਥੀ ਹਨ, ਜਿਨ੍ਹਾਂ ਰਾਹੀਂ ਅਮਰੀਕੀ ਸਾਮਰਾਜ ਉੱਥੋਂ ਦੇ ਇਲਾਕੇ ਅਤੇ ਕੁਦਰਤੀ ਸਰੋਤਾਂ ਉੱਤੇ ਕਬਜ਼ਾ ਕਰਨਾ ਚਾਹੁੰਦਾ ਹੈ।ਆਗੂਆਂ ਕਿਹਾ ਕਿ ਇਜ਼ਰਾਇਲ ਦੇ ਪਿੱਛੇ ਖੜ੍ਹੇ ਅਮਰੀਕੀ ਸਾਮਰਾਜ ਤੇ ਉੱਥੋਂ ਦੇ ਲੋਕਾਂ ਪ੍ਰਤੀ ਹੋ ਰਹੇ ਅਣਮਨੁੱਖੀ ਵਤੀਰੇ ਦੇ ਖਿਲਾਫ ਸਾਨੂੰ ਮਨੁੱਖ ਹੋਣ ਦੇ ਨਾਤੇ ਸਾਰਿਆਂ ਨੂੰ ਆਵਾਜ਼ ਉਠਾਉਣੀ ਚਾਹੀਦੀ। ਇਸ ਮੌਕੇ ਆਈ ਟੀ ਆਈ ਕਮੇਟੀ ਮੈਂਬਰ ਵਿੱਕੀ ਕੁਮਾਰ, ਸੌਰਵ, ਯੁਵਰਾਜ ਮਹਿੰਮੀ, ਅਭਿਸ਼ੇਕ ਕੁਮਾਰ ਅਤੇ ਆਈ ਟੀ ਆਈ ਦੀਆਂ ਵਿਦਿਆਰਥਣਾਂ ਮੌਜੂਦ ਸਨ।

## ਸਿਹਤ ਕਰਮਚਾਰੀਆਂ ਨੇ ਦੰਦਾਂ ਦੀ ਸਿਹਤ ਸੰਬੰਧੀ ਕੀਤਾ ਜਾਗਰੂਕ



ਭੁਲੱਥ, (ਮਨਪ੍ਰੀਤ ਸਿੰਘ)-ਸਿਵਲ ਸਰਜਨ ਕਪੂਰਥਲਾ ਡਾ. ਸੁਰਿੰਦਰ ਕੌਰ, ਡੀ.ਡੀ.ਐਚ.ਓ ਡਾ. ਕਪਿਲ ਡੋਗਰਾ ਅਤੇ ਐਸ.ਐਮ.ਓ ਡਾ. ਹਰਜਿੰਦਰ ਸਿੰਘ ਦੀ ਅਗਵਾਈ ਹੇਠ ਡੈਂਟਲ ਡਾ. ਨੇਹਾ ਨੇ ਗਰਭਵਤੀ ਔਰਤਾਂ ਅਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਲਈ ਦੰਦਾਂ ਦੀ ਸਿਹਤ ਸੰਬੰਧੀ ਜਾਗਰੂਕਤਾ ਲੈਕਚਰ ਕਰਵਾਇਆ। ਇਸ ਮੌਕੇ ਡਾ. ਨੇਹਾ ਨੇ ਲਾਭਪਾਤਰੀਆਂ ਨੂੰ ਉਨ੍ਹਾਂ ਨੂੰ ਚੰਗੀ ਮੌਖਿਕ ਸਫਾਈ ਅਤੇ ਸਿਹਤਮੰਦ ਖੁਰਾਕ ਬਾਰੇ ਜਾਗਰੂਕ ਕੀਤਾ ।ਡਾ. ਨੇਹਾ ਵਲੋਂ ਉਨ੍ਹਾਂ ਨੂੰ ਦੰਦਾਂ ਦੀ ਨਿਯਮਤ ਜਾਂਚ ਲਈ ਵੀ ਪ੍ਰੇਰਿਤ ਕੀਤਾ ਗਿਆ ਤੇ ਦੰਦਾਂ ਨੂੰ ਬੁਰਸ਼ ਕਰਨ ਦੀ ਸਹੀ ਤਕਨੀਕ ਦਾ ਵੀ ਪ੍ਰਦਰਸ਼ਨ ਕੀਤਾ ਗਿਆ। ਇਸ ਤੋਂ ਇਲਾਵਾ ਡਾ. ਨੇਹਾ ਵਲੋਂ ਉਨ੍ਹਾਂ ਨੂੰ ਤੰਬਾਕੂ ਦੀ ਵਰਤੋਂ ਦੇ ਮਾੜੇ ਪ੍ਰਭਾਵਾਂ ਅਤੇ ਇਸ ਦੇ ਸ਼ੁਰੂਆਤੀ ਲੱਛਣਾਂ ਬਾਰੇ ਵੀ ਜਾਗਰੂਕ ਕੀਤਾ ਗਿਆ। ਇਸ ਮੌਕੇ ਦਿਲਬਾਗ਼ ਸਿੰਘ ਸਿਹਤ ਸੁਪਰਵਾਈਜ਼ਰ ਤੇ ਗੁਰਜੀਤ ਸਿੰਘ ਮੇਲ ਵਰਕਰ ਤੇ ਸਮੂਹ ਸਟਾਫ਼ ਹਾਜ਼ਰ ਸਨ।

## ਪੁਰਾਤਨ ਸਰੋਵਰ ਦੇ ਨਵੀਨੀਕਰਨ ਦਾ ਕਾਰਜ ਕਾਰ ਸੇਵਾ ਤਹਿਤ ਆਰੰਭ



ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)- ਇਲਾਕੇ ਦੇ ਪਿੰਡ ਤਖਤਗੜ੍ਹ ਵਿਖੇ ਸੈਂਕੜੇ ਸਾਲ ਪੁਰਾਣੇ ਮਹਾਰਾਜਾ ਰਣਜੀਤ ਸਿੰਘ ਸ਼ਾਸਨ ਨਾਲ ਜੁੜੇ ਹੋਏ ਪੁਰਾਤਨ ਸਰੋਵਰ ਦੇ ਅਧੂਰੇ ਕੰਮ ਨੂੰ ਸੰਪੂਰਨ ਕਰਨ ਲਈ ਅੱਜ ਕਾਰ ਸੇਵਾ ਦੇ ਤਹਿਤ ਪਿੰਡ ਦੇ ਨੌਜਵਾਨਾਂ ਤੇ ਬਜ਼ੁਰਗਾਂ ਵੱਲੋਂ ਕਾਰਜ ਆਰੰਭਿਆ ਗਿਆ। ਪਿੰਡ ਦੇ ਲੋਕਾਂ ਨੇ ਦੱਸਿਆ ਕਿ ਅੱਜ ਤੋਂ 82 ਸਾਲ ਪਹਿਲਾਂ ਇਸ ਤਲਾਬ ਦਾ ਪੱਕਾ ਨਿਰਮਾਣ ਕਰਾਉਣ ਦੀ ਪ੍ਰਕਿਰਿਆ ਚੌਧਰੀ ਦੁਰਗਾ ਦਾਸ ਵੱਲੋਂ ਲੋਕਾਂ ਦੀ ਮਦਦ ਨਾਲ ਕੀਤੀ ਗਈ ਸੀ। ਇਸ ਕਾਰਜ ਦੀ ਆਰੰਭਤਾ ਕਰਾਉਣ ਲਈ ਅੱਜ ਇੱਥੇ ਪੰਜਾਬ ਮੋਰਚੇ ਦੇ ਕਨਵੀਨਰ ਗੌਰਵ ਰਾਣਾ ਵਿਸ਼ੇਸ਼ ਰੂਪ ਵਿੱਚ ਪਹੁੰਚੇ। ਇਸ ਕਾਰਜ ਦੀ ਸ਼ੁਰੂਆਤ ਰਾਣਾ ਅਤੇ ਪਿੰਡ ਦੇ ਬਜ਼ੁਰਗਾਂ ਵੱਲੋਂ ਅਰਦਾਸ ਕਰਕੇ ਸ਼ੁਰੂ ਕਰਵਾਈ ਗਈ।

ਗੌਰਵ ਰਾਣਾ ਨੇ ਕਿਹਾ ਕਿ ਇਹ ਇੱਕ ਵੱਡੇ ਮਾਣ ਦੀ ਗੱਲ ਹੈ ਕਿ ਸਾਡੇ ਇਲਾਕੇ ਵਿੱਚ ਮਹਾਰਾਜਾ ਰਣਜੀਤ ਸਿੰਘ ਸ਼ਾਸਨ ਤੇ ਉਸ ਤੋਂ ਵੀ ਪਹਿਲਾਂ ਪਾਂਡਵਾਂ ਦੇ ਯੁੱਗ ਦੇ ਇਹ ਪੁਰਾਤਨ ਸਰੋਵਰ ਮੌਜੂਦ ਹਨ। ਜਿੱਥੇ ਇਨ੍ਹਾਂ ਦੀ ਦੇਖਭਾਲ ਦੇ ਨਾਲ ਸਾਡੀ ਪੁਰਾਤਨ ਸੱਭਿਅਤਾ ਧਾਰਮਿਕ ਮਾਨਤਾ ਕਾਇਮ ਰਹਿੰਦੀ ਹੈ, ਉੱਥੇ ਹੀ ਧਰਤੀ ਹੇਠ ਮੁੱਕ ਰਹੇ ਪਾਣੀ ਨੂੰ ਵਾਟਰ ਰੀਚਾਰਜ ਕਰਨ ਲਈ ਅਜਿਹੇ ਸਰੋਵਰ ਕੁੰਡ ਵੱਡਾ ਰੋਲ ਅਦਾ ਕਰ ਰਹੇ ਹਨ। ਰਾਣਾ ਨੇ ਕਿਹਾ ਕਿ ਇਸ ਉੱਤਮ ਕਾਰਜ ਲਈ ਕਿਸੇ ਕਿਸਮ ਦੀ ਕਮੀ ਨਹੀਂ ਆਵੇਗੀ ਤੇ ਇਲਾਕੇ ਦੇ ਲੋਕ ਵਧ ਚੜ੍ਹ ਕੇ ਇਸ ਮੁਹਿੰਮ ਵਿੱਚ ਹਿੱਸਾ ਪਾਉਣ।ਇਸ ਮੌਕੇ ਉਨ੍ਹਾਂ ਨਾਲ ਪਵਨ ਚੌਧਰੀ, ਅਮਿਤ ਵਰਮਾ, ਅਮਰ ਚੰਦ, ਰਮੇਸ਼ ਅਗਨੀਹੋਤਰੀ, ਰਵੀ ਦੱਤ ਵੋਹਰਾ, ਜਸਪਾਲ ਵਰਮਾ, ਅਨੁਜ ਵਰਮਾ, ਰਮੇਸ਼ ਮਿਸਤਰੀ, ਚਤਰ ਸਿੰਘ ਰਾਣਾ, ਸੁਰਿੰਦਰ ਰਾਣਾ, ਤਰਲੋਚਨ ਮਿਸਤਰੀ, ਰਾਜੇਸ਼ ਕੁਮਾਰ ਖੰਨਾ, ਰੋਹਿਤ ਪਾਠਕ, ਬਲਦੇਵ ਰਾਣਾ, ਬਲਵੀਰ ਸੰਨੀ, ਬਲਦੇਵ ਫੌਜੀ, ਅਸ਼ਵਨੀ ਕੁਮਾਰ ਕਾਲਾ, ਅਨੀਰੁੱਧ, ਨਿੱਜਰ ਰਮਨ ਅਗਨੀਹੋਤਰੀ, ਗੱਗੀ ਕੁਮਾਰ, ਕ੍ਰਿਸ਼ਨ ਕੁਮਾਰ, ਕੇਸ਼ਵ ਕੁਮਾਰ ਆਦਿ ਮੌਜੂਦ ਸਨ।

## ਇਸ ਵਾਰ ਕੇਂਦਰ 'ਚ ਕਾਂਗਰਸ ਸਰਕਾਰ ਬਣੇਗੀ ਤੇ ਚੰਨੀ ਕੇਂਦਰੀ ਮੰਤਰੀ ਹੋਣਗੇ : ਡਾ. ਦਾਹੀਆ



ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)- ਅੱਜ ਇਥੋਂ ਦੇ ਪਿੰਡ ਗੁਮਟਾਲੀ ਵਿਖੇ ਲੋਕ ਸਭਾ ਹਲਕਾ ਜਲੰਧਰ ਤੋਂ ਕਾਂਗਰਸ ਦੇ ਉਮੀਦਵਾਰ ਚਰਨਜੀਤ ਸਿੰਘ ਚੰਨੀ ਦੇ ਹੱਕ ਵਿੱਚ ਸਾਬਕਾ ਸਰਪੰਚ ਪਿੰਡ ਗੁਮਟਾਲੀ ਅਤੇ ਸਾਬਕਾ ਡਾਇਰੈਕਟਰ ਪੰਜਾਬ ਖਾਦੀ ਬੋਰਡ ਪੰਜਾਬ ਸਰਕਾਰ ਅਭਿਸ਼ੇਕ ਸ਼ਰਮਾ ਦੀ ਅਗਵਾਈ ਹੇਠ ਰੱਖੀ ਗਈ ਚੋਣ ਮੀਟਿੰਗ ਨੂੰ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਨਕੋਦਰ ਡਾਕਟਰ ਨਵਜੋਤ ਸਿੰਘ ਦਾਹੀਆ ਨੇ ਕਿਹਾ ਕਿ ਇਸ ਵਾਰ ਕੇਂਦਰ ਵਿੱਚ ਕਾਂਗਰਸ ਸਰਕਾਰ ਬਣਨ ਜਾ ਰਹੀ ਹੈ ਅਤੇ ਚਰਨਜੀਤ ਸਿੰਘ ਚੰਨੀ ਕੇਂਦਰੀ ਮੰਤਰੀ ਹੋਣਗੇ । ਉਨ੍ਹਾਂ ਕਿਹਾ ਕਿ ਚੰਨੀ ਨੇ ਆਪਣੇ ਮੁੱਖ ਮੰਤਰੀ ਕਾਰਜਕਾਲ ਦੇ 111 ਦਿਨਾਂ ਵਿੱਚ 111 ਕੰਮ ਕੀਤੇ ਹਨ ਜਿਨ੍ਹਾਂ ਵਿੱਚ ਔਰਤਾਂ ਦੇ ਬੱਸਾਂ ਦਾ ਕਿਰਾਇਆ ਮੁਆਫ, ਬਿਜਲੀ ਯੂਨਿਟ ਮੁਆਫ, ਲਾਲ ਲਕੀਰ ਅੰਦਰ ਵਸਦੇ ਘਰਾਂ ਦੀਆਂ ਰਜਿਸਟਰੀਆਂ ਬਣਾਈਆਂ, ਨਸ਼ਿਆਂ ਦੇ ਵੱਡੇ ਸੌਦਾਗਰਾਂ ਨੂੰ ਜੇਲ੍ਹਾਂ ਵਿੱਚ ਡੱਕਿਆ ਅਤੇ ਵਿਕਾਸ ਦੇ ਕੰਮ ਵੱਡੇ ਪੱਧਰ 'ਤੇ ਕੀਤੇ। ਡਾਕਟਰ ਨੇ ਦਲ ਬਦਲੂਆਂ 'ਤੇ ਵਿਅੰਗ ਕੱਸਦਿਆਂ ਕਿਹਾ ਕਿ ਜਿਹੜੇ ਆਪਣੀ ਪਾਰਟੀ ਦੇ ਨਹੀਂ ਹੋ ਸਕੇ ਉਹ ਲੋਕਾਂ ਦੇ ਕਿਵੇਂ ਹੋ ਸਕਦੇ ਹਨ । ਜਿਹੜੇ ਹਰ ਚੋਣ ਵਿੱਚ ਪਾਰਟੀ ਬਦਲ ਲੈਂਦੇ ਹਨ ਇਸ ਵਾਰ ਉਹ ਕਰਾਰੀ ਹਾਰ ਦਾ ਮੂੰਹ ਵੇਖਣਗੇ ਕਿਉਂਕਿ ਲੋਕ ਇਨ੍ਹਾਂ ਦੀਆਂ ਲੂੰਬੜ ਚਾਲਾਂ ਨੂੰ ਸਮਝ ਚੁੱਕੇ ਹਨ। ਇਸ ਚੋਣ ਮੀਟਿੰਗ ਨੂੰ ਅਭਿਸ਼ੇਕ ਸ਼ਰਮਾ ਪ੍ਰਬੰਧਕ, ਚਰਨਜੀਤ ਸਿੰਘ ਚੰਨੀ ਦੇ ਭਾਣਜੇ ਦਿਲਾਵਰ ਸਿੰਘ, ਬਲਾਕ ਇੰਚਾਰਜ ਬਲਜੀਤ ਸਿੰਘ ਜੌਹਲ, ਅਮਨਦੀਪ ਸਿੰਘ ਫਰਵਾਲਾ, ਵਿੱਕੀ ਕੈਂਥ ਜਲੰਧਰ, ਜੀਤਾ ਚੂਹੇਕੀ ਨੇ ਸੰਬੋਧਨ ਕਰਦਿਆਂ ਚਰਨਜੀਤ ਸਿੰਘ ਚੰਨੀ ਦੇ ਹੱਕ ਵਿੱਚ ਵੋਟ ਪਾ ਕੇ ਕਾਂਗਰਸ ਦੇ ਹੱਥ ਮਜ਼ਬੂਤ ਕਰਨ ਦੀ ਅਪੀਲ ਕੀਤੀ। ਚੋਣ ਮੀਟਿੰਗ 'ਚ ਭਾਰੀ ਗਿਣਤੀ 'ਚ ਔਰਤਾਂ ਅਤੇ ਪਿੰਡ ਦੇ ਪਤਵੰਤੇ ਹਾਜ਼ਰ ਸਨ ।